ਕਾਮਾਗਾਟਾਮਾਰੂ ਦਾ ਦੁਖਾਂਤ



ਡਾ. ਪੂਰਨ ਸਿੰਘ

ਕਾਮਾਗਾਟਾਮਾਰੂ ਦਾ ਦੁਖਾਂਤ

ਕੈਨੇਡਾ ਦੇ ਸਿੱਖਾਂ ਵੱਲੋਂ ਮਨੁੱਖੀ ਹੱਕਾਂ ਲਈ ਘੋਲ

ਡਾ. ਪੂਰਨ ਸਿੰਘ (ਵੈਨਕੂਵਰ)
ਪੀ-ਐੱਚ.ਡੀ.

ਕਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੁਸਾਇਟੀ,
ਵੈਨਕੂਵਰ, ਬੀ.ਸੀ. ਕੈਨੇਡਾ

ਤਤਕਰਾ

ਕਾਮਾਗਾਟਾਮਾਰੂ ਦਾ ਦੁਖਾਂਤ



ਡਾ. ਪੂਰਨ ਸਿੰਘ

KAMAGATAMARU DA DUKHANT

CANADA DE SIKHAN VALLON MANUKHI HAKKAN LAEE GHOL

by

Dr. PURAN SINGH
334 EAST 48th AVE
VANCOUVER, B.C. V5W 2E3 CANADA
Ph. 604-325-3784
E-mail : drpsgill@telus.net

ISBN 0-9681683-5-3

First Edition January 2008

Price : Rs. 120-00

Distributors :

Singh Brothers

Bazar Mai Sewan, Amritsar - 143 006

S.C.O. 223-24, City Centre, Amritsar - 143 001

E-mail : singhbro@vsnl.com

Website : www.singhbrothers.com

Published by :

Canadian Sikh Study & Teaching Society

Vancouver, B.C., V5W 4B5 Canada

Printers :

Printwell, 146, Industrial Focal Point, Amritsar.

ਕਾਮਾਗਾਟਾਮਾਰੂ ਦਾ ਦੁਖਾਂਤ



ਡਾ. ਪੂਰਨ ਸਿੰਘ

ਸਮਰਪਿਤ

ਸਤਿਕਾਰਯੋਗ ਡਾਕਟਰ ਗੁਰਬਖ਼ਸ਼ ਸਿੰਘ ਜੀ

ਐੱਮ.ਐੱਸਸੀ., ਪੀਐੱਚ.ਡੀ. (ਓਹਾਇਓ, ਯੂ.ਐੱਸ.ਏ.)
ਸੇਵਾ-ਮੁਕਤ ਪ੍ਰੋਫੈਸਰ ਤੇ ਡੀਨ,
ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ

ਨੂੰ ਜੋ ਖ਼ਾਲਸਾ ਪੰਥ ਦੇ ਮਹਾਨ ਵਿਦਵਾਨ ਤੇ ਨਿਸ਼ਕਾਮ ਪ੍ਰਚਾਰਕ ਹਨ, ਜਿਨ੍ਹਾਂ ਨੇ ਕੈਨੇਡਾ, ਯੂ.ਐੱਸ.ਏ., ਸਿੰਘਾਪੁਰ, ਮਲੇਸ਼ੀਆ, ਇੰਗਲੈਂਡ ਦੇ ਜੰਮਪਲ ਨੌਜਵਾਨਾਂ ਅੰਦਰ ਸਿੱਖੀ ਸਰੂਪ ਤੇ ਸਿਧਾਂਤਾਂ ਪ੍ਰਤੀ ਗੌਰਵਤਾ ਪੈਦਾ ਕਰਨ ਦਾ ਜਤਨ ਕੀਤਾ।

ਕਾਮਾਗਾਟਾਮਾਰੂ ਦਾ ਦੁਖਾਂਤ



ਡਾ. ਪੂਰਨ ਸਿੰਘ

ਵਿਸ਼ੇਸ਼ ਧੰਨਵਾਦ

ਕੈਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੁਸਾਇਟੀ, ਵੈਨਕੂਵਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਾ ਹਾਂ, ਜਿਸ ਸੰਸਥਾ ਨੇ ਮੇਰੀਆਂ ਪੁਸਤਕਾਂ ਛਾਪੀਆਂ ਅਤੇ ਗੁਰਮਤਿ ਪ੍ਰਚਾਰ ਹਿੱਤ ਇਨ੍ਹਾਂ ਪੁਸਤਕਾਂ ਨੂੰ ਪਾਠਕਾਂ ਦੇ ਹੱਥ ਪਹੁੰਚਾਇਆ। ਕੈਨੇਡਾ ਵਿਚ ਇਹ ਪਹਿਲੀ ਸੰਸਥਾ ਹੈ, ਜਿਸਨੇ ਵਿਦੇਸ਼ਾਂ ਵਿਚ ਸਿੱਖ ਨੌਜਵਾਨਾਂ ਲਈ ਗੁਰਮਤਿ ਸਾਹਿਤ ਛਾਪਣ ਦਾ ਉੱਦਮ ਕੀਤਾ ਹੈ। ਨੌਜਵਾਨਾਂ ਲਈ ਪੁਸਤਕਾਂ ਅੰਗਰੇਜ਼ੀ ਵਿਚ ਛਪਵਾਈਆਂ ਅਤੇ ਪੰਜਾਬੀ ਪੜ੍ਹੇ-ਲਿਖੇ ਲੋਕਾਂ ਲਈ ਗੁਰਮਤਿ ਸਾਹਿਤ ਪੰਜਾਬੀ ਵਿਚ ਉਪਲਬਧ ਕੀਤਾ। ਮੇਰੀ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਇਹ ਸੰਸਥਾ ਗੁਰਮਤਿ ਪ੍ਰਚਾਰ ਦੇ ਖੇਤਰ ਵਿਚ ਆਪਣਾ ਪੂਰਾ ਯੋਗਦਾਨ ਪਾਉਣ ਦੇ ਸਮਰਥ ਹੋਵੇ ਅਤੇ ਵਿਦੇਸ਼ਾਂ ਵਿਚ ਜੰਮੇ-ਪਲੇ ਨੌਜਵਾਨਾਂ ਅੰਦਰ ਸਿੱਖ ਪ੍ਰੰਪਰਾਵਾਂ ਪ੍ਰਤੀ ਗੌਰਵ ਪੈਦਾ ਕਰਨ ਦੇ ਮਨੋਰਥ ਵਿਚ ਸਫਲ ਹੋਵੇ।

ਕਾਮਾਗਾਟਾਮਾਰੂ ਦਾ ਦੁਖਾਂਤ



ਡਾ. ਪੂਰਨ ਸਿੰਘ

ਮੁੱਖ ਸ਼ਬਦ

1989 ਵਿਚ ਖ਼ਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਵੱਲੋਂ ਕਾਮਾਗਾਟਾਮਾਰੂ ਦੇ ਦੁਖਾਂਤ ਦਾ 75ਵਾਂ ਵਰ੍ਹਾ ਮਨਾਇਆ ਗਿਆ, ਪਰ ਇਸ ਯਾਦਗਾਰੀ ਸਮਾਗਮ ਨੂੰ ਉੱਚ ਪੱਧਰ ਜਾਂ ਕੌਮੀ ਪੱਧਰ 'ਤੇ ਮਨਾਉਣ ਵਿਚ ਅਸਫਲਤਾ ਹੋਈ। ਹੈਰਾਨੀ ਦੀ ਗੱਲ ਇਹ ਵੀ ਹੋਈ ਕਿ ਉਸ ਸਮੇਂ ਵੈਨਕੂਵਰ ਸ਼ਹਿਰ ਦੇ ਮੇਅਰ ਮਾਣਯੋਗ ਗਾਰਡਨ ਕੈਂਬਲ ਵੀ ਸਮਾਗਮ 'ਤੇ ਹਾਜ਼ਰ ਨਾ ਹੋਏ। ਅੱਜ ਸਿੱਖਾਂ ਨੇ ਹਰ ਸ਼ਹਿਰ ਵਿਚ ਦੋ ਦੋ ਜਾਂ ਵੱਧ ਗੁਰਦੁਆਰੇ ਸਥਾਪਤ ਕਰ ਲਏ ਹਨ, ਪਰ ਕੈਨੇਡਾ ਦੇ ਸਿੱਖਾਂ ਬਾਰੇ ਕੋਈ ਖੋਜ-ਪੁਸਤਕ ਨਹੀਂ ਛਪਵਾ ਸਕੇ। ਭਾਵੇਂ ਸਿੱਖਾਂ ਨੇ ਰਾਜਨੀਤਕ ਅਤੇ ਆਰਥਿਕ ਪੱਖੋਂ ਬਹੁਤ ਮੱਲਾਂ ਮਾਰੀਆਂ ਹਨ ਅਤੇ ਹਰ ਰਾਜਨੀਤਕ ਪਾਰਟੀ ਵੱਲੋਂ ਉਮੀਦਵਾਰ ਬਣਨ ਲਈ ਤਰਲੋ-ਮੱਛੀ ਹੁੰਦੇ ਹਨ, ਪਰ ਧਾਰਮਿਕ ਤੇ ਵਿਦਿਅਕ ਪੱਖ ਤੋਂ ਕੋਈ ਜ਼ਿਆਦਾ ਸਫਲਤਾ ਨਹੀਂ ਹੋਈ। ਹੁਣ ਬੀ.ਸੀ. ਦੇ ਮੁੱਢਲੇ ਸਿੱਖਾਂ ਵਿੱਚੋਂ ਕੋਈ ਜੀਵਤ ਨਹੀਂ ਅਤੇ ਉਹ ਆਪਣੇ ਅੱਖੀਂ ਦੇਖੇ ਅਤੇ ਹੰਢਾਏ ਤਜਰਬਿਆਂ ਨੂੰ ਕਲਮਬੰਦ ਕਰਾਉਣ ਵਿਚ ਸਹਾਇਕ ਨਾ ਬਣ ਸਕੇ, ਕਿਉਂਕਿ ਸਾਡੀ ਇਤਿਹਾਸ ਪ੍ਰਤੀ ਅਵੇਸਲਾ ਹੋਣਾ ਪੁਰਾਤਨ ਰੀਤ ਹੈ।

1980 ਤੋਂ ਕਈ ਚਲਾਕ ਲੋਕਾਂ ਨੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਪਾਸੋਂ ਚੋਖੀ ਮਾਇਆ ਬਟੋਰੀ ਅਤੇ ਨਾਰਥ ਅਮਰੀਕਾ ਦੀਆਂ ਖ਼ੂਬ ਸੈਰਾਂ ਕੀਤੀਆਂ, ਪਰ ਕੋਈ ਪ੍ਰਮਾਣਿਕ ਪੁਸਤਕ ਨਹੀਂ ਲਿਖ ਸਕੇ। 1997 ਵਿਚ ਖ਼ਾਲਸਾ ਦੀਵਾਨ ਸੁਸਾਇਟੀ; ਵੈਨਕੂਵਰ ਨੇ ਸਿੱਖਾਂ ਦਾ ਕੈਨੇਡਾ ਵਿਚ 100 ਸਾਲਾ ਦਿਵਸ ਮਨਾਉਣ ਲਈ ਇਕ ਸਾਂਝੀ ਕਮੇਟੀ ਬਣਾਈ, ਪਰ ਇਤਿਹਾਸ ਬਾਰੇ ਸੂਝ ਰੱਖਣ ਵਾਲੇ ਕਿਸੇ ਵੀ ਵਿਅਕਤੀ ਨੂੰ ਨੇੜੇ ਨਾ ਢੁਕਣ ਦਿੱਤਾ। ਬਹੁਤ ਜਸ਼ਨ ਮਨਾਏ, ਪਰ ਕੈਨੇਡਾ ਦੇ ਸਿੱਖਾਂ ਦੇ ਇਤਿਹਾਸ ਨਾਲ ਸੰਬੰਧਤ ਸਰੋਤਾਂ ਦੇ ਸੰਬੰਧ ਵਿਚ ਕੋਈ ਚਰਚਾ ਨਾ ਹੋਈ। ਗੁਰਦੁਆਰਾ ਸਾਹਿਬ ਦੀ ਮਿਨਟ ਬੁੱਕਸ ਅਤੇ ਪੁਰਾਤਨ ਖ਼ਾਲਸਾ ਦੀਵਾਨ ਦਾ ਰਿਕਾਰਡ ਕਿਸ ਪਾਸ ਹੈ ?, ਕਿਸੇ ਨੇ ਵੀ ਇਸ ਸੰਬੰਧ ਵਿਚ ਕੁਝ ਨਹੀਂ ਬੋਲਿਆ। ਜੇਕਰ ਪ੍ਰਬੰਧਕ ਇਤਿਹਾਸਕ ਖ਼ਾਲਸਾ ਦੀਵਾਨ ਦੀ ਇਤਿਹਾਸਕ ਸਮੱਗਰੀ ਬਾਰੇ ਚੁੱਪ ਵੱਟੀ ਬੈਠੇ ਹਨ, ਤਾਂ ਅਜਿਹੇ ਜਸ਼ਨਾਂ ਦਾ ਕੀ ਲਾਭ ? ਭਾਵੇਂ ਮਾਇਆ ਦੀ ਉਗਰਾਹੀ ਵਾਂਗੂੰ ਪੁਰਾਣੇ ਅਤੇ ਮੁੱਢਲੇ ਪਰਿਵਾਰਾਂ ਵਿੱਚੋਂ ਅਨੇਕਾਂ ਕੀਮਤੀ ਦਸਤਾਵੇਜ਼ ਇਕੱਤਰ ਕਰ ਲਏ, ਪਰ ਅੱਜ ਉਹ ਕੀਮਤੀ ਪੇਪਰ ਕਿਥੇ ਹਨ ? ਉਨ੍ਹਾਂ ਪੇਪਰਾਂ ਤੋਂ ਕੌਣ ਲਾਹਾ ਲੈ ਰਿਹਾ ਹੈ ? ਇਸ ਸਵਾਲ ਦਾ ਉੱਤਰ ਕੋਈ ਨਹੀਂ ਦੇਵੇਗਾ।

1998-99 ਵਿਚ ਇਕ ਪੰਜਾਬੀ ਪਰਿਵਾਰ ਦੀ ਬੱਚੀ ਆਟਵਾ ਤੋਂ ਵੈਨਕੂਵਰ ਪਹੁੰਚੀ ਅਤੇ ਖ਼ਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਵਿਖੇ ਲਾਇਬ੍ਰੇਰੀ ਅੰਦਰ ਗਈ, ਜਦੋਂ ਉਸ ਨੇ ਗ਼ਦਰ ਅਤੇ ਪੁਰਾਣੇ ਸਿੱਖ ਅਵਾਸੀਆਂ ਨਾਲ ਸੰਬੰਧਿਤ ਸਮੱਗਰੀ ਬਾਰੇ ਪੁੱਛਗਿੱਛ ਕੀਤੀ ਤਾਂ ਉਸ ਨੂੰ ਮਾਯੂਸੀ ਹੋਈ ਅਤੇ ਨਿਰਾਸ਼ ਹੋ ਕੇ ਵਾਪਸ ਮੁੜ ਗਈ। ਉਸ ਨੇ ਐਮ.ਏ. ਦਾ ਖੋਜ-ਨਿਬੰਧ ਲਿਖਣਾ ਸੀ। ਉਸ ਨੂੰ ਦਾਸ ਬਾਰੇ ਪਤਾ ਲੱਗਾ ਤਾਂ ਉਹ ਦੁਬਾਰਾ ਇਕ ਹਫ਼ਤੇ ਲਈ ਵੈਨਕੂਵਰ ਆਈ ਅਤੇ ਉਸਨੂੰ ਸਹਿਯੋਗ ਦਿੱਤਾ।

ਉਪਰੋਕਤ ਗੱਲਾਂ ਨੂੰ ਦੇਖਦੇ ਮੇਰੇ ਮਨ ਵਿਚ ਸੋਚ ਫੁਰੀ ਕਿ ਕਿਉਂ ਨਾ ਕਾਮਾਗਾਟਾਮਾਰੂ ਅਤੇ ਸਿੱਖਾਂ ਵੱਲੋਂ ਕੈਨੇਡਾ ਵਿਚ ਨਸਲੀ ਵਿਤਕਰੇ ਵਿਰੁੱਧ ਕੀਤੇ ਸੰਘਰਸ਼ ਦੀ ਖੋਜ ਨੂੰ ਪੁਸਤਕ ਰੂਪ ਵਿਚ ਛਾਪ ਦਿੱਤਾ ਜਾਵੇ। ਵਾਹਿਗੁਰੂ ਦੀ ਕਿਰਪਾ ਦੁਆਰਾ ਇਹ ਉੱਦਮ ਸਾਕਾਰ ਹੋਇਆ, ਪਰ ਮੈਂ ਇਹ ਨਹੀਂ ਦੱਸ ਸਕਦਾ ਕਿ ਇਸ ਕਾਰਜ ਵਿਚ ਕਿਤਨਾ ਸਫਲ ਹੋਇਆ ਹਾਂ। ਮੈਂ ਇਹ ਵੀ ਸਪੱਸ਼ਟ ਕਰ ਦੇਵਾਂ ਕਿ ਮੈਨੂੰ ਕਿਸੇ ਵੀ ਸੰਸਥਾ ਵੱਲੋਂ ਕਿਸੇ ਪ੍ਰਕਾਰ ਦਾ ਸਹਿਯੋਗ ਨਹੀਂ ਮਿਲਿਆ ਅਤੇ ਸਮੁੱਚਾ ਖ਼ਰਚ ਆਪਣੇ ਵੱਲੋਂ ਹੀ ਕੀਤਾ ਹੈ। ਆਟਵਾ ਦੀ ਨੈਸ਼ਨਲ ਲਾਇਬ੍ਰੇਰੀ ਅਤੇ ਨੈਸ਼ਨਲ ਆਰਕਾਈਵਜ਼ ਤੋਂ ਸਿੱਖਾਂ ਤੇ ਕਾਮਾਗਾਟਾਮਾਰੂ ਨਾਲ ਸੰਬੰਧਿਤ ਮਾਈਕ੍ਰੋ ਫ਼ਿਲਮਜ਼ ਮੰਗਵਾਈਆਂ। ਯੂ.ਬੀ.ਸੀ. ਦੀ ਲਾਇਬ੍ਰੇਰੀ ਅਤੇ ਵੈਨਕੂਵਰ ਆਰਕਾਈਵਜ਼ ਦੀਆਂ ਸਮੂਹ ਮਾਈਕ੍ਰੋ ਫ਼ਿਲਮਜ਼ ਤੇ ਮਾਈਕ੍ਰੋ ਫ਼ਿਸ਼ਜ਼ ਦੇਖੀਆਂ। 1897 ਤੋਂ ਪੁਰਾਣੇ *ਪ੍ਰਾਵਿੰਸ* ਤੇ *ਵੈਨਕੂਵਰਸਨ* ਅਖ਼ਬਾਰ ਦੇਖੇ। ਭਾਵੇਂ ਮੇਰਾ ਪੈਸਾ ਅਤੇ ਸਮਾਂ ਬਹੁਤ ਲੱਗਿਆ ਹੈ, ਪਰ ਮੈਨੂੰ ਮਾਨਸਿਕ ਖ਼ੁਸ਼ੀ ਵੀ ਹੋਈ ਕਿ ਕੌਮੀ ਵਿਰਸੇ ਤੇ ਇਤਿਹਾਸ ਨੂੰ ਸਾਂਭਣ ਦਾ ਨਿਮਾਣਾ ਜਿਹਾ ਜਤਨ ਕੀਤਾ ਹੈ। ਮੂਲ ਰੂਪ ਵਿਚ ਇਹ ਖੋਜ ਪੀ-ਐੱਚ.ਡੀ. ਦੀ ਡਿਗਰੀ ਲਈ ਕੀਤੀ ਗਈ ਸੀ ਅਤੇ ਇਹ ਹੱਥਲੀ ਪੁਸਤਕ ਦਾਸ ਨੇ ਅੰਗਰੇਜ਼ੀ ਤੋਂ ਪੰਜਾਬੀ ਵਿਚ ਕੀਤੀ ਹੈ। ਮੇਰੇ ਵੱਲੋਂ ਕੋਈ ਦਾਅਵਾ ਵੀ ਨਹੀਂ ਕਿ ਪੰਜਾਬੀ ਰੂਪ ਪੂਰਾ ਸ਼ੁੱਧ ਹੋਵੇਗਾ, ਪਰ ਮੁੱਖ ਮੰਤਵ ਹੈ ਕਿ ਇਸ ਇਤਿਹਾਸਕ ਦੁਖਾਂਤ ਬਾਰੇ ਆਪਣੇ ਲੋਕਾਂ ਨੂੰ ਵੱਧ ਤੋਂ ਵੱਧ ਜਾਣਕਾਰੀ ਦਿੱਤੀ ਜਾਵੇ। ਨੌਜਵਾਨ ਪੀੜ੍ਹੀ ਨੂੰ ਆਪਣੇ ਬਜ਼ੁਰਗਾਂ ਦੀਆਂ ਘਾਲਣਾਵਾਂ ਅਤੇ ਕੈਨੇਡਾ ਵੱਲੋਂ ਹੋਏ ਨਸਲੀ ਵਿਤਕਰੇ ਵਿਰੁੱਧ ਸਿੱਖਾਂ ਵੱਲੋਂ ਕੀਤੇ ਸੰਘਰਸ਼ ਬਾਰੇ ਪਤਾ ਲੱਗਣਾ ਚਾਹੀਦਾ ਹੈ।

ਇਸ ਖੋਜ ਵਿਚ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਦੀ ਲਾਇਬ੍ਰੇਰੀ ਦਾ ਪੂਰਾ ਲਾਹਾ ਪ੍ਰਾਪਤ ਕੀਤਾ ਹੈ ਅਤੇ ਸਮੂਹ ਲਾਇਬ੍ਰੇਰੀ ਸਟਾਫ਼ ਵੱਲੋਂ ਮਿਲੇ ਸਹਿਯੋਗ ਦਾ ਧੰਨਵਾਦ ਹੈ। ਇਸ ਖੋਜ ਵਿਚ ਸਭ ਤੋਂ ਵੱਧ ਪ੍ਰੇਰਣਾ ਤੇ ਉਤਸ਼ਾਹ ਡਾਕਟਰ ਗੁਰਬਖ਼ਸ਼ ਸਿੰਘ (ਸੇਵਾ-ਮੁਕਤ ਡੀਨ ਅਤੇ ਪ੍ਰੋਫ਼ੈਸਰ, ਪੰਜਾਬੀ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ) ਵੱਲੋਂ ਮਿਲਿਆ। ਪੰਜਾਬ ਵਿਚ ਮੇਰੇ ਦੋਸਤ ਪ੍ਰੋਫ਼ੈਸਰ ਹਰਿਮਿੰਦਰ ਸਿੰਘ ਸਿੱਧੂ (ਪਟਿਆਲਾ) ਤੇ ਸ: ਕੁਲਵੰਤ ਸਿੰਘ ਵਿਰਕ (ਡਿਪਟੀ ਲਾਇਬ੍ਰੇਰੀਅਨ, ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ, ਚੰਡੀਗੜ੍ਹ, ਜੋ 1999 ਵਿਚ

ਕੈਂਸਰ ਦੀ ਬੀਮਾਰੀ ਕਾਰਨ ਸਦੀਵੀ ਵਿਛੋੜਾ ਦੇ ਗਏ), ਪ੍ਰਿੰਸੀਪਲ ਇੰਦਰਜੀਤ ਸਿੰਘ ਵਾਸੂ ਹੋਰਾਂ ਪੁਸਤਕਾਂ ਤੇ ਦਸਤਾਵੇਜ਼ ਭੇਜਣ ਲਈ ਦਾਸ ਦੀ ਮਦਦ ਕੀਤੀ, ਉਨ੍ਹਾਂ ਦਾ ਹਾਰਦਿਕ ਧੰਨਵਾਦ। ਆਖ਼ਰ ਵਿਚ ਮੇਰੇ ਦੋਨੋਂ ਬੱਚੇ ਬੇਟੀ ਮਾਨਵਦੀਪ ਕੌਰ ਤੇ ਭੁਜੰਗੀ ਜਪਜੋਤਿ ਸਿੰਘ ਅਤੇ ਸੁਪਤਨੀ ਸਰਦਾਰਨੀ ਹਰਜੀਤ ਕੌਰ ਨੇ ਪੂਰਾ ਸਹਿਯੋਗ ਦਿੱਤਾ। ਵਾਹਿਗੁਰੂ ਉਨ੍ਹਾਂ ਨੂੰ ਚੜ੍ਹਦੀ ਕਲਾ, ਸਫਲਤਾ ਤੇ ਸਿੱਖੀ ਦਾਨ ਬਖ਼ਸ਼ੇ।

334, EAST 48th AVE,
VANCOUVER, B.C. V5W 2E3 CANADA

ਪੂਰਨ ਸਿੰਘ

ਆਰੰਭਿਕਤਾ

ਕੈਨੇਡਾ, ਆਵਾਸੀ ਲੋਕਾਂ ਦਾ ਦੇਸ਼ ਹੈ ਅਤੇ ਇਸ ਦਾ ਇਤਿਹਾਸ ਵੀ ਆਵਾਸੀਆਂ ਦਾ ਇਥੇ ਵੱਸਣ ਲਈ ਸੰਘਰਸ਼ ਕਰਨ ਦਾ ਇਤਿਹਾਸ ਹੈ। ਦੋ ਸੌ ਸਾਲ ਤੋਂ ਸਾਰੇ ਸੰਸਾਰ ਦੇ ਵੱਖ ਵੱਖ ਦੇਸ਼ਾਂ ਤੋਂ ਲੋਕ ਇਥੇ ਆਉਣੇ ਸ਼ੁਰੂ ਹੋਏ। ਅਨੇਕਾਂ ਸਭਿਆਚਾਰ, ਧਰਮ ਅਤੇ ਨਸਲਾਂ ਦੇ ਲੋਕ ਕੈਨੇਡਾ ਦੇ ਅਨਿਖੜਵੇਂ ਅੰਗ ਹਨ। ਵੀਹਵੀਂ ਸਦੀ ਦੇ ਸ਼ੁਰੂ ਤੋਂ ਹੀ ਲੱਖਾਂ ਆਵਾਸੀ ਇਥੇ ਪਹੁੰਚੇ, ਜਿਨ੍ਹਾਂ ਨੇ ਆਪਣੇ ਬਹੁ- ਭਾਂਤੀ ਸਭਿਆਚਾਰ ਅਤੇ ਬੋਲੀਆਂ ਦੁਆਰਾ ਕੈਨੇਡਾ ਨੂੰ ਬਹੁ-ਰੰਗੀ ਸਭਿਆਚਾਰਕ ਦੇਸ਼ ਉਪਰੰਤ ਇਸ ਨੂੰ ਅਮੀਰ ਬਨਾਉਣ ਲਈ ਆਪਣਾ ਯੋਗਦਾਨ ਪਾਇਆ। ਸਾਲ 1971 ਵਿਚ ਕੈਨੇਡਾ ਸਰਕਾਰ ਨੇ ਬਹੁ-ਸਭਿਆਚਾਰਕ ਨੀਤੀ ਨੂੰ ਸਰਕਾਰੀ ਪੱਧਰ 'ਤੇ ਪ੍ਰਵਾਨ ਕਰ ਲਿਆ ਅਤੇ ਇਸ ਦੀ ਤਰੱਕੀ ਲਈ ਵਿਸ਼ੇਸ਼ ਮੰਤਰਾਲਾ ਬਣਾਇਆ ਗਿਆ। ਸਰਬ ਲੋਕਾਂ ਨੂੰ ਆਪਣੇ ਆਪਣੇ ਸਭਿਆਚਾਰ, ਧਰਮ ਤੇ ਬੋਲੀਆਂ ਨੂੰ ਸਾਂਭਣ ਲਈ ਸਰਕਾਰ ਵੱਲੋਂ ਮਾਇਕ ਸਹਾਇਤਾ ਵੀ ਪ੍ਰਦਾਨ ਕੀਤੀ ਜਾਂਦੀ ਹੈ। ਕਈ ਸੂਬਿਆਂ ਅੰਦਰ ਫਰਿੰਚ ਬੋਲੀ ਵਾਂਗੂੰ ਪੰਜਾਬੀ, ਜਾਪਾਨੀ, ਚੀਨੀ ਬੋਲੀਆਂ ਨੂੰ ਬਤੌਰ ਦੂਜੀ ਭਾਸ਼ਾ ਸਰਕਾਰੀ ਸਕੂਲਾਂ ਵਿਚ ਪੜ੍ਹਾਇਆ ਜਾਂਦਾ ਹੈ ਅਤੇ ਕੁਝ ਯੂਨੀਵਰਸਿਟੀਆਂ ਅੰਦਰ ਵੀ ਅਜਿਹੀਆਂ ਸਹੂਲਤਾਂ ਉਪਲਬਧ ਹਨ।[1]

ਜਦੋਂ ਵੱਖ ਵੱਖ ਸਭਿਆਚਾਰਕ ਪਿਛੋਕੜ ਦੇ ਲੋਕ ਆਪਣੇ ਸਭਿਆਚਾਰਕ ਜਾਂ ਧਾਰਮਿਕ ਮੇਲੇ ਆਯੋਜਿਤ ਕਰਦੇ ਹਨ, ਤਾਂ ਉਨ੍ਹਾਂ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ। ਸੂਬਾਈ ਅਤੇ ਕੇਂਦਰੀ ਮੰਤਰੀ ਵੀ ਅਜਿਹੇ ਪ੍ਰੋਗਰਾਮਾਂ ਵਿਚ ਭਾਗ ਲੈਂਦੇ ਹਨ ਅਤੇ ਲੋਕਾਂ ਨੂੰ ਖ਼ਾਸ ਦਿਨਾਂ 'ਤੇ ਵਧਾਈ ਦਿੰਦੇ ਹਨ।[2] ਇਸ ਪ੍ਰਤੀ ਕੋਈ ਦੋ ਰਾਵਾਂ ਨਹੀਂ ਕਿ ਕੈਨੇਡਾ ਦੀ ਤਰੱਕੀ ਵਿਚ ਆਵਾਸੀ ਲੋਕਾਂ ਦੀ ਦੇਣ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਯੂਰਪੀਨ ਲੋਕਾਂ ਦੇ ਇਥੇ ਆਉਣ ਤੋਂ ਪਹਿਲਾਂ ਏਸ਼ੀਆ ਦੇ ਲੋਕ ਨਾਰਥ-ਅਮਰੀਕਾ ਨੂੰ ਆਏ ਅਤੇ ਹੁਣ ਇਨ੍ਹਾਂ ਲੋਕਾਂ ਨੂੰ ਐਬੋਰੀਜਨਲ ਜਾਂ ਪਹਿਲੀ ਕੌਮ ਆਖਿਆ ਜਾਂਦਾ ਹੈ। ਇਨ੍ਹਾਂ ਲੋਕਾਂ ਦਾ ਆਪਣਾ ਵਿਲੱਖਣ ਸਭਿਆਚਾਰ ਤੇ ਬੋਲੀਆਂ

---

1. *Ethnic Demography : Canadian Immigrant, Racial Cultural Variations*, Ottawa; Carleton University, 1990, pp. 383-384, 390.
2. Smith, W.G., *Study in Canadian Immigration*, Torontol Ryerson Press, 1920, pp. 54-71.

ਸਨ।[3] ਇਨ੍ਹਾਂ ਤੋਂ ਪਿੱਛੋਂ ਬਰਤਾਨਵੀ ਤੇ ਫ਼ਰਾਂਸੀਸੀ ਲੋਕ ਕੈਨੇਡਾ ਨੂੰ ਆਉਣੇ ਸ਼ੁਰੂ ਹੋਏ ਅਤੇ ਇਨ੍ਹਾਂ ਨੇ ਪਹਿਲੀ ਕੌਮ ਦੇ ਲੋਕਾਂ ਨੂੰ ਆਪਣੀ ਤਾਕਤ ਨਾਲ ਕਾਬੂ ਕਰ ਲਿਆ।[4] ਯੂਰਪੀਅਨ ਤੇ ਫ਼ਰੈਂਚ ਲੋਕਾਂ ਨੇ ਇਨ੍ਹਾਂ ਲੋਕਾਂ 'ਤੇ ਆਪਣਾ ਸਭਿਆਚਾਰ ਅਤੇ ਬੋਲੀ ਠੋਸਣ ਦਾ ਜਤਨ ਕੀਤਾ ਅਤੇ ਕਾਫ਼ੀ ਹੱਦ ਤਕ ਪਹਿਲੀ ਕੌਮ ਦੇ ਲੋਕ ਆਪਣੀ ਬੋਲੀ ਗੁਆ ਬੈਠੇ ਹਨ।[5]

ਕੈਨੇਡਾ ਸਰਕਾਰ ਦੀ ਨੀਤੀ ਸੀ ਕਿ ਕੈਨੇਡਾ ਵਿਚ ਓਹੀ ਆਵਾਸੀ ਆਉਣ, ਜੋ ਖੇਤੀਬਾੜੀ ਕਰਨ ਨੂੰ ਤਰਜੀਹ ਦੇਣ। ਕੈਨੇਡਾ ਨੇ ਹੋਰ ਦੇਸ਼ਾਂ ਦੇ ਅਖ਼ਬਾਰਾਂ ਵਿਚ ਨਵੇਂ ਆਵਾਸੀਆਂ ਨੂੰ ਉਤਸ਼ਾਹਤ ਕਰਨ ਲਈ ਇਸ਼ਤਿਹਾਰ ਦਿੱਤੇ। ਉਪਰੰਤ ਸਰਕਾਰ ਨੇ ਵਿਸ਼ੇਸ਼ ਏਜੰਟ ਭਰਤੀ ਕੀਤੇ, ਜੋ ਲੋਕਾਂ ਨੂੰ ਕੈਨੇਡਾ ਵਿਚ ਵੱਸਣ ਲਈ ਪ੍ਰੇਰਿਤ ਕਰਦੇ ਸਨ। ਕੈਨੇਡਾ ਸਰਕਾਰ ਮੁੱਖ ਤੌਰ 'ਤੇ ਯੂਰਪੀਨ ਦੇਸ਼ਾਂ ਤੋਂ ਲੋਕਾਂ ਨੂੰ ਇਥੇ ਵਸਾਉਣਾ ਚਾਹੁੰਦੀ ਸੀ, ਜਿਵੇਂ ਇੰਗਲੈਂਡ, ਆਇਰਲੈਂਡ, ਫ਼ਰਾਂਸ, ਬੈਲਜੀਅਮ, ਹੋਲੈਂਡ, ਜਰਮਨੀ, ਡੈਨਮਾਰਕ, ਆਈਸਲੈਂਡ, ਫਿਨਲੈਂਡ, ਨਾਰਵੇ, ਸਵਿਟਜ਼ਰਲੈਂਡ।[6] ਵਿਸ਼ੇਸ਼ ਏਜੰਟ ਯੂ.ਐਸ.ਏ. ਨੂੰ ਵੀ ਭੇਜੇ ਜਾਂਦੇ ਸਨ ਅਤੇ ਜੇ ਉਹ ਆਵਾਸੀ ਕੈਨੇਡਾ ਆਉਣ ਲਈ ਤਿਆਰ ਕਰਦੇ ਤਾਂ ਉਨ੍ਹਾਂ ਨੂੰ ਪੈਸੇ ਦਿੱਤੇ ਜਾਂਦੇ। ਇਕ ਆਦਮੀ ਲਈ ਤਿੰਨ ਡਾਲਰ, ਇਸਤਰੀ ਲਈ ਦੋ ਡਾਲਰ ਤੇ ਬੱਚੇ ਲਈ ਇਕ ਡਾਲਰ ਮਿਲਦੇ ਸਨ। ਕੈਨੇਡਾ ਨੇ ਆਵਾਸੀ ਲੋਕਾਂ ਨੂੰ ਇਥੇ ਵਸਾਉਣ ਲਈ 1898-1908 ਵਿਚ 67,79,832 ਡਾਲਰ ਖ਼ਰਚ ਕੀਤਾ।[7]

ਜਦੋਂ ਇਹ ਯੂਰਪੀਨ ਆਵਾਸੀ ਅਟਲਾਂਟਿਕ ਸਮੁੰਦਰ ਰਾਹੀਂ ਸਫ਼ਰ ਕਰਦੇ ਸਨ ਤਾਂ ਬਹੁਤ ਬੀਮਾਰ ਹੋ ਜਾਂਦੇ ਸਨ। ਅੰਦਾਜ਼ਾ ਹੈ ਕਿ ਇਕ ਜਹਾਜ਼ ਵਿਚ ਜੇ 400 ਤੋਂ 500 ਮੁਸਾਫ਼ਰ ਹੁੰਦੇ ਤਾਂ ਉਨ੍ਹਾਂ ਵਿੱਚੋਂ 30 ਜਾਂ 40 ਟਾਈਫ਼ਸ ਬੁਖ਼ਾਰ ਨਾਲ ਮਰ ਜਾਂਦੇ ਸਨ। ਇਕ ਇੰਸਪੈਕਟਰ ਦੀ ਰੀਪੋਰਟ ਅਨੁਸਾਰ :

> "ਜਦੋਂ ਇਹ ਮੁਸਾਫ਼ਰ ਕੈਨੇਡਾ ਪਹੁੰਚਦੇ ਤਾਂ ਬਹੁਤ ਬੀਮਾਰ ਹੋ ਜਾਂਦੇ। ਇਸ ਤਰ੍ਹਾਂ ਇਸ ਦੇਸ਼ ਵਿਚ ਹਰ ਸਾਲ ਲਾਗ ਦੀ ਬੀਮਾਰੀ ਫੈਲ ਜਾਂਦੀ।"[8]

ਏਸ਼ੀਆ ਤੋਂ ਸਭ ਤੋਂ ਪਹਿਲਾਂ ਚੀਨੇ ਲੋਕ ਕੈਨੇਡਾ ਨੂੰ ਆਏ। ਕੈਨੇਡਾ ਆਉਣ ਤੋਂ ਪਹਿਲਾਂ ਚੀਨੇ ਲੋਕ ਕੈਲੇਫ਼ੋਰਨੀਆ ਨੂੰ ਗਏ, ਜਿਥੇ 19ਵੀਂ ਸਦੀ ਦੇ ਮੱਧ ਵਿਚ ਸੈਕਰਾਮੈਂਟੋ ਦੇ ਇਲਾਕੇ ਵਿਚ ਸੋਨੇ ਦੀਆਂ ਖ਼ਾਨਾਂ ਮਿਲਦੀਆਂ ਸਨ। ਸਾਲ 1858

3. Mehta, R. Sampat, *International Barriers*, Ottawa; Canada Research Bureau, 1973.
4. *Ibid.*
5. Jones, Brian, *Surviving Cultural Genocide*, The Ubyssey; Vol. LXV, No. 32, Jan. 28, 1983.
6. Smith, W.G., *Study in Canadian Immigration*, Toronto; Ryerson Press, 1920, pp. 54-71.
7. *Ibid.*
8. *Ibid.*

ਤੋਂ ਚੀਨੇ ਕੈਲੇਫੋਰਨੀਆ ਤੋਂ ਕੈਨੇਡਾ ਵੱਲ ਨੂੰ ਆਉਣੇ ਸ਼ੁਰੂ ਹੋਏ।[9] ਇਸ ਪਿੱਛੋਂ ਬਹੁਤ ਗਿਣਤੀ ਵਿਚ ਇਹ ਲੋਕ ਬਤੌਰ ਸਸਤੇ ਮਜ਼ਦੂਰ ਬੀ.ਸੀ. ਵਿਚ ਲਿਆਂਦੇ ਗਏ। ਇਨ੍ਹਾਂ ਲੋਕਾਂ ਨੂੰ ਰੇਲ ਦੀਆਂ ਪਟੜੀਆਂ ਬਣਾਉਣ ਅਤੇ ਖ਼ਾਨਾਂ ਵਿਚ ਸੋਨਾ ਤੇ ਹੋਰ ਧਾਤਾਂ ਕੱਢਣ ਲਈ ਰੱਖਿਆ ਜਾਂਦਾ ਸੀ। ਜਦੋਂ ਇਨ੍ਹਾਂ ਦੀ ਗਿਣਤੀ ਹਜ਼ਾਰਾਂ ਵਿਚ ਵਧ ਗਈ ਤਾਂ ਗੋਰੇ ਲੋਕਾਂ ਨੂੰ ਇਨ੍ਹਾਂ ਦੀ ਹਾਜ਼ਰੀ ਚੁੱਭਣ ਲੱਗ ਪਈ। ਕੈਨੇਡਾ ਸਰਕਾਰ ਨੇ ਇਨ੍ਹਾਂ ਲੋਕਾਂ ਦੇ ਦਾਖ਼ਲੇ ਨੂੰ ਰੋਕਣ ਲਈ ਅਨੇਕਾਂ ਜਤਨ ਆਰੰਭੇ ਅਤੇ ਇਨ੍ਹਾਂ ਵਿਸ਼ੇਸ਼ ਕਾਨੂੰਨਾਂ ਵਿੱਚੋਂ 'ਹੈੱਡ ਟੈਕਸ ਕਾਨੂੰਨ' 1903 ਵਿਚ ਪਾਸ ਕੀਤਾ।[10]

ਚੀਨੇ ਲੋਕਾਂ ਤੋਂ ਪਿੱਛੋਂ ਜਾਪਾਨੀ ਲੋਕ ਇਥੇ ਆਉਣੇ ਸ਼ੁਰੂ ਹੋਏ। ਇਹ ਲੋਕ 1881 ਤੋਂ ਆਉਣੇ ਸ਼ੁਰੂ ਹੋਏ ਅਤੇ ਇਨ੍ਹਾਂ ਦੀ ਗਿਣਤੀ ਜ਼ਿਆਦਾ ਨਹੀਂ ਸੀ, ਪਰ 1896 ਤੋਂ ਪਿੱਛੋਂ ਜਾਪਾਨੀ ਲੋਕ ਜ਼ਿਆਦਾ ਗਿਣਤੀ ਵਿਚ ਆਉਣੇ ਸ਼ੁਰੂ ਹੋਏ। ਚੀਨੇ ਤੇ ਜਾਪਾਨੀ ਲੋਕਾਂ ਤੋਂ ਬਾਅਦ ਸਿੱਖ ਕੈਨੇਡਾ ਨੂੰ ਆਏ।[11] ਜਦੋਂ ਇਹ ਏਸ਼ੀਅਨ ਲੋਕਾਂ ਦੀ ਗਿਣਤੀ ਬੀ.ਸੀ. ਵਿਚ ਵਧਣ ਲੱਗੀ ਤਾਂ ਗੋਰੇ ਸਮਾਜ ਲਈ ਅਸਹਿ ਸੀ। ਇਸ ਲਈ ਇਕ ਨਵੀਂ ਸੋਚ ਪ੍ਰਚਾਰੀ ਗਈ ਕਿ ਏਸ਼ੀਅਨ ਲੋਕਾਂ ਦੇ ਮੁਕਾਬਲੇ ਯੂਰਪੀਨ ਤੇ ਚਿੱਟੀ ਚਮੜੀ ਵਾਲੇ ਲੋਕਾਂ ਨੂੰ ਇਥੇ ਵਸਾਇਆ ਜਾਵੇ। ਉਪਰੋਕਤ ਸੋਚ ਨੂੰ ਸਾਕਾਰ ਕਰਨ ਲਈ ਏਸ਼ੀਅਨ ਲੋਕਾਂ ਨਾਲ ਨਸਲੀ ਵਿਤਕਰਾ ਖੁੱਲ੍ਹਮ-ਖੁੱਲ੍ਹਾ ਹੋਣਾ ਸ਼ੁਰੂ ਹੋਇਆ। ਗੋਰੇ ਲੋਕਾਂ ਵੱਲੋਂ ਹਿੰਸਕ ਕਾਰਵਾਈਆਂ ਵੀ ਹੋਈਆਂ, ਜਿਵੇਂ 12 ਅਗਸਤ, 1907 ਨੂੰ ਗੁੰਡੇ ਲੋਕਾਂ ਨੇ ਚੀਨੇ ਤੇ ਜਾਪਾਨੀ ਲੋਕਾਂ ਦੇ ਘਰਾਂ ਅਤੇ ਉਨ੍ਹਾਂ ਦੀਆਂ ਦੁਕਾਨਾਂ 'ਤੇ ਹਮਲੇ ਕਰ ਕੇ ਭੰਨ-ਤੋੜ ਕੀਤੀ।[12]

ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਸਿੱਖ ਲੋਕ ਵੀਹਵੀਂ ਸਦੀ ਦੇ ਮੁੱਢ ਵਿਚ ਕੈਨੇਡਾ ਆਉਣੇ ਸ਼ੁਰੂ ਹੋਏ ਅਤੇ 1908 ਤਕ ਉਨ੍ਹਾਂ ਨੂੰ ਕੋਈ ਮੁਸ਼ਕਲ ਨਹੀਂ ਆਈ। ਉਸੇ ਸਾਲ ਭਾਵ 1908 ਵਿਚ ਕੈਨੇਡਾ ਦੀ ਸਰਕਾਰ ਨੇ ਲਗਾਤਾਰ ਸਫ਼ਰ ਵਾਲਾ ਕਾਨੂੰਨ ਲਾਗੂ ਕਰ ਦਿੱਤਾ ਤਾਂ ਜੋ ਭਾਰਤੀ ਲੋਕ ਕੈਨੇਡਾ ਨਾ ਪਹੁੰਚ ਸਕਣ। ਭਾਵੇਂ ਇਸ ਵਿਸ਼ੇਸ਼ ਕਾਨੂੰਨ ਵਿਚ ਕਿਸੇ ਦੇਸ਼ ਜਾਂ ਕੌਮ ਦਾ ਨਾਂ ਨਹੀਂ ਲਿਖਿਆ ਗਿਆ, ਪਰ ਇਹ ਇਕ ਚਾਲਾਕੀ ਹੀ ਸੀ, ਪਰ ਕਾਨੂੰਨ ਦੇ ਘਾੜਤ ਇਸ ਗੱਲ ਨੂੰ ਭਲੀ ਪ੍ਰਕਾਰ ਜਾਣਦੇ ਸਨ ਕਿ ਇੰਡੀਆ ਤੋਂ ਕੈਨੇਡਾ ਤਕ ਕੋਈ ਸਿੱਧਾ ਜਹਾਜ਼ ਨਹੀਂ ਚੱਲਦਾ ਸੀ।

---

9. Cheng, Tien-Fang, *Oriental Immigration into Canada,* Shanghai; The Commercial Press, 1931, pp. 35-36.
10. *Ibid.*
    Also see, Mehta, R. Sampat, *International Barriers,* Ottawa; Canada Research Bureau, 1973, pp. 24-25.
11. Cheng, Tien-Fang, *op.cit.,* 1931, Page 36.
12. Reid Robie L., *Inside Story of the Kamagatamaru,* British Historical Quarterly, Vol. V, 1941, p. 3.

ਅਸਲ ਵਿਚ ਇਹ ਲਗਾਤਾਰ ਸਫ਼ਰ ਦਾ ਕਾਨੂੰਨ ਭਾਰਤੀਆਂ ਦੇ ਦਾਖ਼ਲੇ ਨੂੰ ਰੋਕਣ ਲਈ ਹੀ ਘੜਿਆ ਗਿਆ ਸੀ।[13]

ਚੀਨੇ ਲੋਕਾਂ ਦੇ ਦਾਖ਼ਲੇ ਨੂੰ ਰੋਕਣ ਲਈ 'ਹੈੱਡ ਟੈਕਸ' ਲਗਾਇਆ ਗਿਆ, ਜੋ ਉਸ ਸਮੇਂ ਮੁਤਾਬਕ ਬਹੁਤ ਹੀ ਜ਼ਿਆਦਾ ਸੀ। ਇਕ ਆਦਮੀ ਨੂੰ ਕੈਨੇਡਾ ਪਹੁੰਚਣ ਲਈ 500 ਡਾਲਰ ਦੇਣੇ ਪੈਂਦੇ ਸਨ, ਜਦ ਕਿ ਕਾਮਿਆਂ ਨੂੰ ਕੰਮ ਕਰਨ ਬਦਲੇ ਇਕ ਡਾਲਰ ਦਿਹਾੜੀ ਦਿੱਤੀ ਜਾਂਦੀ ਸੀ। ਪਰ ਚੀਨੇ ਲੋਕਾਂ ਦਾ ਕੈਨੇਡਾ ਆਉਣਾ ਜਾਰੀ ਰਿਹਾ। ਦੂਜੇ ਪਾਸੇ ਜਾਪਾਨੀ ਲੋਕ ਸਨ, ਜਿਨ੍ਹਾਂ ਦੀ ਗਿਣਤੀ ਏਸ਼ੀਆ ਦੇ ਲੋਕਾਂ ਵਿੱਚੋਂ ਦੂਸਰੇ ਨੰਬਰ 'ਤੇ ਸੀ। ਕੈਨੇਡਾ ਦੇ ਅਧਿਕਾਰੀ ਜਾਪਾਨੀਆਂ ਪ੍ਰਤੀ ਨਰਮ ਸਨ, ਕਿਉਂਕਿ ਕੈਨੇਡਾ ਸਰਕਾਰ ਦੀ ਜਾਪਾਨ ਸਰਕਾਰ ਨਾਲ ਵਿਸ਼ੇਸ਼ ਟਰੀਟੀ (ਸਮਝੌਤਾ) ਸੀ।[14] ਲਗਾਤਾਰ ਸਫ਼ਰ ਦੇ ਕਾਨੂੰਨ ਪਾਸ ਹੋਣ ਨਾਲ ਸਿੱਖਾਂ ਜਾਂ ਭਾਰਤੀਆਂ ਦਾ ਕੈਨੇਡਾ ਆਉਣਾ ਤਕਰੀਬਨ ਰੁਕ ਹੀ ਗਿਆ। ਭਾਵੇਂ ਸਾਰੇ ਭਾਰਤੀ ਬਰਤਾਨਵੀ ਨਾਗਰਿਕ ਸਨ, ਪਰ ਉਨ੍ਹਾਂ ਨਾਲ ਵਤੀਰਾ ਵਿਤਕਰੇ ਵਾਲਾ ਸੀ। ਸਾਲ 1908 ਵਿਚ ਸਿੱਖਾਂ ਦੀ ਗਿਣਤੀ ਬੀ.ਸੀ. ਵਿਚ ਕਾਫ਼ੀ ਸੀ, ਇਸ ਤੋਂ ਪਹਿਲਾਂ ਜਾਂ ਪਿੱਛੋਂ ਸਿੱਖਾਂ ਦੀ ਗਿਣਤੀ ਘੱਟ ਹੀ ਰਹੀ।[15]

ਸਿੱਖ ਭਾਈਚਾਰੇ ਨੂੰ ਬਹੁਤ ਕਸ਼ਟ ਝੱਲਣੇ ਪਏ। ਇਕੇਰਾਂ ਕੈਨੇਡਾ ਸਰਕਾਰ ਵੱਲੋਂ ਇਕ ਗੁਪਤ ਸਾਜ਼ਿਸ਼ ਰਚੀ ਗਈ, ਜਿਸ ਅਧੀਨ ਸਮੂਹ ਭਾਰਤੀ ਲੋਕਾਂ ਨੂੰ ਵਰਗਲਾ ਕੇ ਹਾਂਡੂਰਸ ਟਾਪੂ ਭੇਜਣਾ ਸੀ।[16] ਪਰ ਸਰਕਾਰ ਦੀ ਇਹ ਨੀਤੀ ਫ਼ੇਲ੍ਹ ਹੋ ਗਈ ਅਤੇ ਝਟਪਟ ਦੋ ਨਵੇਂ ਕਾਨੂੰਨ ਆਰਡਰਜ਼-ਇਨ-ਕੌਂਸਲ 1910 ਵਿਚ ਪਾਸ ਕਰ ਦਿੱਤੇ[17], ਜਿਸ ਨਾਲ ਇੰਡੀਆ ਤੋਂ ਆਵਾਸੀ ਲੋਕਾਂ ਦੇ ਆਉਣ 'ਤੇ ਪੂਰੀ ਪਾਬੰਦੀ ਲਗਾ ਦਿੱਤੀ ਅਤੇ 1909 ਤੋਂ 1947 ਤਕ ਜ਼ਿਆਦਾ ਲੋਕ ਕੈਨੇਡਾ ਨਹੀਂ ਆ ਸਕੇ। (ਪੂਰਾ ਵੇਰਵਾ ਪਿੱਛੇ ਲਗਾਏ ਟੇਬਲ ਤੋਂ ਲੱਗ ਸਕਦਾ ਹੈ।)

ਫਿਰ ਵੀ 1913 ਵਿਚ 39 ਸਿੱਖਾਂ ਵੱਲੋਂ ਆਰਡਰਜ਼-ਇਨ-ਕੌਂਸਲ ਨੂੰ ਚੁਣੌਤੀ ਦਿੱਤੀ ਗਈ ਅਤੇ ਉਨ੍ਹਾਂ ਨੂੰ ਕੈਨੇਡਾ ਦਾਖ਼ਲ ਹੋਣ ਦਾ ਅਧਿਕਾਰ ਪ੍ਰਾਪਤ ਹੋਇਆ।

---

13. Reid Robie L., *Inside Story of the Kamagatamaru,* British Historical Quarterly, Vol. V, 1941, p. 3. (1908 'Legislation')..... 'Immigrants may be prohibited from landing or coming to Canada unless they come from the country of their birth, or citizenship, by continuous journey and on thorough ticket, purchased before leaving the country of their birth or citizenship.'
14. Mehta, R. Sampat, *International Barriers,* Ottawa; Canada Research Bureau, 1973, pp. 224-225.
15. Chadney, James G., *The Sikhs of Vancouver,* New York; A.M.S., 1984, p. 126.
16. Ganda Singh, *Amrika wich Hindustani,* Vancouver, Dr. Kesar Singh, 1976, pp. 132-133.
17. Reid, Robie L., *Inside Story of the Kamagatamaru,* British Historical Quarterly, Vol. V, 1941, p. 3.

ਇਸ ਪਿੱਛੋਂ ਕੈਨੇਡਾ ਸਰਕਾਰ ਨੇ ਆਰਡਰਜ਼-ਇਨ-ਕੌਂਸਲ ਦੇ ਵਿਚ ਤਰਮੀਮ ਕੀਤੀ, ਜਿਸ ਅਨੁਸਾਰ, "ਕੋਈ ਕਾਮਾ (ਸਿਖਿਅਕ ਜਾਂ ਅਣਸਿਖਿਅਕ) ਕਿਸੇ ਵੀ ਬੰਦਰਗਾਹ ਰਾਹੀਂ ਕੈਨੇਡਾ ਦਾਖ਼ਲ ਨਹੀਂ ਹੋ ਸਕੇਗਾ।"[18] 1914 ਵਿਚ ਮਲੇਸ਼ੀਆ ਦੇ ਵਿਉਪਾਰੀ ਬਾਬਾ ਗੁਰਦਿਤ ਸਿੰਘ ਨੇ ਜਹਾਜ਼ ਕਿਰਾਏ 'ਤੇ ਲੈ ਕੇ 376 ਮੁਸਾਫ਼ਰਾਂ ਨੂੰ ਕੈਨੇਡਾ ਪਹੁੰਚਾਇਆ, ਜਿਸ ਬਾਰੇ ਵਿਸਥਾਰ 'ਚ ਅੱਗੇ ਜਾ ਕੇ ਪੜ੍ਹਾਂਗੇ। ਸਾਲ 1920 ਤਕ ਕੈਨੇਡਾ ਵਿਚ ਰਹਿ ਰਹੇ ਭਾਰਤੀ ਲੋਕਾਂ ਨੂੰ ਆਪਣੇ ਪਰਿਵਾਰ ਤੇ ਬੱਚੇ ਲਿਆਉਣ ਦਾ ਹੱਕ ਨਹੀਂ ਸੀ। ਉਨ੍ਹਾਂ ਨੇ ਇਸ ਅਧਿਕਾਰ ਨੂੰ ਪ੍ਰਾਪਤ ਕਰਨ ਲਈ ਆਪਣਾ ਸੰਘਰਸ਼ ਜਾਰੀ ਰੱਖਿਆ। ਆਖ਼ਰ 1947 ਵਿਚ, ਜਿਥੇ ਭਾਰਤ ਨੂੰ ਬਰਤਾਨਵੀ ਸਾਮਰਾਜ ਤੋਂ ਆਜ਼ਾਦੀ ਮਿਲੀ, ਉਸ ਸਮੇਂ ਹੀ ਕੈਨੇਡਾ ਵਿਚ ਰਹਿ ਰਹੇ ਸਮੂਹ ਭਾਰਤੀ ਲੋਕਾਂ ਨੂੰ ਨਾਗਰਿਕਤਾ ਅਤੇ ਵੋਟ ਦਾ ਹੱਕ ਪ੍ਰਾਪਤ ਹੋਇਆ।

---

18. Reid, Robie L., *Inside Story of the Kamagatamaru,* British Historical Quarterly, Vol. V, 1941, p. 3.

ਪਹਿਲਾ ਅਧਿਆਇ

ਭਾਰਤੀ ਲੋਕਾਂ ਵੱਲੋਂ ਵਿਦੇਸ਼ਾਂ ਨੂੰ ਜਾਣ ਦਾ ਇਤਿਹਾਸ 1897-1920

ਭਾਰਤ ਤੋਂ ਸਭ ਤੋਂ ਪਹਿਲਾਂ ਵਿਦੇਸ਼ਾਂ ਨੂੰ ਜਾਣ ਦਾ ਮੁੱਢ ਬੋਧੀ ਭਿਖਸ਼ੂਆਂ ਤੋਂ ਸ਼ੁਰੂ ਹੁੰਦਾ ਹੈ। ਬੁੱਧ ਧਰਮ ਨੇ ਆਪਣੇ ਭਿਖਸ਼ੂਆਂ ਨੂੰ ਧਰਮ ਦਾ ਪ੍ਰਚਾਰ ਕਰਨ ਲਈ ਵਿਦੇਸ਼ਾਂ ਵਿਚ ਭੇਜਿਆ, ਪਰ ਇਹ ਬੋਧੀ ਕਿਸੇ ਵੀ ਦੇਸ਼ ਵਿਚ ਪੱਕੇ ਤੌਰ 'ਤੇ ਨਹੀਂ ਟਿਕੇ ਅਤੇ ਨਾ ਹੀ ਇਨ੍ਹਾਂ ਦਾ ਵਿਦੇਸ਼ਾਂ ਵਿਚ ਜਾ ਕੇ ਬਿਨਾਂ ਪ੍ਰਚਾਰ ਕਰਨ ਦੇ ਕੋਈ ਦੂਸਰਾ ਮਕਸਦ ਸੀ। ਇਹੀ ਕਾਰਨ ਹੈ ਕਿ ਇਹ ਕਿਸੇ ਵੀ ਦੇਸ਼ ਦੇ ਪੱਕੇ ਵਸਨੀਕ ਨਹੀਂ ਬਣੇ।[1]

ਬਰਤਾਨਵੀ ਸਾਮਰਾਜਵਾਦੀਆਂ ਨੇ ਸੰਨ 1834 ਵਿਚ ਦਾਸ ਪ੍ਰਥਾ ਨੂੰ ਕਾਨੂੰਨੀ ਤੌਰ 'ਤੇ ਸਮਾਪਤ ਕਰ ਦਿੱਤਾ ਸੀ, ਪਰ ਉਨ੍ਹਾਂ ਨੇ ਨਾਲ ਹੀ ਇਕ ਨਵੇਂ ਤਰ੍ਹਾਂ ਦੀ ਪਰਵਾਸੀ ਲਹਿਰ ਨੂੰ ਜਨਮ ਦਿੱਤਾ। ਇਸ ਪਰਵਾਸੀ ਲਹਿਰ ਵਿਚ ਭਾਰਤ ਤੋਂ ਸਸਤੇ ਮਜ਼ਦੂਰ ਭਰਤੀ ਕਰ ਕੇ ਬਰਤਾਨਵੀ ਬਸਤੀ ਵਿਚ ਲੈ ਜਾਂਦੇ ਸਨ। ਸਾਲ 1834 ਤੋਂ 1937 ਤਕ 30 ਮਿਲੀਅਨ ਭਾਰਤੀ ਮਜ਼ਦੂਰ ਜਾਂ ਕਾਮਿਆਂ ਨੂੰ ਜਹਾਜ਼ਾਂ ਵਿਚ ਲੱਦ ਕੇ ਹੋਰ ਬਸਤੀਆਂ ਵਿਚ ਲਿਜਾਇਆ ਗਿਆ।[2] ਇਹ ਵੀ ਹੈਰਾਨੀ ਦੀ ਗੱਲ ਹੈ ਕਿ 1836 ਤੋਂ 1838 ਦੇ ਦੋ ਸਾਲਾਂ ਵਿਚ 22,000 ਭਾਰਤੀ ਕਾਮੇ ਬਤੌਰ ਸਸਤੇ ਮਜ਼ਦੂਰ ਵਿਦੇਸ਼ਾਂ ਵਿਚ ਗਏ। ਸ਼ੁਰੂ-ਸ਼ੁਰੂ ਵਿਚ ਇਹ ਲੋਕ ਕਲਕੱਤਾ ਦੀ ਬੰਦਰਗਾਹ ਤੋਂ ਹੀ ਜਹਾਜ਼ ਚੜ੍ਹਦੇ ਅਤੇ ਪਿੱਛੋਂ ਜਾ ਕੇ ਮਦਰਾਸ ਅਤੇ ਮੁੰਬਈ ਦੀਆਂ ਬੰਦਰਗਾਹਾਂ ਤੋਂ ਵੀ ਜਹਾਜ਼ ਚੱਲਣ ਲੱਗ ਪਏ ਸਨ। ਜ਼ਿਆਦਾਤਰ ਇਹ ਸਸਤੇ ਕਾਮੇ ਬੰਗਾਲ, ਬਿਹਾਰ, ਮਦਰਾਸ ਤੇ ਉੱਤਰੀ ਪੱਛਮੀ ਸੂਬਿਆਂ, ਅਵਧ ਅਤੇ ਯੂ.ਪੀ. ਦੇ ਕੁਝ ਜ਼ਿਲ੍ਹਿਆਂ ਵਿੱਚੋਂ ਭਰਤੀ ਕੀਤੇ ਜਾਂਦੇ ਸਨ।[3]

ਮੁੱਖ ਤੌਰ 'ਤੇ ਬਰਤਾਨਵੀ ਬਸਤੀਆਂ, ਜਿਨ੍ਹਾਂ ਵਿਚ ਭਾਰਤੀ ਮਜ਼ਦੂਰ ਗਏ, ਉਹ ਮੋਰੀਸ਼ਸ, ਫ਼ੀਜੀ, ਬ੍ਰਿਟਿਸ਼ ਗਿਨੀ, ਟਰਿਨੀਡਾਡ, ਸੁਰੇਨਾਮ (ਡੱਚ ਬਸਤੀ), ਸਾਉਥ ਅਫ਼ਰੀਕਾ, ਬਰਮਾ, ਸ੍ਰੀ ਲੰਕਾ, ਬ੍ਰਾਜ਼ੀਲ ਅਤੇ ਮਲਾਇਆ ਸਨ। ਪਰ ਇਸ ਤਰ੍ਹਾਂ ਦੇ

---

1. Tinker, High., *The Banyan Tree*, New York; Oxford U.P., 1977, p. 1.
2. Jain, Prakash C., *Racial Discrimination against Overseas Indians*, New Delhi; Concept Public Co., 1990, pp. 8-9.
3. Arora, G.S., *Indian Immigration*, New Delhi; Puja Publishers, 1991, pp. 14-17.

ਸਸਤੇ ਮਜ਼ਦੂਰ ਭਰਤੀ ਕਰ ਕੇ ਦੂਜੇ ਥਾਂਵਾਂ 'ਤੇ ਲੈ ਕੇ ਜਾਣ ਦੀ ਪ੍ਰਥਾ ਸੰਸਾਰ ਦੇ ਪਹਿਲੇ ਯੁੱਧ ਤੋਂ ਪਹਿਲਾਂ ਹੀ ਖ਼ਤਮ ਕਰ ਦਿੱਤੀ ਗਈ। ਹੁਣ ਇਹ ਸਵਾਲ ਉਠਦਾ ਹੈ ਕਿ ਇਹ ਲੋਕ ਵਿਦੇਸ਼ਾਂ ਵਿਚ ਜਾ ਕੇ ਸਸਤੀ ਮਜ਼ਦੂਰੀ ਕਰਨ ਲਈ ਕਿਉਂ ਜਾਂਦੇ ਸਨ ? ਮੁੱਖ ਕਾਰਨ ਤਾਂ ਆਰਥਿਕ ਮੰਦਵਾੜਾ ਤੇ ਹੱਦੋਂ ਵੱਧ ਗ਼ਰੀਬੀ ਸੀ। ਇਸ ਪ੍ਰਤੀ ਕੋਈ ਦੋ ਰਾਵਾਂ ਨਹੀਂ ਕਿ ਇਹ ਆਰਥਿਕ ਮੰਦਵਾੜੇ ਦੀ ਵਿਵਸਥਾ ਦਾ ਕਾਰਨ ਵੀ ਬਰਤਾਨਵੀ ਸਰਕਾਰ ਵੱਲੋਂ ਚਲਾਈ ਹੋਈ ਨਵੀਂ ਜ਼ਿਮੀਂਦਾਰਾ ਪ੍ਰਣਾਲੀ ਸੀ, ਜਿਸ ਦੁਆਰਾ ਭਾਰਤ ਤੋਂ ਕੱਚਾ ਮਾਲ ਬਰਤਾਨੀਆ ਨੂੰ ਭੇਜਣਾ ਤੇ ਉਥੋਂ ਬਣੀਆਂ ਹੋਈਆਂ ਵਸਤਾਂ ਮਹਿੰਗੀਆਂ ਕੀਮਤਾਂ 'ਤੇ ਭਾਰਤ ਵਿਚ ਦਰਾਮਦ ਕੀਤੀਆਂ ਜਾਂਦੀਆਂ ਸਨ।[4] ਪੂਰਬੀ ਅਫ਼ਰੀਕਾ ਵਿਚ ਯੁਗੰਡਾ ਦੀ ਰੇਲਵੇ ਸਥਾਪਤ ਕਰਨ ਲਈ ਸਸਤੇ ਮਜ਼ਦੂਰਾਂ ਨੂੰ ਹੀ ਵਰਤਿਆ ਅਤੇ ਇਸ ਪ੍ਰੋਜੈਕਟ ਵਿਚ ਭਾਰਤ ਤੋਂ ਬਹੁਤ ਕਾਰੀਗਰ ਲੋਕ ਵੀ ਉਥੇ ਗਏ।[5]

(ੳ) ਏਸ਼ੀਆ ਤੋਂ ਪਰਵਾਸੀਆਂ ਦਾ ਮੁੱਢ

ਏਸ਼ੀਆ ਦੇ ਲੋਕਾਂ ਵਿੱਚੋਂ ਸਭ ਤੋਂ ਪਹਿਲਾਂ ਚੀਨੇ ਲੋਕ ਹੀ ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿਚ ਪਹੁੰਚੇ।[6] ਇਹ ਲੋਕ ਤਕਰੀਬਨ ਸੰਨ 1848 ਦੌਰਾਨ ਕੈਲੇਫ਼ੋਰਨੀਆ (ਯੂ.ਐਸ.ਏ.) ਵਿਖੇ ਗਏ, ਜਿਥੇ ਸੰਨ 1858 ਤਕ ਇਨ੍ਹਾਂ ਦੀ ਗਿਣਤੀ ਦਸ ਹਜ਼ਾਰ ਤਕ ਪੁੱਜ ਗਈ ਸੀ।[7] ਉਸ ਸਮੇਂ ਹੀ ਬੀ.ਸੀ. ਦੇ ਕੈਰੀਬੂ ਇਲਾਕੇ ਵਿਚ ਸੋਨੇ ਦੀਆਂ ਖ਼ਾਨਾਂ ਵਿੱਚੋਂ ਸੋਨਾ ਕੱਢਣ ਦਾ ਕੰਮ ਸ਼ੁਰੂ ਹੋਇਆ, ਤਾਂ ਸਾਲ 1850 ਤੋਂ 1860 ਦੇ ਦੌਰਾਨ ਚੀਨੇ ਪਰਵਾਸੀ ਕੈਲੇਫ਼ੋਰਨੀਆ ਤੋਂ ਕੈਨੇਡਾ ਵੱਲ ਆਉਣੇ ਸ਼ੁਰੂ ਹੋ ਗਏ। ਜਿਥੇ ਚੀਨੇ ਲੋਕ ਸਸਤੇ ਕਾਮੇ ਸਨ, ਉਥੇ ਇਹ ਗੋਰੇ ਕਾਮਿਆਂ ਦੇ ਮੁਕਾਬਲੇ ਸ਼ਾਂਤ ਸੁਭਾਅ ਵਾਲੇ ਵੀ ਸਨ, ਉਪਰੰਤ ਜਿਥੇ ਕੰਮ ਮਿਲੇ, ਉਥੇ ਹੀ ਟਿਕ ਕੇ ਕੰਮ ਕਰਦੇ ਰਹਿੰਦੇ ਸਨ। ਦੂਜੇ ਪਾਸੇ, ਕੈਨੇਡਾ ਦੀਆਂ ਰੇਲਵੇ ਕੰਪਨੀਆਂ ਨੇ ਬੀ.ਸੀ. ਵਿਚ ਰੇਲਵੇ ਲਾਈਨਾਂ ਵਿਛਾਉਣ ਦੇ ਕੰਮ ਲਈ ਵਿਸ਼ੇਸ਼ ਤੌਰ 'ਤੇ 15,000 ਚੀਨੇ ਮਜ਼ਦੂਰਾਂ ਨੂੰ ਚੀਨ ਤੋਂ ਲਿਆਂਦਾ। ਉਸ ਸਮੇਂ ਇਨ੍ਹਾਂ ਨੂੰ ਦਿਹਾੜੀ ਦਾ ਇਕ ਡਾਲਰ ਤਨਖ਼ਾਹ ਦਿੱਤੀ ਜਾਂਦੀ ਸੀ, ਜੋ ਕਿ ਗੋਰੇ ਕਾਮਿਆਂ ਦੇ ਮੁਕਾਬਲੇ ਬਹੁਤ ਹੀ ਘੱਟ ਸੀ। ਇਹ

---

4. Jain, Prakash C., *Racial Discrimination against Overseas Indians*, New Delhi; Concept Public Co., 1991, pp. 11-14.
5. *Ibid.*, pp. 6-7.
6. Muthana, I.M., *People of India in North America Part I*, Bangalore, Author, 1975, p. 17.
   Also See, Prasad, K.K., *The Historical Development of East Indian Economic Activities in B.C. 1900-1944*, Vancouver, U.B.C., 1983, p. 6.
7. Cheng, Tien-Fang, *Oriental Immigration in Canada*, Shanghai, China, The Commercial Press, 1931, pp. 35-36.

ਇਤਿਹਾਸਕ ਸਚਾਈ ਹੈ ਕਿ ਬੀ.ਸੀ. ਦੀਆਂ ਪਥਰੀਲੀਆਂ ਪਹਾੜੀਆਂ ਵਿਚ ਰੇਲਵੇ ਲਾਈਨਾਂ ਕੱਢਣ ਲਈ ਚੀਨੇ ਮਜ਼ਦੂਰ ਹੀ ਲਗਾਏ ਗਏ ਸਨ। ਸਮੇਂ ਦੇ ਨਾਲ ਚੀਨੀ ਲੋਕਾਂ ਦੀ ਗਿਣਤੀ ਵਧਣ ਲੱਗੀ। ਸਾਲ 1858 ਤਕ ਬੀ.ਸੀ. ਵਿਚ ਚੀਨੇ ਲੋਕਾਂ ਦੀ ਗਿਣਤੀ 2,000 ਸੀ, ਪਰ ਪਿੱਛੋਂ ਇਨ੍ਹਾਂ ਦੀ ਗਿਣਤੀ ਵਿਚ ਬਹੁਤ ਵਾਧਾ ਹੋਣਾ ਸ਼ੁਰੂ ਹੋਇਆ, ਜਿਸ ਕਾਰਨ ਗੋਰੇ ਲੋਕਾਂ ਲਈ ਇਨ੍ਹਾਂ ਦੀ ਵਧ ਰਹੀ ਆਬਾਦੀ ਰੜਕਣ ਲੱਗੀ ਅਤੇ ਉਨ੍ਹਾਂ ਨੇ ਇਸ ਪ੍ਰਤੀ ਆਪਣਾ ਰੋਸ ਵੀ ਪ੍ਰਗਟਾਇਆ।[8]

ਜਦੋਂ ਸਾਲ 1887 ਵਿਚ ਖ਼ਬਰ ਫੈਲੀ ਕਿ 100 ਕੁ ਚੀਨੇ ਵੈਨਕੂਵਰ ਦੀ ਬੰਦਰਗਾਹ 'ਤੇ ਪਹੁੰਚੇ ਹਨ ਤਾਂ ਝਟਪਟ ਇਕ ਹਜ਼ਾਰ ਗੋਰੇ ਉਥੇ ਪਹੁੰਚੇ ਅਤੇ ਉਨ੍ਹਾਂ ਦੇ ਉਤਰਨ ਵਿਰੁੱਧ ਰੋਸ ਮੁਜ਼ਾਹਰਾ ਕੀਤਾ। ਇਸ ਘਟਨਾ ਤੋਂ ਇਕ ਮਹੀਨਾ ਬਾਅਦ ਹੀ ਕੁਝ ਗੋਰਿਆਂ ਨੇ ਚੀਨੇ ਲੋਕਾਂ ਦੇ ਘਰਾਂ ਉੱਤੇ ਹਮਲੇ ਕੀਤੇ, ਤੋੜ-ਭੰਨ ਕੀਤੀ, ਉਪਰੰਤ ਉਨ੍ਹਾਂ ਨੂੰ ਡਰਾ ਧਮਕਾ ਕੇ ਭਜਾਉਣ ਦਾ ਜਤਨ ਕੀਤਾ।[9] ਜਦ ਬੀ.ਸੀ. ਦੇ ਗੋਰੇ ਲੋਕਾਂ ਵੱਲੋਂ ਚੀਨੇ ਲੋਕਾਂ ਵਿਰੁੱਧ ਨਫ਼ਰਤ ਦੀ ਲਹਿਰ ਭੜਕੀ ਤਾਂ ਕੈਨੇਡਾ ਸਰਕਾਰ ਨੇ ਚੀਨਿਆਂ ਨੂੰ ਕੈਨੇਡਾ ਆਉਣ ਤੋਂ ਰੋਕਣ ਲਈ ਇਕ ਵਿਸ਼ੇਸ਼ ਕਾਨੂੰਨ ਘੜਿਆ, ਜਿਸ ਨੂੰ 'ਹੈੱਡ ਟੈਕਸ' ਦਾ ਨਾਂ ਦਿੱਤਾ ਗਿਆ।[10] ਇਸ ਨਵੇਂ ਕਾਨੂੰਨ ਅਨੁਸਾਰ ਹਰ ਚੀਨੇ ਨੂੰ ਕੈਨੇਡਾ ਆਉਣ ਲਈ 'ਹੈੱਡ ਟੈਕਸ' ਦੇਣਾ ਪੈਂਦਾ ਸੀ। ਭਾਵੇਂ ਇਹ ਟੈਕਸ ਵਧਾ ਕੇ ਪੰਜ ਸੌ ਡਾਲਰ ਵੀ ਕਰ ਦਿੱਤਾ ਗਿਆ, ਪਰ ਚੀਨੇ ਲੋਕਾਂ ਦਾ ਕੈਨੇਡਾ ਆਉਣਾ ਘੱਟ ਤਾਂ ਗਿਆ, ਪਰ ਬੰਦ ਨਾ ਹੋ ਸਕਿਆ। ਇਨ੍ਹਾਂ ਲੋਕਾਂ ਅੰਦਰ ਨਸਲੀ ਵਿਤਕਰੇ ਜਾਂ ਤ੍ਰਿਸਕਾਰਪੁਣੇ ਨੂੰ ਸਹਿਣ ਕਰਨ ਲਈ ਸਹਿਨਸ਼ਕਤੀ ਸੀ, ਜਿਥੇ ਜਾਪਾਨੀ ਤੇ ਸਿੱਖਾਂ ਅੰਦਰ ਬਾਗ਼ੀ ਭਾਵਨਾਵਾਂ ਦੀ ਹੋਂਦ ਸੀ।

ਬ੍ਰਿਟਿਸ਼ ਕੋਲੰਬੀਆ ਵਿਚ ਏਸ਼ੀਆ ਤੋਂ ਆਉਣ ਵਾਲੀ ਦੂਸਰੀ ਕੌਮ ਜਾਪਾਨੀਆਂ ਦੀ ਸੀ। ਭਾਵੇਂ ਪਹਿਲਾਂ ਇਨ੍ਹਾਂ ਦੀ ਗਿਣਤੀ ਥੋੜੀ ਸੀ, ਪਰ ਪਿੱਛੋਂ ਇਨ੍ਹਾਂ ਦੀ ਗਿਣਤੀ ਵਿਚ ਵਾਧਾ ਹੋ ਗਿਆ ਅਤੇ ਗੋਰੇ ਲੋਕਾਂ ਅਥਵਾ ਰਾਜਸੀ ਨੇਤਾਵਾਂ ਲਈ ਜਾਪਾਨੀਆਂ ਦੀ ਵਧ ਰਹੀ ਗਿਣਤੀ ਵੀ ਚੁੱਭ ਰਹੀ ਸੀ। ਇਨ੍ਹਾਂ ਨੂੰ ਵੀ ਕੈਨੇਡਾ ਦਾਖ਼ਲ ਹੋਣ ਤੋਂ ਰੋਕ ਲਗਾਉਣ ਸੰਬੰਧੀ ਚਰਚਾ ਹੋਈ ਅਤੇ ਇਸ ਪ੍ਰਥਾਏ ਕਾਨੂੰਨ ਘੜਨ ਲਈ ਜਤਨ ਸ਼ੁਰੂ ਹੋਏ। ਮਿਸਟਰ ਰੈਲਫ਼ ਸਮਿਥ ਜੋ ਕਿ ਨਨਾਇਮੋ ਦੇ ਹਲਕੇ ਤੋਂ ਪਾਰਲੀਮੈਂਟ ਦੇ ਮੈਂਬਰ ਸਨ, ਨੇ ਹਾਊਸ ਆਫ਼ ਕਾਮਨਜ਼ ਵਿਚ ਜਾਪਾਨੀਆਂ ਦੇ ਆਉਣ ਤੋਂ ਰੋਕ

8. Cheng, Tien-Fang, *Oriental Immigration in Canada*, Shanghai, China, The Commercial Press, 1931, p. 37.
9. *Ibid.*,
   Also See, Prasad, K.K., *The Historical Development of East Indians*, pp. 7-8.
10. Bhatti, F.M., *Comparative Study of British and Canadian Experience with the South Asians Immigration, Visible Minorities and Multiculturalism*, Edited by, K. Victor Ujimotor and others, Tronto; Butterworths, 1980, pp. 110-111.

ਲਗਾਉਣ ਲਈ ਮਤਾ ਪੇਸ਼ ਕੀਤਾ।[11] ਹੇਠ ਲਿਖੇ ਅੰਕੜਿਆਂ ਤੋਂ ਜ਼ਾਹਿਰ ਹੈ ਕਿ ਜਾਪਾਨੀ ਤੇ ਚੀਨੇ ਲੋਕਾਂ ਦੀ ਗਿਣਤੀ 1901 ਤੋਂ 1911 ਦੌਰਾਨ ਕਿਸ ਰਫ਼ਤਾਰ ਨਾਲ ਵਧੀ।[12]

ਕੌਮ	*1901 ਵਿਚ ਗਿਣਤੀ*	*1911 ਵਿਚ ਗਿਣਤੀ*	*ਅਸਲ ਵਾਧਾ*
ਚੀਨੇ	14,885	19,568	4,683
ਜਾਪਾਨੀ	4,300	8,857	4,557

ਬ੍ਰਿਟਿਸ਼ ਕੋਲੰਬੀਆ ਵਿਚ ਏਸ਼ੀਅਨ ਲੋਕਾਂ ਦੀ ਆਬਾਦੀ ਵਧ ਜਾਣ ਕਾਰਨ ਗੋਰੇ ਲੋਕ ਚਿੰਤਤ ਸਨ। ਕੈਨੇਡਾ ਦੀ ਹੋਰ ਦੇਸ਼ਾਂ ਦੇ ਮੁਕਾਬਲੇ ਆਪਣੀ ਮੁੱਢਲੀ ਜਨਸੰਖਿਆ ਨਾਂ-ਮਾਤਰ ਹੀ ਸੀ ਅਤੇ ਕੈਨੇਡਾ ਦੀ ਸਰਬਪੱਖੀ ਉੱਨਤੀ ਤਾਂ ਹੀ ਸੰਭਵ ਸ਼ੀ, ਜੇਕਰ ਬਾਹਰਲੇ ਮੁਲਕਾਂ ਤੋਂ ਲੋਕ ਇਥੇ ਆ ਕੇ ਵੱਸਣ ਅਤੇ ਇਹ ਜ਼ਰੂਰੀ ਵੀ ਸੀ। ਪਰ ਗੋਰੇ ਲੋਕਾਂ ਜਾਂ ਇਥੋਂ ਦੇ ਸਮਾਜ ਦੀ ਪ੍ਰਬਲ ਸੋਚ ਸੀ ਕਿ ਕੈਨੇਡਾ ਵਿਚ ਏਸ਼ੀਅਨ ਲੋਕਾਂ ਦੀ ਥਾਂ ਯੂਰਪੀਨ ਲੋਕ ਹੀ ਆਉਣੇ ਚਾਹੀਦੇ ਹਨ, ਜਿਨ੍ਹਾਂ ਦੀ ਨਸਲ ਤੇ ਰੰਗ ਦੀ ਸਾਂਝ ਸੀ। ਉਸ ਸਮੇਂ ਦੇ ਕੈਨੇਡਾ ਦੇ ਮੁੱਖ ਮੰਤਰੀ ਸਰ ਵਿਲਫ਼ਰਿਡ ਲੋਰੀਅਰ ਨੇ ਵੀ ਆਪਣੇ ਵਿਖਿਆਣਾਂ ਵਿਚ ਨਸਲੀ ਤੇ ਵਿਤਕਰੇ ਵਾਲੀ ਨੀਤੀ ਨੂੰ ਪ੍ਰਗਟਾਇਆ। ਉਸ ਅਨੁਸਾਰ ਬ੍ਰਿਟਿਸ਼ ਕੋਲੰਬੀਆ ਵਿਚ ਏਸ਼ੀਅਨ ਲੋਕਾਂ ਦੀ ਥਾਂ ਬਰਤਾਨਵੀ ਜਾਂ ਚਿੱਟੀ ਚਮੜੀ ਵਾਲੇ ਯੂਰਪੀਨ ਲੋਕ ਹੀ ਵੱਸਣੇ ਚਾਹੀਦੇ ਸਨ।[13]

(ਅ) ਪੰਜਾਬ ਤੋਂ ਸਿੱਖਾਂ ਦਾ ਵਿਦੇਸ਼ਾਂ ਨੂੰ ਜਾਣਾ

ਜਿਵੇਂ ਪਹਿਲਾਂ ਵੀ ਉਲੇਖ ਹੋ ਚੁੱਕਾ ਹੈ ਕਿ ਬਰਤਾਨਵੀ ਸਾਮਰਾਜ ਦੀਆਂ ਨਵੀਆਂ ਆਰਥਿਕ ਨੀਤੀਆਂ ਕਾਰਨ ਪੰਜਾਬ ਦੇ ਸਿੱਖਾਂ ਦੀ ਆਰਥਿਕ ਹਾਲਤ ਬਹੁਤ ਨਿੱਘਰ ਚੁੱਕੀ ਸੀ ਅਤੇ ਲੋਕ ਗ਼ਰੀਬ ਹੋ ਗਏ। ਜਦੋਂ ਅਤਿ ਦੀ ਗ਼ਰੀਬੀ ਕਾਰਨ ਲੋਕਾਂ ਦਾ ਗੁਜ਼ਾਰਾ ਵੀ ਔਖਾ ਹੋਇਆ ਤਾਂ ਪੰਜਾਬੀਆਂ ਨੇ, ਭਾਵ ਸਿੱਖਾਂ ਨੇ ਵਿਦੇਸ਼ਾਂ ਵਿਚ ਜਾ ਕੇ ਰੋਜ਼ੀ ਕਮਾਉਣ ਲਈ ਜਾਣਾ ਬੇਹਤਰ ਸਮਝਿਆ। ਬਰਤਾਨਵੀ ਰਾਜ ਤੋਂ ਪਹਿਲਾਂ ਪੰਜਾਬ ਵਿਚ ਪੁਰਾਤਨ ਰਵਾਇਤਾਂ ਅਨੁਸਾਰ ਜ਼ਿਮੀਦਾਰਾਂ ਵੱਲੋਂ ਜ਼ਮੀਨ ਵੇਚਣੀ ਹੱਤਕ ਸਮਝਿਆ ਜਾਂਦਾ ਸੀ। ਦੂਸਰਾ, ਜ਼ਮੀਨ ਦੀ ਕੀਮਤ ਵੀ ਘੱਟ ਹੀ ਹੁੰਦੀ ਸੀ। ਇਸ ਦੇ ਨਾਲ ਬਿਨਾਂ ਖੇਤੀਬਾੜੀ ਤੋਂ ਕੋਈ ਹੋਰ ਕਿੱਤੇ ਵੀ ਉਪਲਬਧ ਨਹੀਂ ਸਨ। ਜਦੋਂ

11. Canada, *Parliament House of Commons, Debates*, 1907-08, Ottawa; Queens Printer, pp. 699-704, Report on Oriental Activities within the Province prepared for the Legislative Assembly.
    Also See, Victoria B.C. *Legislative Assembly*, 1927, p. 5.
12. Canada, *op.cit.*, p. 708.
13. Sandwell, B.K., *Our Immigration Problem*, Some Facts and Fallacies in Queen Quarterly, Kingston, Ont. No. 4, 1946, pp. 502-510.

1849 ਵਿਚ ਅੰਗਰੇਜ਼ਾਂ ਨੇ ਪੰਜਾਬ ਰਾਜ ਉੱਤੇ ਕਬਜ਼ਾ ਕਰ ਲਿਆ ਤਾਂ ਉਨ੍ਹਾਂ ਨੇ ਆਪਣੀਆਂ ਨਵੀਆਂ ਨੀਤੀਆਂ ਨੂੰ ਲੋਕਾਂ 'ਤੇ ਠੋਸਿਆ। ਖੇਤੀਬਾੜੀ ਸੰਬੰਧੀ ਨਵੀਆਂ ਸੁਧਾਰਕ ਯੋਜਨਾਵਾਂ ਨੂੰ ਅਪਣਾਇਆ, ਜਿਸ ਦੇ ਫਲਸਰੂਪ ਲੋਕਾਂ ਦੇ ਸਮਾਜਿਕ ਰਹਿਣ-ਸਹਿਣ 'ਤੇ ਅਨੇਕਾਂ ਨਵੇਂ ਪ੍ਰਭਾਵ ਪਏ। ਇਸ ਪ੍ਰਤੀ ਕੋਈ ਕਿੰਤੂ ਨਹੀਂ ਕਿ ਸੁਧਾਰਕ ਨੀਤੀਆਂ ਦੁਆਰਾ ਜਿਥੇ ਖੇਤੀਬਾੜੀ ਵਿਚ ਤਰੱਕੀ ਹੋਈ, ਉਥੇ ਆਮਦਨ ਵਿਚ ਵੀ ਵਾਧਾ ਹੋਣਾ ਸੁਭਾਵਿਕ ਸੀ, ਪਰ ਦੂਜੇ ਪਾਸੇ ਰੁਪਏ ਦੀ ਕੀਮਤ ਘੱਟ ਗਈ ਤੇ ਮਹਿੰਗਾਈ ਵਿਚ ਵਾਧਾ ਹੋਇਆ। ਜ਼ਿਮੀਂਦਾਰਾਂ ਲਈ ਅਜਿਹੀ ਸਥਿਤੀ ਵਿਚ ਜੀਵਨ ਨਿਰਬਾਹ ਕਰਨਾ ਵੀ ਔਖਾ ਹੋ ਗਿਆ। ਜਦੋਂ ਲੋਕਾਂ ਦਾ ਜੀਵਨ ਨਿਰਬਾਹ ਔਖਾ ਹੋਇਆ ਤਾਂ ਕਈਆਂ ਨੂੰ ਆਪਣੀਆਂ ਜੱਦੀ ਤੇ ਜਾਨਾਂ ਤੋਂ ਪਿਆਰੀਆਂ ਜ਼ਮੀਨਾਂ ਨੂੰ ਸ਼ਾਹੂਕਾਰਾਂ ਪਾਸ ਗਿਰਵੀ ਰੱਖਣ ਲਈ ਮਜਬੂਰ ਹੋਣਾ ਪਿਆ। ਸ਼ਾਹੂਕਾਰ ਲੋਕਾਂ ਵੱਲੋਂ ਵਿਆਜ ਦਰ ਜ਼ਿਆਦਾ ਹੋਣ ਕਾਰਨ, ਜ਼ਿਮੀਂਦਾਰਾਂ ਦੀ ਹਾਲਤ ਹੋਰ ਮੰਦੀ ਹੋ ਗਈ ਅਤੇ ਬਹੁਤ ਲੋਕ ਕਰਜ਼ਿਆਂ ਥੱਲੇ ਦੱਬੇ ਗਏ।[14]

ਉਸ ਸਮੇਂ ਦੀ ਅਸਲ ਤਸਵੀਰ ਨੂੰ ਇਕ ਜ਼ਿਲ੍ਹਾ ਅਧਿਕਾਰੀ ਦੀ ਪਤਨੀ ਨੇ ਹੇਠ ਲਿਖੇ ਸ਼ਬਦਾਂ ਵਿਚ ਪ੍ਰਗਟ ਕੀਤਾ :

> "ਪੰਜਾਬ ਦੇ ਜ਼ਿਮੀਂਦਾਰ ਸ਼੍ਰੇਣੀ ਦੇ 20 ਤੋਂ 30 ਹਜ਼ਾਰ ਲੋਕਾਂ ਨੂੰ ਬਾਣੀਏ ਲੋਕਾਂ ਨੇ (ਜੋ ਕਿ ਰਾਜਨੀਤਕ ਤੌਰ 'ਤੇ ਕੋਈ ਬੋਲ-ਬਾਲਾ ਨਹੀਂ ਸਨ ਰੱਖਦੇ) ਨਿਕਾਰੇ ਕਰਕੇ ਰੱਖ ਦਿੱਤਾ।"[15]

ਜ਼ਿਮੀਂਦਾਰ ਲੋਕਾਂ ਨੂੰ ਅਤਿ ਗ਼ਰੀਬੀ ਦੀ ਹਾਲਤ ਵਿਚ ਜੀਵਨ-ਨਿਰਬਾਹ ਲਈ ਹੋਰ ਸਾਧਨ ਅਖ਼ਤਿਆਰ ਕਰਨ ਲਈ ਮਜਬੂਰ ਹੋਣਾ ਪਿਆ। ਜਦੋਂ ਅੰਗਰੇਜ਼ਾਂ ਨੇ ਪੰਜਾਬ 'ਤੇ ਕਬਜ਼ਾ ਕੀਤਾ ਸੀ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਨੇ ਖ਼ਾਲਸਾ ਸਰਕਾਰ ਦੀ ਸਥਾਪਤ ਵੱਡੀ ਸੈਨਾ ਨੂੰ ਤੋੜ ਦਿੱਤਾ ਅਤੇ ਸਾਰੇ ਸਿੱਖ ਸੈਨਿਕ, ਫ਼ੌਜੀ ਕਰਤੱਵਾਂ ਤੋਂ ਵਿਹਲੇ ਹੋ ਗਏ। ਪਿੱਛੋਂ ਜਦੋਂ 1857 ਦਾ ਗ਼ਦਰ ਹੋਇਆ ਤਾਂ ਬਰਤਾਨਵੀ ਸਰਕਾਰ ਨੇ ਸਿੱਖਾਂ ਦੀ ਸੈਨਾ ਖੜੀ ਕਰਨੀ ਚਾਹੀ। ਇਸ ਨਾਲ ਸਿੱਖਾਂ ਨੂੰ ਬਰਤਾਨਵੀ ਫ਼ੌਜ ਵਿਚ ਨੌਕਰੀ ਕਰਨ ਦਾ ਨਵਾਂ ਅਵਸਰ ਪ੍ਰਾਪਤ ਹੋ ਗਿਆ। ਗ਼ਰੀਬੀ ਤੋਂ ਛੁਟਕਾਰਾ ਪਾਉਣ ਖ਼ਾਤਰ ਸਿੱਖ ਕਿਸਾਨਾਂ ਨੇ ਖੇਤੀਬਾੜੀ ਦੇ ਜੱਦੀ ਕਿੱਤੇ ਨੂੰ ਛੱਡ ਕੇ ਫ਼ੌਜ ਵਿਚ ਭਰਤੀ ਹੋਣ ਨੂੰ ਤਰਜੀਹ ਦਿੱਤੀ। ਦੂਸਰਾ, ਇਨ੍ਹਾਂ ਪੰਜਾਬੀ ਸਿੱਖ ਕਿਸਾਨਾਂ ਨੂੰ ਬਰਤਾਨਵੀ ਸਾਮਰਾਜ ਦੀਆਂ ਹੋਰ ਬਸਤੀਆਂ ਨੂੰ ਜਾਣ ਦਾ ਚਾਉ ਵੀ ਸੀ। ਜਦੋਂ ਬਰਤਾਨਵੀ ਸਰਕਾਰ ਨੇ ਸਿੱਖਾਂ ਦੀ ਫ਼ੌਜ ਖੜੀ ਕੀਤੀ ਤਾਂ ਸਭ ਤੋਂ ਪਹਿਲਾਂ ਇਸ ਫ਼ੌਜ ਨੂੰ ਮਲਾਇਆ ਭੇਜਿਆ, ਜਿਥੇ ਪੈਰਾਕ ਵਿਖੇ ਸੋਨੇ ਦੀਆਂ ਖ਼ਾਨਾਂ ਸਨ। ਇਥੇ ਚੀਨੇ ਲੁਟੇਰੇ ਲੁੱਟਮਾਰ ਕਰਦੇ ਅਤੇ

---

14. Barrier, Norman D., *The Punjab Alienation of Land Bill of 1900*, Durham, N.C. Duke University, 1966, pp. 1-3, 4-5.
    Also See, *Bulletin of History Sub-Committee of Desh Bhagat Yadgar Committee*, Jalandhar, No. 1, Nov. 1, 1995, p. 9.
15. Barrier, Norman D., *op.cit.*, 1966, p. 25.

ਬਰਤਾਨਵੀ ਲੋਕ ਉਨ੍ਹਾਂ ਤੋਂ ਬਹੁਤ ਤੰਗ ਸਨ। ਸਿੱਖ ਫ਼ੌਜੀਆਂ ਨੇ ਪੈਰਾਕ ਵਿਖੇ ਚੀਨੇ ਧਾੜਵੀਆਂ ਨੂੰ ਸੋਧਿਆ ਅਤੇ ਮੁੜ ਕਦੀ ਕੋਈ ਲੁੱਟਮਾਰ ਨਾ ਹੋਈ। ਇਸ ਸਫਲਤਾ ਨੇ ਸਿੱਖਾਂ ਦੀ ਬਹਾਦਰੀ ਦੀ ਚਰਚਾ ਥਾਂ-ਥਾਂ ਫੈਲਾ ਦਿੱਤੀ ਤੇ ਹੋਰ ਥਾਵਾਂ 'ਤੇ ਵੀ ਸਿੱਖ ਫ਼ੌਜੀਆਂ ਤੇ ਸਿੱਖ ਪਹਿਰੇਦਾਰਾਂ ਦੀ ਮੰਗ ਵਧੀ। ਸਰਕਾਰੀ ਇਮਾਰਤਾਂ ਅਤੇ ਬੈਂਕਾਂ ਦੀ ਰਾਖੀ ਲਈ ਵੀ ਸਿੱਖਾਂ ਨੂੰ ਰੱਖਿਆ ਜਾਣ ਲੱਗ ਪਿਆ। ਹੌਲੀ ਹੌਲੀ ਸਿੱਖਾਂ ਨੇ ਆਪਣੇ ਰਿਸ਼ਤੇਦਾਰਾਂ ਤੇ ਮਿੱਤਰਾਂ ਨੂੰ ਵਤਨ ਛੱਡ ਕੇ ਵਿਦੇਸ਼ਾਂ ਵਿਚ ਜਾ ਕੇ ਕੰਮ ਕਰਨ ਲਈ ਉਤਸ਼ਾਹਿਤ ਕੀਤਾ। ਇਹੀ ਮੁੱਖ ਕਾਰਨ ਹੈ ਕਿ ਸਭ ਤੋਂ ਪਹਿਲਾਂ ਸਿੱਖ ਫ਼ੌਜੀ ਤੇ ਸਿਪਾਹੀ ਸ਼ੰਘ-ਹਾਈ, ਮਲਾਇਆ ਅਤੇ ਸਿੰਘਾਪੁਰ ਆਦਿ ਥਾਵਾਂ 'ਤੇ ਗਏ।[16]

(ੲ) ਸਿੱਖਾਂ ਦਾ ਬ੍ਰਿਟਿਸ਼ ਕੋਲੰਬੀਆ ਪਹੁੰਚਣਾ

ਲਿਖਤੀ ਸਰੋਤਾਂ ਅਤੇ ਲਿਖਾਰੀਆਂ ਦਾ ਬਹੁ-ਮੱਤ ਇਸ ਤੱਥ ਨੂੰ ਹੀ ਪ੍ਰਵਾਨ ਕਰਦਾ ਹੈ ਕਿ ਸਿੱਖ 20ਵੀਂ ਸਦੀ ਦੇ ਮੁੱਢਲੇ ਦਹਾਕੇ ਵਿਚ ਕੈਨੇਡਾ ਵਿਚ ਦਾਖ਼ਲ ਹੋਏ ਅਤੇ ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿਚ ਹੀ ਸਿੱਖਾਂ ਨੇ ਆਪਣੇ ਆਪ ਨੂੰ ਸਥਾਪਤ ਕੀਤਾ, ਜਿਥੇ ਏਸ਼ੀਆ ਦੇ ਜਾਪਾਨੀ ਤੇ ਚੀਨੇ ਲੋਕ ਵੀ ਜ਼ਿਆਦਾ ਗਿਣਤੀ ਵਿਚ ਸਨ। ਇਸ ਤੱਥ ਵਿਚ ਵੀ ਸੱਚਾਈ ਹੈ ਕਿ ਗੋਰੇ ਲੋਕ ਏਸ਼ੀਅਨ ਲੋਕਾਂ ਦਾ ਇਥੇ ਰਹਿਣਾ ਉੱਕਾ ਹੀ ਪਸੰਦ ਨਹੀਂ ਕਰਦੇ ਸਨ ਅਤੇ ਸਿੱਖ ਦੂਜੀਆਂ ਕੌਮਾਂ ਨਾਲੋਂ ਵੱਖਰੀ ਤੇ ਸੌਖੀ ਪਹਿਚਾਣ ਵੀ ਰੱਖਦੇ ਸਨ। ਦਾੜ੍ਹੀ-ਕੇਸਾਂ ਤੇ ਦਸਤਾਰ ਹੋਰ ਕੌਮੀ ਪੁਸ਼ਾਕਾਂ ਨਾਲੋਂ ਵਿਲੱਖਣ ਹੈ। ਜਿਵੇਂ ਗੋਰੇ ਲੋਕਾਂ ਲਈ ਬਹੁ-ਗਿਣਤੀ ਵਿਚ ਚੀਨੇ ਤੇ ਜਾਪਾਨੀ ਰੜਕਦੇ ਸਨ, ਉਸ ਤਰ੍ਹਾਂ ਹੀ ਵਿਲੱਖਣ ਰੂਪ ਵਾਲੇ ਸਿੱਖ ਵੀ ਉਨ੍ਹਾਂ ਨੂੰ ਪ੍ਰਵਾਨ ਨਹੀਂ ਸਨ। ਸਰਕਾਰੀ ਕਾਗਜ਼ਾਂ ਅਨੁਸਾਰ ਸਿੱਖਾਂ ਦਾ ਇਕ ਜਥਾ, ਜਿਸ ਵਿਚ 45 ਸਿੱਖ ਸਨ, 1904 ਵਿਚ ਵੈਨਕੂਵਰ ਪਹੁੰਚਿਆ।[17]

ਕੁਝ ਲੋਕਾਂ ਦਾ ਵਿਸ਼ਵਾਸ ਹੈ ਕਿ 1900 ਤੋਂ ਪਹਿਲਾਂ ਵੀ ਸਿੱਖ ਕੈਨੇਡਾ ਵਿਚ ਸਨ।[18] ਪਰ ਪਰਵਾਸੀ ਵਿਭਾਗ ਵਿਚ ਕੋਈ ਅਜਿਹੀ ਲਿਖਤ ਉਪਲਬਧ ਨਹੀਂ, ਜੋ ਉਪਰੋਕਤ ਖ਼ਿਆਲ ਦੀ ਹਾਮੀ ਭਰਦੀ ਹੋਵੇ ਕਿ ਸਿੱਖ 19ਵੀਂ ਸਦੀ ਦੇ ਅੰਤ ਵਿਚ ਕੈਨੇਡਾ ਪਹੁੰਚੇ, ਕਿਉਂਕਿ 1901 ਦੀ ਮਰਦਮਸ਼ੁਮਾਰੀ ਵਿਚ ਕਿਸੇ ਵੀ ਪੰਜਾਬੀ ਜਾਂ ਭਾਰਤੀ ਦੇ ਨਾਂ ਦਾ ਕੋਈ ਉਲੇਖ ਨਹੀਂ ਮਿਲਦਾ।

---

16. Sidhu, Manjit Singh, *Sikh Migration to Malaya,* Journal of Sikhs Studies Amritsar; Guru Nanak Dev University, Vol. 10. No. 1, Feb. 1983, pp. 105-106.
17. Sekhar, S. Chandra, *From India to Canada La Jolla,* Population Review Books, 1986, p. 17.
    Also See, *Ibid,* p. 66.
    And
    N. de Bertrand Lugrin, *The Far East Comes to Canada,* Victoria Sunday Times Magazine, Sept. 15, 1951, p. 3.

ਇਹ ਵੀ ਇਕ ਅਹਿਮ ਸਵਾਲ ਹੈ, ਜਿਸ ਦਾ ਉੱਤਰ ਲੱਭਣਾ ਵੀ ਜ਼ਰੂਰੀ ਹੈ ਕਿ ਕੈਨੇਡਾ ਵਿਚ ਸਿੱਖ ਕਿਵੇਂ ਤੇ ਕਦੋਂ ਆਉਣੇ ਸ਼ੁਰੂ ਹੋਏ ? ਕੁਝ ਲਿਖਾਰੀਆਂ ਦਾ ਖ਼ਿਆਲ ਹੈ ਕਿ 1897 ਵਿਚ ਮਹਾਰਾਣੀ ਵਿਕਟੋਰੀਆ ਦੀ ਲੰਡਨ ਵਿਖੇ ਡਾਇਮੰਡ ਜੁਬਲੀ ਮਨਾਈ ਗਈ। ਇਸ ਜੁਬਲੀ ਵਿਚ ਸਿੱਖ ਫ਼ੌਜੀਆਂ ਨੇ ਵੀ ਭਾਗ ਲਿਆ।[19] ਜੁਬਲੀ ਦੀ ਸਮਾਪਤੀ ਪਿੱਛੋਂ ਜਦੋਂ ਸਿੱਖ ਫ਼ੌਜੀ ਵਾਪਸ ਪਰਤੇ ਤਾਂ ਉਹ ਕੈਨੇਡਾ ਰਾਹੀਂ ਗਏ। ਉਹ ਕੁਝ ਸਮੇਂ ਲਈ ਬ੍ਰਿਟਿਸ਼ ਕੋਲੰਬੀਆ ਦੇ ਵੈਨਕੂਵਰ ਸ਼ਹਿਰ ਵਿਚ ਰਹੇ, ਜਿਥੇ ਉਨ੍ਹਾਂ ਨੂੰ ਕੁਦਰਤੀ ਸੁੰਦਰਤਾ ਤੇ ਖੁੱਲ੍ਹੇ-ਡੁੱਲ੍ਹੇ ਅਤੇ ਜੰਗਲੀ ਹਰਿਆਵਲੀ ਨੇ ਮੋਹਿਤ ਕੀਤਾ। ਉਨ੍ਹਾਂ ਨੇ ਅਨੁਭਵ ਕੀਤਾ ਕਿ ਭਵਿੱਖ 'ਚ ਇਹ ਬੇ-ਆਬਾਦ ਇਲਾਕਾ ਤਰੱਕੀ ਵੱਲ ਕਦਮ ਪੁੱਟੇਗਾ ਅਤੇ ਇਥੇ ਰਹਿਣ ਅਤੇ ਕਿਰਤ ਕਰਨ ਲਈ ਚੰਗੇ ਮੌਕੇ ਮਿਲ ਸਕਦੇ ਹਨ। ਇਹ ਵੀ ਸੰਭਵ ਹੈ ਕਿ ਇਨ੍ਹਾਂ ਸਿੱਖ ਫ਼ੌਜੀਆਂ ਨੇ ਬ੍ਰਿਟਿਸ਼ ਕੋਲੰਬੀਆ ਦੀ ਸੁੰਦਰਤਾ ਬਾਰੇ ਆਪਣੇ ਮਿੱਤਰਾਂ ਤੇ ਰਿਸ਼ਤੇਦਾਰਾਂ ਨਾਲ ਵੀ ਚਰਚਾ ਕੀਤੀ ਹੋਵੇਗੀ।[20]

ਭਾਵੇਂ ਕੁਝ ਲਿਖਾਰੀਆਂ ਨੇ ਸਿੱਖਾਂ ਦਾ ਪਹਿਲੀ ਵਾਰੀ 1897 ਵਿਚ ਕੈਨੇਡਾ ਆਉਣ ਬਾਰੇ ਸੰਕੇਤ ਕੀਤਾ ਹੈ, ਪਰ ਇਸਦਾ ਪੱਕਾ ਜਾਂ ਇਤਿਹਾਸਕ ਸਬੂਤ ਜਾਂ ਪ੍ਰਮਾਣ ਨਹੀਂ ਮਿਲਦਾ, ਜਿਸ ਦੁਆਰਾ ਇਹ ਸਿੱਧ ਹੁੰਦਾ ਹੋਵੇ ਕਿ ਸਿੱਖ ਪਹਿਲੀ ਵਾਰੀ 1897 ਵਿਚ ਵੀ ਕੈਨੇਡਾ ਪਹੁੰਚੇ।[21] ਕੈਨੇਡਾ ਵਿਚ ਸਿੱਖਾਂ ਦੇ ਆਉਣ ਬਾਰੇ ਦੂਸਰਾ ਸੰਮਤ 1902 ਵਿਚ ਮੰਨਿਆ ਜਾਂਦਾ ਹੈ, ਜਦ ਇੰਗਲੈਂਡ ਵਿਖੇ ਪ੍ਰਿੰਸ ਐਡਵਰਡ ਦੀ ਤਾਜਪੋਸ਼ੀ ਦੇ ਅਵਸਰ 'ਤੇ ਸਿੱਖ ਤੇ ਪੰਜਾਬੀ ਫ਼ੌਜੀ ਵੀ ਸ਼ਾਮਲ ਹੋਏ। ਇਸ ਫ਼ੌਜੀ ਦਸਤੇ ਵਿਚ ਰਲੇ ਮਿਲੇ ਕੌਮਾਂ ਦੇ ਪੰਜਾਬੀ ਫ਼ੌਜੀ ਸਨ ਅਤੇ ਇਨ੍ਹਾਂ ਦਾ ਕਮਾਂਡਰ ਮੁਸਲਮਾਨ ਮੇਜਰ ਸੀ, ਪਰ ਸਾਰੇ ਫ਼ੌਜੀ ਦਸਤਾਰਧਾਰੀ ਸਨ। ਇਹ ਫ਼ੌਜੀ 'ਇੰਪਰਸ' ਜਾਪਾਨ ਦੇ ਜਹਾਜ਼ ਰਾਹੀਂ 3 ਜੂਨ, 1902 ਨੂੰ ਵਾਪਸੀ ਸਮੇਂ ਵਿਕਟੋਰੀਆ ਪਹੁੰਚੇ ਅਤੇ ਵਿਕਟੋਰੀਆ ਤੋਂ ਵੈਨਕੂਵਰ ਉਤਰੇ। ਬੀ.ਸੀ. ਦੇ ਲੋਕ ਇਨ੍ਹਾਂ ਫ਼ੌਜੀਆਂ ਦੀ ਦਿਖ ਦੇਖ ਬਹੁਤ ਪ੍ਰਸੰਨ ਹੋਏ ਅਤੇ ਅਖ਼ਬਾਰਾਂ ਨੇ ਮੁੱਖ ਸੁਰਖ਼ੀਆਂ ਨਾਲ ਲਿਖਿਆ :

"ਕਮਾਲ ਹੈ। ਦਸਤਾਰ ਵਾਲੇ ਫ਼ੌਜੀਆਂ ਦੀ... ਜਿਨ੍ਹਾਂ ਨੇ ਆਪਣੀ ਪ੍ਰਭਾਵ-

---

18. Muthana, I.M., *People of India in North America Part-1*, Bangalore, 1975, p. 22.
19. *The Cambridge Survey of World Migration*, edited by Robin Cohen, London, Cambridge U.P. 1995, p. 71.
    Also See,
    Kesar Singh, *The Canadian Sikhs Part-1*, Survey, Author, 1989, p. 26.
20. Ross, Broad Isabella, *An Appeal for Fairplay for the Sikhs in Canada*, Speech of Sunder Singh, Victoria, (N.P.) 1913, p. 4.
21. Buchignani, Norman. *Continuous Journey*, A Social History of South Asians in Canada, Toronto, McClelland, 1985, p. 6.

ਮਈ ਪ੍ਰਦਰਸ਼ਨੀ ਨਾਲ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਤੇ ਆਮ ਜਨਤਾ ਦਸਤਾਰਧਾਰੀ ਫ਼ੌਜੀਆਂ ਨੂੰ ਦੇਖਣ ਲਈ ਇਕੱਠੀ ਹੋ ਗਈ।"[22]

ਵੈਨਕੂਵਰ ਦੇ ਲੋਕ ਇਨ੍ਹਾਂ ਫ਼ੌਜੀਆਂ ਦੀ ਪਰੇਡ ਅਤੇ ਫੁਰਤੀਪੁਣੇ ਤੋਂ ਬਹੁਤ ਪ੍ਰਭਾਵਿਤ ਹੋਏ। ਕੈਨੇਡਾ ਦੇ ਗਵਰਨਰ ਜਨਰਲ ਮਿੰਟੋ ਨੇ ਇਨ੍ਹਾਂ ਫ਼ੌਜੀਆਂ ਦੇ ਦਸਤੇ ਦਾ ਰਸਮੀ ਮੁਆਇਨਾ ਕੀਤਾ ਅਤੇ ਇਸ ਤੋਂ ਪਹਿਲਾਂ ਇੰਗਲੈਂਡ ਦੇ ਬਾਦਸ਼ਾਹ ਨੇ ਵੀ ਇਨ੍ਹਾਂ ਦੀ ਪਰੇਡ ਦੇਖੀ ਤੇ ਰਸਮੀ ਮੁਆਇਨਾ ਕੀਤਾ। ਇਥੇ ਬੀ.ਸੀ. ਵਿਚ ਇਨ੍ਹਾਂ ਦਾ ਵਿਸ਼ੇਸ਼ ਸਨਮਾਨ ਹੋਇਆ। ਕੁਝ ਚਿਰ ਇਥੇ ਠਹਿਰਨ ਉਪਰੰਤ ਇਹ ਫ਼ੌਜੀ 8 ਸਤੰਬਰ, 1902 ਨੂੰ ਆਪਣੀ ਰੈਜਮਿੰਟ ਵਿਚ ਵਾਪਸ ਹਾਂਗਕਾਂਗ ਚਲੇ ਗਏ। ਇਕ ਖ਼ਾਸ ਧਿਆਨ ਦੇਣ ਵਾਲਾ ਤੱਥ ਹੈ ਕਿ ਜੋ ਪਹਿਲੇ ਸਿੱਖ ਵੈਨਕੂਵਰ ਪਹੁੰਚੇ, ਉਨ੍ਹਾਂ ਵਿੱਚੋਂ ਜ਼ਿਆਦਾਤਰ ਇਸ ਹਾਂਗਕਾਂਗ ਵਾਲੀ ਰੈਜਮਿੰਟ ਵਿੱਚੋਂ ਸਾਬਕਾ ਫ਼ੌਜੀ ਸਨ।[23] ਭਾਵੇਂ ਸਿੱਖਾਂ ਅੰਦਰ ਇਹ ਪਰੰਪਰਾ ਸਥਾਪਤ ਹੋ ਗਈ ਹੈ ਕਿ ਸਭ ਤੋਂ ਪਹਿਲਾਂ ਸਿੱਖ ਫ਼ੌਜੀ 1897 ਵਿਚ ਵੈਨਕੂਵਰ ਪਹੁੰਚੇ ਅਤੇ 1997 ਵਿਚ ਖ਼ਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਨੇ ਹੋਰ ਸੁਸਾਇਟੀਆਂ ਨਾਲ ਰਲ ਕੇ ਸਿੱਖਾਂ ਦਾ ਕੈਨੇਡਾ ਵਿਚ ਸੌ ਸਾਲਾ ਦਿਵਸ ਵੀ ਮਨਾਇਆ। ਪਰ ਜਿਵੇਂ ਪਹਿਲਾਂ ਉਲੇਖ ਹੋ ਚੁੱਕਾ ਹੈ ਕਿ ਸਿੱਖਾਂ ਦਾ 1897 ਨੂੰ ਕੈਨੇਡਾ ਪਹੁੰਚਣ ਵਾਲੇ ਤੱਥ ਨੂੰ ਸਾਬਤ ਕਰਨ ਲਈ ਕੋਈ ਇਤਿਹਾਸਕ ਪ੍ਰਮਾਣ ਉਪਲਬਧ ਨਹੀਂ ਹੈ।

ਕੈਨੇਡਾ ਪਹੁੰਚਣ 'ਤੇ ਕੁਝ ਮੁਸ਼ਕਲਾਂ ਦਾ ਸਾਹਮਣਾ

ਕੈਨੇਡਾ ਪਹੁੰਚਣ ਵਾਲੇ ਪਹਿਲੇ ਸਿੱਖਾਂ ਨੂੰ ਅੰਗਰੇਜ਼ੀ ਵਿਚ ਗੱਲਬਾਤ ਕਰਨੀ ਇਕ ਵੱਡੀ ਸਮੱਸਿਆ ਸੀ, ਪਰ ਕੁਝ ਕੁ ਸਾਬਕਾ ਫ਼ੌਜੀ ਗੁਜ਼ਾਰੇ ਜੋਗੀ ਅੰਗਰੇਜ਼ੀ ਬੋਲ ਲੈਂਦੇ ਸਨ। ਪਹਿਲੇ ਪਰਵਾਸੀ ਲੋਕ ਜਦੋਂ ਵੀ ਵਿਦੇਸ਼ ਜਾਂਦੇ ਸਨ ਤਾਂ ਉਨ੍ਹਾਂ ਅੰਦਰ ਇਕੱਠੇ ਹੋ ਕੇ ਜਥੇ ਦੇ ਰੂਪ ਵਿਚ ਜਾਣ ਦੀ ਪਿਰਤ ਸੀ, ਪਰ ਉਹ ਇਸ ਗੱਲ ਦਾ ਵੀ ਧਿਆਨ ਰੱਖਦੇ ਸਨ ਕਿ ਉਨ੍ਹਾਂ ਦੇ ਜਥੇ ਵਿਚ ਕੋਈ ਨਾ ਕੋਈ ਅੰਗਰੇਜ਼ੀ ਬੋਲੀ ਬੋਲਣ ਵਾਲਾ ਜ਼ਰੂਰ ਹੋਵੇ, ਤਾਂ ਜੋ ਰਸਤੇ ਵਿਚ ਤੇ ਇਮੀਗ੍ਰੇਸ਼ਨ ਮਹਿਕਮੇ ਨਾਲ ਪੇਸ਼ ਆਉਣ 'ਤੇ ਕਿਸੇ ਪ੍ਰਕਾਰ ਦੀ ਤਕਲੀਫ਼ ਨਾ ਹੋਵੇ।[24] ਇਕ ਮੁੱਢਲੇ ਪਰਵਾਸੀ ਭਾਈ ਨਿਰੰਜਨ ਸਿੰਘ ਠੌਲੀ ਦੇ ਬਿਆਨ ਅਨੁਸਾਰ ਵੀ ਸਪੱਸ਼ਟ ਹੁੰਦਾ ਹੈ ਕਿ ਪਹਿਲੇ ਆਉਣ ਵਾਲੇ ਸਿੱਖ ਜਥਾ ਬਣਾ ਕੇ ਹੀ ਵਿਦੇਸ਼ਾਂ ਨੂੰ ਜਾਂਦੇ ਸਨ, "ਮੇਰਾ ਜਨਮ ਤੇ ਪਾਲਣ-ਪੋਸਣ ਪਿੰਡ ਠੌਲੀ,-ਜੋ ਫਗਵਾੜਿਆ ਦੇ ਨੇੜੇ ਹੈ, ਹੋਇਆ...ਅਸੀਂ ਕੈਨੇਡਾ ਬਾਰੇ ਆਪਣੇ ਪਿੰਡ

---

22. Buchignani, Norman. *Continuous Journey*, A Social History of South Asians in Canada, Toronto, McClelland, 1985, p. 6. Also see, *The Province*, June 4, 1902, p. 1.
23. Buchignani, Norman, *op.cit.*, pp. 6-7.
24. Jensen, Joan M., *Passage from India*, Asian Immigrants in North America, New Haven, Yale University Press, 1988, p. 126.

ਦੇ ਕੁਝ ਰਿਸ਼ਤੇਦਾਰਾਂ ਪਾਸੋਂ ਸੁਣਿਆ ਸੀ। ਅਸੀਂ 1907 ਵਿਚ 11 ਆਦਮੀਆਂ ਦਾ ਜਥਾ ਬਣਾ ਕੇ ਕੈਨੇਡਾ ਨੂੰ ਚਲੇ ਸਾਂ।"[25]

ਕੈਨੇਡਾ ਨੂੰ ਜਾਣ ਸਮੇਂ ਰਸਤੇ ਵਿਚ ਸਿੱਖਾਂ ਲਈ ਰਿਹਾਇਸ਼ ਤੇ ਲੰਗਰ ਦੀ ਖ਼ਾਸ ਸਹੂਲਤ ਸੀ। ਇਹ ਸਹੂਲਤ ਹਾਂਗਕਾਂਗ ਵਿਖੇ ਗੁਰਦੁਆਰਾ ਸਾਹਿਬ ਹੋਣ ਕਾਰਨ ਸੀ। ਹਾਂਗਕਾਂਗ ਵਿਖੇ ਸਮੁੰਦਰੀ ਜਹਾਜ਼ ਦੀਆਂ ਟਿਕਟਾਂ ਲੈਣ ਜਾਂ ਬੁੱਕ ਕਰਾਉਣ ਲਈ ਮਹੀਨਾ ਜਾਂ ਵੱਧ ਸਮਾਂ ਵੀ ਲੱਗ ਜਾਂਦਾ ਸੀ। ਗੁਰਦੁਆਰਾ ਸਾਹਿਬ ਅੰਦਰ ਸਿੱਖ ਪਰੰਪਰਾ ਅਨੁਸਾਰ ਲੋੜਵੰਦਾਂ ਲਈ ਮੁਫ਼ਤ ਰਿਹਾਇਸ਼ ਤੇ ਲੰਗਰ ਦੀ ਸਹੂਲਤ ਬਿਨਾਂ ਭੇਦਭਾਵ ਤੋਂ ਸਭ ਨੂੰ ਮਿਲਦੀ ਸੀ। ਦੂਜੇ ਪਾਸੇ, ਸਿੱਖ ਇਸ ਸਹੂਲਤ ਨੂੰ ਆਪਣੀ ਖ਼ਾਸ ਪਰੰਪਰਾ ਸਮਝ ਕੇ ਮਾਣਦੇ ਤੇ ਗੌਰਵ ਵੀ ਕਰਦੇ ਸਨ।[26]

ਜਦੋਂ ਸਿੱਖ ਕੈਨੇਡਾ ਪਹੁੰਚਦੇ ਤਾਂ ਉਨ੍ਹਾਂ ਦੀ ਭਾਵਨਾ ਇਹੀ ਹੁੰਦੀ ਸੀ ਕਿ ਛੋਟੀ ਤੋਂ ਛੋਟੀ ਨੌਕਰੀ ਜਾਂ ਕੰਮ ਦੀ ਭਾਲ ਕੀਤੀ ਜਾਵੇ। ਪਹਿਲਾਂ ਪਹਿਲ ਜਾਂ ਨਵੇਂ ਆਦਮੀਆਂ ਲਈ ਅੰਗਰੇਜ਼ੀ ਬੋਲੀ ਨਾ ਜਾਨਣ ਕਾਰਨ ਨੌਕਰੀ ਦੀ ਤਲਾਸ਼ ਕਰਨੀ ਅਸੰਭਵ ਹੁੰਦੀ ਅਤੇ ਇਸ ਮੁਸ਼ਕਲ ਨੂੰ ਹੱਲ ਕਰਨ ਲਈ ਪੁਰਾਣੇ ਆਦਮੀਆਂ ਦਾ ਸਹਿਯੋਗ ਲਿਆ ਜਾਂਦਾ ਸੀ। ਕੁਝ ਸੇਵਾ ਭਾਵਨਾ ਵਾਲੀਆਂ ਹਸਤੀਆਂ ਵੀ ਮੌਜੂਦ ਸਨ, ਜੋ ਲੋੜਵੰਦਾਂ ਦੀ ਸਹਾਇਤਾ ਕਰਨ ਲਈ ਹਮੇਸ਼ਾ ਤਤਪਰ ਰਹਿੰਦੀਆਂ, ਜਿਵੇਂ ਭਾਈ ਅਰਜਨ ਸਿੰਘ, ਪਿੰਡ ਮਲਕ, ਜ਼ਿਲ੍ਹਾ ਲੁਧਿਆਣਾ, ਜੋ ਸੰਤ-ਸਰੂਪ ਹਸਤੀ ਸਨ।[27]

ਕੈਨੇਡਾ ਪਹੁੰਚਣ ਵਾਲੇ ਪਹਿਲੇ ਜਥਿਆਂ ਵਿੱਚੋਂ ਜ਼ਿਆਦਾ ਸਿੱਖ ਮਲਾਇਆ, ਸ਼ੰਘ-ਹਾਈ ਆਦਿ ਥਾਵਾਂ ਤੋਂ ਆਏ ਸਨ, ਇਨ੍ਹਾਂ ਵਿੱਚੋਂ ਬਹੁਤ ਸਿੱਖ ਡਰਾਈਵਰ, ਪੁਲਿਸ ਤੇ ਸਿਕਿਉਰਿਟੀ ਗਾਰਡ ਦਾ ਕੰਮ ਕਰਦੇ ਆਏ ਸਨ। ਇਥੇ ਪਹੁੰਚਣ 'ਤੇ ਉਪਰੋਕਤ ਤਰ੍ਹਾਂ ਦੇ ਕੰਮ ਮਿਲਣੇ ਅਸੰਭਵ ਸਨ। ਇਥੇ ਬੀ.ਸੀ. ਵਿਚ ਮਜ਼ਦੂਰੀ ਵਾਲਾ ਕੰਮ ਕਰਨਾ ਪੈਂਦਾ ਸੀ ਜਾਂ ਲੱਕੜ ਮਿੱਲਾਂ ਵਿਚ ਕੰਮ ਮਿਲ ਜਾਂਦਾ ਸੀ। ਲੱਕੜ ਮਿੱਲਾਂ ਦੇ ਮਾਲਕ ਸਿੱਖਾਂ ਨੂੰ ਖ਼ੁਸ਼ ਹੋ ਕੇ ਰੱਖ ਲੈਂਦੇ ਸਨ। ਇਸ ਦਾ ਮੁੱਖ ਕਾਰਨ ਤਾਂ ਇਹੀ ਹੈ ਕਿ ਸਿੱਖ ਲੋਕ ਸਰੀਰਕ ਤੌਰ 'ਤੇ ਰਿਸ਼ਟ-ਪੁਸ਼ਟ ਸਨ ਅਤੇ ਕੰਮ ਕਰਨ ਲਈ ਸਿਰੜੀ, ਇਮਾਨਦਾਰ ਤੇ ਵਫ਼ਾਦਾਰ ਵੀ ਸਨ। ਦੂਸਰਾ, ਸਿੱਖ ਵੀ ਚੀਨੇ ਲੋਕਾਂ ਵਾਂਗ ਘੱਟ ਉਜਰਤ 'ਤੇ ਲੰਬੇ ਸਮੇਂ ਲਈ ਕੰਮ ਕਰਨ ਲਈ ਤਿਆਰ ਹੋ ਜਾਂਦੇ ਸਨ, ਦੂਜੇ ਪਾਸੇ ਗੋਰੇ ਕਾਮੇ ਲੰਬੇ ਸਮੇਂ ਜਾਂ ਘੱਟ ਉਜਰਤ 'ਤੇ ਕੰਮ ਕਰਨ ਲਈ ਤਿਆਰ ਨਹੀਂ ਸਨ। ਮਿੱਲ ਮਾਲਕਾਂ ਵੱਲੋਂ ਸਿੱਖ ਕਾਮਿਆਂ ਦੇ ਰਹਿਣ ਲਈ ਰਿਹਾਇਸ਼ੀ ਮਕਾਨ ਬਣਾ ਕੇ ਦਿੱਤੇ ਜਾਂਦੇ ਸਨ। ਇਨ੍ਹਾਂ ਰਿਹਾਇਸ਼ੀ ਮਕਾਨਾਂ ਦਾ ਕਿਰਾਇਆ ਬਹੁਤ

25. Jensen, Joan M., *Passage from India*, Asian Immigrants in North America, New Haven, Yale University Press, 1988, pp. 13-14.
26. *Position of Hindus in India*, British Columbia Magazine, Vol. 8, 1912, Vancouver, B.C., p. 667.
27. Report *Khalsa Diwan Society Vancouver*, July 22, 1906 to Oct. 20, 1909, p. 3.

ਥੋੜਾ ਸੀ।[28] ਪੋਰਟਮੂਡੀ ਤੋਂ ਇਲਾਵਾ ਸਿੱਖ ਕਾਮੇ ਵੈਨਕੂਵਰ, ਨਿਊ ਵੈਸਟ-ਮਿਨਸਟਰ ਅਤੇ ਹੋਰ ਥਾਵਾਂ 'ਤੇ ਵੀ ਵੱਸ ਗਏ ਸਨ। ਬਹੁਤੇ ਸਿੱਖਾਂ ਨੇ ਥੋੜੇ ਸਮੇਂ ਅੰਦਰ ਹੀ ਚੰਗੀ ਬਚਤ ਕਰ ਕੇ ਰਿਹਾਇਸ਼ੀ ਪਲਾਟ ਖ਼ਰੀਦ ਲਏ ਅਤੇ ਕਈ ਆਪਣੇ ਕਾਰੋਬਾਰ ਸਥਾਪਤ ਕਰਨ ਵਿਚ ਸਫਲ ਹੋ ਗਏ।

ਪਹਿਲਾਂ ਵੀ ਸੰਤ-ਰੂਪ ਵਿਅਕਤੀ ਭਾਈ ਅਰਜਨ ਸਿੰਘ, ਪਿੰਡ ਮਲਕ (ਲੁਧਿਆਣਾ) ਦਾ ਉਲੇਖ ਹੋਇਆ ਹੈ, ਪਰ ਇਥੇ ਦੱਸਣਾ ਵੀ ਮਹੱਤਵਪੂਰਨ ਹੈ ਕਿ ਜਦੋਂ ਵੀ ਨਵੇਂ ਸਿੱਖ ਕੈਨੇਡਾ ਪਹੁੰਚਦੇ ਤਾਂ ਉਨ੍ਹਾਂ ਦੀ ਦੇਖਭਾਲ ਉਪਰੰਤ ਮਿੱਲਾਂ ਵਿਚ ਜਾ ਕੇ ਕੰਮ 'ਤੇ ਲਗਾਉਣ ਦਾ ਕੰਮ ਭਾਈ ਅਰਜਨ ਸਿੰਘ ਜੀ ਕਰਦੇ ਸਨ। ਜਿਥੇ ਭਾਈ ਸਾਹਿਬ ਨਵੇਂ ਪਰਵਾਸੀ ਵੀਰਾਂ ਨੂੰ ਕੰਮ 'ਤੇ ਲਗਾਉਂਦੇ, ਉਸ ਦੇ ਨਾਲ ਉਸ ਨੂੰ ਵਿਸ਼ੇਸ਼ ਹਦਾਇਤ ਵੀ ਕਰਦੇ :

> "ਸਾਰਾ ਕੰਮ ਜ਼ੋਰ ਲਾ ਕੇ ਕਰੋ, ਸਮਝ ਸੋਚ ਕੇ ਚਲੋ, ਕਿਤੇ ਕੋਈ ਹੋਰ ਕੌਮ ਦੇ ਲੋਕ ਚੰਗਾ ਕੰਮ ਵਿਖਾ ਕੇ ਤੁਹਾਡੀ ਜਗ੍ਹਾ ਕੰਮ 'ਤੇ ਨਾ ਆ ਲੱਗਣ ਜਾਂ ਕੰਮ ਕਰਕੇ ਸਾਡੇ ਨਾਲੋਂ ਅੱਗੇ ਨਾ ਨਿਕਲ ਜਾਣ। ਪੰਜਾਬੀ ਲੋਕਾਂ ਨੇ ਭਾਈ ਸਾਹਿਬ ਦੀ ਸਿੱਖਿਆ ਨੂੰ ਪੱਲੇ ਬੰਨ੍ਹ ਕੇ ਮਿਹਨਤੀ ਹੋਣ ਦਾ ਪ੍ਰਤੱਖ ਸਬੂਤ ਦਿੱਤਾ। ਜਿਸ ਲਕੜੀ ਨੂੰ ਗੋਰੇ ਲੋਕ ਗੱਡੀ 'ਤੇ ਲੱਦ ਕੇ ਜਾਂ ਰੇੜ੍ਹ ਕੇ ਲੈ ਜਾਂਦੇ ਸਨ, ਉਨ੍ਹਾਂ ਲਕੜਾਂ ਨੂੰ ਸਿੰਘ ਇਕੱਲਾ ਇਕੱਲਾ ਜਾਂ ਦੋ ਦੋ ਰਲ ਕੇ ਮੋਢਿਆਂ 'ਤੇ ਚੁੱਕੀ ਫਿਰਦੇ। ਗੋਰੇ ਮਾਲਕਾਂ ਨੇ ਸਿੱਖਾਂ ਨੂੰ ਕੰਮ ਕਰਦਿਆਂ ਅੱਖੀਂ ਡਿੱਠਾ ਤੇ ਸਿਦਕੀ ਸਿੱਖ ਕਾਮਿਆਂ ਵੱਲੋਂ ਸਖ਼ਤ ਕੰਮ ਕਰਨ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਛਪ ਗਈਆਂ ਅਤੇ ਥੋੜੇ ਸਮੇਂ ਵਿਚ ਹੀ ਪੰਜਾਬੀ ਕਾਮਿਆਂ ਦੀ ਚੰਗਾ ਕੰਮ ਕਰਨ ਦੀ ਧਾਂਕ ਸਾਰੇ ਕੈਨੇਡਾ ਵਿਚ ਪੈ ਗਈ।"
>
> *('ਅਮਰੀਕਾ ਵਿਚ ਹਿੰਦੁਸਤਾਨੀ', ਸੰਪਾ. ਡਾ. ਗੰਡਾ ਸਿੰਘ, ਪੰਨੇ 52-53)*

ਸਭ ਤੋਂ ਪਹਿਲਾਂ ਜੋ ਸਿੱਖ ਕੈਨੇਡਾ ਆਏ, ਉਨ੍ਹਾਂ ਵਿੱਚੋਂ ਜ਼ਿਆਦਾ ਸਾਬਕਾ ਫ਼ੌਜੀ ਹੀ ਸਨ ਅਤੇ ਉਨ੍ਹਾਂ ਦੀ ਪੁਸ਼ਾਕ ਕੋਟ-ਪੈਂਟ ਭਾਵ ਪੱਛਮੀ ਪੁਸ਼ਾਕ ਪਹਿਨਣ ਨੂੰ ਤਰਜੀਹ ਦਿੰਦੇ ਸਨ। ਕਈ ਸਾਬਕਾ ਫ਼ੌਜੀ, ਫ਼ੌਜ ਦੀ ਸੇਵਾ ਦੌਰਾਨ ਪ੍ਰਾਪਤ ਕੀਤੀਆਂ ਸੇਵਾਵਾਂ ਦੱਸਣ ਵਿਚ ਗੌਰਵ ਵੀ ਕਰਦੇ ਸਨ। ਕਈ ਕਈ ਬਰਤਾਨਵੀ ਸਰਕਾਰ ਵੱਲੋਂ ਜਿੱਤੇ ਹੋਏ ਤਗ਼ਮੇ ਵੀ ਆਪਣੇ ਕੋਟਾਂ ਉਪਰ ਲਗਾ ਕੇ ਰੱਖਦੇ ਸਨ। ਜਿਥੋਂ ਤਕ ਦਸਤਾਰ ਦੇ ਰੰਗਾਂ ਦਾ ਸੰਬੰਧ ਹੈ, ਜ਼ਿਆਦਾਤਰ ਕਾਲੀ ਤੇ ਨੀਲੀ ਦਸਤਾਰ ਹੀ ਬੰਨ੍ਹਦੇ ਸਨ। ਇਹ ਵੀ ਸੰਭਵ ਹੈ ਕਿ ਉਹ ਉਪਰੋਕਤ ਰੰਗਾਂ ਨੂੰ ਧਾਰਮਿਕ ਵਿਸ਼ਵਾਸ ਦੇ ਆਧਾਰ 'ਤੇ ਤਰਜੀਹ ਦਿੰਦੇ ਹੋਣ ਜਾਂ ਬਰਤਾਨਵੀ ਰਾਜ ਦੇ ਸਮੇਂ ਤੋਪਖ਼ਾਨੇ ਜਾਂ ਰਿਸਾਲੇ ਦੀ ਵਰਦੀ ਵਿਚ ਦਸਤਾਰ ਦਾ ਰੰਗ ਕਾਲਾ ਹੀ ਹੋਵੇ। ਪੁਰਾਣੇ ਪਰਵਾਸੀ ਧਾਰਮਿਕ ਰਹਿਤ-ਬਹਿਤ ਵਿਚ ਪੱਕੇ ਸਨ, ਭਾਵ ਸਿੱਖੀ ਸਰੂਪ ਦੇ ਧਾਰਨੀ ਸਨ ਅਤੇ ਇਨ੍ਹਾਂ ਸਿਦਕੀ ਲੋਕਾਂ ਨੇ ਕਈ

---

28. Jensen, Joan M. *Passage from India*, Asian Immigrants in North America, New Haven, Yale University, 1988, p. 28.

ਵੀ ਸਿੱਖੀ ਸਰੂਪ ਨੂੰ ਤਿਲਾਂਜਲੀ ਦੇਣ ਬਾਰੇ ਨਹੀਂ ਸੋਚਿਆ, ਜੇ ਕਿਸੇ ਕਾਰਖ਼ਾਨੇਦਾਰ ਜਾਂ ਮਿੱਲ ਮਾਲਕ ਨੇ ਇਸ ਬਾਰੇ ਕਿਹਾ ਵੀ ਹੋਵੇ ਤਾਂ ਵੀ ਉਹ ਆਪਣੀ ਸਿੱਖੀ ਦੀ ਦ੍ਰਿੜ੍ਹਤਾ ਤੋਂ ਕਦੇ ਨਾ ਥਿੜਕਦੇ, ਭਾਵੇਂ ਕੰਮ ਮਿਲੇ ਜਾਂ ਨਾ ਮਿਲੇ। ਕੁਝ ਸਿੱਖੀ ਸਰੂਪ ਵਾਲੇ ਵੀਰਾਂ ਵਿਚ ਸ਼ਰਾਬ ਪੀਣ ਦੀ ਭੈੜੀ ਆਦਤ ਜ਼ਰੂਰ ਸੀ, ਪਰ ਬਹੁ-ਗਿਣਤੀ ਦੇ ਵੀਰਾਂ ਵੱਲੋਂ ਵਿਹਲੇ ਸਮੇਂ ਆਪਸ 'ਚ ਗੱਲਬਾਤ ਕਰਨ ਜਾਂ ਵਤਨ ਸੰਬੰਧੀ ਚਰਚਾ ਕਰਨ ਨੂੰ ਹੀ ਆਨੰਦ ਮਾਣਨਾ ਸਮਝਿਆ ਜਾਂਦਾ।[29]

ਭਾਵੇਂ ਸਿੱਖ ਪਰਵਾਸੀਆਂ ਪਾਸ ਕੋਈ ਹਾਲ ਜਾਂ ਵੱਖਰਾ ਧਾਰਮਿਕ ਅਸਥਾਨ ਦੀ ਅਣਹੋਂਦ ਸੀ, ਪਰ ਗੁਰਮੁਖ ਤੇ ਪ੍ਰੇਮੀ ਸਿੱਖਾਂ ਵੱਲੋਂ ਹਫ਼ਤਾਵਾਰੀ ਸਤਿਸੰਗ ਕੀਤਾ ਜਾਂਦਾ। ਇਹ ਸਤਿਸੰਗ ਸ਼ਰਧਾਲੂ ਵੀਰਾਂ ਦੇ ਘਰੀਂ ਹੁੰਦਾ, ਜਿਥੇ ਜੋਟੀਆਂ ਵਾਲੇ ਸ਼ਬਦ ਪੜ੍ਹੇ ਜਾਂਦੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵਾਕ ਲਿਆ ਜਾਂਦਾ। ਸਤਿਸੰਗ ਦੌਰਾਨ ਹੀ ਗੁਰਦੁਆਰਾ ਸਾਹਿਬ ਦੀ ਇਮਾਰਤ ਖੜੀ ਕਰਨ ਲਈ ਉਗਰਾਹੀ ਵੀ ਕੀਤੀ ਜਾਂਦੀ। ਮੋਢੀ ਸਿੱਖਾਂ ਵਿਚ ਸਤਿਸੰਗ ਕਰਨ ਉਪਰੰਤ ਗੁਰਦੁਆਰਾ ਸਾਹਿਬ ਬਨਾਉਣ ਲਈ ਪ੍ਰੇਰਨਾ ਕਰਨ ਵਾਲੇ ਭਾਈ ਅਰਜਨ ਸਿੰਘ ਜੀ (ਪਿੰਡ ਮਲਕ) ਹੀ ਸਨ। ਇਹੀ ਵਿਅਕਤੀ ਨਵੇਂ ਵੀਰਾਂ ਲਈ ਕੰਮ ਲੱਭਣ ਵਿਚ ਸਹਾਇਤਾ ਕਰਦੇ ਸਨ ਅਤੇ ਇਨ੍ਹਾਂ ਨੇ ਹੀ ਗੁਰਦੁਆਰਾ ਸਾਹਿਬ ਦੀ ਸਥਾਪਨਾ ਲਈ ਸਭ ਨੂੰ ਜਥੇਬੰਦ ਕੀਤਾ।[30]

ਸਾਲ 1906 ਵਿਚ ਖ਼ਾਲਸਾ ਦੀਵਾਨ ਨਾਂ ਦੀ ਜਥੇਬੰਦੀ ਬਣੀ ਅਤੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਲਈ ਗੁਰਮਤਾ ਕੀਤਾ ਗਿਆ। ਅਕਤੂਬਰ 1907 ਨੂੰ ਗੁਰਦੁਆਰਾ ਸਾਹਿਬ ਦੀ ਉਸਾਰੀ ਲਈ ਠੇਕਾ ਦਿੱਤਾ ਗਿਆ। ਜੇਕਰ ਦੇਖਿਆ ਜਾਵੇ ਤਾਂ ਗੁਰਦੁਆਰਾ ਸਾਹਿਬ ਦੀ ਇਮਾਰਤ ਬਨਾਉਣੀ ਕੋਈ ਸੁਖੈਨ ਕਾਰਜ ਨਹੀਂ ਸੀ, ਕਿਉਂਕਿ ਸਿੱਖਾਂ ਦੀ ਗਿਣਤੀ ਬਹੁਤ ਥੋੜ੍ਹੀ ਸੀ, ਪਰ ਸ਼ਰਧਾਲੂ ਤੇ ਦ੍ਰਿੜ੍ਹ ਇਰਾਦੇ ਵਾਲੇ ਸੱਜਣਾਂ ਸਦਕਾ ਕਾਰਜ ਸਫਲ ਹੋਇਆ। ਦੂਜੇ ਪਾਸੇ, ਤਕਰੀਬਨ 300 ਗੋਰੇ ਲੋਕਾਂ ਨੇ ਦਸਤਖ਼ਤ ਕਰ ਕੇ ਵੈਨਕੂਵਰ ਦੇ ਸਿਟੀ ਹਾਲ ਨੂੰ ਗੁਰਦੁਆਰਾ ਸਾਹਿਬ ਬਨਾਉਣ ਦੇ ਵਿਰੁੱਧ ਰੋਸ ਕੀਤਾ। ਪਰ ਮਿਊਂਸਿਪਲ ਕਮੇਟੀ ਨੇ ਸਿੱਖਾਂ ਨੂੰ ਗੁਰਦੁਆਰਾ ਸਾਹਿਬ ਬਨਾਉਣ ਦੀ ਆਗਿਆ ਦੇ ਦਿੱਤੀ ਅਤੇ ਗੋਰੇ ਲੋਕਾਂ ਵੱਲੋਂ ਕੀਤੇ ਜਤਨ ਅਸਫਲ ਹੋਏ। ਆਖ਼ਰ ਸਿੱਖਾਂ ਨੇ ਧਾਰਮਿਕ ਸਤਿਸੰਗ ਤੇ ਧਾਰਮਿਕ ਰਸਮਾਂ ਕਰਨ ਲਈ ਗੁਰਦੁਆਰਾ ਸਾਹਿਬ ਦੀ ਸਥਾਪਨਾ ਕਰ ਲਈ, ਜਿਸ ਦਾ ਉਦਘਾਟਨ 19 ਜਨਵਰੀ, 1908 ਨੂੰ ਹੋਇਆ।[31]

ਜਿਵੇਂ ਪਹਿਲਾਂ ਦੱਸਿਆ ਗਿਆ ਕਿ ਮੁੱਢਲੇ ਸਿੱਖਾਂ ਵਿਚ ਭਾਈ ਅਰਜਨ ਸਿੰਘ ਬਹੁਤ ਹੀ ਸੱਚੇ-ਸੁੱਚੇ ਤੇ ਗੁਰਮੁਖ ਹਸਤੀ ਸਨ, ਜਿਨ੍ਹਾਂ ਨੇ ਦੇਸ਼ਵਾਸੀਆਂ ਦੀ ਨਿਸ਼ਕਾਮ ਸੇਵਾ ਕੀਤੀ, ਸਤਿਸੰਗ ਦੀ ਪਰੰਪਰਾ ਆਰੰਭੀ, ਗੁਰਦੁਆਰਾ ਸਾਹਿਬ ਦੀ ਸਥਾਪਨਾ

29. Jensen, Joan M., *Passage from India,* Asian Immigrants in North America, New Haven, Yale University, 1988, p. 28.
30. Report, *Khalsa Diwan Society,* Voncouver, July 22, 1906 to Oct. 20, 1909, p. 3.
31. *Ibid.*

ਲਈ ਕਮੇਟੀ ਬਣਾ ਕੇ ਜ਼ਮੀਨ ਖ਼ਰੀਦੀ ਤੇ ਗੁਰਦੁਆਰਾ ਬਨਾਉਣ ਲਈ ਗੁਰਮਤਾ ਕਰਾਇਆ, ਪਰ ਗੁਰਦੁਆਰਾ ਸਾਹਿਬ ਦੇ ਮੁਕੰਮਲ ਹੋਣ ਤੋਂ ਪਹਿਲਾਂ ਹੀ ਅਕਾਲ ਚਲਾਣਾ ਕਰ ਗਏ। ਆਪ ਜੀ ਭਰ ਜੁਆਨੀ ਦੀ ਉਮਰ ਵਿਚ ਹੀ ਸਨ। ਆਪ ਜੀ ਦਾ ਦੇਹਾਂਤ 22 ਜੁਲਾਈ, 1907 ਨੂੰ ਹੋਇਆ। ਆਪ 1904 ਨੂੰ ਕੈਨੇਡਾ ਪਹੁੰਚੇ ਸਨ ਤੇ ਤਿੰਨ ਸਾਲ ਲਗਾਤਾਰ ਕੌਮੀ ਸੇਵਾ ਕੀਤੀ।

('ਅਮਰੀਕਾ ਵਿਚ ਹਿੰਦੁਸਤਾਨੀ', ਸੰਪਾ. ਡਾ. ਗੰਡਾ ਸਿੰਘ, ਪੰਨਾ 65)

ਜਿਥੇ ਸਿੱਖਾਂ ਲਈ ਧਾਰਮਿਕ ਕਾਰਜ ਕਰਨ ਲਈ ਧਾਰਮਿਕ ਕੇਂਦਰ ਦੀ ਸਹੂਲਤ ਹੋਈ, ਉਥੇ ਸਮੂਹ ਭਾਰਤੀ ਭਾਈਚਾਰੇ ਲਈ ਸਮਾਜਿਕ ਤੇ ਰਾਜਨੀਤਕ ਮੁਆਮਲਿਆਂ ਸੰਬੰਧੀ ਵਿਚਾਰਾਂ ਕਰਨ ਲਈ ਕੇਂਦਰੀ ਅਸਥਾਨ ਪ੍ਰਾਪਤ ਹੋਇਆ। ਸਿੱਖ ਪਰੰਪਰਾ ਅਨੁਸਾਰ ਨਵੇਂ ਪਰਵਾਸੀਆਂ ਲਈ ਲੰਗਰ ਤੇ ਰਿਹਾਇਸ਼ ਦੀ ਸਹੂਲਤ ਵੀ ਹੋ ਗਈ। ਹੁਣ ਗੁਰਦੁਆਰਾ ਸਾਹਿਬ ਅੰਦਰ ਰਾਜਸੀ ਨੀਤੀਆਂ ਬਾਰੇ ਵੀ ਚਰਚਾ ਹੋ ਸਕਦੀ ਸੀ। ਪਰ ਮੁੱਢਲੇ ਸਿੱਖਾਂ ਅੰਦਰ ਕੋਈ ਜ਼ਿਆਦਾ ਪੜ੍ਹਿਆ ਲਿਖਿਆ ਵਿਅਕਤੀ ਨਹੀਂ ਸੀ ਅਤੇ ਇਸ ਘਾਟ ਨੂੰ ਸਭ ਮਹਿਸੂਸ ਕਰਦੇ ਸਨ। ਸਰਬ ਸਿੱਖਾਂ ਨੇ ਸੋਚਿਆ ਕਿਉਂ ਨਾ ਕਿਸੇ ਪੜ੍ਹੀ ਲਿਖੀ ਹਸਤੀ ਨੂੰ ਇਥੇ ਸੱਦਿਆ ਜਾਵੇ ਤਾਂ ਜੋ ਸਥਾਨਕ ਲੋਕਾਂ ਤੇ ਮੀਡੀਆ ਨੂੰ ਸਿੱਖਾਂ ਬਾਰੇ ਠੀਕ ਤਰ੍ਹਾਂ ਦੱਸਿਆ ਜਾ ਸਕੇ, ਕਿਉਂਕਿ ਲੋਕਲ ਮੀਡੀਆ ਹਮੇਸ਼ਾ ਹੀ ਸਿੱਖਾਂ ਵਿਰੁੱਧ ਲਿਖਦੇ ਸਨ ਅਤੇ ਇਨ੍ਹਾਂ ਦੇ ਰਹਿਣ-ਸਹਿਣ 'ਤੇ ਵੀ ਵਿਅੰਗ ਕੱਸਦੇ ਸਨ। ਦੂਜੇ ਪਾਸੇ, ਇਮੀਗ੍ਰੇਸ਼ਨ ਵਿਭਾਗ ਦੇ ਵਿਤਕਰੇ ਭਰਪੂਰ ਨੀਤੀਆਂ ਕਾਰਨ, ਕਿਸੇ ਵਿਦਵਾਨ ਵਿਅਕਤੀ ਨੂੰ ਭਾਰਤ ਤੋਂ ਸੱਦਣਾ ਅਸੰਭਵ ਸੀ, ਪਰ ਤਰਕਨਾਥ ਦਾਸ[32] ਨੇ ਪ੍ਰੋਫ਼ੈਸਰ ਤੇਜਾ ਸਿੰਘ ਬਾਰੇ ਦੱਸ ਪਾਈ (ਜੋ ਛੇਤੀ ਹੀ ਸੰਤ ਤੇਜਾ ਸਿੰਘ ਦੇ ਨਾਂ ਨਾਲ ਪ੍ਰਸਿੱਧ ਹੋਏ), ਜੋ ਉਸ ਸਮੇਂ ਨਿਊਯਾਰਕ ਦੇ ਕੋਲੰਬੀਆ ਟੀਚਰਜ਼ ਕਾਲਜ ਦੇ ਵਿਦਿਆਰਥੀ ਸਨ। ਬੀ.ਸੀ. ਦੇ ਸਿੱਖਾਂ ਨੇ ਪ੍ਰੋਫ਼ੈਸਰ ਤੇਜਾ ਸਿੰਘ[33] ਜੀ ਨਾਲ ਸੰਪਰਕ ਪੈਦਾ ਕੀਤਾ ਅਤੇ ਉਨ੍ਹਾਂ ਨੇ ਸਿੱਖਾਂ ਦੀ ਬੇਨਤੀ ਨੂੰ

---

32. Taraknath Das came to USA in 1906 and joined the University of California at Berkley. He was in close touch with all revolutionary leaders in U.S. and Canada. In 1908, he joined U.S. immigration department as an interpreter in Vancouver. He was a true nationalist and edited a newspaper *Hindustani*.
33. Prof. Teja Singh, formerly served as a Principal of Khalsa College Amritsar. He was holding M.A. (English), LL.B. degrees from Punjab University. He came to England and joined London University College for the degree of Doctor of Science. Then he got admitted at Cambridge. After that he was awarded a scholarship at Columbia University, New York but he was denied to complete his studies in England and New York because of his activities in Canada. Later he applied to Harvard University, where he was accepted for A.M. degree in English literature. Finally, in 1911 he passed his A.M. degree and returned to India.
Also See,
Confidential Memorandum on matters affecting the East Indian Community in B.C. by Colonel E.J.E. Swayne, *Borden Papers.*

ਪ੍ਰਵਾਨ ਕਰ ਲਿਆ ਅਤੇ ਟ੍ਰੇਨ ਦੁਆਰਾ 2 ਅਕਤੂਬਰ, 1908 ਨੂੰ ਵੈਨਕੂਵਰ ਪਹੁੰਚ ਗਏ। ਉਨ੍ਹਾਂ ਪਾਸ ਸਿਰਫ਼ ਇਕ ਹਫ਼ਤੇ ਦਾ ਹੀ ਸਮਾਂ ਸੀ ਤੇ ਉਹ ਬੀ.ਸੀ. ਦੇ ਕਈ ਥਾਵਾਂ 'ਤੇ ਗਏ ਤੇ ਸਿੱਖਾਂ ਨੂੰ ਮਿਲੇ। ਉਹ ਆਪਣਾ ਦੌਰਾ ਸਮਾਪਤ ਕਰਕੇ 8 ਅਕਤੂਬਰ, 1908 ਨੂੰ ਸਿਆਟਲ ਦੇ ਰਸਤੇ ਸਾਨਫਰਾਂਸਿਸਕੋ, ਜਿਥੋਂ ਉਹ ਨਿਊਯਾਰਕ ਪਹੁੰਚ ਗਏ। 1908 ਦੇ ਅਖ਼ੀਰ 'ਚ ਪ੍ਰੋਫ਼ੈਸਰ ਤੇਜਾ ਸਿੰਘ ਜੀ ਦੁਬਾਰਾ ਵੈਨਕੂਵਰ ਆਏ।[34]

ਇਸ ਦੌਰੇ ਵਿਚ ਸਭ ਤੋਂ ਪਹਿਲਾਂ ਉਨ੍ਹਾਂ ਨੇ ਖ਼ਾਲਸਾ ਦੀਵਾਨ ਸੁਸਾਇਟੀ ਨੂੰ ਸੁਸਾਇਟੀ ਐਕਟ ਅਧੀਨ ਰਜਿਸਟਰ ਕਰਵਾ ਦਿੱਤਾ ਅਤੇ ਪਿੱਛੋਂ ਇਸ ਸੁਸਾਇਟੀ ਨੇ ਕੈਨੇਡਾ ਦੇ ਨਸਲੀ ਅਤੇ ਵਿਤਕਰੇ ਭਰਪੂਰ ਇਮੀਗ੍ਰੇਸ਼ਨ ਕਾਨੂੰਨਾਂ ਦੇ ਵਿਰੁੱਧ ਘੋਲ ਕੀਤਾ ਅਤੇ ਭਾਰਤ ਦੀ ਆਜ਼ਾਦੀ ਲਹਿਰ ਵਿਚ ਆਪਣਾ ਯੋਗਦਾਨ ਪਾਇਆ। ਅਨੇਕਾਂ ਹੀ ਮੈਂਬਰਾਂ ਨੇ ਭਾਰਤ ਦੀ ਆਜ਼ਾਦੀ ਲਈ ਸ਼ਹੀਦੀਆਂ ਪਾਈਆਂ।[35]

(ਸ) ਇਮੀਗ੍ਰੇਸ਼ਨ ਦੇ ਪੱਖਪਾਤੀ ਕਾਨੂੰਨ

ਸਭ ਤੋਂ ਪਹਿਲਾਂ ਬ੍ਰਿਟਿਸ਼ ਕੋਲੰਬੀਆ ਦੇ ਸੂਬਾ ਸਰਕਾਰ ਨੇ ਏਸ਼ੀਅਨ ਲੋਕਾਂ ਨੂੰ ਕੈਨੇਡਾ ਦਾਖਲ ਹੋਣ ਤੋਂ ਰੋਕਣ ਲਈ 1900 ਵਿਚ ਵਿਸ਼ੇਸ਼ ਕਾਨੂੰਨ ਪਾਸ ਕੀਤਾ, ਪਰ 1901 ਵਿਚ ਕੈਨੇਡਾ ਦੇ ਗਵਰਨਰ ਜਨਰਲ ਮਿੰਟੋ ਨੇ ਇਸ ਨੂੰ ਰੱਦ ਕਰ ਦਿੱਤਾ। ਇਸ ਪਿੱਛੋਂ 1902, 1903 ਅਤੇ 1904 ਵਿਚ ਵੀ ਸੂਬੇ ਦੀ ਸਰਕਾਰ ਨੇ ਏਸ਼ੀਅਨ ਲੋਕਾਂ ਦੇ ਆਉਣ 'ਤੇ ਰੋਕ ਲਗਾਉਣ ਲਈ ਨਵੇਂ ਕਾਨੂੰਨ ਬਨਾਉਣ ਦੇ ਜਤਨ ਕੀਤੇ, ਪਰ ਕੇਂਦਰ ਦੀ ਸਰਕਾਰ ਵੱਲੋਂ ਪ੍ਰਵਾਨਗੀ ਨਾ ਮਿਲੀ।[36]

ਸਰ ਥੋਮਲ ਦੇ ਕਹੇ ਸ਼ਬਦ :

"ਗੋਰੇ ਕਾਮੇ ਏਸ਼ੀਅਨ ਕਾਮਿਆਂ ਨਾਲ ਮੁਕਾਬਲਾ ਕਰਨ ਤੋਂ ਅਸਮਰੱਥ ਹਨ। ਜੇ ਅਸੀਂ ਏਸ਼ੀਅਨ ਲੋਕਾਂ ਦੀ ਆਮਦ ਤੋਂ ਛੁਟਕਾਰਾ ਪਾਉਣਾ ਹੈ ਤਾਂ ਸਾਨੂੰ

34. Teja Singh, *Jeevani Sant Attar Singh*, Patiala; Language Department, 1991, pp. 288-308, 358-366.
Also See,
Ganda Singh, *Amrika wich Hindustani,* Vancouver; Dr. Kesar Singh, 1976. Statement of Bhai Mit Singh Pandori, who was one of the active community leaders of the Sikhs.
Although the Canadian secret agency believed that Prof. Teja Singh was invited by two Brahmin shopkeepers. But it was not true. Prof. Teja Singh narrated the full story about his role in Canada himself. Therefore, we have to believe him and the statement of Bhai Mit Singh Pandori who was a pioneer. According to Bhai Mit Singh it was Taraknath Das who had recommended the name of Prof. Teja Singh.
35. Jas, Jaswant Singh, *Baba Gurdit Singh,* Jalandhar, New Book Co., 1983, pp. 27-28.
36. Lower, R.M., *Case Against Immigration.* Queen Quarterly. Vol. 37, p. 571.

ਉਨ੍ਹਾਂ ਦੇ ਦਾਖ਼ਲੇ 'ਤੇ ਪਾਬੰਦੀਆਂ ਲਗਾਉਣੀਆਂ ਪੈਣਗੀਆਂ ਅਤੇ ਸਾਨੂੰ ਇਹ ਵੀ ਮੰਨਣਾ ਪਵੇਗਾ, ਉਹ ਸਾਡੇ ਨਾਲੋਂ ਵੱਖਰੀ ਨਸਲ ਦੇ ਲੋਕ ਹਨ...ਉੱਚੇ ਪੱਧਰ ਦਾ ਜੀਵਨ ਜੀਣ ਵਾਲੇ ਨੀਵੇਂ ਪੱਧਰ ਵਾਲੇ ਲੋਕਾਂ ਨਾਲ ਕਿਵੇਂ ਮੁਕਾਬਲਾ ਕਰ ਸਕਦੇ ਹਨ।"[37]

ਸ਼ੁਰੂ ਸ਼ੁਰੂ ਵਿਚ ਸਿੱਖਾਂ ਦੀ ਗਿਣਤੀ ਬਹੁਤ ਘੱਟ ਸੀ ਅਤੇ ਸਿਰਫ਼ ਚੀਨੇ ਤੇ ਜਾਪਾਨੀ ਲੋਕਾਂ ਨਾਲ ਹੀ ਨਸਲੀ ਵਿਤਕਰਾ ਹੁੰਦਾ ਸੀ। ਪਰ 1906-07 ਵਿਚ ਤਕਰੀਬਨ 4,000 ਨਵੇਂ ਸਿੱਖ ਪਰਵਾਸੀ ਆਏ ਅਤੇ ਜਿਵੇਂ ਪਹਿਲਾਂ ਜਾਪਾਨੀ ਤੇ ਚੀਨੇ ਲੋਕਾਂ ਨਾਲ ਨਸਲੀ ਵਿਤਕਰਾ ਹੁੰਦਾ ਸੀ, ਉਸ ਤਰ੍ਹਾਂ ਹੀ ਸਿੱਖਾਂ ਨਾਲ ਹੋਣ ਲੱਗ ਪਿਆ। ਗੋਰੇ ਲੋਕਾਂ ਲਈ ਵਧ ਰਹੀ ਸਿੱਖਾਂ ਦੀ ਗਿਣਤੀ ਚੁੱਭਣ ਲੱਗੀ।[38] ਭਾਵੇਂ ਕਈ ਇਤਿਹਾਸਕਾਰ ਮੰਨਦੇ ਹਨ ਕਿ ਸਿੱਖ ਲੋਕ ਵੀ ਆਰੀਅਨ ਨਸਲ ਵਿੱਚੋਂ ਹਨ ਅਤੇ ਤਾਹੀਓਂ ਇਨ੍ਹਾਂ ਦੇ ਨੈਣ ਨਕਸ਼ ਤੇ ਸਰੀਰਕ ਬਣਤਰ ਯੂਰਪੀਨ ਲੋਕਾਂ ਨਾਲ ਰਲਦੀ-ਮਿਲਦੀ ਹੈ, ਪਰ ਚਮੜੀ ਦਾ ਰੰਗ ਵੱਖਰਾ ਹੋਣ ਕਾਰਨ ਪੂਰਬ-ਵਾਸੀ ਹੀ ਜਾਣੇ ਜਾਂਦੇ ਹਨ।[39] ਗੋਰੇ ਲੋਕਾਂ ਨੇ ਆਪਣੇ ਰਾਜਨੀਤਕ ਨੇਤਾਵਾਂ ਪਾਸ ਏਸ਼ੀਅਨ ਲੋਕਾਂ ਦੀ ਵਧ ਰਹੀ ਗਿਣਤੀ 'ਤੇ ਰੋਕ ਲਗਾਉਣ ਅਤੇ ਸਿੱਖਾਂ ਦੇ ਦਾਖ਼ਲੇ ਨੂੰ ਰੋਕਣ ਲਈ ਵਿਸ਼ੇਸ਼ ਇਮੀਗ੍ਰੇਸ਼ਨ ਕਾਨੂੰਨ ਬਨਾਉਣ ਲਈ ਸਿਫ਼ਾਰਸ਼ ਕੀਤੀ। 1906 ਦੀਆਂ ਗਰਮੀਆਂ ਵਿਚ ਕੁਝ ਸੈਂਕੜੇ ਨਵੇਂ ਸਿੱਖਾਂ ਦੇ ਆਉਣ ਕਰਕੇ ਗੋਰਿਆਂ ਨੂੰ ਚੰਗਾ ਨਾ ਲੱਗਾ। ਵੈਨਕੂਵਰ ਦੇ ਮੇਅਰ ਨੇ ਕੈਨੇਡੀਅਨ ਪੈਸੀਫ਼ਿਕ ਰੇਲਵੇ ਕੰਪਨੀ ਨੂੰ ਉਪਰੋਕਤ ਸਿੱਖਾਂ ਨੂੰ ਜਹਾਜ਼ ਵਿਚ ਹੀ ਰੋਕਣ ਲਈ ਕਿਹਾ ਅਤੇ ਖ਼ਾਸ ਕਰਕੇ ਉਤਨੇ ਚਿਰ ਲਈ, ਜਿਤਨਾ ਚਿਰ ਸ਼ਹਿਰ ਦੀ ਕੌਂਸਲ ਨੂੰ ਭਰੋਸਾ ਨਹੀਂ ਹੋ ਜਾਂਦਾ ਕਿ ਨਵੇਂ ਪਰਵਾਸੀ ਕੋਈ ਨਵੀਆਂ ਮੁਸ਼ਕਲਾਂ ਨਹੀਂ ਪੈਦਾ ਕਰਨਗੇ।[40]

18 ਅਕਤੂਬਰ, 1906 ਨੂੰ ਗੋਰੇ ਲੋਕਾਂ ਵੱਲੋਂ ਵੈਨਕੂਵਰ ਦੇ ਟਾਊਨ ਹਾਲ ਵਿਚ ਇਕ ਵਿਸ਼ੇਸ਼ ਇਕੱਠ ਹੋਇਆ ਅਤੇ ਇਸ ਇਕੱਠ ਵਿਚ ਈਸਟ ਇੰਡੀਅਨ (ਭਾਰਤੀ) ਲੋਕਾਂ ਦੇ ਵਿਰੁੱਧ ਲੈਕਚਰ ਹੋਏ। ਕਈ ਬੁਲਾਰਿਆਂ ਨੇ ਸਿੱਖਾਂ ਦੇ ਰਹਿਣ ਸਹਿਣ ਦੇ ਤੌਰ ਤਰੀਕੇ ਨੂੰ ਸ਼ਰੇਆਮ ਭੰਡਿਆ। ਉਨ੍ਹਾਂ ਦਿਨਾਂ ਵਿਚ ਇਕ ਗੱਲ ਨੂੰ ਵਿਸ਼ੇਸ਼ ਤੌਰ 'ਤੇ ਉਛਾਲਿਆ ਜਾਂਦਾ ਸੀ ਕਿ ਸਿੱਖ ਗੰਦੇ ਸਨ ਅਤੇ ਇਨ੍ਹਾਂ ਲੋਕਾਂ ਨੂੰ ਅੱਖਾਂ ਦੀ ਖ਼ਤਰਨਾਕ ਬੀਮਾਰੀ ਹੈ ਅਤੇ ਇਨ੍ਹਾਂ ਲੋਕਾਂ ਕਾਰਨ ਗੋਰੇ ਲੋਕਾਂ ਦੀ ਆਮਦਨ ਘੱਟ ਗਈ ਹੈ। ਸਿੱਖਾਂ ਵਿਰੁੱਧ ਅਜਿਹਾ ਦੂਸ਼ਨ ਲਗਾਉਣਾ ਜਾਂ ਪ੍ਰਚਾਰ ਕਰਨਾ ਕਿ ਉਹ ਗੰਦੇ ਹਨ ਜਾਂ ਸਫ਼ਾਈ ਦੇ ਨਿਯਮਾਂ ਤੋਂ ਕੋਰੇ ਹਨ, ਇਕ ਭੰਡੀ ਪ੍ਰਚਾਰ ਸੀ, ਕਿਉਂਕਿ

---

37. Lower, R.M., *Case Against Immigration*. Queen Quarterly. Vol. 37, p. 37.
38. Ward, Peter W., *White Canada Forever*, Kingston; Ont., Queen's University, 1972, pp. 79-81.
39. Schiffer, Herman, *Tide of Turbans*, Forum, June 1910, pp. 614-618.
40. Ward, Peter W., *White Canada Forever*, Kingston, Ont., Queen's University, 1972, pp. 65-66.

ਸਿੱਖ ਧਰਮ ਦੇ ਮੁੱਢਲੇ ਅਸੂਲਾਂ ਵਿਚ ਨਿਤ ਇਸ਼ਨਾਨ ਕਰਨ ਅਤੇ ਸਾਫ਼ ਰਹਿਣ ਦੀ ਖ਼ਾਸ ਹਦਾਇਤ ਹੈ। ਕੈਨੇਡੀਅਨ ਪੈਸੀਫ਼ਿਕ ਰੇਲਵੇ ਕੰਪਨੀ ਦੇ ਇਕ ਡਾਕਟਰ ਐਸ.ਐਚ. ਲਾਅਸਨ (ਐਮ.ਡੀ.) ਨੇ ਸਿੱਖਾਂ ਦੇ ਰਿਸ਼ਟ-ਪੁਸ਼ਟ ਅਤੇ ਸਫ਼ਾਈ ਪਸੰਦ ਹੋਣ ਬਾਰੇ ਬਹੁਤ ਸਪੱਸ਼ਟ ਲਿਖਿਆ ਹੈ :

> "ਬਤੌਰ ਡਾਕਟਰ ਮੇਰੀ ਇਹ ਜ਼ਿੰਮੇਵਾਰੀ ਸੀ ਕਿ ਮੈਂ ਹਾਂਗਕਾਂਗ ਵਿਖੇ ਹਰ ਮੁਸਾਫ਼ਰ ਦਾ ਸਰੀਰਕ ਮੁਆਇਨਾ ਕਰਦਾ ਸੀ, ਭਾਵੇਂ ਪਹਿਲਾਂ ਮੇਰੇ ਮਨ ਵਿਚ ਸਿੱਖਾਂ ਪ੍ਰਤੀ ਨਫ਼ਰਤ ਦੀ ਭਾਵਨਾ ਸੀ, ਪਰ ਪਿੱਛੋਂ ਇਹ ਉੱਕਾ ਹੀ ਖ਼ਤਮ ਹੋ ਗਈ, ਜਦੋਂ ਹਜ਼ਾਰਾਂ ਹੀ ਸਿੱਖਾਂ ਦਾ ਮੈਂ ਡਾਕਟਰੀ ਮੁਆਇਨਾ ਕੀਤਾ। ਦੂਜੇ ਪਾਸੇ, ਇਨ੍ਹਾਂ ਦੇ ਮੁਕਾਬਲੇ ਮੈਂ ਅਟਲਾਂਟਿਕ 'ਚ ਗੋਰੇ ਮੁਸਾਫ਼ਰਾਂ ਦੀ ਡਾਕਟਰੀ ਮੁਆਇਨਾ ਵੀ ਕੀਤਾ। ਇਥੇ ਮੇਰਾ ਇਸ਼ਾਰਾ ਸਿੱਖ ਮੁਸਾਫ਼ਰਾਂ ਪ੍ਰਤੀ ਹੈ ਅਤੇ ਮੈਂ ਕੋਈ ਵਧਾਅ ਚੜ੍ਹਾਅ ਕੇ ਗੱਲ ਨਹੀਂ ਕਰਦਾ, ਜਦੋਂ ਮੈਂ ਆਖਦਾ ਹਾਂ ਕਿ ਉਹ (ਸਿੱਖ) ਸੌ ਫ਼ੀਸਦੀ ਸਾਫ਼ ਅਤੇ ਯੂਰਪੀਨ ਮੁਸਾਫ਼ਰਾਂ ਦੇ ਮੁਕਾਬਲੇ ਬੀਮਾਰੀਆਂ ਤੋਂ ਰਹਿਤ ਹਨ। ਮੈਂ ਖ਼ਾਨਾਂ ਵਿਚ ਹਜ਼ਾਰਾਂ ਹੀ ਗੋਰੇ ਕਾਮਿਆਂ ਦੀ ਡਾਕਟਰੀ ਕਰਨ ਸੰਬੰਧੀ ਜਾਣਕਾਰੀ ਰੱਖਣ ਕਾਰਨ ਮੇਰਾ ਸਿੱਖਾਂ ਪ੍ਰਤੀ ਸਤਿਕਾਰ ਵਿਚ ਵਾਧਾ ਹੋਇਆ ਹੈ।"[41]

ਉਸ ਸਮੇਂ ਹੀ ਸਿੱਖਾਂ ਪ੍ਰਤੀ ਇਕ ਹੋਰ ਦੂਸ਼ਨ ਲਗਾਇਆ ਜਾਂਦਾ ਸੀ ਕਿ ਉਹ ਬੀ.ਸੀ. ਦੇ ਵਾਤਾਵਰਣ ਵਿਚ ਕੋਈ ਕਿੱਤਾ ਕਰਨ ਦੇ ਯੋਗ ਨਹੀਂ ਸਨ ਅਤੇ ਇਸ ਤਰ੍ਹਾਂ ਦੇ ਵਿਚਾਰਾਂ ਨੂੰ ਅਖ਼ਬਾਰਾਂ ਵਿਚ ਵੀ ਛਾਪਿਆ ਗਿਆ। ਅਸਲ ਵਿਚ ਅਜਿਹੇ ਦੂਸ਼ਨਾਂ ਦਾ ਮੰਤਵ ਕਿ ਬੀ.ਸੀ. ਦਾ ਮੌਸਮ ਸਿੱਖਾਂ ਲਈ ਚੰਗਾ ਨਹੀਂ, ਇਕ ਤਰ੍ਹਾਂ ਦੀ ਸਾਜ਼ਿਸ਼ ਹੀ ਸੀ ਤਾਂ ਜੋ ਹੋਰ ਲੋਕ ਕੈਨੇਡਾ ਆਉਣ ਲਈ ਹੌਸਲਾ ਨਾ ਕਰਨ। ਸਾਲ 1906 ਦੇ ਅਖ਼ੀਰ ਵਿਚ ਕੈਨੇਡਾ ਦੇ ਗਵਰਨਰ ਜਨਰਲ ਗਰੇ ਨੇ ਐਲਗਿਨ ਨੂੰ ਦੱਸਿਆ ਕਿ ਉਹ ਇਸ ਗੱਲ ਨੂੰ ਸੱਚੀ ਨਹੀਂ ਮੰਨਦਾ ਕਿ ਸਿੱਖਾਂ ਲਈ ਬੀ.ਸੀ. ਦਾ ਮੌਸਮ ਠੀਕ ਨਹੀਂ, ਪਰ ਪਿੱਛੋਂ ਜਾ ਕੇ ਜਦੋਂ ਭਾਰਤੀ ਲੋਕਾਂ ਦੀ ਇਮੀਗ੍ਰੇਸ਼ਨ ਰੋਕਣ ਲਈ ਜਤਨ ਹੋਏ ਤਾਂ ਗਵਰਨਰ ਜਨਰਲ ਨੇ ਆਪਣੇ ਵਿਚਾਰ ਬਦਲ ਲਏ ਅਤੇ ਉਪਰੋਕਤ ਵਿਚਾਰ ਦੇ ਵਿਪਰੀਤ ਕਿਹਾ ਕਿ ਵਿਚਾਰੇ ਭਾਰਤੀ ਲੋਕ ਬੀ.ਸੀ. ਦੀ ਠੰਢ ਨਾਲ ਮਰ ਰਹੇ ਹਨ।[42]

ਲੱਕੜ ਦੀਆਂ ਮਿੱਲਾਂ ਦੇ ਮਾਲਕ ਵੀ ਇਸ ਗੱਲ ਨਾਲ ਸਹਿਮਤ ਨਹੀਂ ਸਨ ਕਿ ਬੀ.ਸੀ. ਦਾ ਮੌਸਮ ਸਿੱਖਾਂ ਲਈ ਠੀਕ ਨਹੀਂ। ਉਨ੍ਹਾਂ ਨੇ ਆਪਣੇ ਵੱਲੋਂ ਜ਼ੋਰ ਨਾਲ

---

41. Khushwant Singh, *History of the Sikhs, Vol. 2,* Princeton; Princeton University, 1966, p. 169.
    Also See,
    Das, R.K., *Hindustani Workers on the Pacific Coast,* Berlin; Walter de Gruyter & Co. 1922, p. 75.
42. Hellet, M.E., *Governor General's News on Oriental Immigration to B.C.,* 1904-1911 in B.C. Studies No. 14, 1972, p. 55.

ਦਾਅਵਾ ਕੀਤਾ ਕਿ ਸਿੱਖ ਸਰੀਰਕ ਤੌਰ 'ਤੇ ਰਿਸ਼ਟ-ਪੁਸ਼ਟ ਹਨ ਅਤੇ ਭਰੋਸੇਯੋਗ ਹਨ। ਭਾਰਤ ਤੋਂ ਆਏ ਸੇਂਟ ਐਨ. ਸਿੰਘ, ਅਖ਼ਬਾਰ ਦੇ ਸੰਪਾਦਕ ਨੇ ਵੀ ਕਿਹਾ ਕਿ ਸਿੱਖ ਸਰੀਰਕ ਤੌਰ 'ਤੇ ਭਾਰਤ ਦੀਆਂ ਹੋਰ ਕੌਮਾਂ ਨਾਲੋਂ ਵਧੇਰੇ ਰਿਸ਼ਟ-ਪੁਸ਼ਟ ਹਨ ਅਤੇ ਉਸ ਨੇ ਗੋਰੇ ਤੇ ਹੋਰ ਲੋਕਾਂ ਵੱਲੋਂ ਲਗਾਏ ਸਾਰੇ ਦੂਸ਼ਨ ਰੱਦ ਕੀਤੇ ਕਿ ਸਿੱਖ ਬੀ.ਸੀ. ਦੇ ਮੌਸਮ ਵਿਚ ਰਹਿਣ ਦੇ ਯੋਗ ਨਹੀਂ। ਉਸ ਨੇ ਕਿਹਾ ਕਿ ਸਿੱਖ ਭਾਰਤ ਦੀ ਇਕ ਜੰਗਜੂ ਕੌਮ ਹੈ ਅਤੇ ਉੱਤਰੀ ਭਾਰਤ ਦੇ ਵਾਸੀ ਹਨ, ਜਿਥੇ ਜ਼ਿਆਦਾ ਸਰਦੀ ਅਤੇ ਮੀਂਹ ਵੀ ਪੈਂਦੇ ਹਨ।[43]

ਸਿੱਖਾਂ 'ਤੇ ਇਕ ਹੋਰ ਦੋਸ਼ ਵੀ ਮੜ੍ਹਿਆ ਜਾਂਦਾ ਸੀ ਕਿ ਇਹ ਲੋਕ ਗੋਰੇ ਲੋਕਾਂ ਦੇ ਸਮਾਜ ਵਿਚ ਘੁਲ-ਮਿਲ ਨਹੀਂ ਸਕਦੇ ਅਤੇ ਇਨ੍ਹਾਂ ਦੀ ਹਾਜ਼ਰੀ ਵਿਚ ਹੋਰ ਗੋਰੇ ਪਰਵਾਸੀ ਕੈਨੇਡਾ ਆਉਣ ਤੋਂ ਝਿਜਕਦੇ ਹਨ। ਬ੍ਰਿਟਿਸ਼ ਪ੍ਰਾਈਮ ਮਨਿਸਟਰ ਦੇ ਭਤੀਜੇ ਹੈਨਰੀ ਗਲੈਡਸਟੋਨ ਨੇ ਵੀ ਸਿੱਖ ਵਿਰੋਧੀ ਖ਼ਬਰਾਂ ਦਾ ਖੰਡਨ ਕੀਤਾ ਤੇ ਅਖ਼ਬਾਰਾਂ ਨੂੰ ਬਿਆਨ ਦਿੱਤਾ :

> "ਇਥੇ ਸਿੱਖਾਂ ਨੂੰ ਕੁਲੀਆਂ ਵਾਲਾ ਕੰਮ ਕਰਦੇ ਦੇਖ ਕੇ ਮੈਨੂੰ ਹੈਰਾਨੀ ਹੁੰਦੀ ਹੈ। ਇਹ ਲੋਕ ਉੱਚੇ ਪਰਿਵਾਰਾਂ ਜਾਂ ਖ਼ਾਨਦਾਨਾਂ ਨਾਲ ਸੰਬੰਧ ਰੱਖਦੇ ਹਨ ਅਤੇ ਇਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਫ਼ੌਜ ਵਿਚ ਭਰਤੀ ਕੀਤਾ ਜਾਂਦਾ ਹੈ। ਭਾਰਤ ਵਿਚ ਸਿੱਖ ਬਤੌਰ ਪੁਲਿਸ ਅਤੇ ਫ਼ੌਜੀ ਸੇਵਾਵਾਂ ਕਰਦੇ ਹਨ। ਮੈਂ ਤਕਰੀਬਨ 15 ਸਾਲ ਉਥੇ ਰਿਹਾ ਹਾਂ ਅਤੇ ਇਸ ਕਰਕੇ ਮੇਰੇ ਲਈ ਖ਼ਾਸ ਅਚੰਭੇ ਵਾਲੀ ਗੱਲ ਹੈ ਕਿ ਇਹ ਲੋਕ ਔਖੀ ਮੁਸ਼ੱਕਤ ਵਾਲੀ ਮਜ਼ਦੂਰੀ ਵਾਲਾ ਕੰਮ ਕਰਨ ਖ਼ਾਤਰ ਅਮਰੀਕਾ ਆਏ ਹਨ।"[44]

ਭਾਰਤੀਆਂ ਦੀ ਇਮੀਗ੍ਰੇਸ਼ਨ ਨੂੰ ਰੋਕਣ ਲਈ ਅਨੇਕਾਂ ਹੀ ਮਤੇ ਪਾਸ ਹੋਏ। ਜਨਾਬ ਸਰ ਵਿਲਫ਼ਰਿਡ ਲੋਰੀਅਰ (ਪ੍ਰਧਾਨ ਮੰਤਰੀ) ਤੇ ਬਸਤੀਆਂ ਦੇ ਸਕੱਤਰ ਚਰਚਿਲ ਨੂੰ ਤਾਰਾਂ ਭੇਜੀਆਂ ਗਈਆਂ। ਚਰਚਲ ਨੂੰ ਭੇਜਿਆ ਇਕ ਸੰਦੇਸ਼ ਇਸ ਤਰ੍ਹਾਂ ਹੈ :

> "ਦੇਸ਼ ਅੰਦਰ ਮਜ਼ਦੂਰੀ ਜਾਂ ਕੰਮਾਂ-ਕਾਰਾਂ ਬਾਰੇ ਨਾ ਗਿਆਨ ਹੋਣ ਕਾਰਨ ਬਹੁਤ ਈਸਟ ਇੰਡੀਅਨ ਬੀ.ਸੀ. ਨੂੰ ਆ ਰਹੇ ਹਨ। ਜੋ ਲੋਕ ਬੇਸਹਾਰਾ ਹੋਣ ਜਾਂ ਮਰ ਰਹੇ ਹੋਣ ਤਾਂ ਇਸ ਲਈ ਸਾਨੂੰ ਜਵਾਬਦੇਹ ਹੋਣਾ ਪਵੇਗਾ ਅਤੇ ਅਜਿਹੇ ਲੋਕਾਂ ਦੀ ਖੁੱਲ੍ਹੇ ਤੌਰ 'ਤੇ ਵਿਰੋਧਤਾ ਹੋ ਰਹੀ ਹੈ। ਕ੍ਰਿਪਾ ਕਰਕੇ ਕੋਈ ਠੋਸ ਕਦਮ ਚੁੱਕੇ ਜਾਣ ਤਾਂ ਜੋ ਅਜਿਹੇ ਹੋਰ ਲੋਕ ਇਥੇ ਨਾ ਆਉਣ।"[45]

---

43. Craig, Rick, *Racial and Cultural Discrimination and the Law*, Burnaby, B.C., R. Craig, 1978, pp. 41-42.
44. Khushwant Singh, *Ghadar 1915 : India's First Armed Revolution*, New Delhi; R. & K. Publishing House, 1966, p. 3.
45. Lockely, Fred, *The Hindu Invasion : A New Immigrant Problem*, Pacific Monthly, 1907, p. 589.

ਵੈਨਕੂਵਰ ਦੇ ਮੇਅਰ ਵੱਲੋਂ ਸਰ ਵਿਲਫਰਿਡ ਲੋਰੀਅਰ ਨੂੰ ਇਕ ਹੋਰ ਸੰਦੇਸ਼ :

> "ਵੈਨਕੂਵਰ ਸ਼ਹਿਰ ਹੋਰ ਭਾਰਤੀ ਲੋਕਾਂ ਨੂੰ ਰੱਖਣ ਤੋਂ ਅਸਮਰੱਥ ਹੈ। ਜਿੰਨਾ ਚਿਰ ਤਕ ਸਰਕਾਰ ਵੱਲੋਂ ਲੋਕਾਂ ਨੂੰ ਵਿਸ਼ਵਾਸ ਨਹੀਂ ਦਿਵਾਇਆ ਜਾਂਦਾ ਕਿ ਇਹ ਅਣਲੋੜੀਂਦੇ ਕਾਮਿਆਂ 'ਤੇ ਰੋਕ ਲਗਾ ਦਿੱਤੀ ਜਾਵੇਗੀ, ਤਾਂ ਲੋਕਾਂ ਦਾ ਇਹ ਵਿਸ਼ਾਲ ਇਕੱਠ ਮੰਗ ਕਰਦਾ ਹੈ ਕਿ ਭਾਰਤੀਆਂ ਦਾ ਇਥੇ ਆਉਣ 'ਤੇ ਪਾਬੰਦੀ ਲਗਾਉਣ ਲਈ ਵਿਸ਼ੇਸ਼ ਉਪਾਅ ਕੀਤੇ ਜਾਣ।"[46]

ਕੈਨੇਡਾ ਦੀ ਕੇਂਦਰੀ ਸਰਕਾਰ ਨੇ ਭਾਰਤੀ ਲੋਕਾਂ ਦੀ ਇਮੀਗ੍ਰੇਸ਼ਨ ਰੋਕਣ ਉਪਰੰਤ ਇਨ੍ਹਾਂ ਦਾ ਕੈਨੇਡਾ ਨੂੰ ਆਉਣ ਦੇ ਮੁੱਖ ਕਾਰਨਾਂ ਨੂੰ ਜਾਨਣ ਲਈ ਇਕ ਰੌਇਲ ਕਮਿਸ਼ਨ ਸਥਾਪਤ ਕੀਤਾ। ਇਸ ਕਮਿਸ਼ਨ ਵੱਲੋਂ ਜਾਂਚ-ਪੜਤਾਲ ਕਰਨ ਲਈ ਡਬਲਯੂ.ਐਲ. ਮਕੈਂਜ਼ੀਕਿੰਗ (ਲੇਬਰ ਮਨਿਸਟਰ) ਨੂੰ ਨਾਮਜ਼ਦ ਕੀਤਾ ਗਿਆ। ਰੌਇਲ ਕਮਿਸ਼ਨ ਨੇ ਆਪਣੀ ਪੜਤਾਲ ਕਰਨ ਉਪਰੰਤ ਰਿਪੋਰਟ ਪੇਸ਼ ਕੀਤੀ ਕਿ ਪੰਜਾਬ ਦੇ ਕਿਸਾਨਾਂ ਅੰਦਰ ਕੈਨੇਡਾ ਵਿਚ ਉੱਜਲ-ਭਵਿੱਖ ਦੀ ਬਹੁਤ ਚਰਚਾ ਹੈ ਅਤੇ ਇਹੀ ਕਾਰਨ ਹੈ ਕਿ ਕਿਸਾਨ ਲੋਕ ਕੈਨੇਡਾ ਜਾਣ ਦੀ ਲਾਲਸਾ ਰੱਖ ਕੇ ਆਪਣੀਆਂ ਜ਼ਮੀਨਾਂ ਵੀ ਗਹਿਣੇ ਰੱਖ ਰਹੇ ਹਨ। ਦੂਸਰਾ, ਜਹਾਜ਼ਾਂ ਦੀਆਂ ਕੰਪਨੀਆਂ ਵੀ ਮੁਸਾਫਰਾਂ ਨੂੰ ਖਿੱਚਣ ਖ਼ਾਤਰ ਕੈਨੇਡਾ ਦੇ ਉੱਜਲ-ਭਵਿੱਖ ਬਾਰੇ ਇਸ਼ਤਿਹਾਰ ਕੱਢਦੀਆਂ ਹਨ। ਤੀਜਾ, ਕੈਨੇਡਾ ਵਿਚ ਰਹਿ ਰਹੇ ਲੋਕ ਆਪਣੇ ਮਿੱਤਰਾਂ ਤੇ ਰਿਸ਼ਤੇਦਾਰਾਂ ਨੂੰ ਚਿੱਠੀਆਂ ਦੁਆਰਾ ਕੈਨੇਡਾ ਪਹੁੰਚਣ ਲਈ ਹੱਲਾ-ਸ਼ੇਰੀ ਦਿੰਦੇ ਹਨ।[47]

ਕੈਨੇਡਾ ਦੇ ਪ੍ਰਧਾਨ ਮੰਤਰੀ ਲੋਰੀਅਰ ਨੇ ਇਹ ਪ੍ਰਚਾਰ ਵੀ ਕੀਤਾ ਕਿ ਬ੍ਰਿਟਿਸ਼ ਕੋਲੰਬੀਆ ਦਾ ਮੌਸਮ ਭਾਰਤੀਆਂ ਲਈ ਠੀਕ ਨਹੀਂ ਹੈ। ਉਸ ਨੇ ਲਾਰਡ ਮਿੰਟੋ (ਗਵਰਨਰ ਜਨਰਲ) ਨੂੰ ਲਿਖਿਆ ਕਿ ਕੈਨੇਡਾ ਦੇ ਲੋਕ ਚੀਨੇ ਤੇ ਜਾਪਾਨੀਆਂ ਦੇ ਮੁਕਾਬਲੇ ਹਿੰਦੂਆਂ ਨੂੰ ਘੱਟ ਪਸੰਦ ਕਰਦੇ ਹਨ।[48] 1907 ਵਿਚ ਇਕ ਹੋਰ ਨਸਲੀ ਵਿਤਕਰਾ ਜ਼ਾਹਿਰ ਹੋਇਆ, ਜਦੋਂ ਬੀ.ਸੀ. ਦੀ ਸਰਕਾਰ ਨੇ ਭਾਰਤੀ ਲੋਕਾਂ ਤੋਂ ਬਰਤਾਨਵੀ ਪਰਜਾ ਹੋਣ ਦੇ ਬਾਵਜੂਦ ਵੀ ਵੋਟ ਪਾਉਣ ਦਾ ਹੱਕ ਛੀਨ ਲਿਆ। ਕੇਂਦਰੀ ਸਰਕਾਰ ਨੇ ਸਾਰੇ ਸੂਬਾ ਸਰਕਾਰਾਂ ਨੂੰ ਚੋਣਾਂ ਨਾਲ ਸੰਬੰਧਿਤ ਕਾਨੂੰਨ ਘੜਨ ਅਤੇ ਲਾਗੂ ਕਰਨ ਦੀ ਖੁੱਲ੍ਹ ਦੇ ਦਿੱਤੀ। ਏਸ਼ੀਆ ਮੂਲ ਦੇ ਕਿਸੇ ਬਰਤਾਨਵੀ ਪਰਜਾ ਨੂੰ ਵੋਟ ਪਾਉਣ ਦਾ ਹੱਕ ਨਹੀਂ ਦਿੱਤਾ।[49] ਇਸ ਤਰ੍ਹਾਂ ਵੋਟ ਦੇ ਅਧਿਕਾਰ ਨੂੰ ਖੋਹਣ ਦਾ ਖ਼ਿਆਲ ਦੱਖਣੀ

---

46. Lockely, Fred, *The Hindu Invasion : A New Immigrant Problem*, Pacific Monthly, 1907, p. 589.
47. Reprot : W.L. Mackenzie King, Deputy Minister of Labour on mission to England to confer with the British authorities on the Subject of Immigration to Canada from India, p. 8.
48. Khushwant Singh, *Ghadar 1915 : India's First Armed Revolution*, New Delhi, R. & K. Publishing House, 1966, pp. 6-7.
49. B.N.A. Act Section 90, No. 1, *op.cit.*, The Canadian Bar Review, Jan. 1931, pp. 3-4.

ਅਫ਼ਰੀਕਾ ਤੋਂ ਲਿਆ ਗਿਆ, ਜਿਥੇ ਭਾਰਤੀ ਲੋਕਾਂ ਨੂੰ ਪਹਿਲਾਂ ਹੀ ਵੋਟ ਪਾਉਣ ਦਾ ਅਧਿਕਾਰ ਨਹੀਂ ਸੀ।[50]

ਹੁਣ ਬੀ.ਸੀ. ਦੀ ਵਿਧਾਨ ਸਭਾ ਨੇ ਸਰਬ ਸੰਮਤੀ ਨਾਲ ਚੋਣ ਕਾਨੂੰਨ ਵਿਚ ਤਰਮੀਮ ਕਰ ਦਿੱਤੀ, ਜਿਸ ਦੁਆਰਾ ਏਸ਼ੀਆ ਮੂਲ ਦੇ ਸਾਰੀ ਬਰਤਾਨਵੀ ਪਰਜਾ ਨੂੰ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝਾ ਕਰ ਦਿੱਤਾ ਗਿਆ। ਅੰਦਰੂਨੀ ਮੁਆਮਲਿਆਂ ਦੇ ਮੰਤਰੀ ਬੋਅਰ ਨੇ ਉਪਰੋਕਤ ਕਾਨੂੰਨ ਦੀ ਹਾਮੀ ਭਰਦੇ ਕਿਹਾ :

> "ਸ਼ਾਇਦ ਮੈਨੂੰ ਬਹੁਤ ਅਫ਼ਸੋਸ ਹੈ ਕਿ ਕੇਂਦਰੀ ਸਰਕਾਰ ਨੇ ਅਜਿਹੇ ਕਾਨੂੰਨ ਦੇ ਸੰਬੰਧ ਵਿਚ ਬਹੁਤ ਜ਼ਿਆਦਾ ਦ੍ਰਿੜ੍ਹਤਾ ਦਿਖਾਈ ਹੈ...ਪਰ ਮੈਂ ਲਿਬਰਲਜ਼ (ਪਾਰਟੀ) ਨੂੰ ਆਖਦਾ ਹਾਂ ਕਿ ਉਹ ਗੁਟਬੰਦੀ ਤੋਂ ਉਪਰ ਉਠ ਕੇ ਬ੍ਰਿਟਿਸ਼ ਕੋਲੰਬੀਆ ਸੂਬੇ ਨੂੰ ਸਿਰਫ਼ ਗੋਰੇ ਲੋਕਾਂ ਦੇ ਰਹਿਣ ਲਈ ਹੀ ਰੱਖਿਆ ਜਾਵੇ।"

ਲਿਬਰਲਜ਼ ਵੀ ਇਸ ਕਾਨੂੰਨ ਨਾਲ ਸਹਿਮਤ ਸਨ ਅਤੇ ਵਿਰੋਧੀ ਧਿਰ ਦੇ ਨੇਤਾ ਮੈਕਡੋਨਲਡ ਨੇ ਕਿਹਾ :

> "ਮੈਨੂੰ ਅਜਿਹਾ ਕੋਈ ਇਤਰਾਜ਼ ਨਹੀਂ ਕਿ ਬੋਇਰ ਨੇ ਇਸ ਸੰਬੰਧ ਵਿਚ ਕੀ ਵਿਚਾਰ ਦਿੱਤੇ ਹਨ। ਫਿਰ ਵੀ ਇਹ ਇਕ ਅਹਿਮ ਮਸਲਾ ਹੈ ਕਿ ਸਾਰੇ ਹਿੰਦੂ ਬਰਤਾਨਵੀ ਪਰਜਾ ਹਨ ਅਤੇ ਬਰਤਾਨਵੀ ਸਰਕਾਰ ਅਜਿਹੇ ਕਾਨੂੰਨ ਨੂੰ ਬਹੁਤ ਚੰਗੀ ਤਰ੍ਹਾਂ ਘੋਖੇਗੀ। ਪਰ ਮੈਂ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਵਿਦੇਸ਼ੀਆਂ ਨੂੰ ਵੋਟਰਜ਼ ਲਿਸਟ ਤੋਂ ਬਾਹਰ ਰੱਖਿਆ ਜਾਏ, ਪਰ ਇਸ ਮਸਲੇ ਦੇ ਸੰਬੰਧ 'ਚ ਕੈਨੇਡਾ ਤੇ ਲੰਡਨ ਦੀ ਸਰਕਾਰ ਵੀ ਗੰਭੀਰ ਤੌਰ 'ਤੇ ਸੋਚੇਗੀ। ਚਲੋ, ਮੰਨ ਲੈਂਦੇ ਹਾਂ ਕਿ ਹਿੰਦੂ ਬਰਤਾਨਵੀ ਨਾਗਰਿਕ ਹਨ, ਪਰ ਇਨ੍ਹਾਂ ਦੇ ਇਕ ਸੌ ਆਦਮੀਆਂ ਵਿੱਚੋਂ ਇਕ ਵੀ ਸਾਡੀ ਬੋਲੀ ਬੋਲਣ ਦੇ ਸਮਰੱਥ ਨਹੀਂ ਹੈ ਅਤੇ ਨਾ ਹੀ ਇਨ੍ਹਾਂ ਨੂੰ ਸਾਡੇ ਕਾਨੂੰਨ ਤੇ ਰਿਵਾਜਾਂ ਬਾਰੇ ਸੋਝੀ ਹੈ...ਮੈਂ ਤਾਂ ਇਹ ਵੀ ਸੁਝਾਅ ਦਿੰਦਾ ਹਾਂ ਕਿ ਸਰਕਾਰ ਚੋਣਾਂ ਦੇ ਕਾਨੂੰਨ ਵਿਚ ਵੀ ਤਰਮੀਮ ਲਿਆਵੇ, ਜਿਥੇ ਹਿੰਦੂਆਂ ਨੂੰ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝੇ ਰੱਖਿਆ ਜਾਏ। ਉਥੇ ਸਾਰੇ ਵਿਦੇਸ਼ੀ ਜੋ ਬੈਲਟ-ਪੇਪਰ ਪੜ੍ਹਨ ਦੇ ਸਮਰੱਥ ਨਹੀਂ ਹਨ, ਉਨ੍ਹਾਂ ਤੋਂ ਵੋਟ ਦਾ ਅਧਿਕਾਰ ਵੀ ਛੀਨ ਲਿਆ ਜਾਵੇ। ਜਿੰਨਾ ਚਿਰ ਇਹ ਕਦਮ ਨਹੀਂ ਚੁੱਕਿਆ ਜਾਂਦਾ, ਮੈਂ ਮੌਜੂਦਾ ਮਤੇ ਦੇ ਹੱਕ ਵਿਚ ਵੋਟ ਪਾਉਂਦਾ ਹਾਂ।"[51]

- ਭਾਵੇਂ ਬੀ.ਸੀ. ਵਿਚ ਭਾਰਤੀ ਲੋਕ ਬਰਤਾਨਵੀ ਪਰਜਾ ਹੋਣ ਕਾਰਨ ਵੋਟ ਪਾਉਣ ਦਾ ਅਧਿਕਾਰ ਰੱਖਦੇ ਸਨ, ਪਰ ਪ੍ਰੋਵਿਨਸ਼ਲ ਐਕਟ 1907 ਨੇ ਏਸ਼ੀਅਨ ਮੂਲ ਦੇ ਸਾਰੇ ਲੋਕਾਂ ਤੋਂ ਵੋਟ ਦਾ ਅਧਿਕਾਰ ਖੋਹ ਲਿਆ। 12 ਅਗਸਤ, 1907 ਨੂੰ ਇਕ ਨਵੀਂ ਜਥੇਬੰਦੀ ਬਣੀ, ਜਿਸ ਦਾ ਨਿਸ਼ਾਨਾ ਏਸ਼ੀਅਨ ਲੋਕਾਂ ਨੂੰ ਕੈਨੇਡਾ ਆਉਣ ਤੋਂ ਰੋਕਣਾ

---

50. *The Pronvice*, March 21, 1907.
51. *Op.cit.*, Muthana I.M., *People of India in North America*, pp. 50-51.

ਸੀ ਅਤੇ ਇਸ ਦਾ ਨਾਂ ਸੀ 'ਏਸ਼ੀਏਟਕ ਐਕਸਲਿਊਜ਼ਨ ਲੀਗ' ਰੱਖਿਆ ਗਿਆ।[52] ਇਸ ਜਥੇਬੰਦੀ ਦੇ ਵਿਚ ਨਾਮਵਰ ਵਿਅਕਤੀ, ਰਾਜਨੀਤਕ ਅਤੇ ਮਜ਼ਦੂਰ ਨੇਤਾ ਸ਼ਾਮਿਲ ਹੋਏ ਅਤੇ ਥੋੜ੍ਹੇ ਚਿਰ ਵਿਚ ਹੀ ਮੈਂਬਰਾਂ ਦੀ ਗਿਣਤੀ ਵੱਧ ਗਈ ਅਤੇ ਯੂ.ਐੱਸ.ਏ. ਤੋਂ ਏਸ਼ੀਅਨ ਵਿਰੋਧੀ ਨੇਤਾਵਾਂ ਨੇ ਵੀ ਇਸ ਜਥੇਬੰਦੀ ਨੂੰ ਪੂਰਾ ਸਹਿਯੋਗ ਦਿੱਤਾ।[53]

ਇਸ ਨਸਲੀ ਵਿਤਕਰੇ ਵਾਲੀ ਲਹਿਰ ਦਾ ਮੁੱਖ ਕਾਰਨ ਆਰਥਿਕ ਮੰਦਵਾੜੇ ਦਾ ਡਰ ਸੀ।[54] 1907 ਵਿਚ ਹੀ ਗੋਰੇ ਲੋਕਾਂ ਨੇ ਬੈਲਿੰਗਹੈਮ (ਯੂ.ਐੱਸ.ਏ.) ਦੇ ਇਲਾਕੇ ਵਿਚ ਸਿੱਖ ਕਾਮਿਆਂ ਨੂੰ ਧੱਕੇ ਨਾਲ ਮਿੱਲ ਵਿੱਚੋਂ ਬਾਹਰ ਕੱਢਿਆ। ਸਤੰਬਰ 1907 ਵਿਚ ਗੋਰੇ ਗੁੰਡਿਆਂ ਨੇ ਚੀਨਿਆਂ ਅਤੇ ਜਾਪਾਨੀਆਂ ਦੇ ਘਰਾਂ ਅਤੇ ਦੁਕਾਨਾਂ 'ਤੇ ਹਮਲੇ ਕੀਤੇ ਤੇ ਚੀਨਿਆਂ ਦੇ ਇਲਾਕੇ ਵਿਚ ਤੋੜ-ਭੰਨ ਕੀਤੀ। ਚੀਨੇ ਲੋਕਾਂ ਨੇ ਇਨ੍ਹਾਂ ਹਮਲਿਆਂ ਦਾ ਕੋਈ ਵਿਰੋਧ ਨਾ ਕੀਤਾ, ਪਰ ਜਾਪਾਨੀਆਂ ਨੇ ਗੁੰਡਿਆਂ ਦਾ ਮੁਕਾਬਲਾ ਕੀਤਾ, ਜਿਸ ਕਾਰਨ ਚੀਨੇ ਤੇ ਜਾਪਾਨੀਆਂ ਦੇ ਨਾਲ ਗੋਰੇ ਲੋਕ ਵੀ ਫੱਟੜ ਹੋਏ।[55]

1907-08 ਨੂੰ ਪਾਰਲੀਮੈਂਟ ਦੇ ਸੈਸ਼ਨ ਦੌਰਾਨ ਲੋਕ ਸਭਾ ਵਿਚ ਏਸ਼ੀਅਨ ਲੋਕਾਂ ਦੀ ਇਮੀਗ੍ਰੇਸ਼ਨ ਨੂੰ ਰੋਕਣ ਲਈ ਬਹੁਤ ਮਤੇ ਪੇਸ਼ ਹੋਏ। ਸੈਸ਼ਨ ਦੌਰਾਨ ਮੁੱਖ ਤੌਰ 'ਤੇ ਬਹਿਸ ਏਸ਼ੀਅਨ ਲੋਕਾਂ ਨਾਲ ਸੰਬੰਧਿਤ ਸੀ। ਨਨਾਇਮੋ ਇਲਾਕੇ ਦੇ ਐਮ.ਪੀ. ਰੈਲਫ਼ ਸਮਿਥ ਹੀ ਸਮੂਹ ਬਹਿਸਾਂ ਦਾ ਮੋਹਰੀ ਸੀ। ਉਸ ਨੇ ਮੰਨਿਆ ਕਿ 1902 ਤੋਂ 1907 ਤਕ ਗੋਰੇ ਲੋਕਾਂ ਵੱਲੋਂ ਏਸ਼ੀਅਨ ਲੋਕਾਂ ਦੀ ਇਮੀਗ੍ਰੇਸ਼ਨ ਵਿਰੁੱਧ ਕੋਈ ਰੋਸ ਨਹੀਂ ਸੀ ਅਤੇ ਨਾ ਹੀ ਲੋਕਾਂ ਵੱਲੋਂ ਇਨ੍ਹਾਂ ਦੀ ਕੈਨੇਡਾ ਆਉਣ 'ਤੇ ਪਾਬੰਦੀ ਲਗਾਉਣ ਬਾਰੇ ਕੋਈ ਦਬਾਅ ਪਾਇਆ ਗਿਆ। ਭਾਵ 1907 ਤਕ ਭਾਰਤੀ (ਸਿੱਖਾਂ) ਵਿਰੁੱਧ ਕੋਈ ਨਸਲੀ ਵਿਤਕਰਾ ਨਹੀਂ ਸੀ ਅਤੇ ਨਾ ਹੀ ਕੋਈ ਵਿਸ਼ੇਸ਼ ਕਾਨੂੰਨੀ ਪਾਬੰਦੀ ਲਗਾਉਣ ਬਾਰੇ ਕੋਈ ਸਮਾਜਿਕ ਦਬਾਅ ਸੀ। ਮਿਸਟਰ ਸਮਿਥ ਨੇ ਭਾਰਤੀ ਲੋਕਾਂ ਦੀ ਕੁੱਲ ਗਿਣਤੀ ਸੰਬੰਧੀ ਵੀ ਬਿਆਨ ਦਿੱਤਾ ਤਾਂ ਜੋ ਗੰਭੀਰਤਾ ਨਾਲ ਇਸ ਮਸਲੇ ਬਾਰੇ ਸੋਚਿਆ ਜਾਏ।[56]

ਵੈਨਕੂਵਰ ਦੇ ਐਮ.ਪੀ. ਮਿਸਟਰ ਆਰ.ਜੀ. ਮੈਕਪਰਸਨ ਨੇ ਕਿਹਾ ਕਿ ਉਹ ਬ੍ਰਿਟਿਸ਼ ਕੋਲੰਬੀਆ (ਬੀ.ਸੀ.) ਨੂੰ ਗੋਰੇ ਲੋਕਾਂ ਲਈ ਰਾਖਵਾਂ ਚਾਹੁੰਦਾ ਹੈ ਅਤੇ ਇਸ

52. Hallet, M.E. Governor General's views on Oriental Immigration to B.C. Studies No. 14.30, 1972, p. 58.
53. *Ibid.*, p. 60.
54. House of Commons, *Parliament*, Canada, Debates 1907-1908, pp. 709-711.
55. Cheng, Tien-Fang, *Oriental Immigration in Canada*, pp. 75-76.
Also See,
Mehta, Sampat R., *International Barriers*, p. 126.
56. Ward, Peter W., *White Canada Forever*, Kingston, Ont., Queen's University, 1972, p. 66.

ਸੂਬੇ ਨੂੰ ਏਸ਼ੀਅਨ ਲੋਕਾਂ ਦੇ ਹੱਥਾਂ ਵਿਚ ਨਹੀਂ ਦੇਣਾ ਚਾਹੀਦਾ।[57] ਏਸ਼ੀਅਨ ਲੋਕਾਂ ਨੂੰ ਕੈਨੇਡਾ ਆਉਣ ਤੋਂ ਰੋਕਣਾ ਕੋਈ ਸੁਖੈਨ ਮਸਲਾ ਨਹੀਂ ਸੀ। ਸਿੱਖ ਵੀ ਬਰਤਾਨਵੀ ਪਰਜਾ ਸਨ ਅਤੇ ਇਮੀਗ੍ਰੇਸ਼ਨ ਦਾ ਵਿਭਾਗ ਕੇਂਦਰੀ ਸਰਕਾਰ ਅਧੀਨ ਸੀ। ਭਾਰਤੀ ਲੋਕਾਂ ਨਾਲ ਸੰਬੰਧਿਤ ਕਿਸੇ ਇਮੀਗ੍ਰੇਸ਼ਨ ਕਾਨੂੰਨ ਨੂੰ ਪਾਸ ਕਰਨ ਲਈ ਕੈਨੇਡਾ ਸਰਕਾਰ ਨੂੰ ਲੰਡਨ ਦੇ ਉੱਚ ਅਧਿਕਾਰੀਆਂ ਨੂੰ ਵੀ ਭਰੋਸੇ ਵਿਚ ਲੈਣਾ ਪੈਣਾ ਸੀ। ਆਖ਼ਰ ਕੈਨੇਡਾ ਸਰਕਾਰ ਨੂੰ ਇਮੀਗ੍ਰੇਸ਼ਨ ਦੇ ਖੇਤਰ 'ਚ ਆਪਣੇ ਕਾਨੂੰਨ ਬਣਾਉਣ ਦੀ ਖੁੱਲ੍ਹ ਮਿਲ ਗਈ ਅਤੇ ਬਹੁਤ ਹੀ ਚਤੁਰਤਾ ਨਾਲ ਸਿੱਧਾ ਤੇ ਅਖੰਡ ਸਮੁੰਦਰੀ ਸਫ਼ਰ ਦਾ ਕਾਨੂੰਨ ਘੜ ਦਿੱਤਾ। ਇਹ ਲਗਾਤਾਰ ਸਮੁੰਦਰੀ ਯਾਤਰਾ ਦਾ ਕਾਨੂੰਨ 8 ਜਨਵਰੀ, 1908 ਨੂੰ ਪਾਸ ਕੀਤਾ ਗਿਆ, ਜਿਸ ਨੂੰ ਪੀ.ਸੀ. 27 ਵੀ ਕਿਹਾ ਜਾਂਦਾ ਸੀ।

ਗਵਰਨਰ ਜਨਰਲ ਇਨ ਕੌਂਸਲ ਇਹ ਹੁਕਮ ਕਰਨ ਵਿਚ ਖ਼ੁਸ਼ੀ ਮਹਿਸੂਸ ਕਰਦਾ ਹੈ ਅਤੇ ਇਹ ਹੁਕਮ ਹੈ, "ਜਦੋਂ ਅੰਦਰੂਨੀ ਮੁਆਮਲਿਆਂ ਦਾ ਮੰਤਰੀ ਕੈਨੇਡਾ ਵਿਚ ਮਜ਼ਦੂਰੀ ਦੀ ਹਾਲਤ ਨੂੰ ਮੁੱਖ ਰੱਖ ਕੇ ਅਨੁਭਵ ਕਰੇ ਤਾਂ ਇਮੀਗ੍ਰੇਸ਼ਨ ਐਕਟ ਦੇ ਸੈਕਸ਼ਨ 20 ਦੁਆਰਾ ਦਰਖ਼ਾਸਤ ਦੇਵੇ ਜਾਂ ਉਪਰੋਕਤ ਮੰਤਰੀ ਮਹਿਸੂਸ ਕਰੇ ਤਾਂ ਐਕਟ ਦੇ ਸੈਕਸ਼ਨ 26 ਅਤੇ 30 ਅਨੁਸਾਰ ਖ਼ਾਸ ਹਾਲਤਾਂ ਵਿਚ ਕਿਸੇ ਵੀ ਆਵਾਸੀ ਨੂੰ ਕੈਨੇਡਾ ਉਤਰਨ ਤੋਂ ਰੋਕਿਆ ਜਾ ਸਕਦਾ ਹੈ, ਜੇ ਉਹ ਆਪਣੇ ਜਨਮ-ਅਸਥਾਨ ਵਾਲੇ ਦੇਸ਼ ਤੋਂ ਸਿੱਧੀ ਟਿਕਟ ਖ਼ਰੀਦ ਕੇ ਅਤੇ ਸਿੱਧੇ ਜਾਂ ਅਖੰਡ ਸਮੁੰਦਰੀ ਸਫ਼ਰ ਰਾਹੀਂ ਨਹੀਂ ਆਉਂਦਾ।"[58]

ਇਹ ਪਾਬੰਦੀ ਲਗਾਉਣ ਵਾਲਾ ਕਾਨੂੰਨ (Order-in-Council) ਬਣਾਉਣ ਤੋਂ ਪਿੱਛੋਂ ਕੈਨੇਡਾ ਸਰਕਾਰ ਨੇ ਜਾਪਾਨ, ਇੰਡੀਆ ਅਤੇ ਚੀਨ ਦੀਆਂ ਸਰਕਾਰਾਂ ਨੂੰ ਇਕ ਵਿਸ਼ੇਸ਼ ਸੰਦੇਸ਼ ਦਿੱਤਾ :

> "ਇਹ ਸਾਰਿਆਂ ਲਈ ਹੁਕਮ ਹੈ ਕਿ ਕੈਨੇਡਾ ਵਿਚ ਕਾਮਿਆਂ ਦੀ ਲੋੜ ਸੰਬੰਧੀ, ਮਜ਼ਦੂਰੀ ਦੀ ਸਥਿਤੀ ਨੂੰ ਮੁੱਖ ਰੱਖ ਕੇ ਕਿਸੇ ਵੀ ਆਵਾਸੀ ਨੂੰ ਦਾਖ਼ਲ ਨਹੀਂ ਹੋਣ ਦਿੱਤਾ ਜਾਵੇਗਾ, ਜੇ ਉਹ ਆਪਣੇ ਵਤਨ ਤੋਂ ਸਿੱਧੀ ਟਿਕਟ ਖ਼ਰੀਦ ਕੇ ਅਟੁੱਟ ਜਹਾਜ਼ੀ ਸਫ਼ਰ ਦੁਆਰਾ ਨਹੀਂ ਪਹੁੰਚਦਾ।"[59]

---

57. Sandhu, Kernail Singh. *Indian Immigration and Racial Prejudice in British Columbia*, People of the Living Land, Vancouver, Tantalus Research, 1972, p. 29.
    An act of the Parliament of the United Kingdom of Great Britain and Ireland passed in the session held in the seventh year of the reign of His Majesty King Edward VII. Chapter 33. Ottawa. 1908. P. 357.
58. Mehta, Sampat, R., *International Barriers*, Ottawa, Canada Research Bureau, 1973, pp. 133-134.
59. *Ibid.*

ਇਸ ਕਾਨੂੰਨ ਅਨੁਸਾਰ ਕੋਈ ਵੀ ਏਸ਼ੀਅਨ ਵਿਅਕਤੀ ਕੈਨੇਡਾ ਦਾਖ਼ਲ ਹੋਣ ਤੋਂ ਅਸਮਰੱਥ ਸੀ, ਜਿਤਨਾ ਚਿਰ ਉਹ ਆਪਣੇ ਵਤਨ ਤੋਂ ਸਿੱਧੀ ਟਿਕਟ ਖ਼ਰੀਦ ਕੇ ਅਟੁੱਟ ਸਫ਼ਰ ਨਹੀਂ ਕਰਦਾ। ਭਾਵੇਂ ਇਸ ਕਾਨੂੰਨ ਬਨਾਉਣ ਸਮੇਂ ਕਿਸੇ ਦੇਸ਼ ਦਾ ਨਾਂ ਨਹੀਂ ਲਿਆ ਗਿਆ, ਪਰ ਇਹ ਸਪੱਸ਼ਟ ਹੀ ਸੀ ਕਿ ਇਹ ਕਾਨੂੰਨ ਵਿਸ਼ੇਸ਼ ਤੌਰ 'ਤੇ ਭਾਰਤੀ ਲੋਕਾਂ ਦੇ ਦਾਖ਼ਲੇ ਨੂੰ ਰੋਕਣ ਲਈ ਘੜਿਆ ਗਿਆ ਸੀ। ਇਸ ਬਾਰੇ ਰਾਜਨੀਤਕ ਨੇਤਾ ਭਲੀ ਪ੍ਰਕਾਰ ਜਾਣਦੇ ਸਨ ਕਿ ਉਸ ਸਮੇਂ ਕੋਈ ਵੀ ਕੰਪਨੀ ਭਾਰਤ ਤੋਂ ਸਿੱਧਾ ਕੈਨੇਡਾ ਤਕ ਜਹਾਜ਼ ਨਹੀਂ ਚਲਾਉਂਦੀ ਸੀ। ਇਸ ਕਾਨੂੰਨ ਦੁਆਰਾ ਸਿੱਧਾ ਸਫ਼ਰ ਕਰਨ ਦੀ ਸ਼ਰਤ ਲੱਗ ਜਾਣ ਕਾਰਨ 1908 ਤੋਂ 1909 ਤਕ ਸਿਰਫ਼ 25 ਸਿੱਖ ਹੀ ਬ੍ਰਿਟਿਸ਼ ਕੋਲੰਬੀਆ ਦਾਖ਼ਲ ਹੋ ਸਕੇ।[60] ਸ਼ਾਇਦ ਕਈਆਂ ਦੇ ਮਨਾਂ 'ਚ ਇਹ ਸਵਾਲ ਉਠਦਾ ਹੈ ਕਿ ਜੇ ਲਗਾਤਾਰ ਸਫ਼ਰ ਵਾਲਾ ਕਾਨੂੰਨ ਲਾਗੂ ਸੀ ਤਾਂ 25 ਸਿੱਖ ਕਿਵੇਂ ਦਾਖ਼ਲ ਹੋਏ। ਇਹ ਉਹ ਵਿਅਕਤੀ ਸਨ, ਜੋ ਪਹਿਲਾਂ ਕੈਨੇਡਾ ਰਹਿ ਚੁੱਕੇ ਸਨ ਅਤੇ ਕੁਝ ਸਮੇਂ ਲਈ ਆਪਣੇ ਪੁਰਾਣੇ ਵਤਨ ਨੂੰ ਗਏ ਹੋਏ ਸਨ।

ਕੈਨੇਡਾ ਦਾ ਲੇਬਰ ਮਨਿਸਟਰ ਮਕੈਂਜੀ ਕਿੰਗ ਜੋ ਬਤੌਰ ਰੌਇਲ ਕਮਿਸ਼ਨ ਬਰਤਾਨੀਆ ਦੇ ਉੱਚ ਅਧਿਕਾਰੀਆਂ ਨਾਲ ਏਸ਼ੀਅਨ ਲੋਕਾਂ ਦੀ ਇਮੀਗ੍ਰੇਸ਼ਨ ਸੰਬੰਧੀ ਨੁਕਤਿਆਂ ਬਾਰੇ ਗੱਲਬਾਤ ਕਰਨ ਗਏ। ਉਸ ਨੇ ਆਪਣੀ ਲਿਖਤੀ ਰਿਪੋਰਟ ਕੈਨੇਡਾ ਸਰਕਾਰ ਨੂੰ ਪੇਸ਼ ਕੀਤੀ :

> "ਇਹ ਸਾਡਾ ਹੱਕ ਹੈ ਕਿ ਅਸੀਂ ਏਸ਼ੀਆ ਤੋਂ ਆਉਣ ਵਾਲੇ ਪਰਵਾਸੀਆਂ 'ਤੇ ਰੋਕ ਲਗਾਈਏ ਤਾਂ ਜੋ ਸਿਰਫ਼ ਚਿੱਟੀ ਚਮੜੀ ਵਾਲੇ ਲੋਕ ਹੀ ਕੈਨੇਡਾ ਵਿਚ ਆ ਕੇ ਵੱਸਣ। ਸਾਨੂੰ ਵਿਸ਼ਵਾਸ ਹੈ ਕਿ ਇਸ ਤਰ੍ਹਾਂ ਕਦਮ ਚੁੱਕਣੇ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਕੌਮੀਅਤ ਦੇ ਭਲੇ ਲਈ ਬਹੁਤ ਜ਼ਰੂਰੀ ਵੀ ਹੈ।"[61]

ਮੰਦਭਾਗੀ ਸਿੱਖਾਂ ਪਾਸ ਕੋਈ ਵਿਦਵਾਨ ਜਾਂ ਤਜਰਬੇਕਾਰ ਵਿਅਕਤੀ ਨਹੀਂ ਸੀ, ਜੋ ਨਸਲੀ ਵਿਤਕਰੇ ਦੇ ਆਧਾਰ 'ਤੇ ਬਣੇ ਇਸ ਲਗਾਤਾਰ ਸਫ਼ਰ ਵਾਲੇ ਕਾਨੂੰਨ ਦੀ ਵਿਰੋਧਤਾ ਕਰਦਾ। ਭਾਵੇਂ ਉਸ ਸਮੇਂ ਬ੍ਰਿਟਿਸ਼ ਕੋਲੰਬੀਆ ਵਿਚ ਕੁਝ ਪੜ੍ਹੇ ਲਿਖੇ ਵਿਅਕਤੀ ਸਨ, ਪਰ ਉਨ੍ਹਾਂ 'ਤੇ ਵਿਸ਼ਵਾਸ ਕਰਨਾ ਅਸੰਭਵ ਸੀ ਜਾਂ ਇੰਝ ਆਖ ਲਈਏ, ਇਹ ਲੋਕ ਗ਼ਦਾਰੀ ਕਰਨ ਵਾਲੇ ਸਨ। ਇਸ ਕਰਕੇ ਹੀ ਹਾਪਕਿਨਸਨ, ਜੋ ਕਿ ਸਰਕਾਰ ਦਾ ਜਾਸੂਸ ਵੀ ਸੀ ਤੇ ਇਮੀਗ੍ਰੇਸ਼ਨ ਵਿਭਾਗ ਲਈ ਦੋਭਾਸ਼ੀਆ ਦਾ ਕੰਮ ਵੀ ਕਰਦਾ ਸੀ,

60. Reid, Robie L., *Inside Story of Kamagatamaru*, British Columbia Quarterly, Vol. V, 1941.
61. Report : W.L. Mackenzie King, Deputy Minister of Labour on mission to England to confer.
    Also See,
    Cheng, Tien-Fang, *Oriental Immigration in Canada*, pp. 144-145.

ਕੁਝ ਹੱਦ ਤਕ ਸਿੱਖਾਂ ਨੂੰ ਹਾਂਡੂਰਸ ਜਾਣ ਲਈ ਸਹਿਮਤ ਕਰਨ ਵਿਚ ਸਫਲ ਹੋਇਆ।[62]

ਕੈਨੇਡਾ ਸਰਕਾਰ ਦੀ ਇਹ ਗੁਪਤ ਸਾਜ਼ਿਸ਼ ਸੀ ਕਿ ਕੈਨੇਡਾ 'ਚ ਸਿੱਖਾਂ ਨੂੰ ਵਰਗਲਾ ਕੇ ਇਥੋਂ ਇਕ ਵਾਰ ਕੱਢ ਦਿੱਤਾ ਜਾਵੇ ਅਤੇ ਮੁੜ ਕੇ ਇਥੇ ਕਿਸੇ ਨੂੰ ਦਾਖ਼ਲ ਨਾ ਹੋਣ ਦਿੱਤਾ ਜਾਵੇ। ਇਸ ਸਾਜ਼ਿਸ਼ ਨੂੰ ਨੇਪਰੇ ਚਾੜ੍ਹਨ ਲਈ ਹਾਪਕਿਨਸਨ ਨੂੰ ਵਰਤਿਆ ਗਿਆ, ਜੋ ਸਿੱਖਾਂ ਨੂੰ ਨੇੜੇ ਹੋ ਕੇ ਪ੍ਰੇਰਦਾ ਤੇ ਆਖਦਾ ਕਿ ਹਾਂਡੂਰਸ ਵਿਚ ਚੰਗੀ ਨੌਕਰੀ ਤੇ ਕਿੱਤੇ ਮਿਲਦੇ ਹਨ। ਇਸ ਸੰਬੰਧ ਵਿਚ ਸਿੱਖਾਂ ਨੇ ਇਕ ਵਿਸ਼ੇਸ਼ ਇਕੱਤਰਤਾ ਕੀਤੀ ਤੇ ਸਰਬ-ਸੰਮਤੀ ਨਾਲ ਮਤਾ ਪਾਸ ਕੀਤਾ ਕਿ ਹਾਂਡੂਰਸ ਇਲਾਕੇ ਬਾਰੇ ਅਤੇ ਉਥੋਂ ਦੇ ਮੌਸਮ ਸੰਬੰਧੀ ਪੂਰੀ ਜਾਂਚ-ਪੜਤਾਲ ਕੀਤੀ ਜਾਵੇ। ਇਸ ਕਾਰਜ ਲਈ ਦੋ ਵਿਅਕਤੀਆਂ ਦੇ ਨਾਂ ਪੇਸ਼ ਹੋਏ, ਜੋ ਉਥੇ ਜਾ ਕੇ ਸਾਰੇ ਹਾਲਾਤ ਦੀ ਜਾਣਕਾਰੀ ਪ੍ਰਾਪਤ ਕਰਨ ਉਪਰੰਤ ਵਾਪਸ ਆ ਕੇ ਸਾਰਾ ਵੇਰਵਾ ਦੇਣ। ਜੋ ਉਹ ਰਿਪੋਰਟ ਦੇਣਗੇ, ਉਸ ਅਨੁਸਾਰ ਹੀ ਹਾਂਡੂਰਸ ਜਾਣ ਜਾਂ ਨਾ ਜਾਣ ਦਾ ਫ਼ੈਸਲਾ ਕੀਤਾ ਜਾਵੇਗਾ।[63] ਇਹ ਦੋਨੋਂ ਵਿਅਕਤੀ, ਕੇਂਦਰੀ ਸਰਕਾਰ ਦੇ ਇਕ ਅਧਿਕਾਰੀ ਹਾਰਕਿਨ ਅਤੇ ਦੂਸਰੇ ਹਾਪਕਿਨਸਨ ਦੇ ਨਾਲ ਜਾਣਗੇ। ਭਾਰਤੀ ਭਾਈਚਾਰੇ ਵੱਲੋਂ ਦੋ ਨੁਮਾਇੰਦੇ ਭਾਈ ਸ਼ਾਮ ਸਿੰਘ ਤੇ ਭਾਈ ਨਾਜਰ ਸਿੰਘ 25 ਅਕਤੂਬਰ, 1908 ਨੂੰ ਹਾਂਡੂਰਸ ਪਹੁੰਚੇ।[64]

ਇਹ ਭਾਰਤੀ ਭਾਈਚਾਰੇ ਦਾ ਸੁਭਾਗ ਸੀ ਕਿ ਇਸ ਬਿਖੜੇ ਸਮੇਂ ਪ੍ਰੋਫ਼ੈਸਰ (ਸੰਤ) ਤੇਜਾ ਸਿੰਘ ਜੀ ਵੈਨਕੂਵਰ ਵੱਲ ਨੂੰ ਆ ਰਹੇ ਸਨ। ਜਦੋਂ ਉਹ ਰੇਲ ਗੱਡੀ 'ਚ ਸਫ਼ਰ ਕਰ ਰਹੇ ਸਨ, ਉਨ੍ਹਾਂ ਨੂੰ ਇਕ ਨੇਕ ਗੋਰਾ ਮਿਲਿਆ, ਜਿਸ ਨੂੰ ਕੈਨੇਡਾ ਸਰਕਾਰ ਵੱਲੋਂ ਸਿੱਖਾਂ ਨੂੰ ਹਾਂਡੂਰਸ ਭੇਜਣ ਵਾਲੀ ਸਾਜ਼ਿਸ਼ ਦਾ ਪਤਾ ਸੀ। ਉਸ ਨੇ ਪ੍ਰੋਫ਼ੈਸਰ (ਸੰਤ) ਤੇਜਾ ਸਿੰਘ ਹੋਰਾਂ ਨੂੰ ਦੱਸਿਆ ਕਿ ਹਾਂਡੂਰਸ ਦਾ ਮੌਸਮ ਰਹਿਣ ਅਤੇ ਕੰਮ-ਕਾਰ ਲਈ ਠੀਕ ਨਹੀਂ ਹੈ। ਉਸ ਨੇ ਤਰਲੇ ਨਾਲ ਕਿਹਾ ਕਿ ਉਹ ਇਸ ਸਾਜ਼ਿਸ਼ ਤੋਂ ਆਪਣੇ ਦੇਸ਼ਵਾਸੀਆਂ ਨੂੰ ਬਚਾਵੇ ਤਾਂ ਜੋ ਉਹ ਬਿਖੜੇ ਸਮੇਂ ਤੋਂ ਮੁਕਤ ਹੋ ਜਾਣ।[65]

ਇਹ ਪ੍ਰੋਫ਼ੈਸਰ ਤੇਜਾ ਸਿੰਘ ਜੀ ਹੋਰਾਂ ਦੀ ਵੈਨਕੂਵਰ ਲਈ ਦੂਜੀ ਫੇਰੀ ਸੀ। ਉਹ 11 ਨਵੰਬਰ, 1908 ਨੂੰ ਵੈਨਕੂਵਰ ਪਹੁੰਚੇ।[66] ਉਸ ਸਮੇਂ ਹੀ ਸਿੱਖਾਂ ਵੱਲੋਂ ਭੇਜੇ ਦੋ

---

62. Ganda Singh, *Amrika wich Hindustani,* Vancouver, B.C.
Also See,
Dr. Kesar Singh, 1976, pp. 101-111.
63. Harkin, J.B., *The East Indians in British Columbia : A report regarding the proposal to provide work in British Honduras for the indigent unemployed among them,* Ottawa : Minister of the Interior, 1908.
64. Jas, Jaswant Singh, *Baba Gurdit Singh,* Jalandhar; New Book Co., 1983, pp. 28-29.
65. Teja Singh, *Jeevani Sant Attar Singh.*
66. Confidential Memorandum on matters affecting the East Indian Community in B.C. by Colonel E.J.E. Swayne, *Borden Papers.*

ਨੁਮਾਇੰਦੇ ਹਾਂਡੂਰਸ ਤੋਂ ਵਾਪਸ ਪਰਤ ਆਏ ਸਨ। ਸਰਕਾਰ ਵੱਲੋਂ ਹਾਰਕਿਨ ਤੇ ਹਾਪਕਿਨਸਨ ਹਾਂਡੂਰਸ ਗਏ ਸਨ, ਜਿਥੇ ਉਨ੍ਹਾਂ ਨੇ ਇਨ੍ਹਾਂ ਦੋਨਾਂ ਵਿਅਕਤੀਆਂ ਨੂੰ ਰਿਸ਼ਵਤ ਦੇਣ ਦਾ ਜਤਨ ਕੀਤਾ ਤਾਂ ਜੋ ਉਹ ਆਪਣੇ ਦੇਸ਼ਵਾਸੀਆਂ ਨੂੰ ਹਾਂਡੂਰਸ ਬਾਰੇ ਵਧਾਅ ਚੜ੍ਹਾਅ ਕੇ ਦੱਸਣ ਕਿ ਇਹ ਟਾਪੂ ਕੰਮ-ਕਾਰਾਂ ਲਈ ਵਧੀਆ ਹੈ। ਪਰ ਸਰਕਾਰੀ ਆਦਮੀ ਭਾਰਤੀ ਨੁਮਾਇੰਦਿਆਂ ਨੂੰ ਵੱਸ ਕਰਨ ਵਿਚ ਅਸਫਲ ਰਹੇ।[67] ਪ੍ਰੋਫੈਸਰ (ਸੰਤ) ਤੇਜਾ ਸਿੰਘ ਜੀ ਨੇ ਆਪ ਇਨ੍ਹਾਂ ਦੋਨਾਂ ਵਿਅਕਤੀਆਂ (ਭਾਈ ਸ਼ਾਮ ਸਿੰਘ ਤੇ ਨਾਜਰ ਸਿੰਘ) ਨਾਲ ਗੱਲਬਾਤ ਕੀਤੀ। ਹਾਂਡੂਰਸ ਦੇ ਗਵਰਨਰ ਕੌਲੋਨਲ (ਕਰਨਲ) ਸਵੈਨ ਨੇ ਉਥੋਂ ਦੇ ਇਕ ਅਧਿਕਾਰੀ ਨੂੰ ਗੁਪਤ ਪੱਤਰ ਵਿਚ ਲਿਖਿਆ ਸੀ ਕਿ ਸੰਤ ਤੇਜਾ ਸਿੰਘ ਜੀ ਗੁਰਦੁਆਰੇ ਅੰਦਰ ਦੋਨੋਂ (ਨੁਮਾਇੰਦੇ) ਵਿਅਕਤੀਆਂ ਦੇ ਨਾਲ ਹੀ ਰਹੇ ਤਾਂ ਜੋ ਹਾਪਕਿਨਸਨ ਤੇ ਹਾਰਕਿਨ ਉਨ੍ਹਾਂ ਉਪਰ ਕੋਈ ਪ੍ਰਭਾਵ ਨਾ ਪਾ ਲਵੇ।[68]

ਹੇਠਾਂ ਖ਼ਾਲਸਾ ਦੀਵਾਨ ਸੁਸਾਇਟੀ ਦੇ ਵੱਲੋਂ ਪਾਸ ਹੋਏ ਮਤੇ ਬਾਰੇ ਦਿੱਤਾ ਜਾ ਰਿਹਾ ਹੈ, ਜੋ ਕਿ ਹਾਂਡੂਰਸ ਨਾਲ ਸੰਬੰਧਿਤ ਫ਼ੈਸਲਾ ਹੈ:

> "22 ਨਵੰਬਰ, 1908 ਨੂੰ ਭਾਈ ਨਾਜਰ ਸਿੰਘ ਅਤੇ ਸ਼ਾਮ ਸਿੰਘ (ਦੋਨੋਂ) ਨੇ ਹਾਂਡੂਰਸ ਬਾਰੇ ਕੀਤੀ ਪੜਤਾਲ ਪੇਸ਼ ਕੀਤੀ, ਜਿਸ ਨੂੰ ਸੁਣ ਕੇ ਸਰਬ ਸੰਮਤੀ ਨਾਲ ਫ਼ੈਸਲਾ ਲਿਆ ਜਾਂਦਾ ਹੈ ਕਿ ਕੋਈ ਵੀ ਭਾਰਤੀ ਹਾਂਡੂਰਸ ਨਹੀਂ ਜਾਵੇਗਾ।"

---

67. Ganda Singh, *Amrika wich Hindustani,* Vancouver, B.C., Dr. Kesar Singh, 1976, pp. 111-117.
    It is quite obvious that they might have tried all possible means to win the favour of these Sikh representatives, therefore we have to believe this bribe theory.
    Also See,
    The East Indians in British Columbia, A report regarding the proposal to provide work in British Honduras.
    Published under the authority of Honorable Frank Oliver, Minister of the Interior, 1908.
    Hugh Johnston, author of the *Voyage of the Komagatamaru* does not believe the offering of bribe because of non-availability of any document. However, we have to believe it because it was told by the Sikh representative to whom they offered a wallet full of money, although the wallet was not offered directly but it was left with them. We assume that it was very clever way to buy these representatives. On the other hand, Sham Singh denied that he was offered any bribe but Nazar Singh's statement proved that Hopkinson offered $ 3000 as a bribe although through a tactful way. We know that the Canadian government had authorized Hopkinson to use Sikh traitors to get rid of Sikh leaders.
68. Hallet, M.E. Governor General's News on Oriental Immigration to B.C., 1904-1911 in B.C. Studies No. 14 : 51-72, 1972, pp. 69-70.

ਸ਼ਬਦ ਕੀਰਤਨ ਦੀ ਸਮਾਪਤੀ ਉਪਰੰਤ ਭਾਈ ਨਾਜਰ ਸਿੰਘ ਤੇ ਸ਼ਾਮ ਸਿੰਘ ਦੀ ਚਿੱਠੀ ਸੰਗਤ ਵਿਚ ਪੜ੍ਹ ਕੇ ਸੁਣਾਈ ਗਈ। ਸੰਗਤ ਵਿਚ ਪੋਰਟ ਮੂਡੀ, ਨਿਊ ਵੈਸਟ ਮਿਨਸਟਰ, ਵੈਕਟੋਰੀਆ ਅਤੇ ਵੈਨਕੂਵਰ ਦੇ ਤਕਰੀਬਨ ਮੁਖੀ ਸਿੱਖ ਹਾਜ਼ਰ ਸਨ। ਇਸ ਚਿੱਠੀ ਦੇ ਕੁਝ ਮੁੱਖ ਤੱਥ ਹੇਠ ਲਿਖੇ ਹਨ :

> "ਹਾਂਡੂਰਸ ਅੰਡੇਮਾਨ ਦੀ ਤਰ੍ਹਾਂ ਇਕ ਟਾਪੂ ਹੈ ਅਤੇ ਇਸ ਟਾਪੂ ਵਿਚ ਜੁਰਮੀ ਲੋਕਾਂ ਨੂੰ ਭੇਜਿਆ ਜਾਂਦਾ ਹੈ। ਇਥੋਂ ਦੀ ਖਾਧ ਖ਼ੁਰਾਕ ਅਤੇ ਹਾਲਤ ਬਹੁਤ ਹੀ ਮਾੜੀ ਹੈ।"[69]

ਪ੍ਰੋਫੈਸਰ (ਸੰਤ) ਤੇਜਾ ਸਿੰਘ ਜੀ ਨੇ 23 ਨਵੰਬਰ, 1908 ਨੂੰ ਅਖ਼ਬਾਰਾਂ ਵਾਲਿਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਦੱਸਿਆ ਕਿ ਕੈਨੇਡਾ ਸਰਕਾਰ ਨੇ ਆਪਣੇ ਆਦਮੀਆਂ (ਹਾਰਕਿਨ ਅਤੇ ਹਾਪਕਿਨਸਨ) ਦੁਆਰਾ ਭਾਰਤੀ ਲੋਕਾਂ ਵੱਲੋਂ ਭੇਜੇ ਨੁਮਾਇੰਦਿਆਂ ਨੂੰ ਰਿਸ਼ਵਤ ਦੇ ਕੇ ਆਪਣੀ ਮਨਮਰਜ਼ੀ ਦੇ ਬਿਆਨ ਦਿਵਾਉਣ ਦਾ ਜਤਨ ਕੀਤਾ।

"ਨੁਮਾਇੰਦਿਆਂ ਨੇ ਮੈਨੂੰ ਦੱਸਿਆ ਕਿ 'ਟਾਨਕਰਿਟ' ਦੇ ਕਸਬੇ (ਹਾਂਡੂਰਸ) ਵਿਚ ਹਾਪਕਿਨਸਨ ਨੇ ਰਿਸ਼ਵਤ ਦੇਣ ਦੀ ਪੇਸ਼ਕਸ਼ ਕੀਤੀ। ਇਕ ਬੈਗ ਪੈਸਿਆਂ ਨਾਲ ਭਰਿਆ ਹੋਇਆ ਸੀ ਅਤੇ ਉਨ੍ਹਾਂ ਨੂੰ ਕਿਹਾ ਗਿਆ ਕਿ ਜੇ ਉਹ ਹਾਂਡੂਰਸ ਬਾਰੇ ਚੰਗੀ ਰਿਪੋਰਟ ਦੇਣਗੇ ਤਾਂ ਪੈਸਿਆਂ ਵਾਲਾ ਬੈਗ ਰੱਖ ਸਕਦੇ ਸਨ। ਇਨ੍ਹਾਂ ਨੇ ਪਿੱਛੋਂ ਜਦ ਬੈਗ ਦੇਖਿਆ ਤਾਂ ਉਸ ਵਿਚ 3,000 ਹਜ਼ਾਰ ਡਾਲਰ ਦੇ ਵੱਡੇ ਨੋਟ ਸਨ। ਇਨ੍ਹਾਂ ਭਾਰਤੀ ਨੁਮਾਇੰਦਿਆਂ ਦੇ ਮਨ 'ਚ ਰਤੀ ਭਰ ਵੀ ਇਹ ਗਿਰਾਵਟ ਵਾਲਾ ਖ਼ਿਆਲ ਨਹੀਂ ਉਪਜਿਆ ਕਿ ਲਾਲਚ ਵਿਚ ਆ ਕੇ ਬੀ.ਸੀ. ਵਿਚ ਸਮੂਹ ਭਾਈਚਾਰੇ ਨੂੰ ਧੋਖਾ ਦੇਣ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਬੈਗ ਦੇਣ ਦਾ ਮੁੱਖ ਮਕਸਦ ਉਨ੍ਹਾਂ ਨੂੰ ਖ਼ਰੀਦਣਾ ਹੈ ਤਾਂ ਉਨ੍ਹਾਂ ਨੇ ਝੱਟਪਟ ਬੈਗ ਵਾਪਸ ਕਰ ਦਿੱਤਾ।"

ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਮਿਨਟ ਬੁੱਕ ਵਿਚ ਹੇਠ ਲਿਖੀ ਜਾਣਕਾਰੀ ਮਿਲਦੀ ਹੈ :

> "ਨੁਮਾਇੰਦਿਆਂ ਨੂੰ ਖ਼ਰੀਦਣ ਲਈ ਰਿਸ਼ਵਤ ਦੇਣ ਦਾ ਢੰਗ ਵੱਖਰਾ ਹੀ ਅਪਨਾਇਆ। ਹਾਪਕਿਨਸਨ ਨੇ ਪੈਸਿਆਂ ਨਾਲ ਭਰਿਆ ਬੈਗ ਨਾਜਰ ਸਿੰਘ ਦੇ ਸਪੁਰਦ ਕੀਤਾ। ਨਾਜਰ ਸਿੰਘ ਅਨੁਸਾਰ ਬੈਗ ਵਿਚ 3,000 ਡਾਲਰ ਸਨ, ਭਾਵੇਂ ਸਿੱਧੇ ਤੌਰ 'ਤੇ ਪੈਸੇ ਹੱਥ 'ਚ ਨਹੀਂ ਫੜਾਏ, ਨਾ ਹੀ ਕਿਹਾ ਕਿ ਇਹ ਪੈਸੇ ਲਓ, ਪਰ ਭਾਵਨਾ ਰਿਸ਼ਵਤ ਦੇਣ ਦੀ ਹੀ ਸੀ।"[70]

ਕਰਨੈਲ ਸਵੈਨ (ਹਾਂਡੂਰਸ ਦਾ ਗਵਰਨਰ) ਨੇ ਲਿਖਿਆ ਹੈ ਕਿ ਸੰਤ ਤੇਜਾ ਸਿੰਘ ਜੀ ਆਪਣੇ ਲੋਕਾਂ ਦੇ ਦੁੱਖ ਵੰਡਾਉਣ ਅਤੇ ਯੋਗ ਸਹਾਇਤਾ ਕਰਨ ਲਈ ਵਿਸ਼ੇਸ਼ ਤੌਰ 'ਤੇ ਕੈਨੇਡਾ ਆਏ ਤਾਂ ਜੋ ਬੀ.ਸੀ. ਵਿਚ ਵੱਸ ਰਹੇ ਭਾਰਤੀਆਂ ਨੂੰ ਜਬਰੀ ਹਾਂਡੂਰਸ

---

69. Harkin, J.B., *The East Indians in British Columbia*, pp. 27-28.
70. *Ibid.*

ਨਾ ਭੇਜ ਦਿੱਤਾ ਜਾਏ।[71] ਇਸ ਸਰਕਾਰੀ ਸਾਜ਼ਿਸ਼ ਤੋਂ ਸਿੱਖਾਂ ਦਾ ਬਚ ਜਾਣਾ ਪ੍ਰੋਫ਼ੈਸਰ ਤੇਜਾ ਸਿੰਘ ਜੀ ਦੇ ਸਹਿਯੋਗ ਕਾਰਨ ਹੋਇਆ। ਇਨ੍ਹਾਂ ਦੀ ਹਾਜ਼ਰੀ ਵਿਚ ਸਮੂਹ ਭਾਈਚਾਰੇ ਨੇ ਹਾਂਡੂਰਸ ਭੇਜਣ ਦੀ ਪੇਸ਼ਕਸ਼ ਨੂੰ ਰੱਦ ਕਰ ਦਿੱਤਾ।[72]

ਇਸ ਪਿੱਛੋਂ ਕਰਨਲ ਸਵੈਨ ਨੇ ਬਰਤਾਨਵੀ ਹਾਂਡੂਰਸ ਦੇ ਮੁੱਖ ਪ੍ਰਬੰਧਕ ਜਾਂ ਅਧਿਕਾਰੀ ਕੋਲਿਟ ਨੂੰ ਆਪਣੇ ਗੁਪਤ ਪੱਤਰ ਵਿਚ ਸਿੱਖਾਂ ਬਾਰੇ ਕੀਤੀ ਜਾਂਚ-ਪੜਤਾਲ ਨੂੰ ਦਰਸਾਇਆ। ਇਸ ਪੱਤਰ ਵਿਚ ਉਸ ਨੇ ਦੱਸਿਆ ਕਿ ਸਿੱਖ ਕਾਮੇ ਇਕ ਦੂਜੇ ਦੀ ਸਹਾਇਤਾ ਕਰਦੇ ਹਨ ਅਤੇ ਇਹ ਸ਼ਲਾਘਾਯੋਗ ਕੰਮ ਸੀ। ਉਹ ਮਿੱਲ ਮਾਲਕਾਂ ਪਾਸ ਵੀ ਗਿਆ, ਜਿਥੇ ਜਿਥੇ ਸਿੱਖ ਕੰਮ ਕਰਦੇ ਸਨ। ਉਸ ਨੂੰ ਸਪੱਸ਼ਟ ਹੋ ਗਿਆ ਕਿ ਮਿੱਲਾਂ ਵਾਲੇ ਸਿੱਖ ਕਾਮਿਆਂ ਨੂੰ ਕੰਮ ਲਈ ਭਰਤੀ ਕਰਨਾ ਪਸੰਦ ਕਰਦੇ ਸਨ। ਉਸਨੂੰ ਇਹ ਵੀ ਪਤਾ ਲੱਗਾ ਕਿ ਬਾਗ਼ਾਂ ਅਤੇ ਰੇਲਵੇ ਵਿਚ ਸਿੱਖ ਕਾਮਿਆਂ ਦੀ ਬਹੁਤ ਮੰਗ ਹੈ। ਉਸ ਨੇ ਇਸ ਗ਼ਲਤ ਧਾਰਨਾ ਨੂੰ ਵੀ ਰੱਦ ਕਰ ਦਿੱਤਾ, ਜਿਸ ਅਨੁਸਾਰ ਕਿਹਾ ਜਾਂਦਾ ਸੀ ਕਿ ਬੀ.ਸੀ. ਦਾ ਮੌਸਮ ਸਿੱਖਾਂ ਲਈ ਅਨੁਕੂਲ ਨਹੀਂ। ਸਵੈਨ ਨੂੰ ਪਤਾ ਸੀ ਕਿ ਪੰਜਾਬ ਵਿਚ ਵੀ ਸਰਦੀਆਂ ਦੀ ਰੁੱਤ ਵਿਚ ਕਾਫ਼ੀ ਸਰਦੀ ਹੋ ਜਾਂਦੀ ਹੈ। ਆਖ਼ਰ 'ਚ ਉਸ ਨੇ ਆਪਣੀ ਜਾਂਚ ਅਨੁਸਾਰ ਨਿਚੋੜ ਕੱਢਿਆ ਕਿ ਬੀ.ਸੀ. ਦੇ ਸਿੱਖਾਂ ਵਿਚ ਕੋਈ ਜ਼ਿਆਦਾ ਬੇ-ਰੁਜ਼ਗਾਰੀ ਨਹੀਂ ਸੀ। ਸਗੋਂ ਉਸਨੇ ਸਿੱਖਾਂ ਦੀ ਸਰੀਰਕ ਤੌਰ 'ਤੇ ਕਾਬਲੀਅਤ ਨੂੰ ਸਾਲਾਹਿਆ ਤੇ ਉਨ੍ਹਾਂ ਦਾ ਲਾਹਾ ਪ੍ਰਾਪਤ ਕਰਨ ਦਾ ਸੁਝਾਅ ਦਿੱਤਾ।[73]

ਕੈਨੇਡਾ ਸਰਕਾਰ ਨੇ ਜਦੋਂ ਹਾਂਡੂਰਸ ਵਾਲੀ ਸਾਜ਼ਿਸ਼ ਰਚੀ ਤਾਂ ਉਨ੍ਹਾਂ ਦਾ ਇਹ ਵੀ ਇਕ ਬਹਾਨਾ ਸੀ ਕਿ ਬੀ.ਸੀ. ਵਿਚ ਸਿੱਖ ਬੇ-ਰੁਜ਼ਗਾਰ ਸਨ। ਪਰ ਕਰਨਲ ਸਵੈਨ ਦੀ ਕੀਤੀ ਜਾਂਚ-ਪੜਤਾਲ ਨੇ ਇਸ ਪ੍ਰਤੀ ਸਪੱਸ਼ਟ ਕਰ ਦਿੱਤਾ ਕਿ ਬੇ-ਰੁਜ਼ਗਾਰੀ ਵਾਲੀ ਗੱਲ ਸਰਾਸਰ ਝੂਠੀ ਸੀ। ਅਸਲ ਵਿਚ ਸਰਕਾਰ ਦੀ ਨੀਤੀ ਨਸਲੀ ਵਿਤਕਰੇ ਵਾਲੀ ਸੀ, ਜਿਸ ਅਨੁਸਾਰ ਉਨ੍ਹਾਂ ਨੂੰ ਵਿਲੱਖਣ ਸ਼ਖ਼ਸੀਅਤ ਵਾਲੇ ਇਹ ਬਰਤਾਨਵੀ ਪਰਜਾ ਦਾ ਕੈਨੇਡਾ ਰਹਿਣਾ ਪਸੰਦ ਨਹੀਂ ਸੀ।

ਪ੍ਰੋਫ਼ੈਸਰ ਤੇਜਾ ਸਿੰਘ ਜੀ ਨੇ ਹਮਵਤਨੀਆਂ ਦੀ ਸਹਾਇਤਾ ਲਈ ਆਪਣੇ ਆਪ ਨੂੰ ਨਿਛਾਵਰ ਕੀਤਾ ਹੋਇਆ ਸੀ। ਉਨ੍ਹਾਂ ਵੱਲੋਂ ਭਾਰਤੀ ਭਾਈਚਾਰੇ ਦੀ ਯੋਗ ਅਗਵਾਈ ਕੈਨੇਡਾ ਸਰਕਾਰ ਲਈ ਅਸਹਿ ਸੀ। ਤਾਹੀਓਂ, ਅਖ਼ਬਾਰਾਂ ਵਾਲੇ ਅਤੇ ਹਾਪਕਿਨਸਨ ਵਰਗੇ ਸਰਕਾਰੀ ਜਾਸੂਸ ਵੱਲੋਂ ਉਨ੍ਹਾਂ ਨੂੰ ਬਦਨਾਮ ਕਰਨ ਦਾ ਜਤਨ ਕੀਤਾ ਤਾਂ ਜੋ ਸਿੱਖਾਂ ਦਾ ਉਨ੍ਹਾਂ ਉਪਰੋਂ ਵਿਸ਼ਵਾਸ ਉਠ ਜਾਏ, ਪਰ ਉਹ ਇਸ ਜਤਨ ਵਿਚ ਅਸਫਲ ਰਹੇ। ਸੰਕੇਤ ਮਾਤਰ, ਇਕ ਦਿਨ ਪ੍ਰੋਫ਼ੈਸਰ ਤੇਜਾ ਸਿੰਘ ਜੀ ਵੈਨਕੂਵਰ

---

71. Confidential Memorandum on matters affecting the East Indian Community in British Columbia by Colonel E.J.E. Swayne. *Borden Papers.*
72. *Ibid.*
73. Governor of British Honduras to Administrator of British Honduras, Vernon, B.C. Dec. 20, 1908, *Borden Papers.*

ਦੇ ਡਾਊਨ ਟਾਊਨ ਵਿਚ ਸਨ ਅਤੇ ਅਚਨਚੇਤ ਹੀ ਪੁਲਸ ਨੇ ਉਨ੍ਹਾਂ ਨੂੰ ਟ੍ਰੈਫ਼ਿਕ ਦੇ ਕਾਨੂੰਨ ਭੰਗ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰ ਲਿਆ। ਦੋਸ਼ ਤਾਂ ਸਰਾਸਰ ਝੂਠੇ ਸਨ, ਪਰ ਫਿਰ ਵੀ ਉਨ੍ਹਾਂ ਨੂੰ ਹਿਰਾਸਤ ਵਿਚ ਰੱਖਿਆ ਅਤੇ ਜਦੋਂ ਸਿੱਖਾਂ ਨੇ ਉਨ੍ਹਾਂ ਨੂੰ ਝੂਠਾ ਦੋਸ਼ ਲਗਾ ਕੇ ਗ੍ਰਿਫ਼ਤਾਰ ਕਰਨ ਦੇ ਦੋਸ਼ ਵਿਰੁੱਧ ਰੋਸ ਪ੍ਰਗਟ ਕੀਤਾ ਤਾਂ ਪੁਲਿਸ ਨੇ ਸੰਤ ਜੀ ਨੂੰ ਛੱਡ ਦਿੱਤਾ। ਪ੍ਰੋਫ਼ੈਸਰ ਤੇਜਾ ਸਿੰਘ ਦੀ ਵਿਦਵਤਾ ਅਤੇ ਦੂਰ-ਅੰਦੇਸ਼ੀ ਕਾਰਨ, ਉਨ੍ਹਾਂ ਦੀ ਬੀ.ਸੀ. ਵਿਚ ਬਹੁਤ ਪ੍ਰਸਿੱਧੀ ਹੋ ਗਈ। ਉਨ੍ਹਾਂ ਦੀ ਅਗਵਾਈ ਹੇਠਾਂ ਹੀ ਸਿੱਖਾਂ ਨੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਘੋਲ ਆਰੰਭਿਆ।[74]

ਜਦ ਕੈਨੇਡਾ ਦੀ ਸਰਕਾਰ ਆਪਣੀ ਗੁਪਤ ਸਾਜ਼ਿਸ਼ ਦੁਆਰਾ ਸਿੱਖਾਂ ਨੂੰ ਹਾਂਡੂਰਸ ਭੇਜਣ ਵਿਚ ਬੁਰੀ ਤਰ੍ਹਾਂ ਫ਼ੇਲ੍ਹ ਹੋ ਗਈ ਤਾਂ ਉਹ ਅਜਿਹੇ ਮੌਕੇ ਦੀ ਤਾੜ ਵਿਚ ਸਨ ਕਿ ਉਨ੍ਹਾਂ ਦੀ ਸਾਜ਼ਿਸ਼ ਫ਼ੇਲ੍ਹ ਹੋਣ ਦਾ ਬਦਲਾ ਲਿਆ ਜਾਵੇ। ਉਨ੍ਹਾਂ ਦਾ ਧਿਆਨ ਸਿੱਖਾਂ ਜਾਂ ਭਾਰਤੀ ਲੋਕਾਂ ਦੇ ਕੈਨੇਡਾ ਆਉਣ 'ਤੇ ਪਾਬੰਦੀ ਲਗਾਉਣ 'ਤੇ ਕੇਂਦਰਿਤ ਹੋ ਗਿਆ। ਕੈਨੇਡਾ ਇਸ ਗੱਲ 'ਤੇ ਦ੍ਰਿੜ੍ਹ ਸੀ ਕਿ ਕੋਈ ਵਿਸ਼ੇਸ਼ ਕਾਨੂੰਨ ਪਾਸ ਹੋ ਜਾਏ ਤਾਂ ਜੋ ਇਨ੍ਹਾਂ (ਭਾਰਤੀ) ਲੋਕਾਂ ਦਾ ਆਉਣਾ ਹਮੇਸ਼ਾ ਲਈ ਬੰਦ ਹੋ ਜਾਏ। 9 ਮਈ, 1910 ਨੂੰ ਪ੍ਰੀਵੀ ਕੌਂਸਲ ਆਰਡਰ ਨੰ: 920 ਪਾਰਲੀਮੈਂਟ ਵਿਚ ਪੇਸ਼ ਹੋਇਆ, ਜਿਸ ਅਨੁਸਾਰ :

> "ਇਮੀਗ੍ਰੇਸ਼ਨ ਐਕਟ 9 ਅਤੇ ਐਡਵਰਡ VII ਅਨੁਸਾਰ ਕਿਸੇ ਵੀ ਆਵਾਸੀ ਦਾ ਕੈਨੇਡਾ ਦਾਖ਼ਲ ਹੋਣਾ ਬੰਦ ਕੀਤਾ ਜਾਂਦਾ ਹੈ, ਜੇਕਰ ਉਹ ਆਪਣੇ ਵਤਨ ਤੋਂ ਸਿੱਧੀ ਟਿਕਟ ਖ਼ਰੀਦ ਕੇ ਉਪਰੰਤ ਅਟੁੱਟ ਸਮੁੰਦਰੀ ਯਾਤਰਾ ਰਾਹੀਂ ਨਹੀਂ ਆਉਂਦਾ।"

ਸੈਕਸ਼ਨ 'ਬੀ' ਅਧੀਨ ਸਾਰੀਆਂ ਜਹਾਜ਼ਰਾਨੀ ਕੰਪਨੀਆਂ ਨੂੰ ਉਪਰੋਕਤ ਕਾਨੂੰਨ ਦੀ ਪਾਲਣਾ ਕਰਨ ਲਈ ਵਿਸ਼ੇਸ਼ ਹਦਾਇਤ ਕੀਤੀ ਗਈ ਕਿ "ਜਿਹੜੇ ਆਵਾਸੀਆਂ ਲਈ ਕੈਨੇਡਾ ਆਉਣ ਦੀ ਕਾਨੂੰਨੀ ਮਨਾਹੀ ਹੋਵੇ, ਉਨ੍ਹਾਂ ਨੂੰ ਇਥੇ ਪਹੁੰਚਾਣਾ ਜਾਂ ਲਿਆਉਣਾ ਕਾਨੂੰਨ ਦਾ ਵਿਰੋਧ ਹੈ। ਸੈਕਸ਼ਨ 'ਸੀ' ਅਨੁਸਾਰ ਜਿਨ੍ਹਾਂ ਨੂੰ ਮਿਥੇ ਸਮੇਂ ਜਾਂ ਪੱਕੇ ਤੌਰ 'ਤੇ ਜਾਂ ਉਨ੍ਹਾਂ ਦਾ ਵਿਸ਼ੇਸ਼ ਬੰਦਰਗਾਹਾਂ ਦੁਆਰਾ ਜਾਂ ਕਿਸੇ ਵਿਸ਼ੇਸ਼ ਨਸਲ ਕਾਰਨ ਜਾਂ ਜਿਨ੍ਹਾਂ ਲਈ ਇਥੋਂ ਦਾ ਮੌਸਮ ਮਾਫ਼ਕ ਨਾ ਹੋਵੇ, ਕੈਨੇਡਾ ਆਉਣ ਦੀ ਮਨਾਹੀ ਹੈ।"[75]

---

74. Ganda Singh, *Amrika wich Hindustani*, Vancouver, B.C., Dr. Kesar Singh, 1976, pp. 132-133.
Bhai Mit Singh of village Pandori, Distt. Ludhiana came to Canada in 1907. He was a student of ninth grade at Ludhiana when he was allured to go to Canada to earn money. He remained a very active member of the Sikh community until his death. He served as a general secretary of the Khalsa Diwan Society and a member of the Kamagatamaru Shore Committee.
75. Parliament of the United Kingdom of Great Britain and Ireland. Ninth Edward VII. 1909. Chapter 27, pp. 14-15.

ਪ੍ਰੀਵੀ ਕੌਂਸਲ ਦਾ ਆਰਡਰ ਨੰ: 926 ਦੇ ਨਾਂ ਦਾ ਇਕ ਹੋਰ ਵਿਸ਼ੇਸ਼ ਕਾਨੂੰਨ ਬਣਾਇਆ ਗਿਆ :

> "ਜਿਸ ਅਨੁਸਾਰ ਏਸ਼ੀਆ ਦੇ ਮੂਲ ਦਾ ਕੋਈ ਆਦਮੀ ਕੈਨੇਡਾ ਦਾਖ਼ਲ ਨਹੀਂ ਹੋ ਸਕਦਾ, ਜੇਕਰ ਉਨ੍ਹਾਂ ਪਾਸ 200/- ਡਾਲਰ ਨਹੀਂ ਹਨ। ਪ੍ਰੀਵੀ ਕੌਂਸਲ ਦੇ ਨੰ: 924 ਅਨੁਸਾਰ ਕੋਈ ਵਿਦੇਸ਼ੀ ਆਪਣੇ ਪਰਿਵਾਰ ਸਮੇਤ ਕੈਨੇਡਾ ਦਾਖ਼ਲ ਹੋ ਸਕਦਾ ਸੀ, ਜੇ ਉਸ ਪਾਸ ਮਾਇਆ ਹੋਵੇ। ਦੂਜੇ ਪਾਸੇ ਇਮੀਗ੍ਰੇਸ਼ਨ ਅਫ਼ਸਰਾਂ ਪਾਸ ਹਾਲਤਾਂ ਅਨੁਸਾਰ ਫ਼ੈਸਲਾ ਲੈਣ ਜਾਂ ਛੋਟ ਦੇਣ ਦਾ ਪੂਰਨ ਅਧਿਕਾਰ ਸੀ। ਹੈਰਾਨੀ ਦੀ ਗੱਲ ਹੈ ਕਿ ਇਸ ਕਾਨੂੰਨ ਦੇ ਸ਼ਬਦਾਂ ਵਿਚ ਇਕ ਵਿਸ਼ੇਸ਼ ਪੰਕਤੀ ਲਿਖੀ ਹੋਈ ਸੀ '**ਉਪਰੋਕਤ ਕਾਨੂੰਨ ਏਸ਼ੀਅਨ ਮੂਲ ਦੇ ਲੋਕਾਂ ਉਪਰ ਲਾਗੂ ਨਹੀਂ ਹੈ**'।"[76]

ਉਪਰੋਕਤ ਕਾਨੂੰਨੀ ਪਾਬੰਦੀਆਂ 'ਤੇ ਵਿਸ਼ੇਸ਼ 'ਆਰਡਰਜ਼ ਇਨ ਕੌਂਸਲ' ਨੂੰ ਦੇਖਦੇ ਪਤਾ ਲੱਗਦਾ ਹੈ ਕਿ ਸਾਰੇ ਹੀ ਏਸ਼ੀਅਨ ਲੋਕਾਂ ਨੂੰ ਕੈਨੇਡਾ ਪਰਿਵਾਰ ਲਿਆਉਣ ਦੀ ਵੀ ਪਾਬੰਦੀ ਸੀ। ਉਥੇ ਬੀ.ਸੀ. ਵਿਚ ਰਹਿ ਰਹੇ ਭਾਰਤੀਆਂ ਲਈ ਆਪਣੇ ਬੱਚੇ ਤੇ ਪਰਿਵਾਰ ਲਿਆਉਣ ਦੀ ਵਿਸ਼ੇਸ਼ ਪਾਬੰਦੀ ਸੀ, ਪਰ ਕਈ ਖ਼ਾਸ ਅਹਿਦਨਾਮਿਆਂ ਰਾਹੀਂ ਚੀਨੇ ਤੇ ਜਾਪਾਨੀ ਆਪਣੀਆਂ ਪਤਨੀਆਂ ਅਤੇ ਆਪਣੇ ਬੱਚੇ ਇਥੇ ਲਿਆ ਸਕਦੇ ਸਨ।

ਭਾਵੇਂ ਸਿੱਖ ਜਾਂ ਭਾਰਤੀਆਂ ਵਿਰੁੱਧ ਜਿਥੇ ਦਾਖਲੇ ਦੀਆਂ ਪਾਬੰਦੀਆਂ ਲਈ ਵਿਸ਼ੇਸ਼ ਕਾਨੂੰਨ ਘੜੇ ਗਏ ਸਨ ਅਤੇ ਉਨ੍ਹਾਂ ਵਿਰੁੱਧ ਨਸਲੀ ਵਿਤਕਰਾ ਵੀ ਜ਼ਿਆਦਾ ਸੀ, ਪਰ ਫਿਰ ਵੀ ਉਨ੍ਹਾਂ ਨੇ ਆਪਣੇ ਰਹਿਣ ਲਈ ਮਕਾਨ ਬਣਾ ਲਏ ਸਨ ਅਤੇ ਕੁਝ ਲੋਕਾਂ ਨੇ ਆਪਣੇ ਕਾਰੋਬਾਰ ਵੀ ਸਥਾਪਤ ਕਰ ਲਏ।[77] ਬੀ.ਸੀ. ਦੇ ਸਿੱਖਾਂ ਲਈ ਇਹ ਵੀ ਦੁਖਦਾਈ ਗੱਲ ਸੀ ਕਿ ਜਿਥੇ ਹੋਰ ਏਸ਼ੀਅਨ ਲੋਕ ਆਪਣੇ ਬੱਚੇ ਤੇ ਪਰਿਵਾਰ ਲਿਆ ਸਕਦੇ, ਉਥੇ ਇਨ੍ਹਾਂ ਨੂੰ ਪਰਿਵਾਰ ਲਿਆਉਣ ਦੀ ਮਨਾਹੀ ਸੀ। ਇਸ ਵਿਤਕਰੇ ਅਤੇ ਬੇਇਨਸਾਫ਼ੀ ਨੂੰ ਲੋਕ ਚਰਚਾ ਦਾ ਵਿਸ਼ਾ ਬਨਾਉਣ ਲਈ ਬੀ.ਸੀ. ਦੇ ਸਿੱਖਾਂ ਨੇ 16 ਅਪਰੈਲ, 1911 ਨੂੰ ਇਕ ਕਾਨਫ਼ਰੰਸ ਕੀਤੀ, ਜਿਸ ਵਿਚ ਅਨੇਕਾਂ ਮਤੇ ਪਾਸ ਕੀਤੇ ਗਏ। ਕੈਨੇਡਾ ਤੇ ਬਰਤਾਨਵੀ ਸਰਕਾਰ ਨੂੰ ਇਸ ਬੇਇਨਸਾਫ਼ੀ ਨੂੰ ਦੂਰ ਕਰਨ ਲਈ ਤਾਰਾਂ ਦਿੱਤੀਆਂ। ਇਸ ਕਾਨਫ਼ਰੰਸ ਵਿਚ ਇਕ ਵਿਸ਼ੇਸ਼ ਫ਼ੈਸਲਾ ਵੀ ਹੋਇਆ ਕਿ ਕੁਝ ਸਿੱਖ ਪੰਜਾਬ ਜਾ ਕੇ ਆਪਣੇ ਪਰਿਵਾਰਾਂ ਨੂੰ ਨਾਲ ਲਿਆਉਣ ਤਾਂ ਜੋ ਕੈਨੇਡਾ ਦੇ ਇਸ ਕਾਨੂੰਨੀ ਰੋਕ ਨੂੰ ਅਜਮਾਇਆ ਜਾਵੇ।

ਭਾਈ ਭਾਗ ਸਿੰਘ ਭਿਖੀਵਿੰਡ ਅਤੇ ਭਾਈ ਬਲਵੰਤ ਸਿੰਘ ਖੁਰਦਪੁਰ ਨੇ ਆਪਣੇ

---

76. Memorandum by the Punjabis to the Viceroy and Governor General of India Lahore, Anarkali Press.
77. Jas, Jaswant Singh, *Baba Gurdit Singh*, Jalandhar; New Book Co., 1983, pp. 31-32.

ਪਰਿਵਾਰਾਂ ਨੂੰ ਇਥੇ ਲਿਆਉਣ ਲਈ ਪੇਸ਼ ਕੀਤਾ। ਜਦੋਂ ਇਹ ਆਪਣੇ ਪਰਿਵਾਰਾਂ ਨੂੰ ਲਿਆ ਰਹੇ ਸਨ ਤਾਂ ਇਨ੍ਹਾਂ ਨੂੰ ਬਹੁਤ ਹੀ ਔਕੜਾਂ ਦਾ ਸਾਹਮਣਾ ਕਰਨਾ ਪਿਆ। ਜਦੋਂ ਇਹ ਪਰਿਵਾਰ ਵੈਨਕੂਵਰ ਦੀ ਬੰਦਰਗਾਹ 'ਤੇ ਪਹੁੰਚੇ ਤਾਂ ਇਮੀਗ੍ਰੇਸ਼ਨ ਨੇ ਉਤਰਨ ਨਾ ਦਿੱਤਾ ਅਤੇ ਵਾਪਸ ਹਾਂਗਕਾਂਗ ਭੇਜ ਦਿੱਤਾ। ਦੂਜੀ ਵਾਰੀ ਜਤਨ ਕੀਤਾ ਤਾਂ ਭਾਈ ਭਾਗ ਸਿੰਘ ਤੇ ਭਾਈ ਬਲਵੰਤ ਸਿੰਘ ਨੂੰ ਹੀ ਉਤਰਨ ਦਿੱਤਾ, ਪਰ ਪਰਿਵਾਰਾਂ ਨੂੰ ਬੰਦਰਗਾਹ 'ਤੇ ਹੀ ਰੋਕ ਲਿਆ। ਖ਼ਾਲਸਾ ਦੀਵਾਨ ਸੁਸਾਇਟੀ ਨੇ ਇਸ ਬੇਇਨਸਾਫ਼ੀ ਦੇ ਵਿਰੁੱਧ ਕੇਸ ਕੀਤਾ, ਆਖ਼ਰ ਨਕਦ ਜ਼ਮਾਨਤ 'ਤੇ ਪਰਿਵਾਰਾਂ ਨੂੰ ਹਿਰਾਸਤ ਤੋਂ ਮੁਕਤ ਕੀਤਾ ਤੇ ਕੈਨੇਡਾ ਦਾਖ਼ਲ ਹੋ ਗਏ।[78]

1911 ਦੀਆਂ ਸਰਦੀਆਂ ਵਿਚ ਖ਼ਾਲਸਾ ਦੀਵਾਨ ਸੁਸਾਇਟੀ ਅਤੇ ਯੂਨਾਈਟਿਡ ਇੰਡੀਆ ਲੀਗ ਨੇ ਸਾਂਝੇ ਤੌਰ 'ਤੇ ਇਕ ਵਿਸ਼ੇਸ਼ ਮਤਾ ਪਾਸ ਕਰ ਕੇ ਆਟਵਾ ਨੂੰ ਇਕ ਡੈਪੂਟੇਸ਼ਨ ਭੇਜਣ ਦਾ ਫ਼ੈਸਲਾ ਕੀਤਾ, ਤਾਂ ਜੋ ਸਰਕਾਰ ਨੂੰ ਆਪਣੀਆਂ ਤਕਲੀਫ਼ਾਂ ਪ੍ਰਗਟ ਕੀਤੀਆਂ ਜਾਣ। ਇਸ ਡੈਪੂਟੇਸ਼ਨ ਵਿਚ ਡਾਕਟਰ ਸੁੰਦਰ ਸਿੰਘ, ਸੰਤ (ਪ੍ਰੋਫੈਸਰ) ਤੇਜਾ ਸਿੰਘ, ਰਾਜਾ ਸਿੰਘ ਅਤੇ ਐਲ.ਡਬਲਯੂ. ਹਾਲ ਸ਼ਾਮਿਲ ਹੋਏ। ਇਹ ਚਾਰ ਵਿਅਕਤੀਆਂ ਦਾ ਜਥਾ 15 ਦਸੰਬਰ, 1911 ਨੂੰ ਆਟਵਾ ਪਹੁੰਚਿਆ, ਜਿਥੇ ਇਨ੍ਹਾਂ ਨੇ ਮੰਤਰੀ ਮਿਸਟਰ ਰੋਜ਼ਰਜ਼ ਨੂੰ ਆਪਣੀਆਂ ਔਕੜਾਂ ਬਾਰੇ ਜ਼ਾਹਿਰ ਕੀਤਾ :[79]

> "ਅਸੀਂ ਖ਼ਾਲਸਾ ਦੀਵਾਨ ਸੁਸਾਇਟੀ ਅਤੇ ਯੂਨਾਈਟਿਡ ਇੰਡੀਆ ਲੀਗ ਵੱਲੋਂ ਸਤਿਕਾਰਯੋਗ ਸਰਕਾਰ ਅੱਗੇ ਸਮੂਹ ਕੈਨੇਡਾ ਨਿਵਾਸੀ ਭਾਰਤੀਆਂ ਵੱਲੋਂ ਉਨ੍ਹਾਂ ਦੀਆਂ ਔਕੜਾਂ ਦੱਸਣ ਲਈ ਨੁਮਾਇੰਦੇ ਹਾਂ। ਸਾਨੂੰ ਵਿਸ਼ਵਾਸ ਹੈ ਕਿ ਮਹਾਰਾਣੀ ਵਿਕਟੋਰੀਆ, ਬਾਦਸ਼ਾਹ ਐਡਵਰਡ ਅਤੇ ਜਾਰਜ ਦੇ ਦਿੱਤੇ ਬਚਨ ਕਿ ਉਨ੍ਹਾਂ ਦੀ ਸਾਰੀ ਪਰਜਾ ਨਾਲ ਇੱਕੋ ਜਿਹਾ ਵਰਤਾ ਹੋਵੇਗਾ। ਸਾਡਾ ਇਹ ਪਹਿਲਾ ਅਤੇ ਵਿਸ਼ੇਸ਼ ਹੱਕ ਵੀ ਹੈ ਕਿ ਅਸੀਂ ਦੱਸੀਏ ਕਿ ਅਸੀਂ ਵੀ ਤੁਹਾਡੀ ਸਤਿਕਾਰਯੋਗ ਸਰਕਾਰ ਅਧੀਨ ਇਮਾਨਦਾਰ ਪਰਜਾ ਹਾਂ। ਸਿੱਖਾਂ ਨੇ ਹਮੇਸ਼ਾ ਹੀ ਬਰਤਾਨਵੀ ਸਾਮਰਾਜ ਲਈ ਘਾਲਨਾਵਾਂ ਘਾਲੀਆਂ ਅਤੇ ਉਨ੍ਹਾਂ ਹੀ ਮਹਾਨ ਸਿੱਖਾਂ ਵਿੱਚੋਂ ਅਨੇਕਾਂ ਸਿੱਖ ਇਥੇ ਕੈਨੇਡਾ ਵਿਚ ਹਨ, ਜਿਨ੍ਹਾਂ ਨੇ ਬਹਾਦਰੀ ਦੇ ਤਗ਼ਮੇ ਜਿੱਤੇ ਹਨ। ਉਪਰੋਕਤ ਗੱਲਾਂ ਨੂੰ ਦੱਸਦੇ ਅਸੀਂ ਆਦਰ ਸਹਿਤ ਬੇਨਤੀ ਕਰਦੇ ਹਾਂ ਕਿ ਦੂਜੇ ਏਸ਼ੀਅਨ ਲੋਕ ਜਾਪਾਨੀ ਤੇ ਚੀਨੇ ਨਾਲੋਂ ਅਸੀਂ ਵੱਖਰੀ ਹਸਤੀ ਰੱਖਦੇ ਹਾਂ ਅਤੇ ਕਦੀ ਵੀ ਵਿਦੇਸ਼ੀ ਜਾਂ ਓੁਪਰੇ ਨਹੀਂ ਹੋ ਸਕਦੇ।
>
> ਇਮਾਨਦਾਰ ਬਰਤਾਨਵੀ ਪਰਜਾ ਹੋਣ ਕਾਰਨ ਸਾਡੇ 'ਤੇ ਲੱਗੀਆਂ ਪਾਬੰਦੀਆਂ, ਜਿਨ੍ਹਾਂ ਕਾਰਨ ਸਾਡੀ ਬਤੌਰ ਬਰਤਾਨਵੀ ਪਰਜਾ ਦੇ ਦਰਜਾ

78. Jas, Jaswant Singh, *Baba Gurdit Singh*, Jalandhar, New Book Co., 1983, pp. 31-32.
79. *Ibid.*

ਹੋਰ ਕੌਮਾਂ ਦੇ ਮੁਕਾਬਲੇ ਘੱਟ ਹੁੰਦਾ ਹੈ, ਨੂੰ ਦੂਰ ਕਰਾਉਣ ਲਈ ਤੁਹਾਡੇ ਪਾਸ ਆਏ ਹਾਂ। ਸਭ ਤੋਂ ਵੱਡੀ ਪਾਬੰਦੀ ਇਹ ਹੈ ਕਿ ਅਸੀਂ ਇਥੇ ਆਪਣੇ ਪਰਿਵਾਰ ਤੇ ਬੱਚਿਆਂ ਨੂੰ ਨਹੀਂ ਲਿਆ ਸਕਦੇ। ਅਜਿਹੀ ਬੰਦਸ਼, ਜਿਸ ਕਰਕੇ ਅਸੀਂ ਪਰਿਵਾਰਾਂ ਨਾਲੋਂ ਜਬਰੀ ਵਿਛੋੜੇ ਗਏ ਹਾਂ, ਕਾਨੂੰਨੀ ਤੌਰ 'ਤੇ ਸਿਰਫ਼ ਅਪਰਾਧੀਆਂ 'ਤੇ ਅਜਿਹੀ ਸਜ਼ਾ ਲਾਗੂ ਹੋ ਸਕਦੀ ਹੈ। ਅਜਿਹਾ ਕਰਨਾ ਮਨੁੱਖਤਾ ਦੇ ਵਿਰੁੱਧ ਹੈ ਅਤੇ ਸਮੁੱਚੇ ਤੌਰ 'ਤੇ ਸਾਮਰਾਜ ਦੇ ਬੁਨਿਆਦੀ ਤੱਤ, ਪਰਿਵਾਰਕ ਜੀਵਨ ਵਿਚ ਵਿਘਨ ਪੈਂਦਾ ਹੈ। ਇਹੋ ਜਿਹੀ ਕਾਨੂੰਨੀ ਪਾਬੰਦੀ ਬਰਤਾਨਵੀ ਇਨਸਾਫ਼ ਦੇ ਵਿਰੋਧ ਵਿਚ ਹੈ, ਖ਼ਾਸ ਕਰਕੇ ਮਾਸੂਮ ਬੱਚਿਆਂ ਅਤੇ ਉਨ੍ਹਾਂ ਦੀਆਂ ਮਾਵਾਂ ਨਾਲ ਧੱਕਾ ਹੈ। ਅਸਾਨੂੰ ਕੋਈ ਅਜਿਹਾ ਰਾਜਨੀਤਕ ਆਰਥਿਕ ਜਾਂ ਨਸਲੀ ਪਹਿਲੂ ਨਜ਼ਰ ਨਹੀਂ ਆਉਂਦਾ, ਜਿਸ ਕਾਰਨ ਇਹ ਪਾਬੰਦੀ ਖ਼ਤਮ ਨਾ ਕੀਤੀ ਜਾ ਸਕੇ। ਜਿਥੇ ਹੋਰ ਪੂਰਬ- ਵਾਸੀ (ਏਸ਼ੀਅਨ) ਆਪਣੀਆਂ ਪਤਨੀਆਂ ਅਤੇ ਬੱਚਿਆਂ ਨੂੰ ਇਥੇ ਲਿਆਉਣ ਦਾ ਹੱਕ ਰੱਖਦੇ ਹਨ, ਕੀ ਅਸੀਂ ਅਜਿਹੀ ਕੋਈ ਆਸ ਨਹੀਂ ਰੱਖ ਸਕਦੇ ਕਿ ਬਰਤਾਨਵੀ ਪਰਜਾ ਨੂੰ ਵੀ ਇਹ ਹੱਕ ਮਿਲੇ ? ਜਾਂ ਇਹੋ ਜਿਹਾ ਹੱਕ ਮੰਗਣਾ ਵੀ ਬਹੁਤ ਵੱਡੀ ਮੰਗ ਹੈ ?

ਦੂਸਰਾ, ਜਿਥੇ ਇਮੀਗ੍ਰੇਸ਼ਨ ਦੇ ਕਾਨੂੰਨਾਂ ਦਾ ਸੰਬੰਧ ਹੈ, ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਜੋ ਅਟੁੱਟ ਸਫ਼ਰ ਵਾਲਾ ਕਾਨੂੰਨ ਹੈ, ਉਸ ਨੂੰ ਬਦਲਿਆ ਜਾਵੇ। ਪਹਿਲਾ, ਕੋਈ ਕਾਨੂੰਨ ਜਾਂ ਪਾਬੰਦੀ ਅਜਿਹੀ ਨਹੀਂ ਹੋਣੀ ਚਾਹੀਦੀ, ਜੋ ਪੱਕੇ ਤੌਰ 'ਤੇ ਅਸੰਭਵ ਹੋਵੇ, ਕਿਉਂਕਿ ਲਗਾਤਾਰ ਸਫ਼ਰ ਵਾਲੀ ਬੰਦਸ਼ ਦੀ ਸ਼ਰਤ ਨੂੰ ਪੂਰਾ ਕਰਨਾ ਅਸੰਭਵ ਹੈ। ਕੋਈ ਦੇਖਣ ਵਿਚ ਨਹੀਂ ਮਿਲਦਾ ਕਿ ਕੋਈ ਦੇਸ਼ ਆਪਣੀ ਹੀ ਪਰਜਾ ਨੂੰ ਅਜਿਹੀ ਬੰਦਸ਼ ਠੋਸੇ। ਭਾਰਤ ਦੇ ਸਿਆਣੇ ਲੋਕ ਅਜਿਹੇ ਕਾਨੂੰਨ ਨੂੰ ਦੇਖ ਕੇ ਹੈਰਾਨ ਹਨ ਕਿ ਅਜਿਹਾ ਵਿਸ਼ੇਸ਼ ਕਾਨੂੰਨ ਭਾਰਤੀਆਂ ਲਈ ਹੀ ਕਿਉਂ ਲਾਗੂ ਕੀਤਾ ਗਿਆ ਅਤੇ ਉਹ ਵੀ ਇਮਾਨਦਾਰ ਪਰਜਾ ਲਈ। ਜੋ ਕਾਨੂੰਨ ਬਰਤਾਨਵੀ ਪਰਜਾ ਨੂੰ ਬਰਤਾਨਵੀ ਸਾਮਰਾਜ ਦੇ ਕਿਸੇ ਹਿੱਸੇ ਵਿਚ ਹੀ ਜਾਣ ਦੇ ਅਧਿਕਾਰ ਨੂੰ ਖੋਂਹਦਾ ਹੋਵੇ ਤਾਂ ਅਜਿਹੇ ਕਾਨੂੰਨ 'ਤੇ ਮੁੜ ਵਿਚਾਰ ਕਰਨ ਲਈ ਆਖਾਂਗੇ। ਸਾਡੇ ਸਾਂਝੇ ਬਾਦਸ਼ਾਹ ਵੱਲੋਂ ਸਭ ਨੂੰ ਵਿਸ਼ਵਾਸ ਦਿੱਤਾ ਗਿਆ ਹੈ ਕਿ ਬਰਤਾਨਵੀ ਸਾਮਰਾਜ ਦੀ ਸਮੂਹ ਪਰਜਾ ਲਈ ਇੱਕੋ ਜਿਹਾ ਸਲੂਕ ਹੋਵੇਗਾ।

ਅਸੀਂ ਸਤਿਕਾਰਯੋਗ ਸਰਕਾਰ ਨੂੰ ਦੁਬਾਰਾ ਬੇਨਤੀ ਕਰਦੇ ਹਾਂ ਕਿ ਉਪਰੋਕਤ ਕਾਨੂੰਨਾਂ 'ਤੇ ਮੁੜ ਵਿਚਾਰ ਕਰੋ, ਵਿਸ਼ੇਸ਼ ਕਰਕੇ ਉਸ ਕਾਨੂੰਨ ਨੂੰ, ਜੋ ਭਾਰਤੀ ਲੋਕਾਂ ਦੇ ਦਾਖ਼ਲੇ ਨੂੰ ਰੋਕਣ ਲਈ ਘੜਿਆ ਗਿਆ ਹੈ। ਅਜਿਹਾ ਕਾਨੂੰਨ ਜੋ ਆਪਣੀ ਹੀ ਪਰਜਾ ਦੇ ਵਿਰੁੱਧ ਹੋਵੇ ਤਾਂ ਇਸ ਨਾਲ ਵਿਤਕਰੇ ਦੀ ਭਾਵਨਾ ਪ੍ਰਗਟ ਹੁੰਦੀ ਹੈ। ਸਾਡੇ ਵੱਲੋਂ ਬੇਨਤੀ ਕਰਨ ਦਾ

ਦੂਸਰਾ ਕਾਰਨ ਇਹ ਹੈ ਕਿ ਕੈਨੇਡਾ ਵਿਚ ਰਹਿ ਰਹੇ ਸਾਰੇ ਭਾਰਤੀਆਂ ਲਈ ਇਥੋਂ ਦਾ ਵਾਤਾਵਰਣ ਯੋਗ ਹੈ ਅਤੇ ਉਹ ਆਰਥਿਕ ਤੌਰ 'ਤੇ ਪੂਰੀ ਤਰ੍ਹਾਂ ਸਫਲ ਹਨ। ਉਨ੍ਹਾਂ ਦੇ ਆਪਣੇ ਘਰ, ਜ਼ਮੀਨ ਅਤੇ ਬੈਂਕਾਂ ਵਿਚ ਬਚਤ ਖ਼ਾਤੇ ਹਨ ਅਤੇ ਹੋਰ ਕੌਮਾਂ ਦੇ ਮੁਕਾਬਲੇ ਅੱਗੇ ਹਨ। ਉਨ੍ਹਾਂ ਵੱਲੋਂ ਕਾਨੂੰਨੀ ਨਿਯਮਾਂ ਨੂੰ ਪਾਲਣ ਲਈ ਕੋਈ ਕੁਤਾਹੀ ਨਹੀਂ।

ਅਸੀਂ ਮੰਨਦੇ ਹਾਂ ਕਿ ਸਾਡਾ ਰਹਿਣ ਸਹਿਣ ਵੱਖਰਾ ਹੈ, ਸਾਡੀ ਬੋਲੀ ਵੱਖਰੀ ਹੈ, ਪਰ ਸਾਨੂੰ ਤੁਹਾਡੇ ਕਾਨੂੰਨਾਂ ਦੀ ਪੂਰੀ ਵਾਕਫ਼ੀਅਤ ਹੈ। ਅਸੀਂ ਹੋਰ ਯੂਰਪੀਨ ਤੇ ਏਸ਼ੀਅਨ ਲੋਕਾਂ ਮੁਕਾਬਲੇ ਕਾਨੂੰਨਾਂ ਦੀ ਪਾਲਣਾ ਕਰਨ ਵਿਚ ਜ਼ਿਆਦਾ ਵਫ਼ਾਦਾਰੀ ਦਿਖਾਉਣ ਲਈ ਤਤਪਰ ਹਾਂ, ਕਿਉਂਕਿ ਅਸੀਂ ਪਹਿਲਾਂ ਤੋਂ ਹੀ ਅਜ਼ਮਾਏ ਹੋਏ ਇੱਕੋ ਬਾਦਸ਼ਾਹ ਦੀ ਪਰਜਾ ਹਾਂ। ਅਸੀਂ ਇੱਕੋ ਰੱਬ ਨੂੰ ਮੰਨਣ ਵਾਲੇ ਹਾਂ ਅਤੇ ਸਿੱਖਾਂ ਦੇ ਸਦਾਚਾਰਕ ਗੁਣ ਵੀ ਈਸਾਈ ਲੋਕਾਂ ਦੇ ਸਦਾਚਾਰਕ ਗੁਣਾਂ ਵਾਂਗੂ ਹਨ।

ਅਸੀਂ ਤੁਹਾਡੀ ਸਰਕਾਰ ਨੂੰ ਸਹਿਯੋਗ ਦੇਣ ਲਈ ਤਿਆਰ ਹਾਂ। ਅਸੀਂ ਇਮੀਗ੍ਰੇਸ਼ਨ ਅਧਿਕਾਰੀਆਂ ਨਾਲ ਵੀ ਵਾਅਦਾ ਕਰਦੇ ਹਾਂ ਕਿ ਕੋਈ ਭਾਰਤੀ ਜੁਰਮ ਨਹੀਂ ਕਰੇਗਾ। ਦੂਸਰਾ, ਜੋ ਭਾਰਤੀ ਲੋਕਾਂ ਲਈ ਕੈਨੇਡਾ ਉਤਰਨ ਸਮੇਂ ਪੈਸੇ ਦਿਖਾਉਣ ਦੀ ਸ਼ਰਤ ਹੈ, ਉਹ ਹੋਰ ਕੌਮਾਂ ਦੇ ਬਰਾਬਰ ਹੋਵੇ ਨਾ ਕਿ 200 ਡਾਲਰ। ਦੂਜੀਆਂ ਕੌਮਾਂ ਵਾਂਗ ਸਾਡੇ ਵਿਦਿਆਰਥੀ, ਵਾਪਾਰੀ ਅਤੇ ਸੈਲਾਨੀਆਂ ਨੂੰ ਇਥੇ ਆਉਣ ਦੀ ਖੁੱਲ੍ਹ ਲਈ ਬੇਨਤੀ ਕਰਦੇ ਹਾਂ ਅਤੇ ਅਜਿਹਾ ਕਰਨ ਨਾਲ ਭਵਿੱਖ ਵਿਚ ਵਪਾਰਕ ਪੱਖੋਂ ਬਹੁਤ ਲਾਭ ਹੋਵੇਗਾ।

ਉਪਰੋਕਤ ਮੰਗਾਂ 'ਤੇ ਜ਼ਰੂਰੀ ਵਿਚਾਰ ਕਰੋ ਤਾਂ ਜੋ ਸਾਡੇ ਨੁਮਾਇੰਦਿਆਂ ਨਾਲ ਮਿਲ ਕੇ ਸਾਰੇ ਮਸਲਿਆਂ ਨੂੰ ਸੁਲਝਾਉਣ ਲਈ ਕਦਮ ਚੁੱਕੇ ਜਾਣ, ਕਿਉਂਕਿ ਸਾਰੇ ਮੁਆਮਲੇ ਕੈਨੇਡਾ ਸਰਕਾਰ ਨਾਲ ਸੰਬੰਧ ਰੱਖਦੇ ਹਨ। ਜੋ ਮੁਆਮਲੇ ਜਾਂ ਮੁਸ਼ਕਲਾਂ ਸਾਡੇ ਵੱਲੋਂ ਪੇਸ਼ ਕੀਤੀਆਂ ਗਈਆਂ ਹਨ, ਜੇ ਸਰਕਾਰ ਉਨ੍ਹਾਂ ਸੰਬੰਧੀ ਫ਼ੈਸਲੇ ਕਰੇ ਤਾਂ ਸਾਰੇ ਭਾਰਤੀ ਕਾਨੂੰਨੀ ਤੌਰ 'ਤੇ ਬੱਝੇ ਹੋਏ ਹਨ। ਸਾਰੇ ਬਰਤਾਨਵੀ ਸਾਮਰਾਜ ਵਿਚ ਪਰਜਾ ਦੇ ਅਧਿਕਾਰਾਂ ਵਿਚ ਇਕਸਾਰਤਾ ਹੋਣੀ ਚਾਹੀਦੀ ਹੈ ਜਾਂ ਨਹੀਂ ? ਜੇ ਅਜਿਹਾ ਨਹੀਂ ਤਾਂ ਨਸਲੀ ਵਿਤਕਰੇ ਅਨੁਸਾਰ ਵੱਖ ਵੱਖ ਲੋਕਾਂ ਲਈ ਵੱਖਰੇ ਵੱਖਰੇ ਅਧਿਕਾਰ ਤੇ ਕਾਨੂੰਨ ਹਨ। ਇਹੀ ਮੁੱਖ ਕਾਰਨ ਹੈ ਕਿ ਭਾਰਤ ਆਪਣੇ ਵਰਤਮਾਨ ਤੇ ਭਵਿੱਖ ਵਿਚੋਂ ਆਪਣੇ ਕੌਮੀ ਦਰਜੇ ਬਾਰੇ ਕੈਨੇਡਾ ਵੱਲ ਦੇਖ ਰਿਹਾ ਹੈ। ਵਿਸ਼ੇਸ਼ ਕਰਕੇ ਸਿੱਖਾਂ ਦੇ ਸੰਬੰਧ ਵਿਚ ਅਸੀਂ ਬਰਤਾਨਵੀ ਕਿਰਪਾ 'ਤੇ ਆਸ ਰੱਖਦੇ ਹਾਂ ਕਿ ਉਹ ਇਨ੍ਹਾਂ ਮੁਆਮਲਿਆਂ ਨੂੰ ਨਜਿਠਦੇ ਹਨ। ਅਸੀਂ ਚੋਖੀ ਮਾਇਆ ਖ਼ਰਚ ਕਰ ਕੇ ਅਤੇ ਆਪਣਾ ਸਮਾਂ ਕੱਢ ਕੇ ਬਤੌਰ ਡੈਪੂਟੇਸ਼ਨ ਸਾਰੀ ਅਸਲੀਅਤ ਨੂੰ ਪੇਸ਼ ਕਰਨ ਲਈ ਸਤਿਕਾਰਯੋਗ ਸਰਕਾਰ ਪਾਸ ਸੰਬੰਧਿਤ ਮੰਤਰੀ ਰਾਹੀਂ ਰਾਜਧਾਨੀ ਪਹੁੰਚੇ ਹਾਂ।"

ਕੈਨੇਡਾ ਦੇ ਮੰਤਰੀ ਨੇ ਡੈਪੂਟੇਸ਼ਨ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਸ਼ਿਕਾਇਤਾਂ 'ਤੇ ਜਲਦੀ ਹੀ ਗ਼ੌਰ ਕੀਤਾ ਜਾਵੇਗਾ।

ਜਦੋਂ ਵੈਨਕੂਵਰ ਦੇ ਐਮ.ਪੀ. ਐਚ.ਐਸ. ਸਟੀਵਨਜ਼ ਨੂੰ ਸਿੱਖਾਂ ਵੱਲੋਂ ਆਟਵਾ ਡੈਪੂਟੇਸ਼ਨ ਭੇਜਣ ਬਾਰੇ ਪਤਾ ਲੱਗਾ ਤਾਂ ਉਸ ਨੇ ਆਪਣਾ ਪ੍ਰਤੀਕਰਮ ਪ੍ਰਗਟਾਇਆ। ਉਸ ਨੇ 'ਪੂਰਬ-ਵਾਸੀ ਲੋਕਾਂ ਦੀ ਸਮੱਸਿਆ' ਦੇ ਸਿਰਲੇਖ ਹੇਠ ਇਕ ਟ੍ਰੈਕਟ ਛਾਪਿਆ, ਜਿਸ ਵਿਚ ਉਸ ਨੇ ਨੁਮਾਇੰਦਿਆਂ ਉੱਤੇ ਨੁਕਤਾਚੀਨੀ ਕੀਤੀ। ਉਸ ਨੇ ਡਾਕਟਰ ਸੁੰਦਰ ਸਿੰਘ ਨੂੰ ਭੜਕਾਊ ਅਤੇ ਰਾਜਾ ਸਿੰਘ ਨੂੰ ਡਾਕਟਰ ਦਾ ਚਮਚਾ ਦੱਸਿਆ ਅਤੇ ਮਿਸਟਰ 'ਹਾਲ' ਨੂੰ ਨਾਦਾਨ ਆਖਿਆ। ਉਸ ਨੇ ਸੰਤ ਤੇਜਾ ਸਿੰਘ ਨੂੰ ਖ਼ਤਰਨਾਕ ਹਸਤੀ ਦੱਸਿਆ। ਉਸ ਵੱਲੋਂ ਅਜਿਹਾ ਟ੍ਰੈਕਟ ਛਾਪ ਕੇ ਵੰਡਣਾ ਵੀ ਇਕ ਸਾਜ਼ਿਸ਼ ਸੀ ਤਾਂ ਜੋ ਕੋਈ ਨਿਰਪੱਖ ਵਿਅਕਤੀ ਸਿੱਖਾਂ ਦੇ ਸਹਿਯੋਗ ਦੀ ਹਾਮੀ ਨਾ ਭਰੇ। ਸਟੀਵਨਜ਼ ਨਹੀਂ ਸੀ ਚਾਹੁੰਦਾ ਕਿ ਸਿੱਖ ਆਪਣੇ ਪਰਿਵਾਰਾਂ ਨੂੰ ਇਥੇ ਲਿਆਉਣ। ਉਸ ਨੇ ਕਿਹਾ ਕਿ ਜੇ 2,500 ਤੋਂ 3,000 ਸਿੱਖਾਂ ਨੂੰ ਆਪਣੇ ਪਰਿਵਾਰ ਲਿਆਉਣ ਦੀ ਆਗਿਆ ਦਿੱਤੀ ਜਾਵੇ ਤਾਂ ਇਨ੍ਹਾਂ ਦੀ ਆਬਾਦੀ ਵਿਚ ਬਹੁਤ ਛੇਤੀ ਹੀ ਵਾਧਾ ਹੋਵੇਗਾ। ਉਸ ਨੇ ਅੱਗੋਂ ਇਹ ਵੀ ਕਿਹਾ ਕਿ ਇਹ ਲੋਕ ਅਣਚਾਹੇ ਹਨ ਅਤੇ ਇਨ੍ਹਾਂ ਦੀ ਇਮੀਗ੍ਰੇਸ਼ਨ ਬੰਦ ਹੋਣੀ ਚਾਹੀਦੀ ਹੈ।[80]

ਕਈ ਵਾਰ ਪੂਰਬੀ ਕੈਨੇਡਾ ਦੇ ਪ੍ਰੋਟੈਸਟੈਂਟ ਚਰਚ ਅਤੇ ਸਮਾਜਿਕ ਸੁਧਾਰਕ ਜਥੇਬੰਦੀਆਂ ਸਿੱਖਾਂ ਦੇ ਪੱਖੀ ਹੋ ਜਾਂਦੀਆਂ ਸਨ ਅਤੇ ਪੂਰਬੀ ਕੈਨੇਡਾ ਦੇ ਅਖ਼ਬਾਰ ਵੀ ਸਿੱਖਾਂ ਬਾਰੇ ਠੀਕ ਲਿਖਦੇ ਸਨ ਅਤੇ ਗੋਰੇ ਲੋਕ ਵੀ ਸਰਕਾਰ ਨੂੰ ਬੇਨਤੀ ਕਰਦੇ ਕਿ ਸਿੱਖਾਂ ਨੂੰ ਆਪਣੇ ਪਰਿਵਾਰ ਤੇ ਬੱਚੇ ਲਿਆਉਣ ਦੀ ਆਗਿਆ ਹੋਣੀ ਚਾਹੀਦੀ ਹੈ।[81] ਇਸ ਦੇ ਨਾਲ ਪੂਰਬੀ ਕੈਨੇਡਾ ਦੇ ਈਸਾਈ, ਮਿਸ਼ਨਰੀ ਸਿੱਖਾਂ ਨੂੰ ਪਰਿਵਾਰ ਲਿਆਉਣ ਦੀ ਖੁੱਲ੍ਹ ਦੇਣ ਦੇ ਵਿਰੁੱਧ ਸਨ। ਟੋਰੰਟੋ ਦੇ ਮਨਿਸਟ੍ਰੀਅਲ ਐਸੋਸ਼ੀਏਸ਼ਨ ਨੇ 2 ਜਨਵਰੀ, 1912 ਨੂੰ ਇਕ ਮਤਾ ਪਾਸ ਕੀਤਾ, ਜਿਸ ਵਿਚ ਉਨ੍ਹਾਂ ਨੇ ਸਿੱਖਾਂ ਨੂੰ ਆਪਣੇ ਪਰਿਵਾਰ ਤੇ ਬੱਚੇ ਲਿਆਉਣ ਦਾ ਵਿਰੋਧ ਕੀਤਾ।[82]

ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਸਰਕਾਰੀ ਜਸੂਸਾਂ ਅਤੇ ਇਮੀਗ੍ਰੇਸ਼ਨ ਵਿਭਾਗ ਦਾ ਜਤਨ ਸੀ ਕਿ ਪ੍ਰੋਫ਼ੈਸਰ (ਸੰਤ) ਤੇਜਾ ਸਿੰਘ ਵਿਰੁੱਧ ਝੂਠੀਆਂ ਅਫ਼ਵਾਹਾਂ ਫੈਲਾ ਦਿੱਤੀਆਂ ਜਾਣ ਤਾਂ ਜੋ ਉਹ ਕੈਨੇਡਾ ਛੱਡ ਕੇ ਚਲੇ ਜਾਣ। ਇਹ ਸਿੱਖਾਂ ਦੀ

---

80. *The Aryan*, Dec. 1911, Vol. 1, No. 5, pp. 1-3.
    Also See,
    Stevens, H.H., *Oriental Problems*, Vancouver; Terminal City Press, 1912, pp. 7-11.
81. Ward, Peter, *White Canada Forever : Popular Attitudes and Public Policy toward Orientals in British Columbia*, Montreal, McGill-Queen's U.P. 1978, p. 85.
82. *The Aryan*, Jan., 1912, p. 8.

ਬਦਕਿਸਮਤੀ ਸੀ ਕਿ ਉਨ੍ਹਾਂ ਪਾਸ ਕੋਈ ਨੇਕ ਨੀਅਤ ਵਾਲਾ ਪੜ੍ਹਿਆ ਲਿਖਿਆ ਵਿਅਕਤੀ ਨਹੀਂ ਸੀ। ਦੂਜੇ ਪਾਸੇ ਕੈਨੇਡਾ ਸਰਕਾਰ ਵੀ ਇਹੀ ਚਾਹੁੰਦੀ ਸੀ ਕਿ ਕੋਈ ਪੜ੍ਹਿਆ ਲਿਖਿਆ ਆਦਮੀ ਬਤੌਰ ਸਿੱਖ ਨੇਤਾ ਨਾ ਉਭਰ ਜਾਏ, ਜੋ ਸਿੱਖਾਂ ਨਾਲ ਹੋ ਰਹੀ ਬੇ-ਇਨਸਾਫ਼ੀ ਵਿਰੁੱਧ ਲਹਿਰ ਨਾ ਚਲਾ ਦੇਵੇ। ਇਹ ਵੀ ਸਰਕਾਰੀ ਸਾਜ਼ਿਸ਼ ਸੀ, ਜਦੋਂ 1914 ਤੋਂ ਪਿੱਛੋਂ ਸਿੱਖ ਭਾਈਚਾਰਾ ਸੰਤ ਤੇਜਾ ਸਿੰਘ ਜੀ ਦੀ ਨਿੰਦਾ ਕਰਨ ਲੱਗ ਪਏ ਸਨ ਤੇ ਆਖਦੇ ਸਨ ਕਿ ਉਨ੍ਹਾਂ ਨੇ ਆਟਵਾ ਜਾ ਕੇ ਕੁਝ ਵੀ ਪ੍ਰਾਪਤ ਨਹੀਂ ਕੀਤਾ।[83] ਡਾਕਟਰ ਜੋਹਨਜਸਟਨ ਨੇ ਅਖ਼ਬਾਰਾਂ ਦੇ ਆਧਾਰ 'ਤੇ ਗੱਲ ਲਿਖੀ ਹੈ ਕਿ ਸੰਤ ਤੇਜਾ ਸਿੰਘ ਦਾ ਲੋਕਾਂ ਵਿਚ ਸਤਿਕਾਰ ਘੱਟ ਗਿਆ ਸੀ। ਅਸਲ ਵਿਚ ਅਖ਼ਬਾਰਾਂ ਵਾਲਿਆਂ ਦਾ ਨਿਸ਼ਾਨਾ ਹੀ ਇਹੀ ਸੀ ਕਿ ਜੋ ਨੇਕ-ਨੀਅਤ ਵਾਲਾ ਵਿਅਕਤੀ ਸਰਕਾਰ ਦੀ ਸੋਚ ਵਿਰੁੱਧ ਚੱਲਦਾ ਹੈ, ਉਸ ਨੂੰ ਬਦਨਾਮ ਕੀਤਾ ਜਾਏ, ਕਿਉਂਕਿ ਇਸ ਤਰ੍ਹਾਂ ਕਰਨ ਨਾਲ ਕੌਮ ਵਿਚ ਧੜੇ ਬਣਦੇ ਸਨ ਅਤੇ ਫੁੱਟ ਪੈਦਾ ਹੋਣ ਕਾਰਨ ਏਕਤਾ ਭੰਗ ਹੁੰਦੀ ਸੀ। ਅਖ਼ਬਾਰਾਂ ਵੱਲੋਂ ਝੂਠੀਆਂ ਖ਼ਬਰਾਂ ਜਾਂ ਦੰਦ-ਕਥਾਵਾਂ ਨੂੰ ਖੋਜ ਆਧਾਰ ਬਣਾ ਕੇ ਆਖਣਾ ਕਿ ਸਿੱਖ ਲੀਡਰਾਂ ਉੱਤੇ ਲੋਕਾਂ ਦਾ ਵਿਸ਼ਵਾਸ ਘੱਟ ਗਿਆ ਸੀ, ਸਰਾਸਰ ਗਲਤ ਹੈ ਤੇ ਅਜੇਹੇ ਤੱਥ ਨੂੰ ਮੰਨਣਾ ਵੀ ਅਸੰਭਵ ਹੈ। ਸਾਨੂੰ ਇਹ ਤਾਂ ਪਤਾ ਹੈ ਕਿ ਸੰਤ ਤੇਜਾ ਸਿੰਘ ਜੀ ਵੱਲੋਂ ਆਟਵਾ ਜਾਣਾ ਉਨ੍ਹਾਂ ਦਾ ਨਿੱਜੀ ਫ਼ੈਸਲਾ ਨਹੀਂ ਸੀ, ਸਗੋਂ ਸਮੁੱਚੇ ਭਾਈਚਾਰੇ ਨੇ ਸਰਬ-ਸੰਮਤੀ ਨਾਲ ਮਤਾ ਪਾਸ ਕਰ ਕੇ ਚਾਰ ਸੱਜਣਾਂ ਨੂੰ ਬਤੌਰ ਡੈਪੂਟੇਸ਼ਨ ਆਟਵਾ ਭੇਜਿਆ। ਜੋ ਸਰਕਾਰ ਨੇ ਇਨ੍ਹਾਂ ਸੱਜਣਾਂ ਨੂੰ ਭਰੋਸਾ ਦਿੱਤਾ ਤਾਂ ਸਮੁੱਚੇ ਡੈਪੂਟੇਸ਼ਨ ਦੇ ਸਾਹਮਣੇ ਦਿੱਤਾ ਸੀ, ਬਾਕੀ ਡੈਪੂਟੇਸ਼ਨ ਵੱਲੋਂ ਜਤਨ ਸੀ ਕਿ ਸਰਕਾਰ ਨੂੰ ਭਾਰਤੀ ਲੋਕਾਂ ਦੀਆਂ ਮੁਸ਼ਕਲਾਂ ਸੰਬੰਧੀ ਜਾਣਕਾਰੀ ਦਿੱਤੀ ਜਾਏ ਅਤੇ ਸਾਰੀ ਮੁਸ਼ਕਲਾਂ ਕੈਨੇਡਾ ਦੀ ਸਰਕਾਰ ਵੱਲੋਂ ਹੀ ਪੈਦਾ ਕੀਤੀਆਂ ਹੋਈਆਂ ਸਨ। ਭਾਈ ਮਿੱਤ ਸਿੰਘ ਪੰਡੋਰੀ, ਜੋ ਕਿ ਉਸ ਸਮੇਂ ਕੌਮ ਦੇ ਨੇਤਾਵਾਂ ਵਿੱਚੋਂ ਇਕ ਸਨ, ਅਨੁਸਾਰ ਕੋਈ ਅਜੇਹੀ ਗੱਲ ਨਹੀਂ ਹੋਈ, ਜੋ ਸਿੱਧ ਕਰਦੀ ਹੋਵੇ ਕਿ ਸਿੱਖ ਸੰਤ ਤੇਜਾ ਸਿੰਘ 'ਤੇ ਭਰੋਸਾ ਕਰਨੋਂ ਹਟ ਗਏ ਸਨ, ਸਗੋਂ ਉਨ੍ਹਾਂ ਦੀ ਲਿਖਤ ਅਨੁਸਾਰ ਸੰਤ ਤੇਜਾ ਸਿੰਘ ਜੀ ਨੂੰ ਸਿੱਖਾਂ ਦਾ ਬਾਦਸ਼ਾਹ ਸਮਝਿਆ ਜਾਂਦਾ ਸੀ।[84]

ਇਹ ਗੱਲ ਪੂਰੇ ਵਿਸ਼ਵਾਸ ਅਤੇ ਇਤਿਹਾਸਕ ਸਬੂਤਾਂ ਨਾਲ ਕਹੀ ਜਾ ਸਕਦੀ ਹੈ ਕਿ ਸੰਤ ਤੇਜਾ ਸਿੰਘ ਸਿੱਖਾਂ ਵਿਚ ਬਹੁਤ ਸੱਚੇ ਤੇ ਹਰਮਨ ਪਿਆਰੇ ਸਨ, ਜਿਨ੍ਹਾਂ ਨੇ ਕੈਨੇਡਾ ਵਿਚ ਸਿੱਖਾਂ ਨੂੰ ਔਖੇ ਸਮੇਂ ਯੋਗ ਸਹਾਇਤਾ ਦਿੱਤੀ ਅਤੇ ਉਨ੍ਹਾਂ ਨੂੰ ਜਥੇਬੰਦ ਕੀਤਾ। ਸਮੂਹ ਭਾਰਤੀ ਭਾਈਚਾਰੇ ਦੇ ਹੱਕਾਂ ਦੀ ਖ਼ਾਤਰ ਘੋਲ ਕੀਤਾ। ਇਹ ਉਨ੍ਹਾਂ ਦੀ ਦੂਰ-ਅੰਦੇਸ਼ੀ ਹੀ ਸੀ, ਜਿਸ ਕਰਕੇ ਸਰਕਾਰ ਵੱਲੋਂ ਸਿੱਖਾਂ ਨੂੰ ਹਾਂਡੂਰਸ ਭੇਜਣ ਦੀ

83. Johnston, Hugh, *The Voyage of the Kamagatamaru*, Delhi, Oxford University Press, p. 12.

84. Ganda Singh, *Amrika wich Hindustani*, Vancouver, B.C., Dr. Kesar Singh, 1976, p. 132.

ਸਾਜ਼ਿਸ਼ ਨਾਕਾਮਯਾਬ ਹੋਈ। ਸੰਤ ਤੇਜਾ ਸਿੰਘ ਜੀ ਨੇ ਆਪਣੀ ਐਲ.ਐਲ.ਬੀ. ਦੀ ਯੋਗਤਾ ਦਾ ਪ੍ਰਯੋਗ ਕਰ ਕੇ ਸਿੱਖਾਂ ਲਈ ਇਕ ਵਕੀਲ ਦੀ ਸਹਾਇਤਾ ਨਾਲ ਗੁਰੂ ਨਾਨਕ ਮਾਈਨਿੰਗ ਐਂਡ ਟ੍ਰਸਟ ਕੰਪਨੀ ਰਜਿਸਟਰ ਕਰਾਈ। ਆਪਣੇ ਇਕ ਗੋਰੇ ਸ਼ਰਧਾਲੂ ਡਾਕਟਰ ਨੈਪ (Knapp) ਰਾਹੀਂ ਸਿੱਖਾਂ ਵਾਸਤੇ ਜ਼ਮੀਨ ਖ਼ਰੀਦ ਲਈ ਅਤੇ 15,800 ਡਾਲਰ ਨਾਲ ਜੈਕਸਿਨਵਿਲ ਕੈਲੇਫੋਰਨੀਆ ਵਿਖੇ ਸੋਨੇ ਦੀ ਖ਼ਾਨ ਦੇ 2½ ਲੱਖ ਡਾਲਰ ਦੇ ਹਿੱਸੇ ਖ਼ਰੀਦ ਲਏ। ਪਿੱਛੋਂ 1912 ਵਿਚ ਵਿਕਟੋਰੀਆ ਬੀ.ਸੀ. ਵਿਖੇ ਗੁਰਦੁਆਰਾ ਸਾਹਿਬ ਸਥਾਪਤ ਕੀਤਾ ਤੇ ਉਸਦਾ ਨੀਂਹ ਪੱਥਰ ਆਪ ਜੀ ਨੇ ਰੱਖਿਆ।[85] ਸਾਲ 1955-56 ਵਿਚ ਸੰਤ ਤੇਜਾ ਸਿੰਘ ਜੀ ਆਪਣੇ ਸੇਵਕ ਭਾਈ ਗਿਆਨ ਸਿੰਘ (ਡਾਕਟਰ ਗੁਰਬਖ਼ਸ਼ ਸਿੰਘ ਪਿੰਡ ਗਿੱਲ, ਲੁਧਿਆਣੇ ਦੇ ਛੋਟੇ ਭਰਾ) ਨਾਲ ਕੈਨੇਡਾ ਆਏ। ਸਿੱਖ ਸੰਗਤਾਂ ਨੇ ਉਨ੍ਹਾਂ ਦਾ ਬਹੁਤ ਸਤਿਕਾਰ ਕੀਤਾ ਅਤੇ ਪੁਰਾਣੇ ਸਿੱਖਾਂ ਨੂੰ ਉਨ੍ਹਾਂ ਦਾ ਮੁੜ ਦਰਸ਼ਨ ਕਰਨ ਨੂੰ ਵੀ ਸੁਭਾਗ ਸਮਝਿਆ।[86]

29 ਜਨਵਰੀ, 1912 ਨੂੰ ਵੈਨਕੂਵਰ ਦੇ ਭਾਰਤੀ ਭਾਈਚਾਰੇ ਨੇ ਇਕ ਵਿਸ਼ੇਸ਼ ਇਕੱਤਰਤਾ ਕੀਤੀ, ਜਿਸ ਵਿਚ ਤਕਰੀਬਨ 400 ਲੋਕਾਂ ਨੇ ਭਾਗ ਲਿਆ। ਆਟਵਾ ਜਾਣ ਵਾਲੇ ਡੇਪੂਟੇਸ਼ਨ ਦੇ ਮੈਂਬਰਾਂ ਨੇ ਵੀ ਆਪਣੇ ਆਪਣੇ ਵਿਚਾਰ ਦਿੱਤੇ ਅਤੇ ਕੇਂਦਰੀ ਮੰਤਰੀ ਮਿਸਟਰ ਰੋਜ਼ਰਜ਼ ਵੱਲੋਂ ਕੀਤੇ ਗਏ ਵਾਇਦਿਆਂ ਨੂੰ ਦੱਸਿਆ ਗਿਆ ਕਿ ਉਸ ਨੇ ਭਾਰਤੀ ਲੋਕਾਂ ਦੀ ਸਮੱਸਿਆਵਾਂ ਨੂੰ ਹੱਲ ਕਰਨ ਲਈ ਭਰੋਸਾ ਦਿਵਾਇਆ ਸੀ। ਇਨ੍ਹਾਂ ਮੈਂਬਰਾਂ ਵੱਲੋਂ ਦਿੱਤੇ ਵਿਚਾਰ ਸੁਣ ਕੇ ਕਿਸੇ ਦੇ ਮਨ ਵਿਚ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਰਹੀ। ਇਹ ਸਪੱਸ਼ਟ ਹੋ ਗਿਆ ਸੀ ਕਿ ਸਰਕਾਰ ਦੀ ਕੋਈ ਨੇਕ ਭਾਵਨਾ ਨਹੀਂ ਸੀ ਕਿ ਉਹ ਭਾਰਤੀ ਲੋਕਾਂ ਨੂੰ ਆਪਣੇ ਪਰਿਵਾਰ ਲਿਆਉਣ ਦੀ ਖੁੱਲ੍ਹ ਦੇਣ। ਉਸੇ ਮੰਗ ਨੂੰ ਦੁਹਰਾਉਣ ਲਈ ਸੰਤ ਤੇਜਾ ਸਿੰਘ ਜੀ ਨੇ ਦੁਬਾਰਾ ਮਤਾ ਰੱਖਿਆ ਅਤੇ ਹਸਨ ਰਹੀਮ ਨੇ ਮਤੇ ਦੀ ਪੁਸ਼ਟੀ ਕੀਤੀ।[87]

ਇਕ ਸਾਲ ਤਕ ਸਰਕਾਰ ਵੱਲੋਂ ਕੋਈ ਹੁੰਗਾਰੇ ਦੀ ਉਡੀਕ ਵਿਚ ਲੰਘਾਇਆ। ਆਖ਼ਰ ਭਾਰਤੀ ਭਾਈਚਾਰੇ ਨੇ ਲੰਡਨ ਅਤੇ ਦਿੱਲੀ ਦੇ ਉੱਚ ਅਧਿਕਾਰੀਆਂ ਪਾਸ ਵਿਸ਼ੇਸ਼ ਨੁਮਾਇੰਦੇ ਭੇਜਣ ਲਈ ਫ਼ੈਸਲਾ ਕੀਤਾ। 22 ਫ਼ਰਵਰੀ, 1913 ਨੂੰ ਇਕ ਹੋਰ ਵਿਸ਼ੇਸ਼ ਇਕੱਤਰਤਾ ਹੋਈ, ਜਿਸ ਵਿਚ ਵੈਨਕੂਵਰ ਦੇ ਸਿੱਖਾਂ ਤੋਂ ਬਿਨਾਂ ਅਮਰੀਕਾ (USA) ਤੋਂ ਵੀ ਸਿੱਖ ਪਹੁੰਚੇ। ਇਕੱਤਰਤਾ ਵਿਚ ਸਰਬ-ਸੰਮਤੀ ਨਾਲ ਪਾਸ ਹੋਇਆ ਕਿ ਇਹ

85. Kesar Singh, *Canadian Sikhs*, Surrey, B.C., 1989, pp. 85, 88-90, 204.
86. Khalsa Diwan Gazette Souvenir 1996, Vancouver; Khalsa Diwan Society, 1996, p. 102.
87. Ganda Singh, *Amrika wich Hindustani*, Vancouver, B.C., Dr. Kesar Singh, 1976, pp. 134-135.
Hassan Rahim, a native of Khathiawar arrived in Vancouver on Jan. 14, 1910 as a visitor and pretended himself to be a Muslim, a native of Delhi. He was a nationalist and revolutionary to fight against the British rule in India. He edited a newspaper *Hindustanee*.

ਡੇਪੂਟੇਸ਼ਨ ਲੰਡਨ ਤੋਂ ਹੁੰਦਾ ਹੋਇਆ ਭਾਰਤ ਜਾਵੇ ਅਤੇ ਉਥੋਂ ਦੇ ਉੱਚ ਅਧਿਕਾਰੀਆਂ ਨਾਲ ਸਮੂਹ ਤਕਲੀਫ਼ਾਂ ਨੂੰ ਜ਼ਾਹਰ ਕੀਤਾ ਜਾਵੇ। ਇਸ ਡੇਪੂਟੇਸ਼ਨ ਵਿਚ ਭਾਈ ਬਲਵੰਤ ਸਿੰਘ ਖੁਰਦਪੁਰ, ਭਾਈ ਨੰਦ ਸਿੰਘ ਸੇਹਰਾ (ਫ਼ਿਲੌਰ), ਭਾਈ ਨਰੈਣ ਸਿੰਘ (ਠੀਕਰੀਵਾਲਾ) ਸ਼ਾਮਿਲ ਹੋਏ। ਇਹ ਤਿੰਨੇ ਸੱਜਣ ਅਪਰੈਲ 1913 ਨੂੰ ਲੰਡਨ ਪਹੁੰਚ ਗਏ।[88]

14 ਮਈ, 1913 ਨੂੰ ਲੰਡਨ ਵਿਖੇ ਸਰ ਮੁਕਰਜੀ ਐਮ ਭੋਵਨਗਰੀ ਦੀ ਪ੍ਰਧਾਨਗੀ ਹੇਠ ਕੈਕਸਟਨ ਵਿਚ ਸਫਲ ਇਕੱਤਰਤਾ ਹੋਈ। ਕੈਨੇਡਾ ਵੱਲੋਂ ਪਹੁੰਚੇ ਹੋਏ ਨੁਮਾਇੰਦੇ ਹਾਜ਼ਰ ਹੋਏ। ਇਸ ਇਕੱਤਰਤਾ ਵਿਚ ਹੋਰ ਭਾਰਤੀ ਤੇ ਗੋਰੇ ਲੋਕ ਵੀ ਸ਼ਾਮਲ ਹੋਏ। ਕੁਝ ਚੋਣਵੇਂ ਵਿਅਕਤੀਆਂ ਦੇ ਨਾਂ ਫ਼ੀਲਡ ਮਾਰਸ਼ਲ ਅਰਲ ਰੋਬਰਟਸ, ਮਾਣਯੋਗ ਅਮੀਰ ਅਲੀ ਆਦਿ ਸਨ। ਇਕ ਵਿਸ਼ੇਸ਼ ਮਤਾ ਪਾਸ ਕੀਤਾ ਗਿਆ, ਜਿਸ ਵਿਚ ਅਟੁੱਟ ਸਮੁੰਦਰੀ ਯਾਤਰਾ ਵਾਲੀ ਇਮੀਗ੍ਰੇਸ਼ਨ ਦੀ ਕਾਨੂੰਨੀ-ਧਾਰਾ ਨੂੰ ਖ਼ਤਮ ਕਰਨ ਲਈ ਕਿਹਾ ਗਿਆ। ਇਸ ਮਤੇ ਦੀਆਂ ਨਕਲਾਂ ਬਰਤਾਨਵੀ, ਭਾਰਤੀ ਅਤੇ ਕੈਨੇਡਾ ਦੇ ਉੱਚ ਅਧਿਕਾਰੀਆਂ ਨੂੰ ਭੇਜੀਆਂ ਗਈਆਂ।[89]

ਇਸ ਪਿੱਛੋਂ ਭਾਰਤੀ ਨੁਮਾਇੰਦੇ ਕਲੋਨੀਅਲ ਅੰਡਰ ਸੈਕਟਰੀ ਸਰ ਜੌਹਨ ਐਂਡਰਸਨ ਨੂੰ ਵੀ ਮਿਲੇ। ਅਨੇਕਾਂ ਜਤਨਾਂ ਦੇ ਬਾਵਜੂਦ ਡੇਪੂਟੇਸ਼ਨ ਨੂੰ ਬਰਤਾਨਵੀ ਅਧਿਕਾਰੀਆਂ ਵੱਲੋਂ ਕੋਈ ਚੰਗਾ ਹੁੰਗਾਰਾ ਨਹੀਂ ਮਿਲਿਆ, ਆਖ਼ਰ 28 ਮਈ, 1913 ਨੂੰ ਡੇਪੂਟੇਸ਼ਨ ਇੰਗਲੈਂਡ ਤੋਂ ਵਿਦਾ ਹੋ ਕੇ 6 ਜੁਲਾਈ, 1913 ਨੂੰ ਲਾਹੌਰ ਪਹੁੰਚ ਗਿਆ। ਉਥੇ ਜਾ ਕੇ ਉਹ ਸਰਗਰਮ ਰਾਜਨੀਤਕ ਨੇਤਾਵਾਂ ਅਥਵਾ ਅਖ਼ਬਾਰਾਂ ਦੇ ਸੰਪਾਦਕਾਂ

88. Jas, Jaswant Singh, *Baba Gurdit Singh*, Jalandhar; New Book Co., 1983, pp. 33-34
Also See,
Gurdit Singh, *The Voyage of the Kamagatamaru*, Calcutta, pp. 13-14.
I. Bhai Nand Singh was a student from the U.S. He belonged to Phillaur, Distt. Jalandhar. After passing F.A. from Khalsa College Amritsar he joined Technical Institute in Bombay and passed his engineering diploma. Then he came to U.S. for higher Studies.
II. Bhai Balwant Singh was a native of Khurdpur, Distt. Jalandhar who served in the 36 Sikh Regiment. After resigning from his army services he reached Vancouver where he served as a priest and director of Khalsa Diwan Society, Vancouver.
III. Bhai Narain Singh belonged to a famous village Thikriwala, Distt. Sangrur. He was a very active revolutionary who urged all Indians in North America to return to India for mutiny.

89. Memorandum by the inhabitants of the Punjab to Honorable Charles Hardings, Baron Harding of Penhurst, Viceroy and Governor General of India Lahore, Model Press Anarkali, pp. 7-8.

ਨੂੰ ਮਿਲੇ ਅਤੇ ਆਪਣੇ ਮਿਸ਼ਨ ਬਾਰੇ ਜਾਣਕਾਰੀ ਦਿੱਤੀ। 18 ਅਗਸਤ, 1913 ਨੂੰ ਲਾਹੌਰ ਦੇ ਬਰੈਡਲਾ ਹਾਲ ਵਿਚ ਕੈਨੇਡਾ ਵੱਲੋਂ ਨਸਲੀ ਵਿਤਕਰੇ ਵਾਲੇ ਬਣੇ ਕਾਨੂੰਨਾਂ ਦੀ ਚਰਚਾ ਕੀਤੀ। ਇਸ ਤੋਂ ਪਿੱਛੋਂ ਡੇਪੂਟੇਸ਼ਨ ਨੇ ਪੰਜਾਬ ਦੇ ਸ਼ਹਿਰਾਂ ਦਾ ਭ੍ਰਮਣ ਕੀਤਾ ਅਤੇ ਜਿਥੇ ਮੌਕਾ ਮਿਲਦਾ, ਲੋਕਾਂ ਨੂੰ ਕੈਨੇਡਾ ਵੱਲੋਂ ਹੋ ਰਹੀ ਬੇ-ਇਨਸਾਫ਼ੀ ਤੇ ਨਸਲੀ ਵਿਤਕਰੇ ਬਾਰੇ ਪ੍ਰਚਾਰ ਕਰਦੇ। 18 ਸਤੰਬਰ, 1913 ਨੂੰ ਡੇਪੂਟੇਸ਼ਨ ਨੇ ਪੰਜਾਬ ਦੇ ਗਵਰਨਰ ਸਰ ਮਾਈਕਲ ਓਡਵਾਇਰ ਨਾਲ ਭੇਂਟ ਕੀਤੀ ਅਤੇ 20 ਦਸੰਬਰ, 1913 ਨੂੰ ਭਾਰਤ ਦੇ ਵਾਇਸਰਾਏ ਨਾਲ ਮਿਲਣੀ ਕੀਤੀ।[90]

ਮਾਰਚ 1913 ਵਿਚ ਗ਼ਦਰ ਪਾਰਟੀ ਹੋਂਦ ਵਿਚ ਆਈ। ਨਾਰਥ ਅਮਰੀਕਾ ਵਿਚ ਨਸਲੀ ਵਿਤਕਰਾ ਹੀ ਮੁੱਖ ਕਾਰਨ ਸੀ, ਜਿਸ ਕਰਕੇ ਗ਼ਦਰ ਪਾਰਟੀ ਦੀ ਸਥਾਪਨਾ ਦਾ ਮੁੱਢ ਬੱਝਿਆ। ਅੱਜ ਇਹ ਵੀ ਮੰਨਿਆ ਜਾਂਦਾ ਹੈ ਕਿ ਗ਼ਦਰ ਪਾਰਟੀ ਦੀ ਹੋਂਦ ਕੈਨੇਡਾ ਦੇ ਸਿੱਖਾਂ ਕਰਕੇ ਹੋਈ। ਇਸ ਜਥੇਬੰਦੀ ਦਾ ਅਸਲ ਨਾਂ 'ਹਿੰਦੀ ਪੈਸੀਫ਼ਿਕ ਐਸੋਸੀਏਸ਼ਨ' (Hindi Pacific Association) ਸੀ, ਪਰ ਸੌਖਾ ਹੋਣ ਕਾਰਨ ਗ਼ਦਰ ਪਾਰਟੀ ਦਾ ਨਾਂ ਹੀ ਜ਼ਿਆਦਾ ਪ੍ਰਚਲਤ ਹੋਇਆ। ਇਸ ਨਾਂ ਦਾ ਪ੍ਰਚਲਤ ਹੋਣ ਦਾ ਦੂਸਰਾ ਕਾਰਨ ਸੀ ਕਿ ਜਥੇਬੰਦੀ ਵੱਲੋਂ ਮਾਹਵਰੀ ਰਸਾਲੇ ਦਾ ਨਾਂ 'ਗ਼ਦਰ' ਸੀ। ਇਸ ਜਥੇਬੰਦੀ ਦਾ ਮੁੱਖ ਨਿਸ਼ਾਨਾ ਬਰਤਾਨਵੀ ਸਾਮਰਾਜ ਵਿਰੁੱਧ ਹਥਿਆਰਬੰਦ ਬਗ਼ਾਵਤ ਕਰਕੇ ਆਜ਼ਾਦੀ ਹਾਸਲ ਕਰਨਾ ਸੀ। ਕੈਨੇਡਾ ਦੇ ਸਿੱਖ ਖੁੱਲ੍ਹੇ ਤੌਰ 'ਤੇ ਗ਼ਦਰ ਪਾਰਟੀ ਵਿਚ ਹਿੱਸਾ ਨਹੀਂ ਲੈਂਦੇ ਸਨ, ਪਰ ਪਾਰਟੀ ਦੀ ਮਾਇਕ ਪੱਖੋਂ ਪੂਰੀ ਮਦਦ ਕਰਦੇ ਅਤੇ ਗ਼ਦਰ ਪੇਪਰ ਦੀ ਵੰਡ ਕਰਨ ਵਿਚ ਸਹਿਯੋਗ ਦਿੰਦੇ ਸਨ। ਜੋ ਲੋਕ ਪੰਜਾਬੀ ਜਾਂ ਉਰਦੂ ਪੜ੍ਹਨ ਤੋਂ ਅਸਮਰੱਥ ਸਨ, ਉਨ੍ਹਾਂ ਨੂੰ ਇਕੱਠਾਂ ਵਿਚ ਪੇਪਰ ਪੜ੍ਹ ਕੇ ਸੁਣਾਇਆ ਜਾਂਦਾ ਤੇ ਮਹੱਤਵਪੂਰਨ ਨੁਕਤਿਆਂ ਨੂੰ ਵਿਚਾਰਿਆ ਜਾਂਦਾ। ਇਸ ਗ਼ਦਰ ਪੇਪਰ ਨੂੰ ਹੋਰ ਮੁਲਕਾਂ ਵਿਚ ਵੀ ਭੇਜਿਆ ਜਾਂਦਾ, ਜਿਥੇ ਭਾਰਤੀ ਲੋਕ ਵੱਸੇ ਹੋਏ ਸਨ। ਇਸ ਪੇਪਰ ਨੇ ਬਹੁਤੇ ਭਾਰਤੀਆਂ ਨੂੰ ਗ਼ਦਰ ਲਹਿਰ ਵਿਚ ਸ਼ਾਮਲ ਹੋਣ ਲਈ ਪ੍ਰੇਰਿਆ। ਯੂ.ਐੱਸ.ਏ. ਇਕ ਆਜ਼ਾਦ ਮੁਲਕ ਸੀ ਅਤੇ ਇਥੇ ਗ਼ਦਰ ਪਾਰਟੀ ਦੀਆਂ ਸਰਗਰਮੀਆਂ ਕਰਨ ਤੋਂ ਘੱਟ ਖ਼ਤਰਾ ਸੀ, ਪਰ ਦੂਜੇ ਪਾਸੇ ਕੈਨੇਡਾ ਬਰਤਾਨਵੀ ਸਾਮਰਾਜ ਦੀ ਬਸਤੀ (ਕਾਲੋਨੀ) ਸੀ। ਇਹੀ ਕਾਰਨ ਹੈ ਕਿ ਕੈਨੇਡਾ ਵਿਚ ਭਾਰਤੀ ਲੋਕਾਂ ਵੱਲੋਂ ਸਮੂਹ ਕਾਰਜਵਿਧੀਆਂ 'ਤੇ ਬਰਤਾਨਵੀ ਜਾਸੂਸ ਵਿਭਾਗ ਵੱਲੋਂ ਕਰੜੀ ਨਿਗਰਾਨੀ ਰੱਖੀ ਜਾਂਦੀ ਸੀ। ਜਾਸੂਸੀ ਵਿਭਾਗ ਵੱਲੋਂ ਜ਼ਿਆਦਾ ਤੌਰ 'ਤੇ ਜਾਸੂਸੀ ਦਾ ਸਮਾਂ 1908 ਤੋਂ 1914 ਤਕ ਰਿਹਾ।[91]

ਸਿੱਖਾਂ ਨੇ ਵੀ ਕੋਈ ਜ਼ਿਆਦਾ ਪਰਵਾਹ ਨਹੀਂ ਕੀਤੀ ਅਤੇ ਸ਼ਰੇਆਮ ਗ਼ਦਰ

---

90. Jas, Jaswant Singh, *Baba Gurdit Singh*, Jalandhar; New Book Co., 1983, pp. 34-36.
91. *Pacific Historical Review*, Vol. 48, 1979, American Historical Association, pp. 70-71.

ਪੇਪਰ ਲਗਵਾਏ ਅਤੇ ਗ਼ਦਰ ਪਾਰਟੀ ਦੀ ਮਾਇਕ ਲੋੜਾਂ ਨੂੰ ਪੂਰਾ ਕਰਨ ਵਿਚ ਸਹਾਇਕ ਰਹੇ। ਇਨ੍ਹਾਂ ਹੀ ਸਮਿਆਂ ਦੌਰਾਨ ਗਿਆਨੀ ਭਗਵਾਨ ਸਿੰਘ, ਜੋ ਹਾਂਗਕਾਂਗ ਵਿਖੇ ਗ੍ਰੰਥੀ ਸਨ, ਵੈਨਕੂਵਰ ਪਹੁੰਚ ਗਏ।[92] ਇਨ੍ਹਾਂ ਨੂੰ ਕੈਨੇਡਾ ਪਹੁੰਚਣ ਵਿਚ **ਬੇਲਾ ਸਿੰਘ**[93] ਨੇ ਸਹਾਇਤਾ ਦਿੱਤੀ ਅਤੇ ਬੇਲਾ ਸਿੰਘ ਵਿਲੀਅਮ ਹਾਪਕਿਨਸਨ ਦਾ ਸੱਜਾ ਹੱਥ ਸੀ ਅਤੇ ਗ਼ਦਾਰ ਜੁੰਡਲੀ ਦਾ ਮੁਖੀ ਸੀ। ਗਿਆਨੀ ਭਗਵਾਨ ਸਿੰਘ ਨੇ ਸਹਾਇਤਾ ਬਦਲੇ ਨਕਦ ਪੈਸੇ ਦਿੱਤੇ, ਭਾਵ ਬੇਲਾ ਸਿੰਘ ਲਾਲਚੀ ਆਦਮੀ ਸੀ, ਤਾਹੀਓਂ ਆਪਣੇ ਵਤਨੀਆਂ ਦੇ ਵਿਰੁੱਧ ਸਰਕਾਰ ਦੀ ਸਹਾਇਤਾ ਕਰਦਾ ਤੇ ਉਸ ਨੂੰ ਗ਼ਦਾਰੀ ਕਰਨ ਦੀ ਤਨਖ਼ਾਹ ਵੀ ਮਿਲਦੀ ਸੀ। ਭਾਈ ਭਗਵਾਨ ਸਿੰਘ ਹੋਰਾਂ ਦਾ ਬੇਲਾ ਸਿੰਘ ਦੁਆਰਾ ਕੈਨੇਡਾ ਪਹੁੰਚਣ ਕਾਰਨ, ਪਹਿਲਾਂ ਪਹਿਲਾਂ ਲੋਕਾਂ ਨੇ ਗਿਆਨੀ ਜੀ ਤੋਂ ਦੂਰੀ ਰੱਖੀ, ਪਰ ਹੌਲੀ ਹੌਲੀ ਬਤੌਰ ਚੰਗੇ ਵਕਤਾ ਪ੍ਰਸਿੱਧ ਹੋ ਗਏ। ਗਿਆਨੀ ਭਗਵਾਨ ਸਿੰਘ ਜੀ ਕਵਿਤਾ ਵੀ ਲਿਖਦੇ ਸਨ ਅਤੇ ਉਨ੍ਹਾਂ ਦੀ ਕਵਿਤਾ ਦੀ ਤਿਖੀ ਸੁਰ ਬਰਤਾਨਵੀ ਸਾਮਰਾਜ ਦੇ ਵਿਰੁੱਧ ਸੀ। ਉਨ੍ਹਾਂ ਨੇ ਸਿੱਖਾਂ ਨੂੰ ਗ਼ਦਰ ਲਹਿਰ ਵਿਚ ਸ਼ਾਮਲ ਹੋਣ ਲਈ ਪ੍ਰੇਰਿਆ। ਜਦੋਂ ਹਾਪਕਿਨਸਨ ਨੂੰ ਗਿਆਨੀ ਭਗਵਾਨ ਸਿੰਘ ਜੀ ਦੀਆਂ ਗਤੀਵਿਧੀਆਂ ਬਾਰੇ ਪਤਾ ਲੱਗਾ ਤਾਂ ਉਸ ਨੂੰ ਬਹੁਤ ਗ਼ੁੱਸਾ ਆਇਆ ਅਤੇ ਅਜੇਹੇ ਮੌਕੇ ਦੀ ਭਾਲ ਵਿਚ ਸੀ, ਜਦੋਂ ਗਿਆਨੀ ਜੀ ਨੂੰ ਦੇਸ਼ ਨਿਕਾਲਾ ਦੇ ਦਿੱਤਾ ਜਾਵੇ। ਆਖ਼ਰ ਗਿਆਨੀ ਭਗਵਾਨ ਸਿੰਘ ਨੂੰ ਜਾਅਲੀ ਪੇਪਰਾਂ ਦੁਆਰਾ ਕੈਨੇਡਾ ਪਹੁੰਚਣ ਦੇ ਦੋਸ਼ ਵਿਚ ਦੋਸ਼ੀ ਠਹਿਰਾ ਦਿੱਤਾ, ਪਰ ਖ਼ਾਲਸਾ ਦੀਵਾਨ ਸੁਸਾਇਟੀ ਨੇ ਕਾਨੂੰਨ ਦੀ ਆੜ ਲੈ ਕੇ ਉਨ੍ਹਾਂ ਦੀ ਜ਼ਮਾਨਤ ਦੇ ਕੇ ਰਿਹਾ ਕਰਵਾ ਲਿਆ। 18 ਨਵੰਬਰ, 1913 ਨੂੰ ਅੱਧੀ ਰਾਤ ਸਮੇਂ ਉਨ੍ਹਾਂ ਦੇ ਹੱਥਕੜੀਆਂ ਲਗਾ ਕੇ ਗ੍ਰਿਫ਼ਤਾਰ ਕਰ ਲਿਆ ਅਤੇ ਧੱਕੇ ਨਾਲ ਕੈਨੇਡਾ

---

92. Giani Bhagwan Singh was a scholar who also served as a teacher in the Sikh Missionary College of Gujranwala. Then, he went to Penang and worked as a priest. He was a man of revolutionary ideas and he would not hesitate to speak against the British, therefore, his revolutionary activities caused his dismissal from the Gurdwara. After that he fled to Hong Kong where he served as a priest. Bela Singh met him at Hong Kong and he paid $ 50.00 to Bela Singh to reach Canada.
93. Bela Singh was one of the paid informants of the Canadian Government. He belonged to the village Jain, Distt. Hoshiarpur. He killed Bhai Bhag Singh and Bhai Batan Singh, but he was aquitted. Then he was charged for assaulting Lachhman Singh of Khurdpur. In 1922, Babbar Akali Movement took up arms against the British. Again Bela Singh was a tool in the hands of British authorities to help them and supress this movement but Bela Singh could not escape himself from the targets of the Babbars, who were determined to kill.
    Also See,
    Encyclopedia of Sikhism, Vol. 1, Patiala; Punjabi University, 1995.

ਤੋਂ ਬਾਹਰ ਕੱਢਣ ਲਈ ਜਹਾਜ਼ ਵਿਚ ਚਾੜ੍ਹ ਦਿੱਤਾ, ਜਦੋਂ ਕਿ ਉਨ੍ਹਾਂ ਦਾ ਕੇਸ ਅਦਾਲਤ ਵਿਚ ਸੀ।[94]

ਨਸਲ ਦੇ ਆਧਾਰ 'ਤੇ ਵਿਤਕਰਾ ਪੂਰਾ ਸੀ, ਉਥੇ ਬਰਤਾਨਵੀ ਸਾਮਰਾਜ ਵੱਲੋਂ ਅਜਿਹੇ ਜਾਸੂਸੀ ਜਾਲ ਵਿਛਾਏ ਗਏ ਸਨ ਕਿ ਕੌਮੀ ਅਤੇ ਦੇਸ਼ ਦੀ ਆਜ਼ਾਦੀ ਲਈ ਘੋਲ ਕਰਨ ਵਾਲਿਆਂ ਨੂੰ ਤੰਗ ਕੀਤਾ ਜਾਂਦਾ ਸੀ। 17 ਦਸੰਬਰ, 1913 ਨੂੰ 56 ਨਵੇਂ ਸਿੱਖ ਆਵਾਸੀ ਵਿਕਟੋਰੀਆ (ਬੀ.ਸੀ.) ਦੀ ਬੰਦਰਗਾਹ 'ਤੇ ਪਹੁੰਚੇ। ਇਹ ਸਾਰਾ ਜਥਾ 'ਐਂਪਰਸ ਆਫ਼ ਪਨਾਮਾ ਮਾਰੂ' ਜਹਾਜ਼ ਰਾਹੀਂ ਆਏ ਸਨ। ਇਨ੍ਹਾਂ ਸਾਰਿਆਂ ਨੂੰ ਬੋਰਡ ਦੇ ਸਾਹਮਣੇ ਪੁੱਛਗਿੱਛ ਲਈ ਜਾਣ ਤੋਂ ਪਹਿਲਾਂ ਹੀ ਹਿਰਾਸਤ ਵਿਚ ਲੈ ਲਿਆ। ਇਮੀਗ੍ਰੇਸ਼ਨ ਵਿਭਾਗ ਨੇ ਹਾਪਕਿਨਸਨ ਨੂੰ ਬੁਲਾ ਲਿਆ ਤਾਂ ਜੋ ਦੋ-ਭਾਸ਼ੀਆ ਦਾ ਕੰਮ ਕਰਨ ਉਪਰੰਤ ਨਵੇਂ ਆਵਾਸੀਆਂ ਨੂੰ ਤੰਗ ਵੀ ਕੀਤਾ ਜਾ ਸਕੇ। ਸਾਰੇ ਮੁਸਾਫ਼ਰਾਂ ਵਿੱਚੋਂ 17 ਨੂੰ ਛੱਡ ਦਿੱਤਾ ਗਿਆ ਅਤੇ ਬਾਕੀਆਂ ਨੂੰ ਭਾਰਤ ਵਾਪਸ ਜਾਣ ਲਈ ਹੁਕਮ ਦੇ ਦਿੱਤਾ। ਉਸ ਸਮੇਂ ਹੀ ਵੈਨਕੂਵਰ ਦੇ ਸਿੱਖਾਂ ਨੇ ਕਾਨੂੰਨੀ ਸਹਾਇਤਾ ਲਈ ਵਕੀਲ ਮਿਸਟਰ ਬਰਡ ਨੂੰ ਕਰ ਲਿਆ।[95]

ਜੱਜ ਮਰਫੀ ਨੇ ਕਾਨੂੰਨੀ ਅਰਜ਼ੀ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਵਕੀਲ ਬਰਡ ਕੇਸ ਨੂੰ ਦੂਸਰੇ ਜੱਜ ਹੰਟਰ ਪਾਸ ਲੈ ਗਿਆ। ਚਾਰ ਆਦਮੀਆਂ ਦੇ ਕੇਸਾਂ ਨੂੰ ਛੱਡ ਕੇ 35 ਮੁਸਾਫ਼ਰਾਂ ਦੇ ਕੇਸਾਂ 'ਤੇ ਮੁੜ ਵਿਚਾਰ ਕਰਨ ਲਈ ਜੱਜ ਸਾਹਿਬ ਮੰਨ ਗਏ। ਜੱਜ ਸਾਹਿਬ ਹੰਟਰ ਨੇ 'ਆਰਡਰ ਇਨ ਕੌਂਸਲ' ਵਿਚ ਕਾਨੂੰਨੀ ਨੁਕਸ ਲੱਭ ਲਏ ਅਤੇ ਛੇਤੀ ਹੀ 35 ਮੁਸਾਫ਼ਰਾਂ ਨੂੰ ਕੈਨੇਡਾ ਦਾਖ਼ਲ ਹੋਣ ਦਾ ਹੱਕ ਦੇ ਦਿੱਤਾ।[96]

ਸਿੱਖ ਆਪਣੇ ਕਾਰਜ ਵਿਚ ਸਫਲ ਹੋ ਗਏ ਅਤੇ ਇਹ ਘਟਨਾ ਇਹ ਵੀ ਸਿੱਧ ਕਰਦੀ ਹੈ ਕਿ ਸਿੱਖਾਂ ਨੂੰ ਪੈਰ ਪੈਰ 'ਤੇ ਘੋਲ ਕਰਨਾ ਪਿਆ।

---

94. Ker, James Campbell, *Political Trouble in India, 1907-1917*, Delhi; Oriental Publishers, 1973, pp. 238-239.
    Also See,
    Ganda Singh, *Amrika wich Hindustani*, Vancouver, B.C., Dr. Kesar Singh, 1976, pp. 136-137.
    And
    Jas, Jaswant Singh, *Baba Gurdit Singh*, Jalandhar; New Book Co., 1983, p. 38.
95. Johnston, Hugh, *The Voyage of the Kamagatamaru*, Delhi; Oxford U.P. 1979, pp. 17-18.
    Also See,
    Hopkinson to W.W. Cory, Deputy Minister of the Interior, Ottawa, R. 676, Vol. 385, File 53699 pt. 6 PAC.
96. British Columbia Reports, Vol. 18, 1913, pp. 506, 509.

ਦੂਜਾ ਅਧਿਆਇ

ਕਾਮਾਗਾਟਾਮਾਰੂ ਦਾ ਦੁਖਾਂਤ—1914

ਪਹਿਲੇ ਅਧਿਆਇ ਵਿਚ ਦੱਸਿਆ ਗਿਆ ਸੀ ਕਿ ਨਵੰਬਰ 1913 ਵਿਚ 56 ਸਿੱਖ ਅਵਾਸੀ ਕੈਨੇਡਾ ਪਹੁੰਚੇ, ਜਿਨ੍ਹਾਂ ਵਿੱਚੋਂ ਕੁਝ ਨੂੰ ਕੈਨੇਡਾ ਦਾਖ਼ਲ ਹੋਣ ਦੀ ਆਗਿਆ ਮਿਲੀ ਅਤੇ ਬਾਕੀ ਸਾਰਿਆਂ ਨੂੰ ਬੰਦਰਗਾਹ 'ਤੇ ਹੀ ਹਿਰਾਸਤ ਵਿਚ ਲੈ ਲਿਆ ਸੀ। ਇਮੀਗ੍ਰੇਸ਼ਨ ਦੇ ਵਿਸ਼ੇਸ਼ ਬੋਰਡ ਨੇ ਫ਼ੈਸਲਾ ਕਰ ਕੇ ਇਨ੍ਹਾਂ ਸਿੱਖ ਅਵਾਸੀਆਂ ਨੂੰ ਡੀਪੋਰਟ ਕਰਨ ਦਾ ਹੁਕਮ ਸੁਣਾ ਦਿੱਤਾ। ਕੈਨੇਡਾ 'ਚ ਰਹਿੰਦੇ ਭਾਰਤੀ ਭਾਈਚਾਰੇ ਨੇ ਡੀਪੋਰਟ ਕਰਨ ਦੇ ਹੁਕਮ ਵਿਰੁੱਧ ਵਕੀਲ ਬਰਡ[1] ਦੁਆਰਾ ਅਪੀਲ ਦਾਇਰ ਕਰ ਦਿੱਤੀ, ਭਾਵ ਉਪਰੋਕਤ ਬੋਰਡ ਦੇ ਫ਼ੈਸਲੇ ਵਿਰੁੱਧ ਅਪੀਲ ਕਰਨ ਦਾ ਹੱਕ ਪ੍ਰਾਪਤ ਕਰ ਲਿਆ।

ਬੀ.ਸੀ. ਸੁਪਰੀਮ ਕੋਰਟ ਦੇ ਮੁਖ ਜੱਜ ਮਿਸਟਰ ਹੰਟਰ ਨੇ ਅਪੀਲ ਕਰਨ ਦੀ ਆਗਿਆ ਦਿੱਤੀ ਸੀ। ਜਦੋਂ ਅਪੀਲ ਦਰਜ ਹੋ ਗਈ ਤਾਂ ਕੇਸ ਸ਼ੁਰੂ ਹੋ ਗਿਆ ਅਤੇ ਕੇਸ ਦਾ ਫ਼ੈਸਲਾ ਸਿੱਖਾਂ ਦੇ ਹੱਕ ਵਿਚ ਹੋਇਆ ਅਤੇ ਸਾਰੇ ਅਵਾਸੀਆਂ ਨੂੰ ਕੈਨੇਡਾ ਦਾਖ਼ਲ ਹੋਣ ਦਾ ਅਧਿਕਾਰ ਮਿਲ ਗਿਆ।[2] ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਕੇਸ ਜਿੱਤਣ ਦੀ ਖ਼ਬਰ ਅਖ਼ਬਾਰਾਂ ਵਿਚ ਛਪੀ, ਉਪਰੰਤ ਹਾਂਗਕਾਂਗ ਤੇ ਹੋਰ ਥਾਵਾਂ ਜਿਥੇ ਜਿਥੇ ਸਿੱਖ ਰਹਿੰਦੇ ਸਨ, ਜ਼ਰੂਰ ਪੁੱਜੀ ਹੋਵੇਗੀ। ਪਹਿਲਾਂ ਹੀ ਬਹੁਤ ਸਿੱਖ ਕੈਨੇਡਾ ਪਹੁੰਚਣਾ ਚਾਹੁੰਦੇ ਸਨ। ਇਹ ਵੀ ਹਕੀਕਤ ਹੈ ਕਿ ਉਪਰੋਕਤ ਕੇਸ (ਨਰੈਣ ਸਿੰਘ ਤੇ ਹੋਰ), ਕੇਸ ਜਿੱਤਣ ਉਪਰੰਤ ਜੋ ਸਿੱਖ ਕੈਨੇਡਾ ਜਾਣਾ ਚਾਹੁੰਦੇ ਸਨ, ਉਨ੍ਹਾਂ ਲਈ ਸਿੱਧਾ ਜਾਂ ਅਟੁੱਟ ਸਫ਼ਰ ਕਰਨ ਦੀਆਂ ਸ਼ਰਤਾਂ ਨੂੰ ਪੂਰਾ ਕਰਨਾ ਬਹੁਤ ਅਸੰਭਵ ਸੀ। ਭਾਵੇਂ ਉਨ੍ਹਾਂ ਨੂੰ ਖ਼ੁਸ਼ੀ ਹੋਈ ਹੋਵੇਗੀ ਤੇ ਹੌਸਲਾ ਵੀ ਵਧਿਆ ਹੋਵੇਗਾ, ਪਰ ਉਸ ਸਮੇਂ ਕਿਸੇ ਜਹਾਜ਼ ਦੀ ਕੰਪਨੀ ਪਾਸੋਂ ਕੈਨੇਡਾ ਦਾ ਸਿੱਧਾ ਟਿਕਟ ਖ਼ਰੀਦਣਾ ਅਸੰਭਵ ਸੀ। ਦੂਜਾ, ਕੈਨੇਡਾ ਸਰਕਾਰ ਵੱਲੋਂ ਸਮੂਹ ਜਹਾਜ਼ ਦੀਆਂ ਕੰਪਨੀਆਂ ਨੂੰ ਸਿੱਖਾਂ ਜਾਂ ਭਾਰਤੀਆਂ ਨੂੰ ਟਿਕਟਾਂ ਵੇਚਣ ਵਿਰੁੱਧ ਸਖ਼ਤ ਤਾੜਨਾ ਵੀ ਸੀ।[3]

---

1. Edward J. Bird, who was also a legal adviser and lawyer during the Kamagatamaru Crisis. 1914, He was a socialist by ideology.
2. Saihnsra, Gurcharan Singh, *Ghadar Party da Itihas (Punjabi)*, Jalandhar; Desh Bhagat Yadgar Committee, p. 6.
   Also See,
   Jas, Jaswant Singh, *Baba Gurdit Singh*, Jalandhar; New Book Co., 1983, p. 40.
3. Josh, Sohan Singh, *Kamagatamaru da Dukhant*, Chandigarh; Punjab Book Centre, 1976, p. 34.

ਜਿਵੇਂ ਪਹਿਲਾਂ ਉਲੇਖ ਹੋਇਆ ਹੈ ਕਿ ਨਰੈਣ ਸਿੰਘ ਤੇ ਹੋਰ ਅਵਾਸੀ ਲੋਕਾਂ ਦੀ ਇਹ ਜਿੱਤ ਸਾਰੇ ਅਖ਼ਬਾਰਾਂ ਵਿਚ ਛਪੀ। ਇਹ ਵੀ ਸੰਭਵ ਹੈ ਕਿ ਕੈਨੇਡਾ ਵਿਚ ਰਹਿ ਰਹੇ ਭਾਰਤੀ ਲੋਕਾਂ ਨੇ ਆਪਣੇ ਮਿੱਤਰਾਂ ਤੇ ਸਨਬੰਧੀਆਂ ਨੂੰ ਇਸ ਕੇਸ ਬਾਰੇ ਜ਼ਰੂਰ ਲਿਖਿਆ ਹੋਵੇਗਾ। ਕੈਨੇਡਾ ਸਰਕਾਰ ਵੱਲੋਂ ਜਹਾਜ਼ ਦੀਆਂ ਕੰਪਨੀਆਂ ਨੂੰ ਵਿਸ਼ੇਸ਼ ਹਦਾਇਤਾਂ ਕਾਰਨ ਕੈਨੇਡਾ ਆਉਣ ਦੇ ਚਾਹਤ ਲੋਕਾਂ ਲਈ ਕਿਸੇ ਵੀ ਜਹਾਜ਼ ਦੀ ਟਿਕਟ ਲੈਣੀ ਔਖੀ ਸੀ। ਇਸ ਕਾਰਨ ਲੋਕਾਂ ਨੂੰ ਕੈਨੇਡਾ ਪਹੁੰਚਣ ਲਈ ਕੋਈ ਉਮੀਦ ਦਿਖਾਈ ਨਹੀਂ ਦਿੱਤੀ ਅਤੇ ਅਜੇਹੇ ਵਿਤਕਰੇ ਭਰਪੂਰ ਕਾਨੂੰਨ ਅਨੁਸਾਰ ਲੋਕ ਮਹਿਸੂਸ ਕਰਨ ਲੱਗ ਪਏ ਸਨ ਕਿ ਕੈਨੇਡਾ ਜਾਣ ਦਾ ਰਾਹ ਪੱਕਾ ਹੀ ਬੰਦ ਹੋ ਗਿਆ।

ਬਾਬਾ ਗੁਰਦਿਤ ਸਿੰਘ ਤੇ ਕਾਮਾਗਾਟਾਮਾਰੂ ਜਹਾਜ਼

ਜਦੋਂ ਨਰੈਣ ਸਿੰਘ ਦੇ ਕੇਸ ਦਾ ਫ਼ੈਸਲਾ ਹੋਇਆ, ਤਾਂ ਸਭ ਨੂੰ ਖ਼ੁਸ਼ੀ ਹੋਈ ਪਰ ਸਭ ਤੋਂ ਵੱਡੀ ਸਮੱਸਿਆ ਕੈਨੇਡਾ ਪਹੁੰਚਣਾ ਸੀ। ਇਸ ਮੁਸ਼ਕਲ ਦਾ ਇੱਕੋ ਹੱਲ ਸੀ ਕਿ ਕੋਈ ਸਮੁੰਦਰੀ ਜਹਾਜ਼ ਕਿਰਾਏ 'ਤੇ ਲਿਆ ਜਾਵੇ, ਪਰ ਅਜਿਹਾ ਕਰਨਾ ਅਸੰਭਵ ਸੀ ਕਿਉਂਕਿ ਜਹਾਜ਼ ਨੂੰ ਕਿਰਾਏ 'ਤੇ ਲੈਣਾ ਮਹਿੰਗਾ ਸੌਦਾ ਸੀ ਤੇ ਸਿੱਖਾਂ ਲਈ ਅਜਿਹਾ ਕਦਮ ਪਹੁੰਚ ਤੋਂ ਬਾਹਰ ਸੀ। ਪਹਿਲਾਂ ਅਜਿਹਾ ਕਦਮ ਇਕ ਭਾਰਤੀ ਬਿਹਾਰੀ ਲਾਲ ਵੱਲੋਂ ਚੁੱਕਣ ਦਾ ਜਤਨ ਹੋਇਆ ਪਰ ਉਸਨੂੰ ਵੀ ਅਸਫਲਤਾ ਹੋਈ।[4]

ਕੈਨੇਡਾ ਪਹੁੰਚਣ ਲਈ ਸਭ ਤੋਂ ਵੱਡਾ ਅੜਿਕਾ ਅਟੁੱਟ ਸਫ਼ਰ ਵਾਲਾ ਕਾਨੂੰਨ ਸੀ। ਦੂਸਰਾ, ਜਿਵੇਂ ਪਹਿਲਾਂ ਉਲੇਖ ਕੀਤਾ ਹੈ ਕਿ ਜੇਕਰ ਸਮੁੰਦਰੀ ਜਹਾਜ਼ ਕਿਰਾਏ 'ਤੇ ਲਿਆ ਜਾਵੇ ਤਾਂ ਮਸਲਾ ਹੱਲ ਹੋ ਸਕਦਾ ਸੀ, ਪਰ ਜਹਾਜ਼ ਕਿਰਾਏ 'ਤੇ ਕੌਣ ਲਵੇ ? ਅਜਿਹੇ ਵੱਡੇ ਕਦਮ ਚੁੱਕਣ ਲਈ ਪਹਿਲਾਂ ਤਾਂ ਚੋਖੀ ਮਾਇਆ ਹੋਵੇ ਤੇ ਦੂਸਰਾ ਜਹਾਜ਼ਾਂ ਸੰਬੰਧੀ ਵਾਕਫ਼ੀਅਤ ਉਪਰੰਤ ਜਹਾਜ਼ਾਂ ਦੀਆਂ ਕੰਪਨੀਆਂ ਨਾਲ ਸੌਦੇਬਾਜ਼ੀ ਕਰਨੀ ਹੋਰ ਵੀ ਕਠਨ ਸੀ। ਇਨ੍ਹਾਂ ਸਮੂਹ ਮੁਸ਼ਕਲਾਂ ਨੂੰ ਧਿਆਨ ਵਿਚ ਰੱਖਦੇ, ਬੀ.ਸੀ. ਦੇ ਸਿੱਖਾਂ ਲਈ ਜਹਾਜ਼ ਕਿਰਾਏ 'ਤੇ ਲੈ ਕੇ ਆਪਣੇ ਦੇਸ਼-ਵਾਸੀਆਂ ਨੂੰ ਕੈਨੇਡਾ ਪਹੁੰਚਾਉਣਾ ਵੱਸ ਤੋਂ ਬਾਹਰ ਸੀ। ਅਜਿਹੀ ਇਕ ਅਫ਼ਵਾਹ ਵੀ ਉੱਡੀ ਸੀ ਕਿ ਬੀ.ਸੀ. ਦੇ ਸਿੱਖ ਜਹਾਜ਼ ਨੂੰ ਕਿਰਾਏ 'ਤੇ ਕਰਨ ਲਈ ਮਾਇਆ ਦੀ ਉਗਰਾਹੀ ਕਰ ਰਹੇ ਸਨ।

1914 ਤਕ ਜਹਾਜ਼ ਖ਼ਰੀਦਣ ਦੀ ਅਫ਼ਵਾਹ ਸਿਰਫ਼ ਅਫ਼ਵਾਹ ਹੀ ਸੀ ਜਾਂ ਇਕ ਸੁਪਨਾ। ਆਖ਼ਰ ਇਹ ਸੁਪਨਾ 1914 ਵਿਚ ਸਾਕਾਰ ਹੋਇਆ ਜਦੋਂ ਬਾਬਾ ਗੁਰਦਿਤ ਸਿੰਘ[5] ਨੇ ਕਾਮਾਗਾਟਾਮਾਰੂ ਜਹਾਜ਼ ਨੂੰ ਕਿਰਾਏ 'ਤੇ ਲੈ ਲਿਆ। ਬਾਬਾ

---

4. *The Aryan* (Victoria, B.C.) Sept. 1991, *op.cit.*, Kesar Singh, *Canadian Sikhs* Part I, Surrey, B.C., Author, 1989, p. 74.
5. Baba Gurdit Singh belonged to a small village Sarhali, Distt. Amritsar, He was born in 1859 and went to Taiping, Malaya when he was 12 years old. In the initial stage he worked as a security guard but later he became a contractor. He was well respected among the Indians because of his social activities to help the needy people.

ਗੁਰਦਿਤ ਸਿੰਘ ਦਾ ਜੱਦੀ ਪਿੰਡ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ ਸੀ ਅਤੇ ਇਨ੍ਹਾਂ ਦਾ ਜਨਮ 1859 ਵਿਚ ਹੋਇਆ। ਬਾਬਾ ਗੁਰਦਿਤ ਸਿੰਘ ਜੀ ਦੇ ਦਾਦਾ ਜੀ ਸ: ਰਤਨ ਸਿੰਘ ਮਹਾਰਾਜਾ ਰਣਜੀਤ ਸਿੰਘ ਜੀ ਦੇ ਫ਼ੌਜੀ ਅਹੁਦੇਦਾਰ ਸਨ, ਜਿਨ੍ਹਾਂ ਨੇ ਅੰਗਰੇਜ਼ਾਂ ਵਿਰੁੱਧ ਲੜਾਈਆਂ ਵਿਚ ਹਿੱਸਾ ਲਿਆ। ਸ: ਰਤਨ ਸਿੰਘ ਇਕ ਸੱਚੇ-ਸੁੱਚੇ ਦੇਸ਼-ਭਗਤ ਸਨ, ਜਿਨ੍ਹਾਂ ਨੇ ਪੰਜਾਬ ਅੰਗਰੇਜ਼ਾਂ ਅਧੀਨ ਹੋਣ 'ਤੇ ਅੰਗਰੇਜ਼ਾਂ ਵੱਲੋਂ ਜਾਗੀਰ ਦੀ ਪੇਸ਼ਕਸ਼ ਨੂੰ ਠੁਕਰਾ ਦਿੱਤਾ। ਬਾਬਾ ਗੁਰਦਿਤ ਸਿੰਘ ਦੇ ਪਿਤਾ ਜੀ ਸ: ਹਾਕਮ ਸਿੰਘ ਵਤਨ ਛੱਡ ਕੇ ਮਲਾਇਆ ਚਲੇ ਗਏ ਸਨ, ਜਿਥੇ ਉਨ੍ਹਾਂ ਨੇ ਠੇਕੇਦਾਰੀ ਦਾ ਕਾਰੋਬਾਰ ਸਥਾਪਤ ਕਰ ਲਿਆ ਸੀ।[6] ਬਾਬਾ ਗੁਰਦਿਤ ਸਿੰਘ ਜੀ ਬਾਰ੍ਹਾਂ ਸਾਲ ਦੀ ਉਮਰ 'ਚ ਆਪਣੇ ਪਿਤਾ ਜੀ ਪਾਸ ਮਲਾਇਆ ਚਲੇ ਗਏ। ਪਹਿਲਾਂ ਪਹਿਲਾਂ ਉਨ੍ਹਾਂ ਨੇ ਚੌਕੀਦਾਰੇ ਦਾ ਕੰਮ ਕੀਤਾ, ਫਿਰ ਆਪਣੇ ਪਿਤਾ ਵਾਂਗ ਠੇਕੇਦਾਰ ਬਣ ਗਏ। ਇਨ੍ਹਾਂ ਦਾ ਸੁਭਾਅ ਮਿਲਾਪੜਾ ਸੀ, ਉਪਰੰਤ ਸਮਾਜਿਕ ਗਤੀ-ਵਿਧੀਆਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ, ਜਿਸਦਾ ਫਲਸਰੂਪ ਥੋੜੇ ਚਿਰ ਵਿਚ ਭਾਰਤੀ ਲੋਕਾਂ ਅੰਦਰ ਸਤਿਕਾਰਯੋਗ ਹਸਤੀ ਬਣ ਗਏ।[7]

ਹੁਣ ਇਹ ਸਵਾਲ ਉੱਠਦਾ ਹੈ ਕਿ ਬਾਬਾ ਗੁਰਦਿਤ ਸਿੰਘ ਜਹਾਜ਼ ਨੂੰ ਭਾੜੇ 'ਤੇ ਕਰਨ ਜਾਂ ਜਹਾਜ਼ ਵਾਲੀ ਯੋਜਨਾ ਨੂੰ ਸਫਲ ਬਨਾਉਣ ਲਈ ਕਿਵੇਂ ਉਤਸ਼ਾਹਿਤ ਹੋਏ ? ਬਾਬਾ ਗੁਰਦਿਤ ਸਿੰਘ ਦੇ ਆਪਣੇ ਕਹੇ ਸ਼ਬਦ :

> "ਮੈਂ ਮਲਾਇਆ ਵਿਚ ਸਾਂ ਅਤੇ ਕੁਝ ਵਿਅਕਤੀ ਮੇਰੇ ਪਾਸ ਆਏ ਅਤੇ ਉਨ੍ਹਾਂ ਆਪਣੇ ਦੁਖੜਿਆਂ ਦੀ ਕਹਾਣੀ ਨੂੰ ਸੁਣਾਇਆ।"[8]

ਉਨ੍ਹਾਂ ਦੇ ਕਹੇ ਸ਼ਬਦਾਂ ਅਨੁਸਾਰ ਪ੍ਰਤੱਖ ਹੈ ਕਿ ਜਦੋਂ ਉਨ੍ਹਾਂ ਨੂੰ ਆਪਣੇ ਦੇਸ਼-ਵਾਸੀਆਂ ਜੋ ਰਾਹਾਂ ਵਿਚ ਰੁਲ ਰਹੇ ਸਨ, ਬਾਰੇ ਪਤਾ ਲੱਗਾ, ਉਨ੍ਹਾਂ ਦੇ ਦੁਖੜੇ ਸੁਣੇ ਤਾਂ ਉਨ੍ਹਾਂ ਨੂੰ ਦਿਲੀ ਹਮਦਰਦੀ ਤੇ ਤਰਸ ਆਇਆ ਹੋਵੇਗਾ। ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਬਿਹਾਰੀ ਲਾਲ ਨਾਂ ਦੇ ਵਿਅਕਤੀ ਨੇ ਹਾਂਗਕਾਂਗ ਵਿਖੇ ਰੁਲ ਰਹੇ ਮੁਸਾਫ਼ਰਾਂ ਨੂੰ ਕੈਨੇਡਾ ਪਹੁੰਚਾਉਣ ਲਈ ਇਕ ਜਹਾਜ਼ ਨੂੰ ਭਾੜੇ 'ਤੇ ਲੈਣ ਦਾ ਜਤਨ ਕੀਤਾ ਅਤੇ ਅਸਫਲ ਰਿਹਾ। ਹਾਂਗਕਾਂਗ ਵਿਖੇ ਸੈਂਕੜੇ ਹੀ ਮੁਸਾਫ਼ਰ ਮਹੀਨਿਆਂ ਬੱਧੀ ਇੰਤਜ਼ਾਰ ਕਰਦੇ ਕਰਦੇ ਅੱਕ ਚੁੱਕੇ ਸਨ ਅਤੇ ਕੋਈ ਵੀ ਜਹਾਜ਼ੀ ਕੰਪਨੀ ਉਨ੍ਹਾਂ ਨੂੰ ਟਿਕਟ ਵੇਚਣ ਲਈ ਤਿਆਰ ਨਹੀਂ ਸੀ, ਭਾਵੇਂ ਇਸ ਨਾਲ ਕੰਪਨੀਆਂ ਨੂੰ ਵੀ ਘਾਟਾ ਸੀ, ਪਰ ਕੈਨੇਡਾ ਦੇ ਉੱਚ-ਅਧਿਕਾਰੀਆਂ ਵੱਲੋਂ ਜਹਾਜ਼ ਦੀਆਂ ਕੰਪਨੀਆਂ ਨੂੰ ਵਿਸ਼ੇਸ਼

---

6. Gurdit Singh, Baba, *The Voyage of the Kamagatamaru*, Calcutta, U.P. (n.d.), pp. 14-15.
   Also See,
   Fauja Singh, *Freedom Fighters of Punjab*, Patiala, pp. 4, 19.
7. Jas, Jaswant Singh, *Baba Gurdit Singh*, Jalandhar; New Book Co., 1983, pp. 42-43.
8. Gurdit Singh, *op.cit.*, (n.d.), p. 14.

ਤਾੜਨਾ ਤੇ ਹਦਾਇਤ ਸੀ ਕਿ ਕਿਸੇ ਭਾਰਤੀ ਨੂੰ ਟਿਕਟ ਨਾ ਵੇਚੀ ਜਾਵੇ। ਦੂਸਰਾ, ਇਹ ਜਹਾਜ਼ੀ ਕੰਪਨੀਆਂ ਨੂੰ ਡਰ ਸੀ ਕਿ ਕਾਨੂੰਨ ਭੰਗ ਕਰਨ ਨਾਲ ਉਨ੍ਹਾਂ ਦੇ ਜਹਾਜ਼ੀ ਪਰਮਿਟ ਜਾਂ ਲਾਈਸੈਂਸ ਖੁੱਸ ਸਕਦੇ ਸਨ।

"ਪੰਜਾਬ ਅੰਦਰ ਭਾਰਤੀ ਡੈਲੀਗੇਟ ਜਿਸ ਵਿਚ ਭਾਈ ਬਲਵੰਤ ਸਿੰਘ, ਭਾਈ ਹਰਿਨਾਮ ਸਿੰਘ ਤੇ ਭਾਈ ਨੰਦ ਸਿੰਘ ਜਿਥੇ ਬਰਤਾਨਵੀ ਹਸਤੀਆਂ ਨੂੰ ਮਿਲੇ, ਉਥੇ ਉਨ੍ਹਾਂ ਨੇ ਭਾਈ ਤਖ਼ਤ ਸਿੰਘ ਫ਼ਿਰੋਜ਼ਪੁਰ ਨਾਲ ਵਿਸ਼ੇਸ਼ ਮਿਲਣੀ ਕੀਤੀ। ਭਾਈ ਤਖ਼ਤ ਸਿੰਘ ਪੰਜਾਬ ਦੇ ਮਹਾਨ ਸਪੂਤ ਤੇ ਇਸਤਰੀ ਵਿਦਿਆ ਦੇ ਮੋਢੀ ਸਨ ਅਤੇ ਜਦੋਂ ਇਹ ਕੰਨਿਆ ਪਾਠਸ਼ਾਲਾ, ਫ਼ਿਰੋਜ਼ਪੁਰ ਦੀ ਮਾਲੀ ਹਾਲਤ ਨੂੰ ਠੀਕ ਕਰਨ ਲਈ ਮਲਾਇਆ ਗਏ, ਜਿਥੇ ਇਨ੍ਹਾਂ ਦੇ ਸੰਪਰਕ ਬਾਬਾ ਗੁਰਦਿਤ ਸਿੰਘ ਜੀ ਨਾਲ ਹੋਇਆ ਸੀ। ਉਪਰੋਕਤ ਡੈਲੀਗੇਟਾਂ ਵਿੱਚੋਂ ਭਾਈ ਬਲਵੰਤ ਸਿੰਘ ਜੀ ਨੇ ਭਾਈ ਤਖ਼ਤ ਸਿੰਘ ਜੀ ਨੂੰ ਕੈਨੇਡਾ ਵਿਚ ਭਾਰਤੀ ਲੋਕਾਂ ਨਾਲ ਹੋ ਰਹੇ ਵਿਤਕਰੇ ਬਾਰੇ ਦੱਸਿਆ ਅਤੇ ਸਪੱਸ਼ਟ ਕੀਤਾ ਕਿ ਭਾਰਤੀ ਲੋਕ ਤਾਂ ਹੀ ਕੈਨੇਡਾ ਦਾਖ਼ਲ ਹੋ ਸਕਦੇ ਹਨ, ਜੇਕਰ ਕੋਈ ਆਦਮੀ ਆਪਣਾ ਜਹਾਜ਼ ਲਵੇ ਅਤੇ ਸਿੱਧਾ ਸਫ਼ਰ ਕਰਨ ਦੀ ਸ਼ਰਤ ਨੂੰ ਪੂਰਾ ਕਰੇ। ਭਾਈ ਤਖ਼ਤ ਸਿੰਘ ਜੀ ਨੇ ਬਾਬਾ ਗੁਰਦਿਤ ਸਿੰਘ ਨੂੰ ਇਸ ਮਹਾਨ ਕਾਰਜ ਲਈ ਸਿਫ਼ਾਰਸ਼ ਕੀਤੀ।"*

ਇਹ ਵੀ ਸੰਭਵ ਹੈ ਕਿ ਡੈਲੀਗੇਟ ਖ਼ੁਦ ਬਾਬਾ ਜੀ ਨੂੰ ਮਿਲੇ ਹੋਣਗੇ ਜਾਂ ਕਿਸੇ ਹੋਰ ਵਿਅਕਤੀ ਦੀ ਜ਼ਿੰਮੇਵਾਰੀ ਲਗਾਈ ਹੋਵੇਗੀ। ਬਾਬਾ ਜੀ ਖ਼ੁਦ ਸਾਰੀ ਸਥਿਤੀ ਦਾ ਜਾਇਜ਼ਾ ਲੈਣ ਲਈ ਹਾਂਗਕਾਂਗ ਪਹੁੰਚੇ। ਉਥੇ ਉਹ ਮੁਸਾਫ਼ਰਾਂ ਨੂੰ ਮਿਲੇ ਅਤੇ ਸਭ ਨੂੰ ਧਰਵਾਸ ਦਿੱਤਾ ਅਤੇ ਯੋਗ ਸਹਾਇਤਾ ਦੇਣ ਲਈ ਪੇਸ਼ ਕੀਤਾ। 3 ਜਨਵਰੀ, 1914 ਨੂੰ ਹਾਂਗਕਾਂਗ ਦੇ ਗੁਰਦੁਆਰਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਸੀ ਤੇ ਪ੍ਰਬੰਧਕਾਂ ਨੇ ਇੱਛਾ ਪ੍ਰਗਟ ਕੀਤੀ ਕਿ ਬਾਬਾ ਗੁਰਦਿਤ ਸਿੰਘ ਜੀ ਗੁਰਪੁਰਬ ਦੇ ਸੰਬੰਧ ਵਿਚ ਵਿਚਾਰ ਰੱਖਣ। ਬਾਬਾ ਜੀ ਨੇ ਗੁਰਮਤਿ ਵਿਚਾਰ ਰੱਖੇ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ 'ਤੇ ਚਾਨਣਾ ਪਾਇਆ। ਸਮਾਗਮ ਦੀ ਸਮਾਪਤੀ 'ਤੇ ਉਹ ਕੁਝ ਮੁਸਾਫ਼ਰਾਂ ਨੂੰ ਮਿਲੇ ਅਤੇ ਜ਼ਿਆਦਾ ਮੁਸਾਫ਼ਰਾਂ ਨੂੰ ਆਸ ਸੀ ਕਿ ਜੇਕਰ ਬਾਬਾ ਗੁਰਦਿਤ ਸਿੰਘ ਨੇ ਮਨ ਬਣਾ ਲਿਆ ਤਾਂ ਮੁਸਾਫ਼ਰਾਂ ਨੂੰ ਕੈਨੇਡਾ ਪਹੁੰਚਾ ਸਕਦੇ ਹਨ। ਬਾਬਾ ਗੁਰਦਿਤ ਸਿੰਘ ਨੇ ਖ਼ੁਦ ਲਿਖਿਆ ਹੈ:

> "1913 ਵਿਚ ਹਾਂਗਕਾਂਗ ਵਿਖੇ ਇਕ ਇਕੱਠ ਹੋਇਆ ਅਤੇ ਮੈਨੂੰ ਪੁੱਛਿਆ ਗਿਆ ਕਿ ਕੀ ਮੈਂ ਆਪਣੇ ਹਮਵਤਨੀਆਂ ਲਈ ਕੁਝ ਕਰ ਸਕਦਾ ਹਾਂ? ਮੈਂ ਆਪਣੇ ਭਾਸ਼ਣ ਦੌਰਾਨ, ਉਨ੍ਹਾਂ ਨੂੰ ਸਪੱਸ਼ਟ ਕਰ ਦਿੱਤਾ—ਪਹਿਲਾ, ਸਾਨੂੰ ਬਰਤਾਨਵੀ ਸਰਕਾਰ ਬੰਦੇ ਨਹੀਂ ਸਮਝਦੀ, ਇਸ ਕਰਕੇ ਮੈਂ ਤਾਂ ਇਹੀ ਕਹਾਂਗਾ ਕਿ ਆਪਾਂ ਪਹਿਲਾਂ ਬੰਦੇ ਬਣ ਜਾਈਏ, ਤਾਂ ਹੀ ਕੁਝ ਕਰ ਸਕਣ ਦੇ ਯੋਗ ਹੋਵਾਂਗੇ।.....ਮੈਂ ਇਹ ਵੀ ਸਪੱਸ਼ਟ ਕੀਤਾ ਕਿ ਕੈਨੇਡਾ ਪਹੁੰਚਣ

* ਕੇਸਰ ਸਿੰਘ, *ਮੇਰੀ ਸਵੈ-ਜੀਵਨੀ*।

ਦਾ ਇੱਕੋ ਤਰੀਕਾ ਹੈ ਜੇ ਅਸੀਂ ਆਪਣਾ ਜਹਾਜ਼ ਲਈਏ ਅਤੇ ਇਸ ਨਾਲ ਹੀ ਅਸੀਂ ਆਪਣੇ ਅਧਿਕਾਰਾਂ ਦੀ ਵਰਤੋਂ ਕਰ ਸਕਦੇ ਹਾਂ। ਅਸੀਂ ਆਪਣੇ ਜਹਾਜ਼ ਦੁਆਰਾ ਹੀ ਅਟੁੱਟ ਸਫ਼ਰ ਦੀ ਕਾਨੂੰਨੀ ਸ਼ਰਤ ਨੂੰ ਪੂਰਾ ਕਰ ਸਕਦੇ ਹਾਂ।"[9]

ਇਹੀ ਸਪੱਸ਼ਟ ਹੁੰਦਾ ਹੈ ਕਿ ਬਾਬਾ ਗੁਰਦਿਤ ਸਿੰਘ ਹਾਂਗਕਾਂਗ ਵਿਖੇ ਭਟਕ ਰਹੇ ਮੁਸਾਫ਼ਰਾਂ ਦੀ ਮਦਦ ਕਰਨ ਦੇ ਨਾਲ-ਨਾਲ ਕੈਨੇਡਾ ਸਰਕਾਰ ਵੱਲੋਂ ਵਿਤਕਰੇ ਭਰਪੂਰ ਕਾਨੂੰਨਾਂ ਨੂੰ ਵੀ ਚਣੌਤੀ ਦੇਣਾ ਚਾਹੁੰਦੇ ਸਨ।[10] ਇਸ ਪ੍ਰਤੀ ਕੋਈ ਦੋ ਰਾਵਾਂ ਨਹੀਂ ਕਿ ਜਹਾਜ਼ ਨੂੰ ਕਿਰਾਏ 'ਤੇ ਲੈਣ ਉਪਰੰਤ ਕੈਨੇਡਾ ਦੇ ਇਮੀਗ੍ਰੇਸ਼ਨ ਕਾਨੂੰਨ ਨੂੰ ਚਣੌਤੀ ਦੇਣੀ ਇਕ ਬਹੁਤ ਵੱਡਾ ਕਦਮ ਸੀ। ਕਈ ਇਤਿਹਾਸਕਾਰਾਂ ਦਾ ਖ਼ਿਆਲ ਹੈ, ਕਿ ਬਾਬਾ ਗੁਰਦਿਤ ਸਿੰਘ ਨੇ ਕੈਨੇਡਾ ਜਾਣ ਵਾਲੇ ਮੁਸਾਫ਼ਰਾਂ ਨੂੰ ਕਿਹਾ ਜੇ ਕੈਨੇਡਾ ਸਰਕਾਰ ਨੇ ਉਨ੍ਹਾਂ ਨੂੰ ਦਾਖ਼ਲ ਨਾ ਹੋਣ ਦਿੱਤਾ ਤਾਂ ਉਹ ਭਾਰਤ ਅੰਦਰ ਸਾਰੇ ਬਰਤਾਨਵੀ ਸਰਕਾਰ ਦੇ ਵਿਰੁੱਧ ਬਗ਼ਾਵਤ ਕਰਨਗੇ ਅਤੇ ਵਿਦੇਸ਼ੀ ਸਰਕਾਰ ਤੋਂ ਮੁਕਤੀ ਪਾਈ ਜਾਵੇਗੀ।[11]

ਇਥੇ ਧਿਆਨ ਦੇਣ ਵਾਲੀ ਗੱਲ ਹੈ ਕਿ ਗਿਆਨੀ ਭਗਵਾਨ ਸਿੰਘ ਜੀ ਕੈਨੇਡਾ ਜਾਣ ਤੋਂ ਪਹਿਲਾਂ ਹਾਂਗਕਾਂਗ ਵਿਖੇ ਗ੍ਰੰਥੀ ਦੀ ਸੇਵਾ ਕਰਦੇ ਸਨ। ਉਹ ਇਨਕਲਾਬੀ ਵਿਚਾਰਾਂ ਦੇ ਧਾਰਨੀ ਸਨ ਅਤੇ ਬਰਤਾਨਵੀ ਸਰਕਾਰ ਦੇ ਖ਼ਿਲਾਫ਼ ਬੋਲਣ ਤੋਂ ਕਦੀ ਝਿਜਕਦੇ ਨਹੀਂ ਸਨ। ਉਨ੍ਹਾਂ ਦੀਆਂ ਇਨਕਲਾਬੀ ਗਤੀ-ਵਿਧੀਆਂ ਕਾਰਨ ਉਨ੍ਹਾਂ ਨੂੰ ਦੋ ਵਾਰੀ ਗ੍ਰਿਫ਼ਤਾਰ ਕੀਤਾ ਗਿਆ ਸੀ। ਹਾਂਗਕਾਂਗ ਰਹਿੰਦੇ ਭਾਰਤੀਆਂ ਨੂੰ ਗ਼ਦਰ ਅਖ਼ਬਾਰ ਵੀ ਗਿਆਨੀ ਜੀ ਦੁਆਰਾ ਪਹੁੰਚਾਇਆ ਜਾਂਦਾ ਸੀ। ਇਹ ਵੀ ਸੰਭਵ ਹੈ ਕਿ ਬਰਤਾਨਵੀ ਸਰਕਾਰ ਨੂੰ ਆਪਣੇ ਜਸੂਸੀ ਵਿਭਾਗ ਦੁਆਰਾ ਗਿਆਨੀ ਜੀ ਦੀਆਂ ਗਤੀ-ਵਿਧੀਆਂ ਬਾਰੇ ਪੂਰਾ ਪਤਾ ਹੋਵੇਗਾ। ਜਿਸ ਦਿਨ (1913 ਈ: ਵਿਚ) ਬਾਬਾ ਗੁਰਦਿਤ ਸਿੰਘ ਜੀ ਨੇ ਗੁਰਪੁਰਬ ਦਿਹਾੜੇ 'ਤੇ ਵਖਿਆਨ ਦਿੱਤਾ ਤਾਂ ਉਨ੍ਹਾਂ ਨੇ ਗੁਰਦੁਆਰਾ ਸਾਹਿਬ ਅੰਦਰ ਸਿੱਖ ਫ਼ੌਜੀਆਂ ਦੀ ਹਾਜ਼ਰੀ ਨਾ ਦੇਖੀ ਅਤੇ ਉਹ ਹੈਰਾਨ ਵੀ ਹੋਏ। ਉਨ੍ਹਾਂ ਨੇ ਜਦ ਪੁੱਛ-ਗਿੱਛ ਕੀਤੀ ਤਾਂ ਪਤਾ ਲੱਗਾ ਕਿ ਬਰਤਾਨਵੀ ਸਰਕਾਰ ਦੇ ਅਫ਼ਸਰਾਂ ਨੇ ਸਿੱਖ ਫ਼ੌਜੀਆਂ ਨੂੰ ਗੁਰਦੁਆਰੇ ਵਿਖੇ ਗੁਰਪੁਰਬ ਸਮੇਂ ਜਾਣ ਦੀ ਮਨਾਹੀ ਕਰ ਦਿੱਤੀ ਸੀ।[12]

ਉਸ ਸਮੇਂ ਜਹਾਜ਼ ਕਿਰਾਏ 'ਤੇ ਲੈਣਾ ਕੋਈ ਸੌਖਾ ਕੰਮ ਨਹੀਂ ਸੀ। ਜਹਾਜ਼ਾਂ

9. Gurdit Singh, *The Voyage of the Kamagatamaru*, Calcutta, U.P. (n.d.), p. 15.
10. Morse, Eric, *Immigration and Status of British East Indians in Canada*, Kingston, Ont., Queen's University, 1936, p. 43.
11. Josh, Sohan Singh, *Kamagatamaru da Dukhant*, Chandigarh; Punjab Book Centre, p. 42.
12. Jas, Jaswant Singh, *Baba Gurdit Singh*, Jalandhar; New Book Co., 1983, p. 43.

ਬਾਰੇ ਪੂਰੀ ਵਾਕਫ਼ੀਅਤ ਰੱਖਣ ਵਾਲਿਆਂ ਨਾਲ ਸੰਪਰਕ ਪੈਦਾ ਕਰਨਾ ਅਤੇ ਉਨ੍ਹਾਂ ਦਾ ਸਹਿਯੋਗ ਵੀ ਅਤਿ ਜ਼ਰੂਰੀ ਸੀ। ਕਈ ਜਹਾਜ਼ਾਂ ਦੇ ਏਜੰਟ ਮੁਸਾਫ਼ਰਾਂ ਨੂੰ ਟਿਕਟਾਂ ਲੈ ਕੇ ਦੇਣ ਦਾ ਲਾਰਾ ਲਗਾ ਕੇ ਠੱਗਦੇ ਸਨ। ਵਾਸਤਵ ਵਿਚ ਕੰਪਨੀਆਂ ਟਿਕਟ ਵੇਚਣ ਤੋਂ ਇਨਕਾਰੀ ਸਨ।[13] ਇਹੋ ਜਿਹੀ ਹਾਲਤ ਦੇ ਬਾਰੇ ਜਾਣ ਕੇ ਬਾਬਾ ਗੁਰਦਿਤ ਸਿੰਘ ਜੀ ਨੇ ਜਾਣ ਲਿਆ ਸੀ ਕਿ ਮੁਸਾਫ਼ਰਾਂ ਦੀ ਸਹਾਇਤਾ ਤਾਂ ਹੀ ਸੰਭਵ ਹੈ ਜੇ ਆਪਣਾ ਜਹਾਜ਼ ਹੋਵੇ। ਹਾਂਗਕਾਂਗ ਵਿਖੇ ਫਸੇ ਹੋਏ ਮੁਸਾਫ਼ਰਾਂ ਵਿਚ ਦੋ ਵਿਦਿਆਰਥੀ ਵੀ ਸਨ ਜੋ ਉੱਚ ਵਿਦਿਆ ਲਈ ਅਮਰੀਕਾ ਜਾ ਰਹੇ ਸਨ। ਇਨ੍ਹਾਂ ਦੇ ਨਾਮ ਭਾਈ ਦਲਜੀਤ ਸਿੰਘ ਤੇ ਭਾਈ ਵੀਰ ਸਿੰਘ ਸਨ।[14]

ਜਦੋਂ ਬਾਬਾ ਗੁਰਦਿਤ ਸਿੰਘ ਨਾਲ ਇਨ੍ਹਾਂ ਦੀ ਭੇਂਟ ਹੋਈ ਤਾਂ ਇਨ੍ਹਾਂ ਨੇ ਵਿਦਿਆ ਪ੍ਰਾਪਤੀ ਦਾ ਖ਼ਿਆਲ ਛੱਡ ਕੇ ਬਾਬਾ ਜੀ ਨੂੰ ਯੋਗ ਸਹਾਇਤਾ ਦੇਣ ਦਾ ਫ਼ੈਸਲਾ ਕਰ ਲਿਆ ਅਤੇ ਬਾਬਾ ਗੁਰਦਿਤ ਸਿੰਘ ਨਾਲ ਜਹਾਜ਼ ਕਿਰਾਏ 'ਤੇ ਲੱਭਣ ਲਈ ਸਹਿਯੋਗੀ ਬਣ ਗਏ।[15]

ਬਾਬਾ ਗੁਰਦਿਤ ਸਿੰਘ ਜੀ ਨੇ ਆਪਣੇ ਕਾਰੋਬਾਰ ਦੇ ਸੰਬੰਧ ਵਿਚ ਮਲਾਇਆ ਵਾਪਸ ਜਾਣਾ ਸੀ ਅਤੇ ਉਨ੍ਹਾਂ ਨੇ ਭਾਈ ਦਲਜੀਤ ਸਿੰਘ ਨੂੰ ਕੁਝ ਜ਼ਿੰਮੇਵਾਰੀਆਂ ਨਿਭਾਉਣ ਲਈ ਕਿਹਾ। ਇਨ੍ਹਾਂ ਜ਼ਿੰਮੇਵਾਰੀਆਂ 'ਚ ਇਕ ਜ਼ਿੰਮੇਵਾਰੀ ਵੈਨਕੂਵਰ ਦੀ ਖ਼ਾਲਸਾ ਦੀਵਾਨ ਸੁਸਾਇਟੀ ਨਾਲ ਸੰਪਰਕ ਪੈਦਾ ਕਰਨਾ ਸੀ ਤਾਂ ਜੋ ਸੁਸਾਇਟੀ ਪਾਸੋਂ ਜਾਣਕਾਰੀ ਲੈਣ ਉਪਰੰਤ ਸਹਿਯੋਗ ਵੀ ਲਿਆ ਜਾਵੇ। ਖ਼ਾਲਸਾ ਦੀਵਾਨ ਸੁਸਾਇਟੀ ਨੇ ਸ: ਦਲਜੀਤ ਸਿੰਘ ਨੂੰ ਇਮੀਗ੍ਰੇਸ਼ਨ ਵੱਲੋਂ ਲਾਈਆਂ ਬੰਦਸ਼ਾਂ ਹਟਾਉਣ ਬਾਰੇ ਜਾਣਕਾਰੀ ਦਿੱਤੀ।[16] ਸੰਭਵ ਹੈ ਕਿ ਖ਼ਾਲਸਾ ਦੀਵਾਨ ਸੁਸਾਇਟੀ ਨੂੰ ਇਮੀਗ੍ਰੇਸ਼ਨ ਦੀਆਂ ਤਬਦੀਲੀਆਂ ਬਾਰੇ ਕੋਈ ਡੂੰਘੀ ਜਾਣਕਾਰੀ ਨਹੀਂ ਸੀ। ਅਸਲ ਵਿਚ ਭਾਈ ਨਰੈਣ ਸਿੰਘ 1913 ਵਾਲੇ ਕੇਸ ਵਿਚ ਹੋਈ ਸਫਲਤਾ ਨੂੰ ਸਮਝਿਆ ਜਾਣ ਲੱਗ ਪਿਆ ਕਿ ਇਮੀਗ੍ਰੇਸ਼ਨ ਵੱਲੋਂ ਲਗਾਈਆਂ ਕਾਨੂੰਨੀ ਰੋਕਾਂ ਟੁੱਟ ਗਈਆਂ ਤੇ ਇਹੀ ਕਾਰਨ ਸੀ, ਖ਼ਾਲਸਾ ਦੀਵਾਨ ਸੁਸਾਇਟੀ ਨੇ ਤਾਰ ਰਾਹੀਂ ਬਾਬਾ ਗੁਰਦਿਤ ਸਿੰਘ ਨੂੰ ਜਲਦੀ ਤੋਂ ਜਲਦੀ ਜਹਾਜ਼ ਕਿਰਾਏ 'ਤੇ ਲੈਣ ਲਈ ਕਿਹਾ।[17] ਹਾਂਗਕਾਂਗ ਦੇ ਗੁਰਦੁਆਰਾ ਸਾਹਿਬ ਵਿਚ ਭਾਈ ਦਲਜੀਤ ਸਿੰਘ ਨੇ ਖ਼ਾਲਸਾ ਦੀਵਾਨ ਸੁਸਾਇਟੀ ਵੱਲੋਂ ਮਿਲੀ

13. Jas, Jaswant Singh, *Baba Gurdit Singh*, Jalandhar: New Book Co., 1983, p. 43.
14. Daljit Singh belonged to the village Kauni, Distt. Ferozepur. He was also known as Rai Singh. Formerly he served as Assistant Editor of *Khalsa Advocate* (Amritsar). Baba Gurdit Singh appointed him as his personal assistant. Bir Singh, Jat of Gurusar, Police Station Kot Bhai who served as Joint Secretary of Baba Gurdit Singh.
15. Jas, Jaswant Singh, *op.cit.*, p. 44.
16. *Ibid.*
17. *Ibid.*

ਚਿੱਠੀ ਤੇ ਬਾਬਾ ਗੁਰਦਿਤ ਸਿੰਘ ਨੂੰ ਭੇਜੀ ਗਈ ਤਾਰ ਪੜ੍ਹ ਕੇ ਸੁਣਾਈ, ਜਿਸਨੂੰ ਸੁਣ ਕੇ ਮੁਸਾਫ਼ਰਾਂ ਨੂੰ ਕੈਨੇਡਾ ਜਾਣ ਦੀ ਆਸ ਬੱਝ ਗਈ ਅਤੇ ਸਾਰਿਆਂ ਅੰਦਰ ਖ਼ੁਸ਼ੀ ਦੀ ਲਹਿਰ ਦੌੜੀ।

ਮਲਾਇਆ ਤੋਂ ਬਾਬਾ ਗੁਰਦਿੱਤ ਸਿੰਘ ਜੀ ਨੇ ਭਾਈ ਦਲਜੀਤ ਸਿੰਘ ਨਾਲ ਸੰਪਰਕ ਕੀਤਾ ਅਤੇ ਉਸਨੂੰ ਮੁਸਾਫ਼ਰਾਂ ਦੀ ਲਿਸਟ ਤਿਆਰ ਕਰਨ ਅਥਵਾ ਕਿਰਾਇਆ ਇਕੱਠਾ ਕਰਕੇ ਬੈਂਕ ਵਿਚ ਜਮ੍ਹਾਂ ਕਰਾਉਣ ਦੀ ਹਦਾਇਤ ਕੀਤੀ। ਉਹ ਆਪ ਜਹਾਜ਼ ਦੀ ਭਾਲ ਵਿਚ ਕਲਕੱਤਾ ਚਲੇ ਗਏ।[18] ਬਾਬਾ ਗੁਰਦਿਤ ਸਿੰਘ ਜੀ ਨੂੰ ਕਲਕੱਤੇ ਵਿਖੇ ਕੋਈ ਜਹਾਜ਼ ਕਿਰਾਏ 'ਤੇ ਲੈਣ ਲਈ ਸਫਲਤਾ ਨਹੀਂ ਹੋਈ। ਕਲਕੱਤਾ ਭਾਲ ਕਰਨ ਪਿੱਛੋਂ ਉਹ ਸਿੰਗਾਪੁਰ ਚਲੇ ਗਏ, ਜਿਥੇ ਉਨ੍ਹਾਂ ਨੂੰ ਸਟਰੇਟ ਸਟਰੀਮ ਸ਼ਿਪ ਕੰਪਨੀ ਦੇ ਮੈਨੇਜਰ ਨਾਲ ਸੰਪਰਕ ਕੀਤਾ। ਕੰਪਨੀ ਦੇ ਮੈਨੇਜਰ ਨੇ ਉਨ੍ਹਾਂ ਨੂੰ ਲਿਥੋ ਐਂਡ ਕੰਪਨੀ ਦੇ ਏਜੰਟ ਨੂੰ ਮਿਲਣ ਲਈ ਸੁਝਾਅ ਦਿੱਤਾ। ਏਜੰਟ ਨੇ ਬਾਬਾ ਗੁਰਦਿਤ ਸਿੰਘ ਨੂੰ ਦੋ ਜਹਾਜ਼ ਦਿਖਾਏ ਅਤੇ ਇਨ੍ਹਾਂ ਜਹਾਜ਼ਾਂ ਦਾ ਕਿਰਾਇਆ ਵੀ ਵਾਜਬ ਸੀ। ਜਦ ਏਜੰਟ ਨੂੰ ਦੱਸਿਆ ਗਿਆ ਕਿ ਜਹਾਜ਼ ਕੈਨੇਡਾ ਲੈ ਕੇ ਜਾਣ ਲਈ ਲੋੜੀਂਦੇ ਹਨ ਤਾਂ ਏਜੰਟ ਨੇ ਸਪੱਸ਼ਟ ਕਰ ਦਿੱਤਾ ਕਿ ਇਹ ਜਹਾਜ਼ ਪੁਰਾਣੇ ਹਨ ਅਤੇ ਇੰਨਾ ਪੈਸੀਫ਼ਿਕ ਸਮੁੰਦਰ ਦਾ ਸਫ਼ਰ ਤਹਿ ਕਰਨਾ ਅਸੰਭਵ ਹੋਵੇਗਾ।[19]

ਇਕ ਜਰਮਨ ਦੇ ਏਜੰਟ ਖੂਨੇ ਨਾਲ ਮਿਲਣੀ ਹੋਈ, ਜਿਸਦੇ ਸਹਿਯੋਗ ਕਰ ਕੇ ਕਾਮਾਗਾਟਾਮਾਰੂ (ਜਪਾਨੀ ਜਹਾਜ਼) ਛੇ ਮਹੀਨੇ ਲਈ ਕਿਰਾਏ 'ਤੇ ਮਿਲ ਗਿਆ। ਭਾਵੇਂ ਇਹ ਭਾਰ ਢੋਣ ਵਾਲਾ ਜਹਾਜ਼ ਸੀ ਪਰ ਜਦੋਂ ਹੋਰ ਮੁਸਾਫ਼ਰੀ ਜਹਾਜ਼ ਮਿਲਣ ਦੀ ਆਸ ਘੱਟ ਸੀ, ਅਖ਼ੀਰ ਨੂੰ ਇਸ ਜਹਾਜ਼ ਦੀ ਲਿਖਤ-ਪੜ੍ਹਤ ਕਰ ਲਈ ਗਈ।[20] ਜਹਾਜ਼ ਸਾਮਾਨ ਢੋਣ ਵਾਲਾ ਸੀ ਅਤੇ ਜ਼ਿਆਦਾ ਚੰਗਾ ਵੀ ਨਹੀਂ ਸੀ, ਦੂਸਰਾ ਕਿਰਾਇਆ ਵੀ ਘੱਟ ਨਹੀਂ ਸੀ, ਪਰ ਸਮੇਂ ਅਨੁਸਾਰ ਜਹਾਜ਼ ਪ੍ਰਾਪਤ ਕਰਨਾ ਅਤਿ ਜ਼ਰੂਰੀ ਸੀ। ਇਹ ਵੀ ਮੰਨਿਆ ਜਾਂਦਾ ਹੈ ਕਿ ਬਾਬਾ ਗੁਰਦਿਤ ਸਿੰਘ ਨੇ ਆਪਣੀ ਜੇਬ ਵਿੱਚੋਂ 2500 ਡਾਲਰ ਇਸਦੀ ਮੁਰੰਮਤ ਤੇ ਫ਼ਰਨੀਚਰ ਆਦਿ ਖ਼ਰੀਦਣ ਲਈ ਖ਼ਰਚ ਕੀਤਾ।[21]

ਹਾਂਗਕਾਂਗ ਤੋਂ ਕਾਮਾਗਾਟਾਮਾਰੂ ਜਹਾਜ਼ ਚੱਲਣਾ

ਹਾਂਗਕਾਂਗ ਤੋਂ ਚੱਲਣ ਤੋਂ ਪਹਿਲਾਂ, ਬਾਬਾ ਗੁਰਦਿਤ ਸਿੰਘ ਜੀ ਨੇ ਇਕ ਇਸ਼ਤਿਹਾਰ ਕੱਢਿਆ। ਇਸ ਵਿਚ ਗੁਰੂ ਨਾਨਕ ਸਟੀਮਸ਼ਿਪ ਕੰਪਨੀ ਦੀ ਸਥਾਪਨਾ ਬਾਰੇ ਐਲਾਨ ਕੀਤਾ ਗਿਆ ਅਤੇ ਜਹਾਜ਼ ਦਾ ਵੈਨਕੂਵਰ ਨੂੰ ਚੱਲਣ ਸੰਬੰਧੀ

---

18. Jas, Jaswant Singh, *Baba Gurdit Singh*, Jalandhar; New Book Co., 1983, pp. 44-45.
19. *Ibid.*, pp. 45-46.
20. *Ibid.*, pp. 46-47.
21. *Ibid.*

ਵਿਸਥਾਰਪੂਰਬਕ ਦੱਸਿਆ ਗਿਆ।[22] ਇਸ਼ਤਿਹਾਰ ਵਿਚ ਸਭ ਤੋਂ ਪਹਿਲਾਂ ਮੋਟੇ ਅੱਖਰਾਂ ਵਿਚ ਲਿਖਿਆ ਹੋਇਆ ਸੀ :

> "ਖ਼ੁਸ਼ਖ਼ਬਰੀ' ਵਧਾਈ ! ਵਧਾਈ ! ਉਸ ਪਿੱਛੋਂ ਇਹ ਖ਼ਬਰ ਭਾਰਤੀਆਂ ਵੱਲੋਂ ਖ਼ੁਸ਼ੀ ਨਾਲ ਪੜ੍ਹੀ ਜਾਵੇਗੀ ਕਿ ਖ਼ਾਲਸਾ ਪੰਥ ਵੱਲੋਂ ਗੁਰੂ ਦੀ ਕਿਰਪਾ ਦੁਆਰਾ ਗੁਰੂ ਨਾਨਕ ਸਟੀਮਸ਼ਿਪ ਕੰਪਨੀ ਸਥਾਪਤ ਕੀਤੀ ਗਈ ਹੈ, ਇਸ ਕੰਪਨੀ ਵੱਲੋਂ ਪਹਿਲਾ ਜਹਾਜ਼ ਕਾਮਾਗਾਟਾਮਾਰੂ ਕਿਰਾਏ 'ਤੇ ਲੈ ਲਿਆ ਗਿਆ ਹੈ, ਜੋ 28 ਮਾਰਚ, (1914) ਨੂੰ ਕੈਨੇਡਾ ਲਈ ਰਵਾਨਾ ਹੋਵੇਗਾ। ਇਹ ਬਹੁਤ ਵੱਡੇ ਮਾਣ ਦੀ ਗੱਲ ਹੈ ਅਤੇ ਮੈਂ ਇਸ ਮਹਾਨ ਕਾਰੋਬਾਰ ਦੀ ਸਮੂਹ ਭਾਰਤੀ ਲੋਕਾਂ ਨੂੰ ਵਧਾਈ ਦਿੰਦਾ ਹਾਂ।"[23]

ਇਸ਼ਤਿਹਾਰ ਤੋਂ ਪ੍ਰਗਟ ਹੁੰਦਾ ਹੈ ਕਿ ਜਿਥੇ ਗੁਰਦਿਤ ਸਿੰਘ ਨੂੰ ਇਸ ਨਵੇਂ ਕਾਰੋਬਾਰ ਲਈ ਖ਼ੁਸ਼ੀ ਹੋਈ, ਉਥੇ ਹੀ ਉਹ ਇਸ ਖ਼ੁਸ਼ੀ ਨੂੰ ਦੇਸ਼-ਵਾਸੀਆਂ ਨਾਲ ਸਾਂਝੀ ਕਰਨਾ ਚਾਹੁੰਦੇ ਸਨ। ਪਹਿਲਾ, ਜਹਾਜ਼ ਦੀ ਪ੍ਰਾਪਤੀ ਬਹੁਤ ਮੁਸ਼ਕਲ ਨਾਲ ਹੋਈ, ਦੂਸਰਾ, ਇਸ ਕਾਰੋਬਾਰ ਨੂੰ ਚਲਾਉਣ ਲਈ ਮੁਸਾਫ਼ਰ ਵੀ ਚਾਹੀਦੇ ਸਨ ਤੇ ਮੁਸਾਫ਼ਰਾਂ ਲਈ ਇਸ਼ਤਿਹਾਰਬਾਜ਼ੀ ਕਰਨੀ ਜ਼ਰੂਰੀ ਸੀ। ਹੁਣ ਸਿੱਖ ਪਰੰਪਰਾ ਅਨੁਸਾਰ ਕਾਰਜ ਦੀ ਸਫਲਤਾ ਉਪਰੰਤ ਕਾਰੋਬਾਰ ਨੂੰ ਸ਼ੁਰੂ ਕਰਨ ਸਮੇਂ ਵਾਹਿਗੁਰੂ ਅੱਗੇ ਅਰਦਾਸ ਕਰਨੀ ਸੀ। ਇਸ ਸੰਬੰਧ ਵਿਚ ਗੁਰਦੁਆਰਾ ਸਾਹਿਬ ਹਾਂਗਕਾਂਗ ਵਿਖੇ ਸ੍ਰੀ ਅਖੰਡਪਾਠ ਆਰੰਭ ਕੀਤਾ ਗਿਆ। ਬਾਬਾ ਗੁਰਦਿਤ ਸਿੰਘ ਨੇ ਸ਼ਰੇਆਮ ਐਲਾਨ ਕੀਤਾ ਸੀ ਕਿ ਗੁਰੂ ਦੀ ਮਿਹਰ ਸਦਕਾ ਸਾਰਾ ਕਾਰਜ ਸਫਲ ਹੋਇਆ ਹੈ। ਗੁਰਦੁਆਰਾ ਸਾਹਿਬ ਵਿਖੇ ਸਮਾਗਮ ਵਿਚ ਮੁਸਾਫ਼ਰਾਂ ਦਾ ਪੂਰਾ ਸਹਿਯੋਗ ਸੀ।[24]

ਕਾਮਾਗਾਟਾਮਾਰੂ ਜਹਾਜ਼ ਨੂੰ ਛੇ ਮਹੀਨੇ ਦੇ ਸਮੇਂ ਲਈ ਕਿਰਾਏ 'ਤੇ ਲਿਆ ਸੀ ਅਤੇ ਇਸਦਾ ਕਿਰਾਇਆ 11,000 ਡਾਲਰ (ਹਾਂਗਕਾਂਗ) ਮਹੀਨਾ ਸੀ। ਇਸ ਜਹਾਜ਼ ਦੀ ਲੰਬਾਈ 392.2 ਫ਼ੁੱਟ ਸੀ ਅਤੇ ਇਸਨੂੰ ਗਲੇਸਗੋ ਵਿਖੇ 1890 ਵਿਚ ਜਰਮਨ ਕੰਪਨੀ ਲਈ ਬਣਾਇਆ ਸੀ। ਕੁਝ ਸਮੇਂ ਲਈ ਇਹ ਜਹਾਜ਼ ਸਿਸੀਲੀਆ ਦੇ ਨਾਂ ਨਾਲ ਹੈਮਬਰਗ ਤੇ ਅਮਰੀਕਨ ਲਾਈਨ ਪਾਸ ਵੀ ਰਿਹਾ ਤੇ 1914 ਵਿਚ ਜਪਾਨ ਦੀ ਕੰਪਨੀ ਨੇ ਇਸਨੂੰ ਖ਼ਰੀਦ ਲਿਆ ਤੇ ਇਸਦਾ ਨਵਾਂ ਨਾਂ ਕਾਮਾਗਾਟਾਮਾਰੂ ਰੱਖਿਆ ਗਿਆ। ਜਹਾਜ਼ ਦੇ ਕਿਰਾਏ ਦੀ ਪਹਿਲੀ ਕਿਸ਼ਤ 11,000 ਡਾਲਰ ਸੌਦਾ ਕਰਨ ਸਮੇਂ ਦਿੱਤੀ ਅਤੇ ਦੂਸਰੀ ਕਿਸ਼ਤ, ਇਕ ਹਫ਼ਤੇ ਤੋਂ ਪਿੱਛੋਂ ਦਿੱਤੀ ਗਈ।[25]

ਸਾਰੀਆਂ ਤਿਆਰੀਆਂ ਕਰਨ ਉਪਰੰਤ ਜਹਾਜ਼ ਨੇ 30 ਮਾਰਚ, 1914 ਨੂੰ

---

22. Bulletin, *Heritage*, Desh Bhagat Yadgar Committee, Jalandhar, No. 3, July 23, 1996, pp. 54-55.
23. *Ibid.*
24. *Ibid.*
25. Reid, Robie L., *Inside Story of the Kamagatamaru in British Columbia*, Historical Quarterly, Vol. 5, 1941, p. 7.

ਹਾਂਗਕਾਂਗ ਤੋਂ ਰਵਾਨਾ ਹੋਣਾ ਸੀ। ਬਾਬਾ ਜੀ ਤੇ ਮੁਸਾਫ਼ਰਾਂ ਨੇ ਇਸ ਜਹਾਜ਼ ਦਾ ਨਾਂ 'ਗੁਰੂ ਨਾਨਕ ਜਹਾਜ਼' ਰੱਖ ਲਿਆ। ਜਹਾਜ਼ ਦੀ ਰਵਾਨਗੀ ਤੋਂ ਪਹਿਲਾਂ ਕੁਝ ਕੁ ਕਾਨੂੰਨੀ ਕਾਰਵਾਈਆਂ ਵੀ ਜ਼ਰੂਰੀ ਸਨ। ਜਦੋਂ ਬਾਬਾ ਗੁਰਦਿਤ ਸਿੰਘ ਨੇ ਹਾਂਗਕਾਂਗ ਦੇ ਗਵਰਨਰ ਤੋਂ ਰਾਹਦਾਰੀ ਲੈਣ ਲਈ ਅਰਜ਼ੀ ਦਿੱਤੀ,[26] ਤਾਂ ਸਰਕਾਰ ਵੱਲੋਂ ਵਿਘਨ ਪਾਇਆ ਗਿਆ। ਪਹਿਲਾਂ ਤਾਂ ਸਰਟੀਫ਼ਿਕੇਟ ਦੇਣ ਵਿਚ ਜਾਣ-ਬੁਝ ਕੇ ਦੇਰੀ ਕੀਤੀ ਅਤੇ ਦੂਸਰਾ, ਹਾਂਗਕਾਂਗ ਦੀ ਪੁਲਿਸ ਨੇ ਅਚਨਚੇਤ ਹੀ ਬਾਬਾ ਗੁਰਦਿਤ ਸਿੰਘ ਨੂੰ ਹਿਰਾਸਤ ਵਿਚ ਲੈ ਲਿਆ।[27] ਉਨ੍ਹਾਂ ਨੂੰ ਕੋਈ ਜ਼ਿਆਦਾ ਲੰਬਾ ਸਮਾਂ ਹਿਰਾਸਤ ਵਿਚ ਨਹੀਂ ਰੱਖਿਆ। ਤਿੰਨ ਦਿਨ ਪਿੱਛੋਂ 28 ਮਾਰਚ ਨੂੰ ਉਨ੍ਹਾਂ ਨੂੰ ਜ਼ਮਾਨਤ 'ਤੇ ਛੱਡ ਦਿੱਤਾ ਗਿਆ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਦੀ ਗ੍ਰਿਫ਼ਤਾਰੀ ਇਕ ਸਾਜ਼ਿਸ਼ ਅਧੀਨ ਹੋਈ। ਕਾਮਾਗਾਟਾਮਾਰੂ ਜਹਾਜ਼ ਦੇ ਡਾਕਟਰ ਰਘੂਨਾਥ ਸਿੰਘ ਅਨੁਸਾਰ ਗੁਰਦਿਤ ਸਿੰਘ 'ਤੇ ਜਹਾਜ ਦੀ ਟਿਕਟਾਂ ਵੇਚਣ ਅਤੇ ਪੈਸੇ ਇਕੱਠੇ ਕਰਨ ਦੇ ਜੁਰਮ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਹ ਉਸਨੇ ਵੈਨਕੂਵਰ ਦੇ ਪਾਰਲੀਮੈਂਟ ਦੇ ਮੈਂਬਰ ਐਚ.ਐਚ. ਸਟੀਵਨ ਨੂੰ ਦੱਸਿਆ ਸੀ।[28] ਅਸਲ ਗੱਲ ਤਾਂ ਹੋਰ ਵੀ ਸੀ। ਹਾਂਗਕਾਂਗ ਦੇ ਗਵਰਨਰ ਨੇ ਕੈਨੇਡਾ ਦੇ ਗਵਰਨਰ ਜਨਰਲ ਨੂੰ ਤਾਰ ਭੇਜੀ, ਜਿਸ ਵਿਚ ਉਸਨੂੰ ਪੁੱਛ-ਗਿੱਛ ਕੀਤੀ ਸੀ ਕਿ ਕੀ ਕੈਨੇਡਾ ਦੀ ਸਰਕਾਰ ਇਨ੍ਹਾਂ ਮੁਸਾਫ਼ਰਾਂ ਨੂੰ ਉਤਰਨ ਦੇਵੇਗੀ।[29] ਉਪਰੰਤ ਹਾਂਗਕਾਂਗ ਦਾ ਗਵਰਨਰ ਬਾਬਾ ਗੁਰਦਿਤ ਸਿੰਘ ਜੀ ਦੀਆਂ ਸਮੂਹ ਗਤੀ-ਵਿਧੀਆਂ ਤੇ ਕਰੜੀ ਨਿਗਾਹ ਰੱਖ ਰਿਹਾ ਸੀ ਕਿ ਕਿਵੇਂ ਉਹ ਜਹਾਜ਼ ਕਿਰਾਏ 'ਤੇ ਲੈਣ ਲਈ ਜਤਨਸ਼ੀਲ ਸਨ ਤੇ ਮੁਸਾਫ਼ਰਾਂ ਕੋਲੋਂ ਕਿਰਾਇਆ ਇਕੱਠਾ ਕਰਨਾ ਆਦਿ ਦੀ ਵੀ ਉਸਨੂੰ ਜਾਣਕਾਰੀ ਸੀ। ਹਾਂਗਕਾਂਗ ਦੇ ਗਵਰਨਰ ਨੇ 30 ਮਾਰਚ, 1914 ਨੂੰ ਕੈਨੇਡਾ ਦੇ ਗਵਰਨਰ ਜਨਰਲ ਨੂੰ ਤਾਰ ਭੇਜੀ ਸੀ।[30]

ਦੂਜੇ ਪਾਸੇ ਕੈਨੇਡਾ ਦੇ ਗਵਰਨਰ ਜਨਰਲ ਨੇ ਹਾਂਗਕਾਂਗ ਦੇ ਗਵਰਨਰ ਵੱਲੋਂ ਮਿਲੀ ਤਾਰ ਦੀ ਕੋਈ ਪਰਵਾਹ ਹੀ ਨਹੀਂ ਕੀਤੀ, ਜਦੋਂ ਕਿ ਹਾਂਗਕਾਂਗ ਦਾ ਗਵਰਨਰ ਜਲਦੀ ਉੱਤਰ ਚਾਹੁੰਦਾ ਸੀ। ਹਾਂਗਕਾਂਗ ਦੇ ਗਵਰਨਰ ਨੇ ਕੈਨੇਡਾ ਦੇ ਗਵਰਨਰ ਜਨਰਲ ਨੂੰ ਦੂਸਰੀ ਤਾਰ ਵੀ ਭੇਜੀ, ਜਿਸ ਵਿਚ ਉਸਨੇ ਇਹ ਵੀ ਸਪੱਸ਼ਟ ਕਰ ਦਿੱਤਾ ਸੀ ਕਿ ਉਹ ਕਾਮਾਗਾਟਾਮਾਰੂ ਜਹਾਜ਼ ਨੂੰ ਹੋਰ ਸਮੇਂ ਲਈ ਰੋਕਣ ਵਿਚ ਅਸਮਰਥ ਹੈ।[31] ਜਦੋਂ ਬਾਬਾ ਗੁਰਦਿਤ ਸਿੰਘ ਹਾਂਗਕਾਂਗ ਦੇ ਕਲੋਨੀਅਲ ਸਕੱਤਰ ਸਵੈਰਨ ਨੂੰ

26. Saihnsra, Gurcharan Singh, *Ghadar Party da Itihas* (Punjabi) Vol. I, Jalandhar; Desh Bhagata Yadgar Committee, p. 138.
27. Josh, Sohan Singh, *Kamagatamaru da Dukhant*, p. 36.
28. Dr. Raghunath Singh to H.H. Stevens, *Stevens' File*, p. 1910.
29. Telegram from Governor General of Canada, *Borden Papers*, Letter No. 17490.
30. *Ibid.*, Letter No. 17492.
31. Gurdit Singh, *The Voyage of the Kamagatamaru*, Part I, pp. 39-40.

ਮਿਲੇ ਤਾਂ ਉਸ ਪਾਸੋਂ ਜਹਾਜ਼ ਨੂੰ ਰੋਕਣ ਉਪਰੰਤ ਰਾਹਦਾਰੀ ਦਾ ਸਰਟੀਫ਼ਿਕੇਟ ਦੇਣ ਵਿਚ ਦੇਰੀ ਕਰਨ ਦੇ ਕਾਰਨ ਪੁੱਛੇ ਤਾਂ ਕਲੋਨੀਅਲ ਸਕੱਤਰ ਨੇ ਸਾਫ਼ ਦੱਸ ਦਿੱਤਾ ਕਿ ਉਨ੍ਹਾਂ ਨੇ ਕੈਨੇਡਾ ਦੇ ਗਵਰਨਰ ਜਨਰਲ ਪਾਸੋਂ ਵਧੇਰੇ ਕਾਨੂੰਨੀ ਜਾਣਕਾਰੀ ਲੈਣ ਲਈ ਲਿਖਿਆ ਸੀ ਅਤੇ ਉਸਦੇ ਉੱਤਰ ਦੀ ਉਡੀਕ ਕਰਨ ਕਾਰਨ ਜਹਾਜ਼ ਨੂੰ ਰੋਕਿਆ ਗਿਆ ਤੇ ਰਾਹਦਾਰੀ ਦੇਣ ਵਿਚ ਦੇਰੀ ਹੋਈ।[32]

ਉਪਰੋਕਤ ਸਬੂਤਾਂ ਦੇ ਆਧਾਰ 'ਤੇ ਇਕ ਗੱਲ ਸਪੱਸ਼ਟ ਹੁੰਦੀ ਹੈ ਕਿ ਬਾਬਾ ਗੁਰਦਿਤ ਸਿੰਘ ਦੀ ਗ੍ਰਿਫ਼ਤਾਰੀ ਟਿਕਟਾਂ ਵੇਚਣ ਕਾਰਨ ਨਹੀਂ ਹੋਈ, ਸਗੋਂ ਅਸਲ ਵਿਚ ਹਾਂਗਕਾਂਗ ਦੇ ਗਵਰਨਰ ਵੱਲੋਂ ਕੈਨੇਡਾ ਦੇ ਉੱਚ-ਅਧਿਕਾਰੀਆਂ ਪਾਸੋਂ ਇਮੀਗ੍ਰੇਸ਼ਨ ਕਾਨੂੰਨਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਉਡੀਕ ਵਿਚ ਹੋਈ। ਦੂਸਰਾ, ਹਾਂਗਕਾਂਗ ਦੇ ਅਧਿਕਾਰੀਆਂ ਦਾ ਇਹ ਵੀ ਮਕਸਦ ਹੋ ਸਕਦਾ ਹੈ ਕਿ ਬਾਬਾ ਗੁਰਦਿਤ ਸਿੰਘ ਦੀ ਗ੍ਰਿਫ਼ਤਾਰੀ ਨਾਲ ਮੁਸਾਫ਼ਰਾਂ ਦਾ ਕੈਨੇਡਾ ਜਾਣ ਲਈ ਉਤਸ਼ਾਹ ਘੱਟ ਜਾਵੇਗਾ। ਬਾਬਾ ਗੁਰਦਿਤ ਸਿੰਘ ਦੀ ਕਲੋਨੀਅਲ ਸਕੱਤਰ ਨਾਲ ਆਪਸੀ ਗੱਲਬਾਤ ਦੇ ਕੁਝ ਅੰਸ਼ ਹੇਠ ਦਿੱਤੇ ਜਾਂਦੇ ਹਨ:

ਗੁਰਦਿਤ ਸਿੰਘ : ਕੀ ਤੁਸੀਂ ਇਹ ਦੱਸੋਗੇ ਕਿ ਜਦ ਹਾਂਗਕਾਂਗ ਤੋਂ ਜਹਾਜ਼ ਨੂੰ ਤੋਰਨ ਲਈ ਸਾਰੀਆਂ ਸ਼ਰਤਾਂ ਪੂਰੀਆਂ ਸਨ, ਤਾਂ ਤੁਸੀਂ ਜਾਹਜ਼ ਨੂੰ ਕਿਉਂ ਰੋਕੀ ਰੱਖਿਆ?

ਕਲੋਨੀਅਲ ਸਕੱਤਰ: ਮੈਂ ਕੈਨੇਡਾ ਦੀ ਸਰਕਾਰ ਨੂੰ ਲਿਖਿਆ ਸੀ ਕਿ ਕਾਮਾਗਾਟਾਮਾਰੂ ਜਹਾਜ਼ ਸਿੱਖਾਂ ਨੂੰ ਲੈ ਕੇ ਕੈਨੇਡਾ ਜਾ ਰਿਹਾ ਹੈ ਅਤੇ ਅਸੀਂ ਇਮੀਗ੍ਰੇਸ਼ਨ ਸੰਬੰਧੀ ਜਾਣਕਾਰੀ ਚਾਹੁੰਦੇ ਸੀ। ਜਦ ਛੇ ਦਿਨ ਗੁਜ਼ਰ ਗਏ ਅਤੇ ਕੈਨੇਡਾ ਵੱਲੋਂ ਕੋਈ ਉੱਤਰ ਨਾ ਮਿਲਿਆ ਤਾਂ ਮੈਂ ਜਹਾਜ਼ ਤੋਰਣ ਦੀ ਆਗਿਆ ਦੇ ਦਿੱਤੀ। ਤੁਹਾਨੂੰ ਜਹਾਜ਼ ਲੈ ਕੇ ਜਾਣ ਦੀ ਖੁਲ੍ਹ ਹੈ।

ਇਹ ਗੱਲਬਾਤ 3 ਅਪ੍ਰੈਲ, 1914 ਨੂੰ ਹੋਈ, ਭਾਵ ਜਹਾਜ਼ ਦੇ ਤੁਰਣ ਤੋਂ ਇਕ ਦਿਨ ਪਹਿਲਾਂ। ਬਾਬਾ ਗੁਰਦਿਤ ਸਿੰਘ ਅਨੁਸਾਰ ਉਹ ਦੋਨੋਂ ਇਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਇਨ੍ਹਾਂ ਦੀ ਵਾਕਫ਼ੀਅਤ ਉਸ ਸਮੇਂ ਹੋਈ ਜਦ ਮਿਸਟਰ ਸਵੈਰਨ, ਜ਼ਿਲ੍ਹਾ ਮਜਿਸਟਰੇਟ ਸਨ ਤੇ ਬਾਬਾ ਗੁਰਦਿਤ ਸਿੰਘ ਠੇਕੇਦਾਰੀ ਦਾ ਕਾਰੋਬਾਰ ਕਰਦੇ ਸਨ।[33]

ਮਿਸਟਰ ਸਵੈਰਨ ਨੇ ਜੋ ਪੱਤਰ ਜਾਂ ਤਾਰ ਆਟਵਾ ਸਰਕਾਰ ਨੂੰ ਭੇਜੀ, ਉਸ ਵਿਚ ਉਸਨੇ ਬਾਬਾ ਗੁਰਦਿਤ ਸਿੰਘ ਨਾਲ ਹੋਈ ਗੱਲਬਾਤ ਦਾ ਵੀ ਜ਼ਿਕਰ ਕੀਤਾ ਹੈ, ਪਰ ਗੱਲਬਾਤ ਦਾ ਸਮਾਂ 4 ਅਪ੍ਰੈਲ, 1914 ਲਿਖਿਆ ਹੋਇਆ ਹੈ, ਪਰ ਗੁਰਦਿਤ ਸਿੰਘ ਹੋਰਾਂ ਨੇ 3 ਅਪ੍ਰੈਲ ਲਿਖਿਆ ਹੈ। 3 ਅਪ੍ਰੈਲ ਨੂੰ ਠੀਕ ਮੰਨਿਆ ਜਾ ਸਕਦਾ ਹੈ ਕਿਉਂਕਿ 4 ਅਪ੍ਰੈਲ, 1914 ਨੂੰ ਕਾਮਾਗਾਟਾਮਾਰੂ ਜਹਾਜ਼ ਹਾਂਗਕਾਂਗ ਤੋਂ ਚੱਲ ਪਿਆ ਸੀ।[34]

---

32. Gurdit Singh, *The Voyage of the Kamagatamaru*, Part I, pp. 39-40.
33. *Ibid.*, pp. 38.
34. From Colonial Secretary to the Governor General, *Borden Papers*.

ਬਾਬਾ ਗੁਰਦਿਤ ਸਿੰਘ ਜੀ ਨੂੰ ਕਲੋਨੀਅਲ ਸਕੱਤਰ ਨਾਲ ਮਿਲਣ ਉਪਰੰਤ ਗੱਲਾਂ ਕਰ ਕੇ ਬਹੁਤ ਖ਼ੁਸ਼ੀ ਤੇ ਸੰਤੁਸ਼ਟੀ ਹੋਈ। ਜਦੋਂ ਮਿਸਟਰ ਸਵੈਰਨ ਨੇ ਬਾਬਾ ਗੁਰਦਿਤ ਸਿੰਘ ਨੂੰ ਕੈਨੇਡਾ ਜਾਣ ਦੇ ਮਕਸਦ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਕਿਹਾ ਕਿ ਕੈਨੇਡਾ ਜਾਣ ਦਾ ਮੁਖ ਮਕਸਦ ਆਰਥਿਕ ਖ਼ੁਸ਼ਹਾਲੀ ਦੀ ਲਾਲਸਾ ਹੀ ਹੈ। ਆਪਸੀ ਗੱਲਬਾਤ ਮੁਕਾਉਣ ਤੋਂ ਪਿੱਛੋਂ ਬਾਬਾ ਗੁਰਦਿਤ ਸਿੰਘ ਨੇ ਮਿਸਟਰ ਸਵੈਰਨ ਪਾਸੋਂ ਕਾਨੂੰਨੀ ਰਾਏ ਵੀ ਲੈਣੀ ਚਾਹੀ। ਉਸਨੂੰ ਪੁੱਛਿਆ ਗਿਆ ਕਿ ਸਫ਼ਰ ਕਲਕੱਤੇ ਤੋਂ ਸ਼ੁਰੂ ਕਰੀਏ ਜਾਂ ਹਾਂਗਕਾਂਗ ਤੋਂ। ਇਸ ਸਵਾਲ 'ਤੇ ਮਿਸਟਰ ਸਵੈਰਨ ਹੱਸਿਆ ਤੇ ਉੱਤਰ ਦਿੱਤਾ, "ਇਸ ਵਿਚ ਕੋਈ ਫ਼ਰਕ ਨਹੀਂ ਪੈਂਦਾ, ਭਾਵੇਂ ਕਲਕੱਤੇ ਤੋਂ ਜਹਾਜ਼ ਤੋਰੋ ਜਾਂ ਹਾਂਗਕਾਂਗ ਤੋਂ।" ਇਥੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਮਿਸਟਰ ਸਵੈਰਨ ਨੇ ਰਾਏ ਦੇਣ ਸਮੇਂ ਈਮਾਨਦਾਰੀ ਨਹੀਂ ਦਿਖਾਈ। ਇਸ ਸਮੇਂ ਹੀ ਬਾਬਾ ਗੁਰਦਿਤ ਸਿੰਘ ਨੇ ਭਾਵੁਕ ਹੋ ਕੇ ਭਾਰਤੀ ਲੋਕਾਂ ਦੀ ਗ਼ੁਲਾਮੀ ਬਾਰੇ ਚਰਚਾ ਛੇੜੀ ਅਤੇ ਅੰਗਰੇਜ਼ਾਂ ਵੱਲੋਂ ਰਾਜਨੀਤਕ ਤੇ ਆਰਥਿਕ ਲੁੱਟ-ਖਸੁੱਟ ਕਰਨ ਨੂੰ ਭੰਡਿਆ।[35]

ਜਿਵੇਂ ਪਹਿਲਾਂ ਵੀ ਉਲੇਖ ਹੋ ਚੁੱਕਾ ਹੈ ਕਿ ਹਾਂਗਕਾਂਗ ਦੇ ਗਵਰਨਰ ਵੱਲੋਂ ਜਹਾਜ਼ ਨੂੰ ਰੋਕਣ ਅਤੇ ਬਾਬਾ ਗੁਰਦਿਤ ਸਿੰਘ ਦੀ ਗ੍ਰਿਫ਼ਤਾਰੀ ਜਾਣ ਬੁਝ ਕੇ ਕੀਤੀ ਗਈ ਸੀ। ਇਸਦਾ ਪਹਿਲਾ ਮਕਸਦ ਤਾਂ ਮੁਸਾਫ਼ਰਾਂ ਨੂੰ ਦੋਚਿੱਤੀ ਵਿਚ ਪਾਉਣਾ ਸੀ ਤਾਂ ਜੋ ਟਿਕਟਾਂ ਖ਼ਰੀਦਣ ਲਈ ਉਤਸ਼ਾਹਿਤ ਨਾ ਹੋਣ। ਦੂਸਰਾ, ਕੈਨੇਡਾ ਸਰਕਾਰ ਤੋਂ ਕਾਨੂੰਨੀ ਜਾਣਕਾਰੀ ਪ੍ਰਾਪਤ ਕਰਨੀ ਸੀ।[36] ਉਸਨੇ ਦੂਜੀ ਵਾਰੀ ਭੇਜੀ ਹੋਈ ਤਾਰ ਵਿਚ ਕੈਨੇਡਾ ਦੇ ਗਵਰਨਰ ਜਨਰਲ ਨੂੰ ਵਾਸਤਾ ਪਾਇਆ ਸੀ ਕਿ ਇਹ ਪੁੱਛ-ਗਿੱਛ ਕਰਨੀ ਬਹੁਤ ਹੀ ਮਹੱਤਵਪੂਰਨ ਹੈ।[37] ਜਦੋਂ ਕੈਨੇਡਾ ਵੱਲੋਂ ਕੋਈ ਉੱਤਰ ਨਾ ਮਿਲਿਆ ਤਾਂ ਉਸਨੇ ਬਾਬਾ ਗੁਰਦਿਤ ਸਿੰਘ ਨੂੰ ਜਹਾਜ਼ ਤੋਰਨ ਲਈ ਲਿਖਤੀ ਸਰਟੀਫਿਕੇਟ ਦੇ ਦਿੱਤਾ। ਜਹਾਜ਼ ਤੁਰਨ ਤੋਂ ਪਿੱਛੋਂ ਵੀ ਉਸਨੇ ਕੈਨੇਡਾ ਦੇ ਉੱਚ-ਅਧਿਕਾਰੀਆਂ ਨਾਲ ਸੰਪਰਕ ਕਰਨ ਦਾ ਜਤਨ ਕੀਤਾ। ਹਾਂਗਕਾਂਗ ਦੇ ਗਵਰਨਰ ਵੱਲੋਂ ਕੈਨੇਡਾ ਨੂੰ ਇਕ ਹੋਰ ਤਾਰ 6 ਅਪ੍ਰੈਲ, 1914 ਨੂੰ ਭੇਜੀ ਗਈ, ਜਿਸ ਵਿਚ ਉਸਨੇ ਦੱਸਿਆ ਕਿ ਉਹ ਜਹਾਜ਼ ਨੂੰ ਹੋਰ ਸਮੇਂ ਲਈ ਰੋਕ ਰੱਖਣ ਤੋਂ ਅਸਮਰੱਥ ਸੀ ਤੇ ਕਾਮਾਗਾਟਾਮਾਰੂ 4 ਅਪ੍ਰੈਲ, 1914 ਨੂੰ ਇਥੋਂ ਕੈਨੇਡਾ ਲਈ ਰਵਾਨਾ ਹੋ ਗਿਆ।[38]

ਉਪਰੋਕਤ ਗੱਲਾਂ ਨੂੰ ਦੇਖਦੇ ਹੋਏ ਇਸ ਤਰ੍ਹਾਂ ਜਾਪਦਾ ਹੈ ਕਿ ਹਾਂਗਕਾਂਗ ਦਾ ਗਵਰਨਰ ਚਾਹੁੰਦਾ ਸੀ ਕਿ ਜਹਾਜ਼ ਨੂੰ ਹਾਂਗਕਾਂਗ ਹੀ ਰੋਕ ਲਿਆ ਜਾਵੇ। ਦੂਜੇ ਪਾਸੇ ਬਾਬਾ ਗੁਰਦਿਤ ਸਿੰਘ ਨੂੰ ਕਾਨੂੰਨੀ ਅੜਿਕੇ ਤੋਂ ਡਰ ਜ਼ਰੂਰ ਸੀ, ਜਿਸ ਕਰਕੇ ਉਸਨੇ ਹਾਂਗਕਾਂਗ ਦੀ ਇਕ ਕਾਨੂੰਨੀ ਫ਼ਰਮ ਨਾਲ ਸਲਾਹ ਮਸ਼ਵਰਾ ਕੀਤਾ ਤੇ ਕੈਨੇਡਾ ਦਾਖ਼ਲ

35. Gurdit Singh, *The Voyage of the Kamagatamaru*, pp. 36-37.
36. Telegram from Governor of Hong Kong to the Governor General of Canada, *Borden Papers*, Letter No. 17490
37. *Ibid.*
38. *Ibid.*

ਹੋਣ ਸੰਬੰਧੀ ਜਾਣਕਾਰੀ ਤੇ ਅਧਿਕਾਰਾਂ ਬਾਰੇ ਜਾਨਣਾ ਚਾਹਿਆ। ਹਾਂਗਕਾਂਗ ਦੀ ਕਾਨੂੰਨੀ ਮਾਹਿਰਾਂ ਦੀ ਫ਼ਰਮ ਨੇ ਹੇਠ ਲਿਖੇ ਵਿਚਾਰ ਦਿੱਤੇ:

> "ਅੱਜ ਤੁਸੀਂ ਸਾਡੀ ਕੰਪਨੀ ਪਾਸੋਂ ਇਹ ਜਾਨਣਾ ਚਾਹਿਆ ਹੈ ਕਿ ਭਾਰਤੀਆਂ ਨੂੰ ਕੈਨੇਡਾ ਅੰਦਰ ਦਾਖ਼ਲ ਹੋਣ ਪ੍ਰਤੀ ਕੋਈ ਕਾਨੂੰਨੀ ਰੋਕਾਂ ਹਨ। ਸਾਡੇ ਅਨੁਸਾਰ ਜਿਥੋਂ ਤਕ ਹਾਂਗਕਾਂਗ ਦੀ ਕਲੋਨੀ ਦਾ ਸੰਬੰਧ ਹੈ ਜੇ ਇਹ ਆਦਮੀ ਕਿਸੇ ਭਾੜੇ ਦੇ ਮਜ਼ਦੂਰੀ ਦੇ ਸਮਝੌਤੇ ਅਨੁਸਾਰ ਨਹੀਂ ਜਾ ਰਹੇ ਤਾਂ ਉਨ੍ਹਾਂ ਨੂੰ ਕੈਨੇਡਾ ਜਾਣ ਲਈ ਕੋਈ ਕਾਨੂੰਨੀ ਰੋਕਾਂ ਨਹੀਂ ਹਨ।"[39]

ਉੱਪਰ ਦਿੱਤੇ ਹੋਏ ਵਿਚਾਰ ਕੈਨੇਡਾ ਅੰਦਰ ਦਾਖ਼ਲ ਹੋਣ ਸੰਬੰਧੀ ਕਾਨੂੰਨੀ ਤੌਰ 'ਤੇ ਕੋਈ ਵਿਸਥਾਰਪੂਰਵਕ ਰੋਸ਼ਨੀ ਨਹੀਂ ਪਾਉਂਦੇ, ਫਿਰ ਵੀ ਬਾਬਾ ਗੁਰਦਿਤ ਸਿੰਘ ਨੂੰ ਜਹਾਜ਼ ਤੋਰਨ ਤੇ ਕੈਨੇਡਾ ਜਾਣ ਲਈ ਉਤਸ਼ਾਹ ਮਿਲ ਗਿਆ। ਹਾਂਗਕਾਂਗ ਦੇ ਗਵਰਨਰ ਨੇ ਕਾਮਾਗਾਟਾਮਾਰੂ ਨੂੰ ਛੇ ਦਿਨ ਲਈ ਰੋਕੀ ਰੱਖਿਆ ਅਤੇ ਜਦੋਂ ਕੋਈ ਕੈਨੇਡਾ ਅਧਿਕਾਰੀਆਂ ਵੱਲੋਂ ਉੱਤਰ ਨਾ ਮਿਲਿਆ ਤਾਂ ਜਹਾਜ਼ ਤੋਰਣ ਦੀ ਆਗਿਆ ਦੇ ਦਿੱਤੀ। ਹਾਂਗਕਾਂਗ ਦੀ ਪੁਲਿਸ ਵੱਲੋਂ ਬਾਬਾ ਗੁਰਦਿਤ ਸਿੰਘ ਨੂੰ ਗ੍ਰਿਫ਼ਤਾਰ ਕਰਨ ਨਾਲ ਕੁਝ ਮੁਸਾਫ਼ਰਾਂ ਨੂੰ ਸ਼ੱਕ ਹੋਇਆ। ਇਸ ਸ਼ੱਕ ਅਤੇ ਡਰ ਪੈਦਾ ਹੋਣ ਨਾਲ ਹਾਂਗਕਾਂਗ ਤੋਂ ਸਿਰਫ਼ 165 ਮੁਸਾਫ਼ਰ ਮਿਲੇ।[40] ਦੂਜੀਆਂ ਥਾਵਾਂ ਤੋਂ ਹੋਰ ਮੁਸਾਫ਼ਰ ਮਿਲਦੇ ਰਹੇ, ਜਿਵੇਂ ਸ਼ੰਘਾਈ (ਸ਼ੰਘ-ਹਾਈ) ਤੋਂ 111, ਮੋਜੀ ਤੋਂ 86, ਯੋਕੋਹਾਮਾ ਤੋਂ 14 ਅਤੇ ਕੁਲ ਮਿਲਾ ਕੇ 376 ਮੁਸਾਫ਼ਰ ਹੋ ਗਏ। ਦਰਜਨ ਕੁ ਮੁਸਾਫ਼ਰਾਂ ਤੋਂ ਬਿਨਾਂ ਸਾਰੇ ਸਿੱਖ ਹੀ ਸਨ।[41] ਮੁਸਾਫ਼ਰਾਂ ਵਿਚ ਦੋ ਇਸਤਰੀਆਂ ਅਤੇ ਚਾਰ ਬੱਚੇ ਵੀ ਸਨ।[42]

ਹਾਂਗਕਾਂਗ ਤੋਂ ਚੱਲ ਕੇ ਜਹਾਜ਼ 8 ਅਪ੍ਰੈਲ ਨੂੰ ਚੀਨ ਦੀ ਬੰਦਰਗਾਹ ਸ਼ੰਘਾਈ (ਸ਼ੰਘ-ਹਾਈ) ਪਹੁੰਚਿਆ ਅਤੇ 19 ਅਪ੍ਰੈਲ ਨੂੰ ਮੋਜੀ ਅਤੇ 28 ਅਪ੍ਰੈਲ ਨੂੰ ਯੋਕੋਹਾਮਾ (ਜਪਾਨ) ਪਹੁੰਚ ਗਿਆ।[43] ਮੋਜੀ ਦੇ ਅਸਥਾਨ 'ਤੇ ਹੀ ਭਾਈ ਬਲਵੰਤ ਸਿੰਘ ਖੁਰਦਪੁਰ, (ਵੈਨਕੂਵਰ ਨਿਵਾਸੀ) ਬਾਬਾ ਗੁਰਦਿਤ ਸਿੰਘ ਨੂੰ ਮਿਲੇ। ਦੋਵਾਂ ਨੇ ਆਪਸ ਵਿਚ ਕੈਨੇਡਾ ਸਰਕਾਰ ਦੀਆਂ ਇਮੀਗ੍ਰੇਸ਼ਨ ਸੰਬੰਧੀ ਨੀਤੀਆਂ 'ਤੇ ਵਿਚਾਰ ਕੀਤੀ। ਪਰ ਭਾਈ ਬਲਵੰਤ ਸਿੰਘ ਨੇ ਬਾਬਾ ਗੁਰਦਿਤ ਸਿੰਘ ਨੂੰ ਭਰੋਸਾ ਦਿਵਾਇਆ ਕਿ ਵੈਨਕੂਵਰ ਦੇ ਸਿੱਖ ਤੁਹਾਡੇ ਉਥੇ ਪਹੁੰਚਣ 'ਤੇ ਸਹਾਇਤਾ ਕਰਨਗੇ। ਭਾਈ ਬਲਵੰਤ ਸਿੰਘ ਨੇ ਮੋਜੀ ਤੋਂ ਕੋਬੇ ਤਕ ਕਾਮਾਗਾਟਾਮਾਰੂ ਵਿਚ ਹੀ ਸਫ਼ਰ ਕੀਤਾ ਅਤੇ ਕੋਬੇ ਤੋਂ ਤੇਜ਼ ਜਹਾਜ਼ ਲੈ ਕੇ ਵੈਨਕੂਵਰ ਪਹੁੰਚੇ।[44]

---

39. Gurdit Singh, *The Voyage of the Kamagatamaru*, Part I, pp. 19-20.
40. Saihnsra, Gurcharan Singh, *Ghadar Party da Itihas*, Vol. I, p. 139.
41. *Ibid.*
42. Ferguson, Ted., *White Man's Country*, p. 22.
43. Saihnsra, Gurcharan Singh, *op.cit.*
44. Jas, Jaswant Singh, *Baba Gurdit Singh*, p. 59.

ਯੋਕੋਹਾਮਾ ਵਿਖੇ ਗਿਆਨੀ ਭਗਵਾਨ ਸਿੰਘ ਜੀ ਹੋਰੀਂ ਬਾਬਾ ਗੁਰਦਿਤ ਸਿੰਘ ਤੇ ਮੁਸਾਫ਼ਰਾਂ ਨੂੰ ਮਿਲੇ। ਗਿਆਨੀ ਭਗਵਾਨ ਸਿੰਘ ਜੀ ਪਹਿਲਾਂ ਪੀਨਾਂਗ ਤੇ ਹਾਂਗਕਾਂਗ ਦੇ ਗੁਰਦੁਆਰਿਆਂ ਵਿਚ ਗ੍ਰੰਥੀ ਰਹਿ ਚੁੱਕੇ ਸਨ ਅਤੇ 1913 ਵਿਚ ਵੈਨਕੂਵਰ ਪਹੁੰਚੇ, ਜਿਥੋਂ ਉਨ੍ਹਾਂ ਨੂੰ ਛੇਤੀ ਹੀ ਧੱਕੇ ਨਾਲ ਦੇਸ਼-ਨਿਕਾਲਾ ਦੇ ਦਿੱਤਾ। ਉਸਨੇ ਬਾਬਾ ਗੁਰਦਿਤ ਸਿੰਘ ਨੂੰ ਹਾਪਕਿਨਸਨ ਅਤੇ ਉਸਦੇ ਸਾਥੀਆਂ ਵੱਲੋਂ ਸਾਜ਼ਿਸ਼ ਅਧੀਨ ਭਾਰਤੀ ਲੋਕਾਂ ਨੂੰ ਤੰਗ ਕਰਨ ਅਤੇ ਕੈਨੇਡਾ ਵਿੱਚੋਂ ਬਾਹਰ ਕੱਢਣ ਦਾ ਜਤਨ ਕੀਤਾ ਜਾ ਰਿਹਾ ਹੈ। ਇਹ ਵੀ ਸਪੱਸ਼ਟ ਕੀਤਾ ਕਿ ਬ੍ਰਿਟਿਸ਼ ਇੰਡੀਆ ਦੇ ਅਧਿਕਾਰੀਆਂ ਵੱਲੋਂ ਹਾਪਕਿਨਸਨ ਨੂੰ ਜਸੂਸੀ ਕਰਨ ਲਈ ਹੀ ਭਰਤੀ ਕੀਤਾ ਗਿਆ ਸੀ।[45]

ਕਾਮਾਗਾਟਾਮਾਰੂ ਦਾ ਵੈਨਕੂਵਰ ਪਹੁੰਚਣਾ

ਇਹ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਹਾਂਗਕਾਂਗ ਦੇ ਗਵਰਨਰ ਨੇ ਕਾਮਾਗਾਟਾਮਾਰੂ ਜਹਾਜ਼ ਨੂੰ ਹਰ ਹੀਲੇ ਰੋਕਣ ਦਾ ਜਤਨ ਕੀਤਾ ਸੀ ਅਤੇ ਕੈਨੇਡਾ ਦੇ ਗਵਰਨਰ ਜਨਰਲ ਨੂੰ ਤਾਰਾਂ ਪਾਈਆਂ ਤਾਂ ਜੋ ਉਸ ਵੱਲੋਂ ਕੈਨੇਡਾ ਦੇ ਇਮੀਗ੍ਰੇਸ਼ਨ ਕਾਨੂੰਨ ਅਨੁਸਾਰ ਅਗਲੀ ਕਾਰਵਾਈ ਕੀਤੀ ਜਾਵੇ। ਜਦ ਜਹਾਜ਼ ਹਾਂਗਕਾਂਗ ਤੋਂ ਤੁਰ ਪਿਆ ਤਾਂ ਕੈਨੇਡਾ ਦੇ ਗਵਰਨਰ ਜਨਰਲ ਨੂੰ ਹੋਸ਼ ਆਈ। ਹਾਂਗਕਾਂਗ ਦੇ ਗਵਰਨਰ ਨੇ ਜਹਾਜ਼ ਬਾਰੇ ਪੂਰੀ ਸੂਹ ਰੱਖੀ ਅਤੇ ਸੂਹ ਪ੍ਰਾਪਤ ਕਰ ਕੇ ਕੈਨੇਡਾ ਦੇ ਗਵਰਨਰ ਜਨਰਲ ਨੂੰ ਵਿਸਥਾਰ ਵਿਚ ਦੱਸਿਆ। ਉਸਦੇ ਵੱਲੋਂ ਭੇਜੀ ਹੋਈ ਇਕ ਤਾਰ ਦੇ ਸ਼ਬਦ, "ਮੇਰੀ 6 ਅਪ੍ਰੈਲ ਵਾਲੀ ਤਾਰ ਅਨੁਸਾਰ ਕਾਮਾਗਾਟਾਮਾਰੂ ਜਹਾਜ਼ ਸ਼ੰਘਾਈ, ਨਾਗਾਸਾਕੀ ਤੇ ਯੂਕੋਹਾਮਾ ਤੋਂ ਹੋਰ ਮੁਸਾਫ਼ਰ ਲੈਂਦਾ ਰਿਹਾ ਹੈ ਅਤੇ ਉਮੀਦ ਹੈ ਕਿ 30 ਅਪ੍ਰੈਲ ਨੂੰ ਜਹਾਜ ਵੈਨਕੂਵਰ ਪਹੁੰਚ ਜਾਵੇਗਾ। ਗੁਰਦਿਤ ਸਿੰਘ ਦੀ ਭਾਵਨਾ ਹੈ ਕਿ ਉਹ ਭਾਰਤੀਆਂ ਦੇ ਦਾਖ਼ਲੇ ਲਈ ਕਾਨੂੰਨੀ ਸਹਾਰਾ ਲਵੇਗਾ, ਉਪਰੰਤ ਇਹ ਵੀ ਸੰਭਵ ਹੋ ਸਕਦਾ ਹੈ ਕਿ ਉਹ ਕਲਕੱਤੇ ਤੋਂ ਵੈਨਕੂਵਰ ਤਕ ਸਿੱਧੀ ਜਹਾਜ਼ੀ ਸਰਵਸ ਸ਼ੁਰੂ ਕਰ ਦੇਵੇ। ਇਸ ਜਹਾਜ਼ ਦੇ ਸਾਰੇ ਮੁਸਾਫ਼ਰ ਖੇਤੀਬਾੜੀ ਕਰਨ ਵਾਲੇ ਲੋਕ ਹਨ।[46]

ਜਹਾਜ਼ ਦੀਆਂ ਰਹਿੰਦੀਆਂ ਦੋ ਕਿਸ਼ਤਾਂ ਮੋਜੀ ਦੇ ਅਸਥਾਨ 'ਤੇ ਦਿੱਤੀਆਂ ਅਤੇ ਉਥੋਂ ਜਹਾਜ਼ ਵਿਚ ਕੋਲਾ ਲੱਦਿਆ ਗਿਆ ਤਾਂ ਜੋ ਉਸਨੂੰ ਵੈਨਕੂਵਰ ਵਿਖੇ ਵੇਚ ਕੇ ਮੁਨਾਫ਼ਾ ਖੱਟਿਆ ਜਾਵੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਰਤਾਨੀਆ ਸਰਕਾਰ ਦੇ ਜਸੂਸ ਹਰ ਬੰਦਰਗਾਹ ਉੱਤੇ ਜਹਾਜ਼ ਅਤੇ ਇਸਦੇ ਮੁਸਾਫ਼ਰਾਂ 'ਤੇ ਕਰੜੀ ਨਿਗਾਹ ਰੱਖਦੇ ਸਨ। ਟੋਕੀਓ ਵਿਖੇ ਕੈਨੇਡਾ ਦੇ ਰਾਜਦੂਤ ਨੇ ਕੈਨੇਡਾ ਦੇ ਗਵਰਨਰ ਜਨਰਲ ਨੂੰ ਇਕ ਗੁਪਤ ਸੂਚਨਾ ਵੀ ਭੇਜੀ ਕਿ ਮੋਜੀ ਵਿਖੇ ਬਾਬਾ ਗੁਰਦਿਤ ਸਿੰਘ ਨੂੰ ਮਾਇਆ ਦੀ ਥੁੜ ਹੋ ਗਈ ਸੀ।[47]

45. Jas, Jaswant Singh, *Baba Gurdit Singh*, pp. 60-61.
46. Telegram from Governor of Hong Kong to the Governor General of Canada, *Borden Papers*.
47. Telegram from Canadian Ambassador at Tokyo to the Governor General of Canada, (May 1, 1914), *Borden Papers*.

ਕਾਮਾਗਾਟਾਮਾਰੂ ਦੇ ਪਹੁੰਚਣ ਤੋਂ ਇਕ ਮਹੀਨਾ ਪਹਿਲਾਂ ਹੀ ਬੀ.ਸੀ. ਦੇ 'ਪ੍ਰੋਵਿੰਸ' ਅਖ਼ਬਾਰ ਨੇ ਇਕ ਖ਼ਬਰ ਛਾਪੀ ਕਿ ਹਿੰਦੂ ਲੋਕਾਂ ਨਾਲ ਲੱਦਿਆ ਇਕ ਜਹਾਜ਼ ਵੈਨਕੂਵਰ ਨੂੰ ਆ ਰਿਹਾ ਹੈ।[48] ਭਾਰਤੀ ਭਾਈਚਾਰੇ ਦੇ ਆਪਣੇ ਹਫ਼ਤਾਵਾਰੀ ਅਖ਼ਬਾਰ *ਹਿੰਦੋਸਤਾਨੀ* ਨੇ ਵੀ ਇਹ ਖ਼ਬਰ ਛਾਪੀ ਸੀ ਕਿ ਭਾਰਤੀ ਲੋਕ ਆਪਣਾ ਜਹਾਜ਼ ਲੈ ਕੇ ਵੈਨਕੂਵਰ ਪਹੁੰਚ ਰਹੇ ਹਨ। ਦੂਜੇ ਪਾਸੇ ਕੈਨੇਡਾ ਦੇ ਉੱਚ ਅਧਿਕਾਰੀਆਂ ਨੂੰ ਪਹਿਲਾਂ ਹੀ ਪਤਾ ਸੀ ਅਤੇ ਰਾਜਨੀਤਕ ਨੇਤਾਵਾਂ ਨੇ ਪੱਕਾ ਫ਼ੈਸਲਾ ਕੀਤਾ ਹੋਇਆ ਸੀ ਕਿ ਇਨ੍ਹਾਂ ਸਮੂਹ ਮੁਸਾਫ਼ਰਾਂ ਨੂੰ ਹਰ ਹਾਲਤ ਵਿਚ ਡਿਪੋਰਟ ਕੀਤਾ ਜਾਵੇਗਾ। ਉਨ੍ਹਾਂ ਨੇ ਇਸ ਮਕਸਦ ਦੀ ਪੂਰਤੀ ਲਈ ਆਰਡਰਜ਼-ਇਨ ਕੌਂਸਲ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਦ੍ਰਿੜ੍ਹ ਹੋਣਾ ਧਾਰ ਲਿਆ ਸੀ।[49]

ਕਾਮਾਗਾਟਾਮਾਰੂ ਯੋਕੋਹਾਮਾ ਤੋਂ 21 ਦਿਨ ਦਾ ਲੰਬਾ ਸਫ਼ਰ ਤਹਿ ਕਰ ਕੇ 21 ਮਈ, 1914 ਨੂੰ ਸ਼ਾਮ ਵੇਲੇ ਵਿਕਟੋਰੀਆ (ਬੀ.ਸੀ.) ਦੇ ਨਜ਼ਦੀਕ ਪਹੁੰਚ ਗਿਆ। ਵਿਕਟੋਰੀਆ ਦੀ ਬੰਦਰਗਾਹ 'ਤੇ ਮੈਡੀਕਲ ਅਫ਼ਸਰ ਨੇ ਜਹਾਜ਼ ਅਤੇ ਮੁਸਾਫ਼ਰਾਂ ਦਾ ਸਰੀਰਕ ਮੁਆਇਨਾ ਕੀਤਾ ਅਤੇ ਸਾਰਾ ਕੁਝ ਪੂਰਾ ਠੀਕ ਸੀ। ਇਥੇ ਹੀ ਅਧਿਕਾਰੀਆਂ ਨੇ ਪਿਛਲੀ ਬੰਦਰਗਾਹ ਤੋਂ ਮਿਲੇ ਡਾਕਟਰੀ ਸਰਟੀਫ਼ਿਕੇਟ ਦੀ ਮੰਗ ਕੀਤੀ ਪਰ ਕਪਤਾਨ ਯੁਮਾਟੋ ਨੇ ਸਰਟੀਫ਼ਿਕੇਟ ਨੂੰ ਇਧਰ-ਉਧਰ ਕਰ ਦਿੱਤਾ ਸੀ ਪਰ ਦਲਜੀਤ ਸਿੰਘ ਨੇ ਆਖ਼ਰ ਨੂੰ ਢੂੰਡ ਲਿਆ।[50]

ਵਿਕਟੋਰੀਆ ਦੀ ਬੰਦਰਗਾਹ ਉੱਤੇ ਹੀ *ਵਿਕਟੋਰੀਆ ਟਾਈਮਜ਼* ਅਖ਼ਬਾਰ ਦਾ ਸੰਪਾਦਕ ਮੁਸਾਫ਼ਰਾਂ ਨੂੰ ਮਿਲਿਆ ਅਤੇ ਉਨ੍ਹਾਂ ਨੇ ਮੁਸਾਫ਼ਰਾਂ ਬਾਰੇ ਹੇਠ ਲਿਖੇ ਖ਼ਿਆਲ ਪ੍ਰਗਟ ਕੀਤੇ, "ਜਹਾਜ਼ ਦੇ ਮੁਸਾਫ਼ਰ ਭਾਂਤ-ਭਾਂਤ ਦੇ ਰੰਗਾਂ ਦੀਆਂ ਦਸਤਾਰਾਂ ਨਾਲ ਬਹੁਤ ਫੁਰਤੀ ਨਾਲ ਤੁਰਦੇ ਸਨ। ਉਨ੍ਹਾਂ ਨੇ ਪੁਸ਼ਾਕ ਵੀ ਵੱਖ ਵੱਖ ਤਰ੍ਹਾਂ ਦੇ ਪਹਿਨੇ ਹੋਏ ਸਨ। ਕੁਝ ਕੁ ਮੁਸਾਫ਼ਰਾਂ ਨੇ ਯੂਰਪੀਨ, ਕੁਝ ਨੇ ਨਿੱਕਰਾਂ ਅਤੇ ਕੁਝ ਮੁਸਲਮਾਨਾਂ ਨੇ ਸਿਰਾਂ 'ਤੇ ਟੋਪੀਆਂ ਲਈਆਂ ਹੋਈਆਂ ਸਨ। ਕਈ ਆਪਣੇ ਕੌਮੀ ਲਿਬਾਸ ਵਿਚ ਸਨ ਅੱਤੇ ਕੁਝ ਲੋਕਾਂ ਨੇ ਆਪਣੀਆਂ ਪੁਰਾਣੀਆਂ ਫ਼ੌਜੀ ਵਰਦੀਆਂ ਪਹਿਨੀਆਂ ਹੋਈਆਂ ਸਨ। ਇਨ੍ਹਾਂ ਵਿਚ ਜ਼ਿਆਦਾ ਆਦਮੀਆਂ ਨੇ ਬਰਤਾਨਵੀ ਸੈਨਾ ਵਿਚ ਨੌਕਰੀ ਕੀਤੀ ਹੋਈ ਸੀ। ਉਨ੍ਹਾਂ ਦੇ ਕੱਦ ਲੰਬੇ ਅਤੇ ਸੁਣੱਖੇ ਸਨ। ਉਹ ਬੀ.ਸੀ. ਦੇ ਮੌਜੂਦਾ ਰਹਿ ਰਹੇ ਪੰਜਾਬੀਆਂ ਤੋਂ ਉੱਚੀ ਨਸਲ ਦੇ ਆਦਮੀ ਜਾਪਦੇ ਸਨ। ਜਿਥੇ ਉਹ ਸਿੱਧੇ ਖੜੇ ਹੁੰਦੇ, ਉਥੇ ਉਨ੍ਹਾਂ ਦੇ ਕਦਮਾਂ ਵਿਚ ਵੀ ਫੁਰਤੀ ਸੀ। ਉਨ੍ਹਾਂ ਦੇ ਕੱਪੜੇ ਵੀ ਇਸਤਰੀ ਕੀਤੇ ਹੋਏ ਸਨ ਅਤੇ ਦਸਤਾਰਾਂ ਸਾਫ਼ ਤੇ ਸੁੰਦਰ ਸਨ। ਇਨ੍ਹਾਂ ਵਿੱਚੋਂ ਕਈ ਅੰਗਰੇਜ਼ੀ ਜਾਣਦੇ ਸਨ ਅਤੇ ਕਈ ਅੰਗਰੇਜ਼ੀ ਦੀ ਗੱਲਬਾਤ ਕਰਨ ਵਿਚ ਮਾਹਿਰ ਸਨ।[51]

---

48. *The Province*, April 16, 1914.
49. Ward, Peter W. *White Canada Forever*, Montreal, McGill-Queen's U.P. 1978, p. 88.
50. Gurdit Singh, Baba, *The Voyage of the Kamagatamaru*, Part I, p. 45.
51. *The Victoria Times*, May 23, 1914.

ਵਿਕਟੋਰੀਆ ਦੀ ਬੰਦਰਗਾਹ 'ਤੇ ਕਾਮਾਗਾਟਾਮਾਰੂ ਜ਼ਿਆਦਾ ਸਮਾਂ ਨਹੀਂ ਰੁਕਿਆ ਅਤੇ ਦੂਸਰੇ ਦਿਨ ਹੀ ਭਾਵ 22 ਮਈ, 1914 ਨੂੰ ਵੈਨਕੂਵਰ ਲਈ ਚੱਲ ਪਿਆ। ਵੈਨਕੂਵਰ ਵਿਖੇ ਇਮੀਗ੍ਰੇਸ਼ਨ ਅਤੇ ਬੰਦਰਗਾਹ ਦੇ ਅਧਿਕਾਰੀਆਂ ਨੇ ਜਹਾਜ਼ ਨੂੰ ਬੰਦਰਗਾਹ 'ਤੇ ਲੱਗਣ ਤੋਂ ਰੋਕ ਦਿੱਤਾ ਅਤੇ ਬੁਰਾਡ ਦੇ ਨੇੜੇ ਇਕ ਮੀਲ ਦੂਰ ਡੂੰਘੇ ਪਾਣੀਆਂ ਵਿਚ ਰੋਕ ਦਿੱਤਾ। ਬੰਦਰਗਾਹ ਤੋਂ ਦੂਰ ਖੜੇ ਜਹਾਜ਼ ਦੇ ਮੁਸਾਫ਼ਰਾਂ ਨੂੰ ਸੁੰਦਰ ਪੁਸ਼ਾਕਾਂ ਤੇ ਦਸਤਾਰਾਂ ਨਾਲ ਸਜਿਆਂ ਨੂੰ ਦੇਖਿਆ ਜਾ ਸਕਦਾ ਸੀ।[52]

ਇਕ ਅਨੁਮਾਨ ਲਗਾਇਆ ਜਾਂਦਾ ਹੈ ਕਿ ਇਨ੍ਹਾਂ ਨਵੇਂ ਮੁਸਾਫ਼ਰਾਂ ਨੂੰ ਵੈਨਕੂਵਰ ਦੇ ਸੁੰਦਰ ਪਹਾੜਾਂ ਨੂੰ ਦੇਖ ਕੇ ਖ਼ੁਸ਼ੀ ਹੋਈ ਹੋਵੇਗੀ, ਪਰ ਦੁਖਾਂਤ ਦਾ ਸਮਾਂ ਹਾਵੀ ਹੋ ਗਿਆ ਅਤੇ ਉਨ੍ਹਾਂ ਨੂੰ ਬੰਦਰਗਾਹ 'ਤੇ ਉਤਰਨ ਦੀ ਮਨਾਹੀ ਹੋ ਗਈ ਅਤੇ ਜਹਾਜ਼ ਨੂੰ ਬੰਦਰਗਾਹ ਦੇ ਨੇੜੇ ਵੀ ਨਹੀਂ ਜਾਣ ਦਿੱਤਾ। ਦੂਜੇ ਪਾਸੇ ਵੈਨਕੂਵਰ ਦੇ ਲੋਕਲ ਸਿੱਖਾਂ ਨੂੰ ਵੀ ਮੁਸਾਫ਼ਰਾਂ ਨਾਲ ਮਿਲਣੀ ਨਹੀਂ ਕਰਨ ਦਿੱਤੀ। ਬਾਬਾ ਗੁਰਦਿਤ ਸਿੰਘ ਨੇ ਇਨ੍ਹਾਂ ਕਰੜੀਆਂ ਬੰਦਸ਼ਾਂ ਦੇ ਵਿਰੁੱਧ ਰੋਸ ਕੀਤਾ ਪਰ ਇਮੀਗ੍ਰੇਸ਼ਨ ਦੇ ਅਫ਼ਸਰ ਮੈਲਕਾਮ ਰੀਡ[53] ਨੇ ਉਸ ਵੱਲੋਂ ਕੀਤੇ ਰੋਸ ਦੀ ਕੋਈ ਪਰਵਾਹ ਨਹੀਂ ਕੀਤੀ।

ਬਾਬਾ ਗੁਰਦਿਤ ਸਿੰਘ ਨੇ ਦੁਬਾਰਾ ਮੰਗ ਕੀਤੀ ਕਿ ਉਨ੍ਹਾਂ ਨੂੰ ਪੱਤਰ-ਪ੍ਰੇਰਕਾਂ ਨਾਲ ਸੰਪਰਕ ਕਰਨ ਦੀ ਖੁੱਲ੍ਹ ਦਿੱਤੀ ਜਾਵੇ, ਪਰ ਅਖ਼ਬਾਰਾਂ ਵਾਲਿਆਂ ਨੂੰ ਵੀ ਮੁਸਾਫ਼ਰਾਂ ਕੋਲ ਜਾਣ ਦੀ ਮਨਾਹੀ ਕਰ ਦਿੱਤੀ ਗਈ। ਸਗੋਂ ਜਹਾਜ਼ ਦੇ ਚਾਰ-ਚੁਫੇਰੇ ਹਥਿਆਰਬੰਦ ਪੁਲਿਸ ਤਾਇਨਾਤ ਕਰ ਦਿੱਤੀ, ਭਾਵ 24 ਘੰਟੇ ਪਹਿਰਾ ਲਗਾ ਦਿੱਤਾ। ਇਮੀਗ੍ਰੇਸ਼ਨ ਦੇ ਅਫ਼ਸਰਾਂ ਨੇ ਜਹਾਜ਼ ਦੇ ਮਾਲਕ ਵੱਲੋਂ ਥਾਪੇ ਗਏ ਏਜੰਟ ਨੂੰ ਬਾਬਾ ਗੁਰਦਿਤ ਸਿੰਘ ਪਾਸ ਭੇਜਿਆ, ਜਿਸਨੇ ਜਹਾਜ਼ ਦੀ 22,000 ਡਾਲਰ (ਹਾਂਗਕਾਂਗ) ਦੀ ਕਿਸ਼ਤ 11 ਜੂਨ ਤੋਂ ਪਹਿਲਾਂ ਪਹਿਲਾਂ ਦੇਣ ਲਈ ਕਿਹਾ। ਬਾਬਾ ਗੁਰਦਿਤ ਸਿੰਘ ਇਮੀਗ੍ਰੇਸ਼ਨ ਦੇ ਵੱਲੋਂ ਹੋ ਰਹੇ ਭੈੜੇ ਤੇ ਅਣਮਨੁੱਖੀ ਵਤੀਰੇ ਤੋਂ ਔਖਾ ਸੀ ਅਤੇ ਮੁਸਾਫ਼ਰ ਵੀ ਅਣਸੁਖਾਵੇਂ ਸਨ, ਪਰ ਕੁਝ ਕਰਨ ਤੋਂ ਅਸਮਰੱਥ ਸਨ। ਬਾਬਾ ਗੁਰਦਿਤ ਸਿੰਘ ਨੇ ਮੈਲਕਾਮ ਰੀਡ ਨੂੰ ਯਾਦ ਕਰਾਇਆ ਕਿ ਉਸਦਾ ਬਤੌਰ ਵਿਉਪਾਰੀ ਬੰਦਰਗਾਹ 'ਤੇ ਜਾਣ ਦਾ ਹੱਕ ਹੈ। ਉਸਨੇ ਇਹ ਵੀ ਕਿਹਾ ਕਿ ਉਸਨੇ ਜਹਾਜ਼ ਵਿੱਚੋਂ ਲੱਦਿਆ ਕੋਲਾ ਲਾਹ ਕੇ ਵੇਚਣਾ ਹੈ, ਪਰ ਸਭ ਤਰਲੇ ਤੇ ਬੇਨਤੀਆਂ ਅਣਸੁਣੇ ਹੀ ਰਹੇ।[54]

---

52. Bhakna, Sohan Singh, *Jeevan Sangram* (Autobiography) Jalandhar: Yuvak Kendra Prakashan, 1967, p. 52. (Baba Sohan Singh Bhakna was the Founder President of Ghadar Party which was founded in U.S.A. in 1913).
Also See,
Johnston Hugh, *The Voyage of the Kamagatamaru*, Delhi; Oxford U.P. 1979, p. 37.
53. Malcolm, R.J. Reid was then 38 years old Scottish son of a coal miner. Before joining the immigration department in 1911, he served as an elementary school teacher at Yukon.
54. Malcolm, Reid to W.D. Scott (June 9, 1914), *Stevens' File*, p. 158.

ਬਾਬਾ ਗੁਰਦਿਤ ਸਿੰਘ ਨੇ ਆਪਣੇ ਵੱਲੋਂ ਭੇਜੀ ਲਿਖਤ ਵਿਚ ਵੈਨਕੂਵਰ ਦੇ ਕਾਰਪੋਰੇਸ਼ਨ ਆਫ਼ ਦੀ ਹਾਰਬਰ ਦੇ ਕਾਨੂੰਨੀ ਨਿਯਮ ਦੇ ਸੈਕਸ਼ਨ 14 ਨੂੰ ਵੀ ਦਰਜ ਕੀਤਾ, ਜਿਸ ਅਨੁਸਾਰ ਹਰ ਜਹਾਜ਼ ਦੇ ਮਾਲਕ ਜਾਂ ਇੰਚਾਰਜ ਨੂੰ ਆਪਣੇ ਜਹਾਜ਼ ਉੱਪਰ ਲੱਦੇ ਸਾਮਾਨ, ਪਾਣੀ ਅਤੇ ਹੋਰ ਮਾਇਕ ਸੰਬੰਧੀ ਗੱਲਾਂ ਬਾਰੇ ਲਿਖਤੀ ਰੂਪ ਵਿਚ ਦੇਣਾ ਪੈਂਦਾ ਹੈ। ਉਪਰੰਤ ਇਹ ਵੀ ਸਪੱਸ਼ਟ ਕੀਤਾ ਕਿ ਉਪਰੋਕਤ ਗੱਲਾਂ ਨੂੰ ਲਿਖਤੀ ਰੂਪ ਵਿਚ ਜਹਾਜ਼ ਦਾ ਮਾਲਕ ਖ਼ੁਦ ਹੱਥੀਂ ਬੰਦਰਗਾਹ ਦੇ ਕਮਿਸ਼ਨਰ ਨੂੰ ਪਹੁੰਚਾਉਂਦਾ ਹੈ।[55]

ਕਾਮਾਗਾਟਾਮਾਰੂ ਦੇ ਸੰਬੰਧ ਵਿਚ ਸਾਰੇ ਕਾਇਦੇ-ਕਾਨੂੰਨਾਂ ਨੂੰ ਛਿੱਕੇ 'ਤੇ ਟੰਗ ਦਿੱਤਾ ਗਿਆ। ਜੇ ਦੇਖਿਆ ਜਾਵੇ, ਤਾਂ ਬਾਬਾ ਗੁਰਦਿਤ ਸਿੰਘ ਤੇ ਮੁਸਾਫ਼ਰਾਂ ਨੂੰ ਧੱਕੇ ਨਾਲ ਹੀ ਜਹਾਜ਼ ਵਿਚ ਬੰਦੀ ਬਣਾਇਆ ਗਿਆ ਸੀ। ਵੈਨਕੂਵਰ ਦੇ ਸਥਾਨਕ ਭਾਈਚਾਰੇ ਨੇ ਕਾਮਾਗਾਟਾਮਾਰੂ ਅਤੇ ਇਸਦੇ ਮੁਸਾਫ਼ਰਾਂ ਦੀ ਸਹਾਇਤਾ ਕਰਨ ਦੇ ਜਤਨ ਕੀਤੇ। ਵੈਨਕੂਵਰ ਦੇ ਸਿੱਖਾਂ ਵੱਲੋਂ ਇਕ ਗੁਪਤ ਯੋਜਨਾ ਵੀ ਸੀ, ਜੋ ਸਾਕਾਰ ਨਾ ਹੋ ਸਕੀ। ਜੇ ਕਾਮਾਗਾਟਾਮਾਰੂ ਨੂੰ ਵੈਨਕੂਵਰ ਦੀ ਥਾਂ ਕਿਸੇ ਹੋਰ ਬੰਦਰਗਾਹ, ਵਿਸ਼ੇਸ਼ ਕਰਕੇ ਪੋਰਟ ਅਲਬਰਨੀ ਲੱਗਣ ਲਈ ਕਿਹਾ ਜਾਂਦਾ, ਤਾਂ ਮੁਸਾਫ਼ਰਾਂ ਦਾ ਉਤਰਨਾ ਸੰਭਵ ਹੋ ਸਕਦਾ ਸੀ। ਮੈਲਕਮ ਰੀਡ ਨੂੰ ਇਸ ਬਾਰੇ ਪੂਰਾ ਪਤਾ ਸੀ ਅਤੇ ਉਸਨੇ ਇਮੀਗ੍ਰੇਸ਼ਨ ਦੇ ਸੁਪਰਡੈਂਟ ਡਬਲਯੂ. ਡੀ ਸਕਾਟ ਨੂੰ ਦੱਸਿਆ ਸੀ।[56] ਵਕੀਲ ਬਰਡ ਨੂੰ ਆਰਡਰਜ਼-ਇਨ-ਕੌਂਸਲ ਦੀ ਇਕ ਗ਼ਲਤੀ ਬਾਰੇ ਪਤਾ ਸੀ। ਇਹ ਗ਼ਲਤੀ ਇੰਝ ਸੀ ਕਿ ਆਰਡਰਜ਼-ਇਨ-ਕੌਂਸਲ ਅਨੁਸਾਰ ਬੀ.ਸੀ. ਦੀਆਂ ਸਾਰੀਆਂ ਬੰਦਰਗਾਹਾਂ 'ਤੇ ਮਜ਼ਦੂਰਾਂ ਨੂੰ ਉਤਰਨ ਦੀ ਮਨਾਹੀ ਕੀਤੀ ਹੋਈ ਸੀ ਪਰ ਲਿਸਟ ਵਿਚ ਪੋਰਟ ਅਲਬਰਨੀ ਬੰਦਰਗਾਹ ਦਾ ਨਾਂ ਨਹੀਂ ਸੀ। ਵਕੀਲ ਨੇ ਸਿੱਖ ਨੇਤਾਵਾਂ ਨੂੰ ਇਸ ਕੁੰਡੀ ਬਾਰੇ ਦੱਸਿਆ ਅਤੇ ਇਸ ਕੁੰਡੀ ਅਨੁਸਾਰ ਕਾਮਾਗਾਟਾਮਾਰੂ ਨਾਲ ਸੰਪਰਕ ਕਰਨ ਲਈ ਇਕ ਤੇਜ਼ ਕਿਸ਼ਤੀ 20 ਮਈ, 1914 ਨੂੰ ਕਿਰਾਏ 'ਤੇ ਲਈ ਗਈ। ਕਾਮਾਗਾਟਾਮਾਰੂ ਨਾਲ ਸੰਪਰਕ ਕਰਨ ਦਾ ਉੱਦਮ ਕੀਤਾ ਗਿਆ। ਇਸਦੀ ਜ਼ਿੰਮੇਵਾਰੀ ਰਾਜਾ ਸਿੰਘ ਤੇ ਹਸਨ ਰਹੀਮ ਨੂੰ ਦਿੱਤੀ ਗਈ। ਆਸ ਇਹੀ ਸੀ ਕਿ ਜੇ ਕਾਮਾਗਾਟਾਮਾਰੂ ਨਾਲ ਸੰਪਰਕ ਹੋ ਗਿਆ ਤਾਂ ਉਸਨੂੰ ਪੋਰਟ ਅਲਬਰਨੀ ਦੀ ਬੰਦਰਗਾਹ 'ਤੇ ਜਾਣ ਲਈ ਕਿਹਾ ਜਾਵੇਗਾ, ਪਰ ਮੰਦਭਾਗੀ ਇਹ ਸਕੀਮ ਸਿਰੇ ਨਾ ਚੜ੍ਹੀ। ਕਾਰਨ, ਪਹਿਲਾ, ਇਕ ਦਿਨ ਸਮੁੰਦਰ ਬਹੁਤ ਚੜ੍ਹਿਆ ਹੋਇਆ ਸੀ, ਦੂਸਰਾ, ਕਾਮਾਗਾਟਾਮਾਰੂ ਦੇ ਰੂਟ (ਆਉਣ ਵਾਲੇ ਰਸਤੇ) ਦਾ ਪਤਾ ਨਹੀਂ ਸੀ, ਤੀਸਰਾ, ਬੀ.ਸੀ. ਦੀ ਪੁਲਿਸ ਨੂੰ ਇਸ ਸਕੀਮ ਬਾਰੇ ਪਤਾ ਲੱਗ ਗਿਆ ਸੀ। ਦੂਜੀ ਵਾਰ ਵੀ ਜਤਨ ਕੀਤਾ ਗਿਆ ਪਰ ਅਸਫਲਤਾ ਹੀ ਹੋਈ।[57]

ਇਸ ਗੱਲ 'ਚ ਪੂਰੀ ਸਚਾਈ ਹੈ ਕਿ ਭਾਰਤੀਆਂ ਦੇ ਸੱਤ ਮੋਹਰੀ ਵਿਅਕਤੀ

---

55. Gurdit Singh, *The Voyage of the Kamagatamaru*, pp. 35-36.
56. Johnston, Hugh, *The Voyage of the Kamagatamaru*, pp. 35-36.
57. *Ibid.*

(ਭਾਗ ਸਿੰਘ, ਬਲਵੰਤ ਸਿੰਘ, ਮਿਤ ਸਿੰਘ, ਰਹੀਮ, ਬਾਬੂ ਹਰਿਨਾਮ ਸਿੰਘ, ਰਤਨ ਸਿੰਘ ਅਤੇ ਉਤਮ ਸਿੰਘ ਹਾਂਸ) ਨੇ ਕਾਮਾਗਾਟਾਮਾਰੂ ਜਹਾਜ਼ ਵਿਚ ਚੜ੍ਹਨਾ ਚਾਹਿਆ ਪਰ ਹਥਿਆਰਬੰਦ ਪਹਿਰੇਦਾਰਾਂ ਨੇ ਅਜਿਹਾ ਸੰਭਵ ਨਾ ਹੋਣ ਦਿੱਤਾ। ਪ੍ਰੋਵਿੰਸ ਅਖ਼ਬਾਰ ਦੇ ਪੋਲਿਸ ਰਿਪੋਰਟਰ ਮੈਕਲੀਵ ਨੇ ਉਪਰੋਕਤ ਘਟਨਾ ਨੂੰ ਇਸ ਤਰ੍ਹਾਂ ਦਰਜ ਕੀਤਾ ਹੈ :

> "ਜਦ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਪਤਾ ਲੱਗਾ ਕਿ ਸੱਤ ਈਸਟ ਇੰਡੀਅਨ ਦਾ ਇਕ ਗਰੁੱਪ 50 ਹਜ਼ਾਰ ਡਾਲਰ ਨਕਦ ਲੈ ਕੇ ਪੋਰਟ ਅਲਬਰਨੀ ਨੂੰ ਜਾ ਰਿਹਾ ਹੈ ਅਤੇ ਉਹ ਇਹ ਪੈਸਾ ਜਹਾਜ਼ ਵਿਚ ਪਹੁੰਚਾਇਆ ਜਾਵੇ, ਜਿਸ ਨਾਲ ਮੁਸਾਫ਼ਰਾਂ ਪਾਸ ਬਤੌਰ ਵਿਉਪਾਰੀ ਤੇ ਵਿਦਿਆਰਥੀ ਕੈਨੇਡਾ 'ਚ ਦਾਖ਼ਲ ਹੋਣਾ ਸੌਖਾ ਹੋ ਜਾਏ.....ਅਸੀਂ ਜਹਾਜ਼ ਦੇ ਇਕ ਪਾਸੇ ਪਹੁੰਚੇ ਤਾਂ ਦੂਜੇ ਖੁਲ੍ਹੇ ਪਾਸਿਓਂ ਸੱਤ ਈਸਟ ਇੰਡੀਅਨ ਜਹਾਜ਼ 'ਤੇ ਚੜ੍ਹਨ ਦਾ ਜਤਨ ਕਰ ਰਹੇ ਸਨ ਅਤੇ ਝੱਟ ਹੀ ਇਮੀਗ੍ਰੇਸ਼ਨ ਦੇ ਪਹਿਰੇਦਾਰਾਂ ਨੇ ਉਨ੍ਹਾਂ ਨੂੰ ਨਸਾ ਦਿੱਤਾ।"[58]

ਉਪਰੋਕਤ ਗੱਲ ਦੀ ਪੁਸ਼ਟੀ ਕਿਸੇ ਹੋਰ ਸਰੋਤ ਵਿਚ ਨਹੀਂ ਮਿਲਦੀ ਕਿ ਸੱਤ ਵਿਅਕਤੀ 50 ਹਜ਼ਾਰ ਡਾਲਰ ਨਕਦ ਪੈਸਾ ਲੈ ਕੇ ਮੁਸਾਫ਼ਰਾਂ ਨੂੰ ਪਹੁੰਚਾਉਣਾ ਚਾਹੁੰਦੇ ਸਨ। ਦੂਜੇ ਪਾਸੇ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦੇ ਕਿ ਇਨ੍ਹਾਂ ਨੇਤਾਵਾਂ ਨੇ ਕਾਮਾਗਾਟਾਮਾਰੂ ਜਹਾਜ਼ ਨਾਲ ਸੰਪਰਕ ਪੈਦਾ ਕਰਨ ਦਾ ਜਤਨ ਕੀਤਾ ਤਾਂ ਜੋ ਜਹਾਜ਼ ਨੂੰ ਵੈਨਕੂਵਰ ਦੀ ਥਾਂ ਪੋਰਟ ਅਲਬਰਨੀ ਦੀ ਬੰਦਰਗਾਹ 'ਤੇ ਜਾਣ ਲਈ ਕਿਹਾ ਜਾਵੇ। ਇਸ ਸੰਬੰਧ ਵਿਚ ਪਹਿਲਾਂ ਉਲੇਖ ਹੋ ਚੁੱਕਾ ਹੈ ਕਿ ਵਕੀਲ ਬਰਡ ਨੇ ਇਕ ਕਾਨੂੰਨੀ ਨੁਕਤੇ ਅਨੁਸਾਰ ਇਸ ਤਰ੍ਹਾਂ ਕਰਨ ਦੀ ਸਲਾਹ ਦਿੱਤੀ ਸੀ। ਜਿਥੋਂ ਤਕ 50 ਹਜ਼ਾਰ ਡਾਲਰ ਨਕਦ ਪੈਸਾ ਮੁਸਾਫ਼ਰਾਂ ਨੂੰ ਪਹੁੰਚਾਉਣ ਦੀ ਗੱਲ ਹੈ, ਇਸ ਵਿਚ ਰੱਤੀ ਭਰ ਵੀ ਸਚਾਈ ਨਹੀਂ ਹੈ ਕਿਉਂਕਿ ਖੜੇ ਪੈਰੀਂ ਪੰਜਾਹ ਹਜ਼ਾਰ ਨਕਦ ਇਕੱਠਾ ਕਰਨਾ ਸੌਖਾ ਨਹੀਂ ਸੀ। ਇਥੋਂ ਦੇ ਲੋਕਲ ਅਖ਼ਬਾਰ 'ਵੈਨਕੂਵਰ ਸਨ' ਨੇ ਨਸਲੀ ਵਿਤਕਰੇ ਭਰਪੂਰ ਨੀਤੀ ਅਨੁਸਾਰ ਕਾਮਾਗਾਟਾਮਾਰੂ ਤੇ ਇਸਦੇ ਮੁਸਾਫ਼ਰਾਂ ਬਾਰੇ ਖ਼ਬਰਾਂ ਛਾਪੀਆਂ। ਮੁਸਾਫ਼ਰਾਂ ਨੂੰ ਹਮਲਾਵਰ ਦੱਸਿਆ ਗਿਆ। ਜਹਾਜ਼ ਵਿਚ ਬੰਦੀ ਬਣਾਏ ਮੁਸਾਫ਼ਰਾਂ ਸੰਬੰਧੀ ਮੁਖ ਸੁਰਖੀ ਸੀ, "ਹਿੰਦੂ ਹਮਲਾਵਰ ਸ਼ਹਿਰ ਦੀ ਬੰਦਰਗਾਹ 'ਤੇ ਪੁੱਜ ਗਏ।"[59]

ਇਸ 'ਹਮਲਾਵਰ' ਸ਼ਬਦ ਦਾ ਪ੍ਰਯੋਗ ਜਾਪਦਾ ਹੈ ਕਿ ਅਖ਼ਬਾਰ ਦੀ ਮੁੱਖ ਭਾਵਨਾ ਸੀ ਕਿ ਸਥਾਨਕ ਲੋਕਾਂ ਨੂੰ ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਵਿਰੁੱਧ ਭੜਕਾਇਆ ਜਾਵੇ। ਹਾਲਾਂਕਿ ਜੋ ਲੋਕ ਕੈਨੇਡਾ ਆਉਂਦੇ ਸਨ, ਉਨ੍ਹਾਂ ਦਾ ਮੁੱਖ ਮਕਸਦ ਕਰੜੀ ਮਿਹਨਤ ਕਰ ਕੇ ਕਮਾਈ ਕਰਨੀ ਸੀ। ਬਾਬਾ ਗੁਰਦਿਤ ਸਿੰਘ ਨੇ ਵੀ ਅਖ਼ਬਾਰਾਂ ਵਾਲਿਆਂ

58. Mackenzie, B.A. *Murder, Magic and Mystery*, pp. 42-43.
59. *Vancouver Sun*, May 22, 1914.

ਨੂੰ ਆਪਣੇ ਆਉਣ ਦੇ ਮਕਸਦ ਬਾਰੇ ਬਿਆਨ ਦਿੱਤਾ, ਜਾਪਦਾ ਹੈ ਕਿ ਅਜਿਹਾ ਬਿਆਨ ਡਰਾਉਣ ਲਈ ਹੀ ਦਿੱਤਾ ਗਿਆ ਹੋਵੇ, "ਸਾਡਾ ਇਥੇ ਆਉਣ ਦਾ ਮੁਖ ਮਕਸਦ ਬਰਤਾਨਵੀ ਸਰਕਾਰ ਨੂੰ ਦੱਸਣਾ ਹੈ ਕਿ ਅੱਜਕਲ੍ਹ ਸਰਕਾਰ ਮੁਸ਼ਕਲਾਂ ਵਿਚ ਹੈ ਅਤੇ ਉਹ ਬਹੁਤ ਚਿਰ ਭਾਰਤ 'ਤੇ ਰਾਜ ਨਹੀਂ ਕਰ ਸਕੇਗੀ। ਅਸੀਂ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਅਤੇ ਦੇਖਾਂਗੇ ਕਿ ਭਾਰਤ ਵਿਚ ਬਰਤਾਨਵੀ ਸਰਕਾਰ ਕਿਵੇਂ ਰਹਿ ਸਕਦੀ ਹੈ।[60] ਹਾਲਾਂਕਿ ਬਾਬਾ ਗੁਰਦਿਤ ਸਿੰਘ ਨੇ ਹਾਂਗਕਾਂਗ ਦੇ ਕਾਰਜਕਾਰੀ ਗਵਰਨਰ ਵੱਲੋਂ ਕੈਨੇਡਾ ਜਾਣ ਦੇ ਮਕਸਦ ਬਾਰੇ ਪੁੱਛਣ 'ਤੇ ਕਿਹਾ ਸੀ ਕਿ ਉਹ ਚਾਹੁੰਦੇ ਹਨ ਕਿ ਇੰਡੀਆ ਤੋਂ ਕੈਨੇਡਾ ਤਕ ਜਹਾਜ਼ੀ ਕੰਪਨੀ ਚਾਲੂ ਕੀਤੀ ਜਾਵੇ, ਅਤੇ ਦੂਸਰਾ ਮਕਸਦ ਇਹ ਵੀ ਦੱਸਿਆ ਸੀ ਕਿ ਵਿਓਪਾਰਕ ਤੇ ਆਰਥਿਕ ਲਾਹਾ ਪ੍ਰਾਪਤ ਕਰਨਾ ਵੀ ਹੈ।[61]

ਬਾਬਾ ਗੁਰਦਿਤ ਸਿੰਘ ਨੇ ਅਖ਼ਬਾਰਾਂ ਵਾਲਿਆਂ ਨੂੰ ਬਿਆਨ ਦੇਣਾ ਕਿ 'ਉਹ ਬਰਤਾਨਵੀ ਸਰਕਾਰ ਨੂੰ ਦੱਸ ਦੇਣਾ ਚਾਹੁੰਦੇ ਹਨ,' ਜਾਪਦਾ ਹੈ ਇਕ ਡਰਾਵਾ ਹੀ ਸੀ। ਇਹੀ ਭਾਵਨਾ ਪ੍ਰਤੀਤ ਹੁੰਦੀ ਹੈ ਕਿ ਜੇ ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਨਾਲ ਠੀਕ ਵਰਤਾਉ ਨਾ ਕੀਤਾ ਤਾਂ ਬਰਤਾਨਵੀ ਸਰਕਾਰ ਦਾ ਭਾਰਤ ਵਿੱਚੋਂ ਛੇਤੀ ਹੀ ਭੋਗ ਪੈ ਜਾਵੇਗਾ। ਭਾਵੇਂ ਉਸ ਸਮੇਂ ਅਜਿਹਾ ਬਿਆਨ ਸਿਰਫ਼ ਡਰਾਵੇ ਲਈ ਸੀ, ਪਰ ਪਿੱਛੋਂ ਜਾ ਕੇ ਇਹੀ ਬਿਆਨ ਸੱਚਾ ਸਾਬਤ ਹੋਇਆ। ਜਦੋਂ ਕੈਨੇਡਾ ਸਰਕਾਰ ਨੇ ਕਾਮਾਗਾਟਾਮਾਰੂ ਤੇ ਇਸਦੇ ਮੁਸਾਫ਼ਰਾਂ ਨੂੰ ਜਬਰੀ ਵਾਪਸ ਭੇਜਿਆ ਤਾਂ ਅਨੇਕਾਂ ਹੀ ਮੁਸਾਫ਼ਰ ਆਜ਼ਾਦੀ ਦੀ ਜੰਗ ਵਿਚ ਕੁਦ ਪਏ ਅਤੇ ਗ਼ਦਰ ਲਹਿਰ ਵਿਚ ਵੀ ਸ਼ਾਮਲ ਹੋਏ। ਇਕ ਹੋਰ ਗੱਲ ਧਿਆਨ 'ਚ ਰੱਖਣ ਵਾਲੀ ਹੈ ਕਿ ਜਦ ਬਾਬਾ ਗੁਰਦਿਤ ਸਿੰਘ ਨੇ ਹਾਂਗਕਾਂਗ ਦੇ ਗਵਰਨਰ ਨਾਲ ਗੱਲਬਾਤ ਦੌਰਾਨ ਇਕ ਗੱਲ ਇਹ ਵੀ ਕਹੀ ਸੀ ਕਿ ਭਾਰਤ ਦੀ ਗ਼ੁਲਾਮੀ ਅਤੇ ਬਰਤਾਨਵੀ ਸਰਕਾਰ ਵੱਲੋਂ ਆਰਥਿਕ ਲੁੱਟ-ਖਸੁੱਟ ਹੋਣਾ ਮੰਦਭਾਗੀ ਹੈ, ਭਾਵ ਉਹ ਆਪ ਆਪਣੇ ਲੋਕਾਂ ਨੂੰ ਗ਼ੁਲਾਮੀ ਤੋਂ ਮੁਕਤ ਕਰਾਉਣਾ ਚਾਹੁੰਦੇ ਸਨ।[62]

ਸਾਰੇ ਮੁਸਾਫ਼ਰ ਕਾਮਾਗਾਟਾਮਾਰੂ ਜਹਾਜ਼ ਉੱਤੇ ਬੰਦੀ ਬਣੇ ਹੋਏ ਸਨ ਅਤੇ ਬਾਬਾ ਗੁਰਦਿਤ ਸਿੰਘ ਨੇ ਖ਼ਾਲਸਾ ਦੀਵਾਨ ਸੁਸਾਇਟੀ ਦੇ ਸਕੱਤਰ ਨੂੰ ਸੁਨੇਹਾ ਭੇਜਿਆ ਕਿ ਉਹ ਮੁਸਾਫ਼ਰਾਂ ਲਈ ਕੁਝ ਕਰਨ। ਸਰਦਾਰ ਮਿੱਤ ਸਿੰਘ ਪੰਡੋਰੀ ਨੇ ਛੇਤੀ ਹੀ ਵਕੀਲ ਬਰਡ ਨੂੰ ਫੋਨ ਕੀਤਾ ਅਤੇ ਉਸਨੂੰ ਕੇਸ ਤਿਆਰ ਕਰਨ ਲਈ ਕਿਹਾ ਤਾਂ ਜੋ ਸਰਕਾਰੀ ਅਧਿਕਾਰੀਆਂ ਤੇ ਇਮੀਗ੍ਰੇਸ਼ਨ ਦੇ ਵਿਭਾਗ ਦੇ ਖ਼ਿਲਾਫ਼ ਕਾਮਾਗਾਟਾਮਾਰੂ ਤੇ ਇਸਦੇ ਮੁਸਾਫ਼ਰਾਂ ਨੂੰ ਜਬਰੀ ਰੋਕੀ ਰੱਖਣ ਵਿਰੁੱਧ ਕੇਸ ਕੀਤਾ ਜਾਵੇ। ਵਕੀਲ ਬਰਡ ਨੇ ਬਾਬਾ

---

60. Reid, Robie L., *Inside Story of the Kamagatamaru in British Columbia.* Historical Quarterly, Vol. 5, 1941, p. 6., *Victoria Daily Times*, May 22, 1914.
61. Gurdit Singh, *The Voyage of the Kamagatamaru.*
62. *Ibid.*

ਗੁਰਦਿਤ ਸਿੰਘ ਨੂੰ ਮਿਲਣਾ ਚਾਹਿਆ ਕਿਉਂਕਿ ਸਾਰਾ ਕੇਸ ਉਨ੍ਹਾਂ ਵੱਲੋਂ ਦਾਇਰ ਹੋਣਾ ਸੀ। ਉਸਨੇ ਇਮੀਗ੍ਰੇਸ਼ਨ ਵਿਭਾਗ ਪਾਸੋਂ ਮਿਲਣ ਦੀ ਆਗਿਆ ਮੰਗੀ ਪਰ ਉਸਨੂੰ ਕੋਰਾ ਜਵਾਬ ਮਿਲਿਆ। ਵਕੀਲ ਬਰਡ ਨੂੰ ਮੈਲਕਾਮ ਰੀਡ ਵੱਲੋਂ ਆਗਿਆ ਨਾ ਦੇਣ 'ਤੇ ਹੈਰਾਨੀ ਹੋਈ।[63]

ਵਕੀਲ ਨੇ ਦੀ ਵਰਲਡ ਅਖਬਾਰ ਨੂੰ ਬਿਆਨ ਦਿੱਤਾ ਜੋ 24 ਮਈ, 1914 ਨੂੰ ਛਪਿਆ :

> "ਇਮੀਗ੍ਰੇਸ਼ਨ ਮਹਿਕਮੇ ਵਾਲੇ ਆਪਣੇ ਅਧਿਕਾਰਾਂ ਦੀ ਦੁਰ-ਵਰਤੋਂ ਕਰ ਰਸ਼ੀਅਨ ਸਰਕਾਰ ਵਾਲੇ ਤੌਰ ਤਰੀਕੇ ਅਪਣਾ ਕੇ ਬਰਤਾਨਵੀ ਪਰਜਾ ਨੂੰ ਜਬਰੀ ਦਾਖ਼ਲ ਹੋਣ ਤੋਂ ਰੋਕਦੇ ਹਨ। ਜਿਵੇਂ ਇਹ ਅਧਿਕਾਰੀ ਕਾਮਾਗਾਟਾਮਾਰੂ ਤੇ ਇਸਦੇ ਮੁਸਾਫ਼ਰਾਂ ਨਾਲ ਵਰਤਾ ਕਰ ਰਹੇ ਹਨ, ਇਨ੍ਹਾਂ ਨੂੰ ਕੋਈ ਵੀ ਕਾਨੂੰਨ ਅਜਿਹਾ ਕਰਨ ਦੀ ਆਗਿਆ ਨਹੀਂ ਦਿੰਦਾ। ਇਨ੍ਹਾਂ ਨੇ ਤਾਂ ਜਹਾਜ਼ ਦੇ ਚਾਰ-ਚੁਫੇਰੇ ਹਥਿਆਰਬੰਦ ਪਹਿਰਾ ਲਗਾ ਦਿੱਤਾ ਹੈ, ਇਹ ਨਾ ਹੀ ਕਿਸੇ ਨੂੰ ਜਹਾਜ਼ 'ਤੇ ਚੜ੍ਹਨ ਦਿੰਦੇ ਹਨ ਤੇ ਨਾ ਹੀ ਕਿਸੇ ਨੂੰ ਜਹਾਜ਼ ਤੋਂ ਬਾਹਰ ਜਾਣ ਦੀ ਆਗਿਆ ਹੈ।"[64]

ਇਹ ਤਾਂ ਸਪੱਸ਼ਟ ਹੀ ਸੀ ਕਿ ਮੁਸਾਫ਼ਰ ਜਹਾਜ਼ ਉੱਤੇ ਕੈਦੀਆਂ ਵਾਂਗ ਸਨ। ਉਸ ਸਮੇਂ ਕੁਝ ਰਾਜਨੀਤਕ ਵਿਅਕਤੀਆਂ ਨੇ ਕਾਮਾਗਾਟਾਮਾਰੂ ਦੇ ਮੁਆਮਲੇ ਨੂੰ ਪਾਰਲੀਮੈਂਟ ਵਿਚ ਰੱਖਿਆ। ਮਿਸਟਰ ਕਾਸਗਰੇਨ ਐਮ.ਪੀ. ਮੁਸਾਫ਼ਰਾਂ ਨੂੰ ਉਤਰਨ ਦੇਣ ਦੇ ਹੱਕ ਵਿਚ ਸੀ। ਉਸਨੇ ਇਹ ਵੀ ਚਿਤਾਵਨੀ ਦਿੱਤੀ ਕਿ ਜੇਕਰ ਇਨ੍ਹਾਂ ਭਾਰਤੀਆਂ ਨੂੰ ਕੈਨੇਡਾ ਦਾਖ਼ਲ ਹੋਣ ਤੋਂ ਰੋਕਿਆ ਤਾਂ ਬਰਤਾਨਵੀ ਰਾਜ ਲਈ ਭਿਆਨਕ ਸਿੱਟੇ ਨਿਕਲਣਗੇ। ਉਸਨੇ ਬਹੁਤ ਜ਼ੋਰਦਾਰ ਸ਼ਬਦਾਂ ਵਿਚ ਕਿਹਾ ਕਿ ਇਹ ਲੋਕ ਸਿਹਤਵੰਦ, ਮਜ਼ਬੂਤ ਅਥਵਾ ਲੱਕੜ ਦੀਆਂ ਮਿੱਲਾਂ ਵਿਚ ਸਖ਼ਤ ਮੁਸ਼ੱਕਤ ਕਰਨ ਦੇ ਕਾਬਲ ਹਨ। ਉਸਨੇ ਇਹ ਵੀ ਕਿਹਾ ਕਿ ਇਨ੍ਹਾਂ ਵਿੱਚੋਂ ਬਹੁਤ ਵਿਅਕਤੀਆਂ ਨੇ ਬਰਤਾਨਵੀ ਫ਼ੌਜ ਵਿਚ ਨੌਕਰੀ ਕੀਤੀ ਹੈ। ਉਸਨੇ ਰਾਜਨੀਤਕ ਬੰਦਿਆਂ ਨੂੰ ਯਾਦ ਕਰਾਇਆ ਕਿ ਜਦ ਹੋਰ ਕੌਮਾਂ ਦੇ ਲੋਕ ਬਗ਼ੈਰ ਬੰਦਸ਼ ਤੋਂ ਹਰ ਰੋਜ਼ ਉਤਰ ਰਹੇ ਹਨ ਤਾਂ ਇਹ ਲੋਕ ਕਿਉਂ ਨਹੀਂ ਉਤਰ ਸਕਦੇ।[65]

ਵਾਈਟਮੈਨ ਕੰਟਰੀ ਦੇ ਲੇਖਕ ਟਿਡ ਫਰਗੂਸ਼ਨ ਨੇ ਇਕ ਇਮੀਗ੍ਰੇਸ਼ਨ ਅਧਿਕਾਰੀ ਦੇ ਬਿਆਨ ਨੂੰ ਆਪਣੀ ਪੁਸਤਕ ਵਿਚ ਲਿਖਿਆ ਹੈ, ਜੋ ਹੋਰ ਅਧਿਕਾਰੀਆਂ ਅਤੇ ਡਾਕਟਰ ਏ.ਐਸ. ਮੁਨਰੋ ਦੇ ਨਾਲ ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਨੂੰ ਮਿਲਣ ਗਏ ਸਨ। ਉਸ ਅਧਿਕਾਰੀ ਨੇ ਸਾਰੀ ਵਾਰਤਾ 1974 ਵਿਚ ਸੁਣਾਈ ਸੀ :

---

63. Ferguson, Ted, *White Man's Country*, pp. 24-25.
64. *Op.cit.*, *Ibid.*, pp. 26-27.
65. Josh, Sohan Singh, *Kamagatamaru da Dukhant*, p. 47.

"ਮੈਂ ਕਸੂਤਾ ਫਸਿਆ ਹੋਇਆ ਸਾਂ ਅਤੇ ਕੁਝ ਵੀ ਸਮਝ ਨਹੀਂ ਸੀ ਆਉਂਦੀ ਕਿ ਕੀ ਹੋਵੇਗਾ। ਰੀਡ ਕਾਨੂੰਨ ਦੀ ਆੜ ਵਿਚ ਸੀ। ਜੋ ਆਦਮੀ ਆਪਣੇ ਕੈਨੇਡੀਅਨ ਦੇ ਵਸਨੀਕ ਹੋਣ ਦਾ ਸਬੂਤ ਦੇਣ ਤੋਂ ਅਸਮਰੱਥ ਸਨ, ਉਨ੍ਹਾਂ ਨੇ ਅਵੱਸ਼ ਹੀ ਡੀਪੋਰਟ ਹੋਣਾ ਸੀ। ਬਾਹਰਲੀਆਂ ਖ਼ਬਰਾਂ ਅਨੁਸਾਰ ਤਾਂ ਜਾਪਦਾ ਸੀ ਕਿ ਸਾਰੇ ਮੁਸਾਫ਼ਰ ਹੀ ਡੀਪੋਰਟ ਹੋਣਗੇ। ਜਿਨ੍ਹਾਂ ਕਾਨੂੰਨਾਂ ਦੀ ਆੜ ਰੀਡ ਲੈ ਰਿਹਾ ਸੀ, ਉਹ ਕਾਇਦੇ ਕਾਨੂੰਨ ਵੀ ਉਲਝੇ ਹੋਏ ਸਨ। ਹੈਰਾਨੀ ਇਹੀ ਸੀ ਜੇ ਜਹਾਜ਼ ਨੂੰ ਜਬਰੀ ਵਾਪਸ ਕੀਤਾ ਤਾਂ ਕੀ ਸਿੱਟਾ ਨਿਕਲੇਗਾ ? ਇਨ੍ਹਾਂ ਮੁਸਾਫ਼ਰਾਂ ਵਿਚ ਜ਼ਿਆਦਾ ਫ਼ੌਜੀ ਸਨ ਅਤੇ ਸਾਨੂੰ ਇਹ ਵੀ ਪਤਾ ਸੀ ਜੇ ਅਸੀਂ ਧੱਕਾ ਕੀਤਾ ਤਾਂ ਉਹ ਸਾਨੂੰ ਮੁਸ਼ਕਲ ਵਿਚ ਪਾ ਦੇਣਗੇ".....ਜਦੋਂ ਅਸੀਂ ਜਹਾਜ਼ 'ਤੇ ਗਏ ਤਾਂ ਮੁਸਾਫ਼ਰ ਸਾਡੇ ਵੱਲ ਨੂੰ ਆਏ। ਸੈਂਕੜੇ ਮੁਸਾਫ਼ਰਾਂ ਦੀਆਂ ਨਜ਼ਰਾਂ ਸਾਡੇ ਵੱਲ ਸਨ। ਉਨ੍ਹਾਂ ਵਿਚ ਕਈਆਂ ਦੇ ਚਿਹਰਿਆਂ 'ਤੇ ਮੁਸਕਾਨ ਸੀ, ਸ਼ਾਇਦ ਉਨ੍ਹਾਂ ਨੇ ਸਮਝਿਆ ਹੋਵੇਗਾ ਕਿ ਅਸੀਂ ਉਨ੍ਹਾਂ ਨੂੰ ਸੰਦੇਸ਼ ਦੇਣ ਆਏ ਹਾਂ ਕਿ ਉਹ ਕੈਨੇਡਾ ਦਾਖ਼ਲ ਹੋ ਸਕਦੇ ਹਨ।"

"ਰੀਡ ਉਪਰਲੇ ਪਾਸੇ ਗਿਆ ਅਤੇ ਅਸੀਂ ਵੀ ਉਸਦੇ ਪਿੱਛੇ ਹੋ ਤੁਰੇ। ਦਲਜੀਤ ਸਿੰਘ ਜੋ ਗੁਰਦਿਤ ਸਿੰਘ ਦਾ ਸਕੱਤਰ ਸੀ, ਸਾਨੂੰ ਮਿਲਿਆ ਅਤੇ ਉਸਨੇ ਦੱਸਿਆ ਕਿ ਗੁਰਦਿਤ ਸਿੰਘ ਪਾਠ ਕਰ ਰਿਹਾ ਸੀ। ਦਲਜੀਤ ਸਿੰਘ ਪਤਲਾ, ਸਾਊ ਤਕਰੀਬਨ 30 ਕੁ ਸਾਲ ਦਾ ਹੋਵੇਗਾ ਅਤੇ ਉਹ ਵੀ ਗੁਰਦਿਤ ਸਿੰਘ ਵਾਂਗ ਬਹੁਤ ਕਮਾਲ ਦੀ ਅੰਗਰੇਜ਼ੀ ਬੋਲਦਾ ਸੀ। ਜਦੋਂ ਅਸੀਂ ਦੋ-ਭਾਸ਼ੀਆ ਦੁਆਰਾ ਕੈਪਟਨ ਯੂਮਾਟੋ ਨਾਲ ਗੱਲ ਕਰਦੇ ਸਾਂ, ਦਲਜੀਤ ਨੇ ਕੁਝ ਮੁਸਾਫ਼ਰਾਂ ਨੂੰ ਡਾਕਟਰੀ ਲਈ ਕਤਾਰ ਵਿਚ ਖੜੇ ਕੀਤਾ ਹੋਇਆ ਸੀ।"[66]

ਇਸ ਸਰਕਾਰ ਦੇ ਅਧਿਕਾਰੀ ਅਨੁਸਾਰ ਜਹਾਜ਼ ਵਿਚ ਚਾਰ ਬੱਚੇ ਤੇ ਦੋ ਇਸਤਰੀਆਂ ਸਨ। ਉਸਨੇ ਦੱਸਿਆ ਕਿ ਤਿੰਨ ਬੱਚੇ ਅਤੇ ਦੋਨਾਂ ਇਸਤਰੀਆਂ ਨੂੰ ਉਤਰਨ ਦਿੱਤਾ ਗਿਆ ਅਤੇ ਚੌਥਾ ਬੱਚਾ ਬਾਬਾ ਗੁਰਦਿਤ ਸਿੰਘ ਦਾ ਸੀ, ਜਿਸਦਾ ਨਾਂ ਬਲਵੰਤ ਸਿੰਘ ਸੀ। ਪ੍ਰੈਸ ਰਿਪੋਰਟਰਾਂ ਵਾਂਗ ਇਸ ਵਿਅਕਤੀ ਨੇ ਕਿਹਾ ਕਿ ਸਾਰੇ ਮੁਸਾਫ਼ਰਾਂ ਦੇ ਚੰਗੇ ਪੁਸ਼ਾਕ ਅਤੇ ਸੂਟ-ਬੂਟ ਅਤੇ ਟਾਈਆਂ ਵੀ ਲਗਾਈਆਂ ਹੋਈਆਂ ਸਨ।[67]

ਜ਼ਿਆਦਾ ਸਰੋਤਾਂ ਵਿਚ ਇਹ ਨਹੀਂ ਮਿਲਦਾ ਕਿ ਕਾਮਾਗਾਟਾਮਾਰੂ ਜਹਾਜ਼ ਵਿਚ ਦੋ ਇਸਤਰੀਆਂ ਸਨ, ਪਰ ਗੁਰਦਿਤ ਸਿੰਘ ਵੱਲੋਂ ਰੀਡ ਨੂੰ ਲਿਖੀ ਚਿੱਠੀ ਵਿਚ ਸਬੂਤ ਹੈ ਕਿ ਦੋ ਜਵਾਨ ਇਸਤਰੀਆਂ ਸਨ ਅਤੇ ਇਹ ਦੋਨੋਂ ਜਵਾਨ ਇਸਤਰੀਆਂ ਡਾਕਟਰ ਰਘੁਨਾਥ ਸਿੰਘ ਦੀਆਂ ਪਤਨੀਆਂ ਸਨ।[68] ਇਸ ਤੱਤ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਕਿ ਇਮੀਗ੍ਰੇਸ਼ਨ ਦੇ ਅਧਿਕਾਰੀਆਂ ਨੇ ਕਾਮਾਗਾਟਾਮਾਰੂ ਜਹਾਜ਼ ਨੂੰ ਬੰਦਰਗਾਹ ਤੋਂ ਦੂਰ ਡੂੰਘੇ ਪਾਣੀਆਂ ਵਿਚ ਰੋਕੀ ਰੱਖਿਆ ਸੀ। ਜਦ ਗੁਰਦਿਤ ਸਿੰਘ ਨੇ ਇੱਛ

66. Ferguson, Ted. *White Man's Country*, pp. 25-30.
67. *Ibid.*
68. Gurdit Singh to Malcolm Reid, *Stevens' File*, p. 440.

ਕਰਨ ਦੇ ਕਾਰਨ ਨੂੰ ਪੁੱਛਿਆ ਤਾਂ ਰੀਡ ਨੇ ਗੱਲ ਟਾਲਣ ਲਈ ਆਖ ਦਿੱਤਾ ਕਿ ਜਹਾਜ਼ ਨੂੰ ਦੂਰ ਰੱਖਣ ਦਾ ਫ਼ੈਸਲਾ ਹਾਰਬਰ ਮਾਸਟਰ ਵੱਲੋਂ ਹੋਇਆ ਹੈ ਨਾ ਕਿ ਉਸ ਵੱਲੋਂ।[69] ਉਸਨੇ ਨਾਲ ਇਹ ਵੀ ਆਖ ਦਿੱਤਾ ਕਿ ਜੋ ਕੁਝ ਉਹ ਕਰ ਰਹੇ ਹਨ, ਉਹ ਸੁਰੱਖਿਆ ਪੱਖ ਤੋਂ ਹੀ ਕੀਤਾ ਜਾ ਰਿਹਾ ਹੈ। ਇਸ ਤੋਂ ਭਲੀ ਪ੍ਰਕਾਰ ਪਤਾ ਲੱਗਦਾ ਹੈ ਕਿ ਜਹਾਜ਼ ਨੂੰ ਬੰਦਰਗਾਹ 'ਤੇ ਨਾ ਲੱਗਣ ਦੇਣ ਦਾ ਫ਼ੈਸਲਾ ਰੀਡ ਵੱਲੋਂ ਹੀ ਕੀਤਾ ਗਿਆ ਸੀ।[70]

---

69. Reid, Robie L., *Inside Story of the Kamagatamaru*, p. 11.

70. *Ibid.*

ਤੀਜਾ ਅਧਿਆਇ

ਕਾਨੂੰਨੀ ਲੜਾਈ

ਜਦੋਂ ਕਾਮਾਗਾਟਾਮਾਰੂ ਜਹਾਜ਼ ਬੁਰਾਡ ਦੇ ਪ੍ਰਵੇਸ਼ ਦੁਆਰ ਵਿਚ ਦਾਖ਼ਲ ਹੋਇਆ ਤਾਂ ਅਖ਼ਬਾਰਾਂ ਵਿਚ ਕਾਫ਼ੀ ਚਰਚਾ ਹੋਈ। ਦੂਸਰਾ, ਇਥੋਂ ਦੇ ਅਖ਼ਬਾਰ ਜਾਣ ਬੁਝ ਕੇ ਜ਼ਹਿਰੀਲੀਆਂ ਖ਼ਬਰਾਂ ਹੀ ਛਾਪਦੇ ਸਨ। ਇਹ ਤਾਂ ਸਪੱਸ਼ਟ ਸੀ ਅਤੇ ਸ਼ੱਕ ਦੀ ਕੋਈ ਗੁੰਜਾਇਸ਼ ਵੀ ਨਹੀਂ ਸੀ ਕਿ ਕਾਮਾਗਾਟਾਮਾਰੂ ਜਹਾਜ਼ ਅਤੇ ਇਸਦੇ ਮੁਸਾਫ਼ਰਾਂ ਦਾ ਇਥੇ ਆਉਣਾ ਗੋਰਾ ਭਾਈਚਾਰਾ ਅਤੇ ਉੱਚ ਪੱਧਰ ਦੇ ਰਾਜਨੀਤਕ ਲੋਕਾਂ ਨੂੰ ਬਹੁਤ ਚੁੱਭਦਾ ਸੀ। ਦੂਜੇ ਪਾਸੇ, ਭਾਰਤੀ ਭਾਈਚਾਰੇ ਨੂੰ ਆਪਣੇ ਹਮਵਤਨੀਆਂ ਦੇ ਆਉਣ ਦਾ ਚਾਉ ਸੀ, ਭਾਵੇਂ ਉਨ੍ਹਾਂ ਨੂੰ ਪੱਕਾ ਯਕੀਨ ਕੋਈ ਨਹੀਂ ਸੀ ਕਿ ਇਨ੍ਹਾਂ ਮੁਸਾਫ਼ਰਾਂ ਨੂੰ ਉਤਰਨ ਦੀ ਆਗਿਆ ਦਿੱਤੀ ਜਾਵੇਗੀ ਕਿ ਨਹੀਂ। ਅਜਿਹੀ ਬੇ-ਯਕੀਨੀ ਦੇ ਬਾਵਜੂਦ ਵੀ ਸਥਾਨਕ ਭਾਰਤੀ ਮਾਸਕ ਅਖ਼ਬਾਰ *ਹਿੰਦੋਸਤਾਨੀ* ਨੇ ਕਾਮਾਗਾਟਾਮਾਰੂ ਦੇ ਆਗਮਨ 'ਤੇ ਹੇਠ ਲਿਖੀ ਖ਼ਬਰ ਛਾਪੀ:

> "ਅਸੀਂ ਭਾਈ ਗੁਰਦਿਤ ਸਿੰਘ ਅਤੇ ਉਸਦੇ 375 ਭਾਰਤੀ ਮੁਸਾਫ਼ਰਾਂ, ਜੋ ਕਾਮਾਗਾਟਾਮਾਰੂ ਰਾਹੀਂ ਪਧਾਰੇ ਹਨ, ਨੂੰ ਹਾਰਦਿਕ ਜੀ ਆਇਆਂ ਆਖਦੇ ਹਾਂ।"[1]

ਜਿਵੇਂ ਪਹਿਲਾਂ ਉਲੇਖ ਹੋ ਚੁੱਕਾ ਹੈ ਕਿ ਕਾਮਾਗਾਟਾਮਾਰੂ ਜਹਾਜ਼ ਨੂੰ ਜਬਰੀ ਤੌਰ 'ਤੇ ਡੂੰਘੇ ਪਾਣੀ ਵਿਚ ਖੜਾ ਰੱਖਿਆ ਗਿਆ ਅਤੇ ਕਿਸੇ ਵੀ ਅਖ਼ਬਾਰ ਦੇ ਰਿਪੋਰਟਰ ਜਾਂ ਸੰਪਾਦਕ ਨੂੰ ਜਹਾਜ਼ ਵਿਚ ਜਾ ਕੇ ਮੁਸਾਫ਼ਰਾਂ ਨਾਲ ਸੰਪਰਕ ਕਰਨ ਦੀ ਆਗਿਆ ਨਹੀਂ ਸੀ। ਮੈਲਕਾਮ ਰੀਡ ਨੇ ਗੁਰਦਿਤ ਸਿੰਘ ਵੱਲੋਂ ਕੀਤੀਆਂ ਦਰਖ਼ਾਸਤਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ।[2] ਪਹਿਲਾਂ ਹੀ ਬੀ.ਸੀ. ਦੇ ਗੋਰੇ ਲੋਕ ਏਸ਼ੀਅਨ ਲੋਕਾਂ ਨਾਲ ਘਿਰਣਾ ਕਰਦੇ ਸਨ, ਪਰ ਜਦੋਂ ਕਾਮਾਗਾਟਾਮਾਰੂ ਤੇ ਇਸਦੇ ਮੁਸਾਫ਼ਰ ਪਹੁੰਚੇ ਤਾਂ ਘਿਰਣਾ ਦਾ ਮੁਖ ਨਿਸ਼ਾਨਾ ਸਿੱਖ ਮੁਸਾਫ਼ਰ ਹੀ ਸਨ। ਅਖ਼ਬਾਰਾਂ ਵਾਲਿਆਂ ਨੇ ਵੀ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ, ਜਦੋਂ ਉਨ੍ਹਾਂ ਨੇ ਆਪਣੇ ਮੁਖ ਪੰਨੇ 'ਤੇ ਮੁਸਾਫ਼ਰਾਂ ਦੇ ਵਿਰੁੱਧ ਨਫ਼ਰਤ ਫੈਲਾਉਣ ਅਤੇ ਲੋਕਾਂ ਨੂੰ ਭੜਕਾਉਣ ਦਾ ਖ਼ੂਬ ਕੰਮ ਕੀਤਾ। ਇਸਦਾ ਸਿੱਟਾ ਇਹ ਹੋਇਆ ਕਿ ਭੜਕੇ ਹੋਏ ਗੋਰੇ ਲੋਕਾਂ ਨੇ ਮੈਲਕਾਮ ਰੀਡ ਦੀ ਹਾਜ਼ਰੀ ਵਿਚ ਨਾਅਰੇ ਲਗਾਏ ਕਿ "ਇਨ੍ਹਾਂ ਮੰਗਤਿਆਂ ਨੂੰ

---

1. *The Hindustanee (Vancouver)*, June, 1914, p. 2.
2. *Ibid.*

ਰੰਗਾ ਵੱਲ ਵਾਪਸ ਮੋੜ ਦਿਉ" ਭਾਵ ਕਾਮਾਗਾਟਾਮਾਰੂ ਦੇ ਸਾਰੇ ਮੁਸਾਫ਼ਰਾਂ ਨੂੰ ਧੱਕੇ ਨਾਲ ਵਾਪਸ ਭੇਜ ਦਿਉ।[3]

ਕੈਨੇਡਾ ਸਰਕਾਰ ਦੇ ਅਧਿਕਾਰੀਆਂ ਦੇ ਤੌਰ-ਤਰੀਕੇ

ਕਾਮਾਗਾਟਾਮਾਰੂ ਦੇ ਦੁਖਾਂਤ ਤੋਂ ਪਹਿਲਾਂ 1908-09 ਵਿਚ ਕੈਨੇਡਾ ਸਰਕਾਰ ਵੱਲੋਂ ਇਕ ਸਾਜ਼ਿਸ਼ ਰਚੀ ਗਈ ਸੀ, ਜਿਸ ਅਨੁਸਾਰ ਬੀ.ਸੀ. ਰਹਿ ਰਹੇ ਸਮੂਹ ਸਿੱਖਾਂ ਨੂੰ ਹਾਂਡੂਰਸ ਦੇ ਟਾਪੂ ਵਿਖੇ ਭੇਜਣਾ ਸੀ। ਇਹ ਕੋਈ ਛੁਪੀ ਗੱਲ ਨਹੀਂ ਸੀ ਕਿ ਕੈਨੇਡਾ ਸਰਕਾਰ ਵੱਲੋਂ ਸਿੱਖਾਂ ਨੂੰ ਇਥੇ ਆਉਣ ਤੋਂ ਰੋਕਣ ਅਤੇ ਜੋ ਪਹਿਲਾਂ ਹੀ ਵੱਸੇ ਹੋਏ ਸਨ, ਉਨ੍ਹਾਂ ਨੂੰ ਤੰਗ ਕਰਨ ਦਾ ਹਮੇਸ਼ਾ ਜਤਨ ਕੀਤਾ ਗਿਆ। ਭਾਰਤੀ ਲੋਕਾਂ ਪ੍ਰਤਿ ਹਮੇਸ਼ਾਂ ਨਸਲੀ ਵਿਤਕਰਾ ਕੀਤਾ ਜਾਂਦਾ ਅਤੇ ਇਹ ਵੀ ਪ੍ਰਚਾਰ ਹੁੰਦਾ ਸੀ ਕਿ ਇਹ ਲੋਕ ਅਣਲੋੜੀਂਦੇ ਹਨ।[4]

ਜਦ ਸਰਕਾਰ ਵੱਲੋਂ ਹਾਂਡੂਰਸ ਵਾਲੀ ਸਾਜ਼ਿਸ਼ ਅਸਫਲ ਹੋਈ ਤਾਂ ਸਰਕਾਰ ਨੇ ਵਿਸ਼ੇਸ਼ ਕਰੜਾ ਕਾਨੂੰਨ ਬਣਾ ਕੇ ਆਪਣਾ ਗ਼ੁੱਸਾ ਕੱਢਿਆ। ਭਾਵ, ਆਰਡਰਜ਼-ਇਨ-ਕੌਂਸਲ ਵਿਚ ਤਰਮੀਮ ਕਰ ਦਿੱਤੀ ਗਈ ਤਾਂ ਜੋ ਭਾਰਤੀ ਲੋਕਾਂ ਦੇ ਆਉਣ ਲਈ ਰਾਹ ਸਦਾ ਲਈ ਬੰਦ ਹੋ ਜਾਵੇ। 1913 ਵਿਚ ਸਿੱਖਾਂ ਵੱਲੋਂ ਆਰਡਰਜ਼-ਇਨ-ਕੌਂਸਲ ਨੂੰ ਚਣੌਤੀ ਦਿੱਤੀ ਗਈ ਅਤੇ ਜੱਜ ਹੰਟਰ ਨੇ ਆਰਡਰਜ਼-ਇਨ-ਕੌਂਸਲ ਨੂੰ ਨਾ-ਕਾਮਯਾਬ ਕਰ ਦਿੱਤਾ। ਇਸ ਪਿੱਛੋਂ ਝੱਟ ਹੀ ਸਰਕਾਰ ਨੇ ਇਸ ਵਿਚ ਹੋਰ ਤਰਮੀਮ ਕਰ ਦਿੱਤੀ ਤਾਂ ਜੋ ਕਿਸੇ ਨਵੇਂ ਆਦਮੀ ਲਈ ਆਉਣਾ ਸੰਭਵ ਨਾ ਹੋ ਸਕੇ। ਇਥੋਂ ਦੇ ਸਥਾਨਕ ਲੋਕਾਂ ਨੇ ਆਪਣੀ ਲੋਕ-ਰਾਇ ਦੁਆਰਾ ਸਰਕਾਰ 'ਤੇ ਦਬਾਅ ਪਾਇਆ ਕਿ ਸਾਰੇ ਮੁਸਾਫ਼ਰਾਂ ਨੂੰ ਡੀਪੋਰਟ ਕੀਤਾ ਜਾਵੇ। ਹੁਣ ਸਰਕਾਰ ਦੇ ਹੱਥ ਮਜ਼ਬੂਤ ਸਨ ਤੇ ਕਾਮਾਗਾਟਾਮਾਰੂ ਤੇ ਇਸਦੇ ਮੁਸਾਫ਼ਰਾਂ ਨੂੰ ਜਬਰੀ ਵਾਪਸ ਭੇਜਣ ਲਈ ਤਤਪਰ ਸੀ।[5]

ਹੁਣ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਸੀ ਕਿ ਸਾਰੀ ਸਰਕਾਰੀ ਮਸ਼ੀਨਰੀ ਏਸ਼ੀਅਨ ਲੋਕਾਂ ਦੇ ਵਿਰੁੱਧ ਸੀ ਅਤੇ ਉਨ੍ਹਾਂ ਨੇ ਤਾਂ ਪਹਿਲਾਂ ਹੀ ਮਿਥਿਆ ਹੋਇਆ ਸੀ ਕਿ ਕਿਸੇ ਇਕ ਮੁਸਾਫ਼ਰ ਨੂੰ ਵੀ ਕੈਨੇਡਾ ਦਾਖ਼ਲ ਨਹੀਂ ਹੋਣ ਦਿੱਤਾ ਜਾਵੇਗਾ। ਗੋਰੇ ਲੋਕਾਂ ਨੇ ਸਰਕਾਰ 'ਤੇ ਜ਼ੋਰ ਪਾਇਆ ਕਿ ਉਹ ਸਖ਼ਤ ਤੋਂ ਸਖ਼ਤ ਕਾਨੂੰਨ ਬਨਾਉਣ ਤਾਂ ਜੋ ਕੋਈ ਦੁਬਾਰਾ ਕੈਨੇਡਾ ਆਉਣ ਦੀ ਜੁਰਅਤ ਨਾ ਕਰੇ।[6] ਇਸ ਤੱਥ ਤੋਂ ਵੀ ਕੋਈ ਮੁਨਕਰ ਨਹੀਂ ਹੋਵੇਗਾ ਕਿ ਜਹਾਜ਼ ਨੂੰ ਬੰਦਰਗਾਹ 'ਤੇ ਨਾ ਲੱਗਣ ਦੇਣ ਦੀ ਕੋਸ਼ੀ

---

3. Ferguson, Ted., *Whiteman's Country*, Toronto : Doubleday Canada, 1975, p. 21.
4. Madan J.C., *The Kamagatamaru—The Victim of British Injustice*, in Punjab History Conference, Nov. 27-28, 1976, p. 125.
5. Ward, W. Peter, *White Canada Forever*, Montreal, McGill-Queens U.P., 1978, p. 90.
6. *Ibid.*

ਹਰਕਤ ਜਿਥੇ ਗ਼ੈਰ-ਕਾਨੂੰਨੀ ਸੀ, ਉਥੇ ਪਹਿਲਾਂ ਅਜਿਹਾ ਧੱਕਾ ਕਦੀ ਨਹੀਂ ਹੋਇਆ। ਇਸਦੇ ਨਾਲ ਹੀ ਕਾਮਾਗਾਟਾਮਾਰੂ ਦੇ ਕਿਸੇ ਮੁਸਾਫ਼ਰ ਨੂੰ ਬਾਹਰ ਨਾ ਜਾਣ ਦੇਣਾ ਅਤੇ ਧੱਕੇ ਨਾਲ ਜਹਾਜ਼ ਉੱਤੇ ਬੰਦੀ ਬਣਾਈ ਰੱਖਣਾ, ਇਕ ਅਨੈਤਿਕ ਕਰਮ ਸੀ।

ਇਹ ਵੀ ਸ਼ਰੇਆਮ ਬੇ-ਇਨਸਾਫ਼ੀ ਸੀ ਕਿ ਜਹਾਜ਼ ਦੇ ਮਾਲਕ ਨੂੰ ਵੀ ਜਬਰੀ ਜਹਾਜ਼ ਤੋਂ ਉਤਰਨ ਨਾ ਦੇਣਾ। ਜੇਕਰ ਕੈਨੇਡਾ ਦੇ ਅਧਿਕਾਰੀਆਂ ਵੱਲੋਂ ਹੋਏ ਅਣਮਨੁੱਖੀ ਵਿਹਾਰ ਦਾ ਵਿਸ਼ਲੇਸ਼ਣ ਕਰੀਏ ਕਿ ਉਨ੍ਹਾਂ ਨੇ ਅਜਿਹਾ ਵਰਤਾਰਾ ਕਿਉਂ ਕੀਤਾ ਤਾਂ ਕੁਝ ਕਾਰਨ ਉਭਰ ਕੇ ਸਾਹਮਣੇ ਆਉਂਦੇ ਹਨ :

ਪਹਿਲਾ, ਗੋਰੇ ਲੋਕਾਂ ਦਾ ਸਮਾਜ, ਰਾਜਨੀਤਕ ਤੇ ਸਰਕਾਰੀ ਅਧਿਕਾਰੀ ਬ੍ਰਿਟਿਸ਼ ਕੋਲੰਬੀਆ ਦੇ ਸੂਬੇ ਨੂੰ ਸਿਰਫ਼ ਗੋਰੇ ਲੋਕਾਂ ਲਈ ਹੀ ਵਿਸ਼ੇਸ਼ ਸਥਾਨ ਬਣਾਈ ਰੱਖਣਾ ਚਾਹੁੰਦੇ ਸਨ। ਇਸ ਸੋਚ ਨੂੰ ਸਾਕਾਰ ਰੂਪ ਦੇਣ ਲਈ ਖ਼ਾਸ ਕਦਮ ਪੁੱਟੇ ਗਏ, ਜਿਵੇਂ ਆਰਡਰਜ਼-ਇਨ-ਕੌਂਸਲ, ਜਿਸ ਦੁਆਰਾ ਲਗਾਤਾਰ ਜਹਾਜ਼ੀ ਸਫ਼ਰ ਦਾ ਕਾਨੂੰਨ ਅਤੇ ਹੈੱਡ ਟੈਕਸ ਆਦਿ ਲਗਾਉਣਾ।

ਦੂਜਾ, ਕੈਨੇਡਾ ਦੇ ਅਧਿਕਾਰੀਆਂ ਦਾ ਭਾਰਤੀ ਲੋਕਾਂ ਵਿਰੁੱਧ ਹੋਣਾ ਬਦਲੇ ਦੀ ਭਾਵਨਾ ਵੀ ਸੀ, ਕਿਉਂਕਿ 1913 ਵਿਚ ਆਰਡਰਜ਼-ਇਨ-ਕੌਂਸਲ ਨੂੰ ਚਣੌਤੀ ਦਿੱਤੀ ਗਈ ਤੇ ਫ਼ੈਸਲਾ ਸਿੱਖਾਂ ਦੇ ਹੱਕ ਵਿਚ ਹੋਇਆ ਸੀ।

ਕੈਨੇਡੀਅਨ ਅਧਿਕਾਰੀਆਂ ਨੂੰ ਆਪਣੀ ਗੁਪਤ ਏਜੰਸੀ ਦੁਆਰਾ ਇਹ ਵੀ ਮਲੂਮ ਹੋ ਗਿਆ ਸੀ ਕਿ ਗੁਰਦਿਤ ਸਿੰਘ ਨੇ ਕਾਮਾਗਾਟਾਮਾਰੂ ਦੇ ਮਾਲਕਾਂ ਨੂੰ ਜਹਾਜ਼ ਦੀ ਕਿਸ਼ਤ 8000 ਜ਼ਿਨ ਕੈਨੇਡਾ ਪਹੁੰਚਣ 'ਤੇ ਹਫ਼ਤੇ ਦੇ ਅੰਦਰ ਅੰਦਰ ਅਦਾ ਕਰਨੀ ਸੀ।[7] ਮੈਲਕਾਮ ਰੀਡ ਨੂੰ ਜ਼ਾਹਰੀ ਤੌਰ 'ਤੇ ਪਤਾ ਸੀ ਕਿ ਜੇਕਰ ਗੁਰਦਿਤ ਸਿੰਘ ਨੇ ਸਮੇਂ ਸਿਰ ਕਿਸ਼ਤ ਨਾ ਉਤਾਰੀ ਤਾਂ ਜਿਥੇ ਉਸ ਲਈ ਦੰਡ ਭਰਨਾ ਪਵੇਗਾ, ਉਸ ਨੂੰ ਹੋਰ ਸੰਕਟ ਦਾ ਸਾਹਮਣਾ ਵੀ ਕਰਨਾ ਪਵੇਗਾ। ਉਸਨੂੰ ਇਹ ਵੀ ਜਾਣਕਾਰੀ ਸੀ, ਜੇਕਰ ਸਮਝੌਤੇ ਅਧੀਨ ਨਿਰਧਾਰਤ ਸਮੇਂ ਦੇ ਵਿਚ ਕਿਸ਼ਤ ਨਾ ਦਿੱਤੀ ਤਾਂ ਜਹਾਜ਼ ਦਾ ਕੈਪਟਨ ਜਹਾਜ਼ ਨੂੰ ਆਪਣੇ ਕੰਟਰੋਲ ਵਿਚ ਕਰ ਸਕਦਾ ਸੀ।[8]

ਜਹਾਜ਼ ਭਾਵੇਂ ਬੰਦਰਗਾਹ ਤੋਂ ਦੂਰ ਸੀ ਪਰ ਕਾਨੂੰਨ ਮੁਤਾਬਕ ਹਰ ਮੁਸਾਫ਼ਰ ਦੀ ਡਾਕਟਰੀ ਹੋਣੀ ਜ਼ਰੂਰੀ ਸੀ। ਸਰਕਾਰ ਦੀ ਇਹ ਵੀ ਇਕ ਚਾਲ ਸੀ ਕਿ ਮੁਸਾਫ਼ਰਾਂ ਦੀ ਡਾਕਟਰੀ ਛੇਤੀ ਨਾ ਹੋਵੇ। ਡਾਕਟਰਾਂ ਨੂੰ ਖ਼ਾਸ ਹਦਾਇਤ ਸੀ ਕਿ ਉਹ ਡਾਕਟਰੀ ਹੌਲੀ ਹੌਲੀ ਕਰਨ ਤਾਂ ਜੋ ਸਾਰੇ ਮੁਸਾਫ਼ਰਾਂ ਨੂੰ 11 ਜੂਨ ਤਕ ਜਹਾਜ਼ 'ਤੇ ਰੋਕਿਆ ਜਾ ਸਕੇ ਕਿਉਂਕਿ 11 ਜੂਨ ਜਹਾਜ਼ ਦੀ ਕਿਸ਼ਤ ਦੇਣ ਦੀ ਆਖ਼ਰੀ ਤਾਰੀਖ਼ ਸੀ।[9]

---

7. *Copy of an Agreement (Moji)*, April 27, 1914, *Borden Papers*.
8. *Ibid.*
   Also See,
   Gurdit Singh, *The Voyage of the Kamagatamaru*, p. 55.
9. From Malcolm Reid to W.D. Scott, *Immigration Branch—Governor General Files*.

ਦੂਜੇ ਪਾਸੇ ਜਹਾਜ਼ 'ਤੇ ਮੁਸਾਫ਼ਰਾਂ ਦੀ ਮੁਕੰਮਲ ਡਾਕਟਰੀ ਕਰਨੀ ਇਸ ਲਈ ਵੀ ਅਸੰਭਵ ਸੀ ਕਿਉਂਕਿ ਡਾਕਟਰਾਂ ਪਾਸ ਡਾਕਟਰੀ ਜਾਂਚ ਲਈ ਪੂਰੇ ਸਾਧਨ ਨਹੀਂ ਸਨ। ਪਰ ਉਨ੍ਹਾਂ ਦੀ ਇਹ ਵੀ ਮਜਬੂਰੀ ਸੀ ਕਿ ਉਨ੍ਹਾਂ ਨੂੰ ਹਰ ਗੱਲ ਲਈ ਮੈਲਕਾਮ ਰੀਡ ਤੋਂ ਪੁੱਛਣਾ ਜਾਂ ਆਗਿਆ ਲੈਣੀ ਪੈਂਦੀ ਸੀ।[10] ਮੈਲਕਾਮ ਰੀਡ ਨੇ ਇਮੀਗ੍ਰੇਸ਼ਨ ਵਿਭਾਗ ਦੇ ਸੁਪਰਡੈਂਟ ਡਬਲਯੂ.ਡੀ. ਸਕਾਟ ਪਾਸੋਂ ਪੁੱਛ-ਗਿੱਛ ਕੀਤੀ ਕਿ ਕੀ 'ਹੁਕਵਾਰਮ' ਨੂੰ ਬਤੌਰ ਸਰੀਰਕ ਨੁਕਸ ਮੰਨ ਕੇ ਮੁਸਾਫ਼ਰਾਂ ਨੂੰ ਵਾਪਸ ਕੀਤਾ ਜਾ ਸਕਦਾ ਸੀ ਜਾਂ ਨਹੀਂ।[11] ਅਧਿਕਾਰੀ ਤਾਂ ਕੋਈ ਨਾ ਕੋਈ ਕੁੰਡੀ ਲੱਭਦੇ ਸਨ, ਜਿਸ ਦੁਆਰਾ ਕਾਮਾਗਾਟਾਮਾਰੂ ਤੋਂ ਮੁਕਤੀ ਮਿਲੇ ਅਤੇ ਰੀਡ ਡਾਕਟਰਾਂ ਨੂੰ ਵੀ ਹੱਥ ਠੋਕਾ ਬਣਾ ਕੇ ਮੁਸਾਫ਼ਰਾਂ ਨੂੰ ਵਾਪਸ ਭੇਜਣ ਦੀ ਵਿਉਂਤ ਬਣਾਉਂਦਾ ਸੀ, ਭਾਵੇਂ ਸਾਰੇ ਮੁਸਾਫ਼ਰ ਸਰੀਰਕ ਤੌਰ 'ਤੇ ਰਿਸ਼ਟ-ਪੁਸ਼ਟ ਸਨ।

ਮੈਲਕਾਮ ਰੀਡ ਨੇ ਇਮੀਗ੍ਰੇਸ਼ਨ ਦੇ ਸੁਪਰਡੈਂਟ ਨੂੰ ਲਿਖੇ ਗੁਪਤ ਪੱਤਰ ਵਿਚ ਇਹ ਉਲੇਖ ਕੀਤਾ ਸੀ ਕਿ ਗੁਰਦਿਤ ਸਿੰਘ ਦੇ ਬਤੌਰ ਵਿਉਪਾਰੀ ਬੰਦਰਗਾਹ 'ਤੇ ਜਾਣ ਦੇ ਅਧਿਕਾਰ ਤੇ ਉਸਦੇ ਕਾਨੂੰਨੀ ਹੱਕ ਹੁੰਦਿਆਂ ਵੀ ਉਸਨੇ ਉਸ ਵੱਲੋਂ ਸਾਰੀਆਂ ਬੇਨਤੀਆਂ ਨੂੰ ਠੁਕਰਾ ਦਿੱਤਾ, ਭਾਵ ਕਿਸੇ ਗੱਲ ਦੀ ਪਰਵਾਹ ਨਹੀਂ ਕੀਤੀ।[12] ਰੀਡ ਸੋਚਦਾ ਸੀ ਕਿ ਗੁਰਦਿਤ ਸਿੰਘ ਨੂੰ ਉਤਰਨ ਦੀ ਆਗਿਆ ਨਾ ਦੇਣ ਅਤੇ ਮੁਸਾਫ਼ਰਾਂ ਦੀ ਡਾਕਟਰੀ ਨੂੰ ਛੇਤੀ ਨਾ ਕਰਨ ਨਾਲ ਕਾਮਾਗਾਟਾਮਾਰੂ ਅਤੇ ਇਸਦਾ ਮੁਸਾਫ਼ਰਾਂ ਤੋਂ ਖਹਿੜਾ ਛੁਟ ਜਾਏਗਾ, ਭਾਵ ਆਪੇ ਹੀ ਸੰਕਟ ਟਲ ਜਾਏਗਾ। ਦੂਸਰਾ, ਰੀਡ ਅਨੁਸਾਰ ਜੇ ਗੁਰਦਿਤ ਸਿੰਘ ਬਾਹਰ ਨਹੀਂ ਜਾਏਗਾ ਤਾਂ ਉਹ ਆਪਣਾ ਕੋਲਾ ਨਹੀਂ ਵੇਚ ਸਕੇਗਾ, ਜੇ ਕੋਲਾ ਨਹੀਂ ਵਿਕੇਗਾ ਤਾਂ ਉਸ ਲਈ ਜਹਾਜ਼ ਦੀ ਕਿਸ਼ਤ ਸਮੇਂ ਸਿਰ ਦੇਣੀ ਸੰਭਵ ਨਹੀਂ ਹੋਵੇਗੀ। ਇਕ ਹੋਰ ਗੱਲ ਰੀਡ ਦੇ ਮਨ ਵਿਚ ਸੀ ਕਿ ਜੇ ਇਨ੍ਹਾਂ ਮੁਸਾਫ਼ਰਾਂ ਤੇ ਗੁਰਦਿਤ ਸਿੰਘ ਦਾ ਸੰਪਰਕ ਸਥਾਨਕ ਨੇਤਾਵਾਂ ਨਾਲ ਨਹੀਂ ਹੋਵੇਗਾ ਤਾਂ ਮਾਇਆ ਦੀ ਉਗਰਾਹੀ ਅਸੰਭਵ ਹੈ।[13]

ਪਰ ਜਦੋਂ 31 ਮਈ, 1914 ਨੂੰ ਵੈਨਕੂਵਰ ਦੇ ਭਾਰਤੀ ਲੋਕਾਂ ਨੇ ਵਿਸ਼ੇਸ਼ ਇਕੱਤਰਤਾ ਕੀਤੀ, ਜਿਸਦਾ ਮੁਖ ਮਕਸਦ ਜਹਾਜ਼ ਦੀ ਬਕਾਇਆ ਕਿਸ਼ਤ ਉਤਾਰਨ ਲਈ ਮਾਇਆ ਦੀ ਉਗਰਾਹੀ ਸੀ ਤਾਂ ਸਾਰਾ ਕੁਝ ਰੀਡ ਦੀ ਸੋਚ ਦੇ ਵਿਪਰੀਤ ਹੋਇਆ। ਇਸ ਇਕੱਤਰਤਾ ਵਿਚ ਹਸਨ ਰਹੀਮ ਨੂੰ ਚੇਅਰਮੈਨ ਥਾਪਿਆ ਗਿਆ ਅਤੇ ਹੈਰਾਨੀ ਦੀ ਗੱਲ ਇਹ ਹੋਈ ਕਿ ਕਿਸ਼ਤ ਲਈ 15,000 ਡਾਲਰ ਇਕੱਠਾ ਕਰਨ ਲਈ ਅਪੀਲ

10. From Malcolm Reid to W.D. Scott. *Immigration Branch—Governor General Files.*

11. *Ibid.*
Also See,
Gurdit Singh, *The Voyage to the Kamagatamaru,* p. 58.

12. From Malcolm Reid to W.D. Scott., *Immigration Branch,* RG 76; Vol. 601, File 879543.

13. From Malcolm Reid to W.D. Scott., *Stevens' File,* p. 160.

ਕੀਤੀ ਗਈ ਪਰ ਹਾਜ਼ਰ ਲੋਕਾਂ ਵਿਚ ਉਤਸ਼ਾਹ ਹੋਣ ਕਰਕੇ 66,000 ਡਾਲਰ ਇਕੱਠਾ ਕਰ ਲਿਆ ਗਿਆ। ਮਾਇਆ ਦੀ ਉਗਰਾਹੀ ਉਪਰੰਤ ਵਿਸ਼ੇਸ਼ ਮਤੇ ਪਾਸ ਕੀਤੇ ਗਏ ਅਤੇ ਮਹਾਰਾਜਾ ਪਟਿਆਲਾ ਤੇ ਮਹਾਰਾਜਾ ਨਾਭਾ ਤੇ ਭਾਰਤ ਸਰਕਾਰ ਨੂੰ ਕਾਮਾਗਾਟਾਮਾਰੂ ਦੇ ਦੁਖਾਂਤ ਸੰਬੰਧੀ ਤਾਰਾਂ ਭੇਜੀਆਂ ਗਈਆਂ। ਸਿੱਖ ਨੇਤਾਵਾਂ ਨੇ ਜੋਸ਼ੀਲੀਆਂ ਤਕਰੀਰਾਂ ਕੀਤੀਆਂ ਅਤੇ ਬ੍ਰਿਟਿਸ਼ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇ ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਨਾਲ ਧੱਕਾ ਕੀਤਾ ਗਿਆ ਤਾਂ ਇਸਦੇ ਨਤੀਜੇ ਭੈੜੇ ਨਿਕਲਣਗੇ।[14]

ਹੁਣ ਸਰਕਾਰ ਦੇ ਅਧਿਕਾਰੀਆਂ ਨੂੰ ਸਪੱਸ਼ਟ ਹੋ ਗਿਆ ਸੀ ਕਿ ਸਾਰਾ ਕੁਝ ਉਨ੍ਹਾਂ ਦੀ ਸੋਚ ਦੇ ਵਿਰੁਧ ਹੋ ਰਿਹਾ ਹੈ ਕਿਉਂਕਿ ਉਹ ਸੋਚਦੇ ਸਨ ਕਿ ਗੁਰਦਿਤ ਸਿੰਘ 'ਤੇ ਮਾਇਕ ਸੰਕਟ ਆਵੇਗਾ ਤੇ ਕਿਸ਼ਤ ਟੁੱਟ ਜਾਵੇਗੀ। ਜਹਾਜ਼ ਉੱਤੇ ਖਾਣ-ਪੀਣ ਦੇ ਸਾਮਾਨ ਅਤੇ ਪਾਣੀ ਦੀ ਘਾਟ ਹੋ ਗਈ। ਦਲਜੀਤ ਸਿੰਘ ਨੇ ਮੈਲਕਮ ਰੀਡ ਤੋਂ ਉਪਰੋਕਤ ਚੀਜ਼ਾਂ ਦੀ ਮੰਗ ਕੀਤੀ ਪਰ ਰੀਡ ਨੇ ਦੇਣ ਤੋਂ ਇਨਕਾਰ ਕਰ ਦਿੱਤਾ। ਮੁਖ ਮੁੱਦਾ ਤਾਂ ਮੁਸਾਫ਼ਰਾਂ ਨੂੰ ਹਰ ਪੱਖੋਂ ਤੰਗ ਕਰਨਾ ਸੀ ਅਤੇ ਉਨ੍ਹਾਂ ਨੂੰ ਗੁਰਦਿਤ ਸਿੰਘ ਵਿਰੁੱਧ ਭੜਕਾਉਣ ਦਾ ਜਤਨ ਕਰਨਾ ਵੀ ਸੀ। ਰੀਡ ਨੇ ਦਲਜੀਤ ਸਿੰਘ ਨੂੰ ਕਿਹਾ ਕਿ ਲੋੜੀਂਦੀਆਂ ਵਸਤੂਆਂ ਦਾ ਪ੍ਰਬੰਧ ਕਰਨ ਅਤੇ ਮੁਸਾਫ਼ਰਾਂ ਦੀ ਪੂਰੀ ਦੇਖ-ਭਾਲ ਦੀ ਜ਼ਿੰਮੇਵਾਰੀ ਗੁਰਦਿਤ ਸਿੰਘ ਦੀ ਹੈ। ਆਖ਼ਰ ਰੀਡ ਨੇ ਕਿਸੇ ਵਿਅਕਤੀ ਨੂੰ ਉਪਰੋਕਤ ਸਾਮਾਨ ਖ਼ਰੀਦਣ ਦੀ ਆਗਿਆ ਦੇਣ ਦੀ ਪੇਸ਼ਕਸ਼ ਕੀਤੀ। ਪਰ ਨਾਲ ਇਹ ਵੀ ਸ਼ਰਤ ਲਗਾਈ ਕਿ ਉਸ ਆਦਮੀ ਨਾਲ ਵਿਲੀਅਮ ਹਾਪਕਿਨਸਨ ਜਾਏਗਾ।[15]

ਗੁਰਦਿਤ ਸਿੰਘ ਨੇ ਆਪਣੀਆਂ ਸਮੂਹ ਤਕਲੀਫ਼ਾਂ ਉਪਰੰਤ ਮੁਸਾਫ਼ਰਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਖੋਹਲ ਕੇ ਦੱਸਿਆ ਅਤੇ ਇਹ ਸਾਰੀ ਜਾਣਕਾਰੀ ਤਾਰ ਦੁਆਰਾ ਕੈਨੇਡਾ ਦੇ ਗਵਰਨਰ ਜਨਰਲ ਨੂੰ ਭੇਜੀ ਗਈ।[16] ਗੁਰਦਿਤ ਸਿੰਘ ਵੱਲੋਂ ਗਵਰਨਰ ਜਨਰਲ ਨੂੰ ਭੇਜੀ ਤਾਰ ਦਾ ਕੋਈ ਅਸਰ ਨਾ ਹੋਇਆ ਕਿਉਂਕਿ ਸਾਰੀ ਸਰਕਾਰੀ ਮਸ਼ੀਨਰੀ ਅਤੇ ਗੋਰੇ ਲੋਕਾਂ ਦਾ ਇੱਕੋ ਹੀ ਨਾਅਰਾ ਸੀ ਕਿ ਸਾਰੇ ਮੁਸਾਫ਼ਰਾਂ ਨੂੰ ਵਾਪਸ ਮੋੜਿਆ ਜਾਵੇ। ਇਮੀਗ੍ਰੇਸ਼ਨ ਦੀ ਗੁਪਤ ਏਜੰਸੀ ਆਪਣਾ ਜਸੂਸੀ ਦਾ ਕੰਮ ਜ਼ੋਰ-ਸ਼ੋਰ ਨਾਲ ਕਰ ਰਹੀ ਸੀ ਅਤੇ ਗੁਰਦਿਤ ਸਿੰਘ ਵੱਲੋਂ ਉੱਚ ਅਧਿਕਾਰੀਆਂ ਵੱਲ ਭੇਜੀਆਂ ਜਾ ਰਹੀਆਂ ਚਿੱਠੀਆਂ ਦੀ ਵੀ ਛਾਣ-ਬੀਣ ਕਰਦੇ ਸਨ ਅਤੇ ਸਾਰੀ ਇਕੱਤਰ ਕੀਤੀ ਜਾਣਕਾਰੀ ਰੀਡ ਵੱਲੋਂ ਡਬਲਯੂ.ਡੀ. ਸਕਾਟ ਨੂੰ ਭੇਜੀ ਜਾਂਦੀ ਸੀ।[17]

ਜਹਾਜ਼ ਉੱਤੇ ਮੁਸਾਫ਼ਰ ਪੂਰੀ ਤਰ੍ਹਾਂ ਅੱਕੇ ਹੋਏ ਸਨ। ਉਨ੍ਹਾਂ ਨੂੰ ਕੋਈ ਪਤਾ ਨਹੀਂ

---

14. William Hopkinson to W.W. Cory, Deputy Minister of the Interior, Ottawa, May 31, 1914, *Borden Papers*.
15. Malcolm Reid to Daljit Singh, *Stevens' File*, June 8, 1914, p. 155.
16. Gurdit Singh to Governor General, June 9, 1914, *Borden Papers*.
17. Malcolm Reid to W.D. Scott, June 8, 1914, *Stevens' File*, p. 155.

ਸੀ ਕਿ ਕੀ ਹੋਵੇਗਾ ? ਦੂਸਰਾ, ਰਾਸ਼ਨ ਪਾਣੀ ਦੀ ਥੁੜ ਹੋ ਗਈ ਅਤੇ ਜਦੋਂ ਇਨ੍ਹਾਂ ਚੀਜ਼ਾਂ ਦੀ ਮੰਗ ਕੀਤੀ ਤਾਂ ਸਾਫ਼ ਜਵਾਬ ਮਿਲ ਗਿਆ ਭਾਵ ਕੋਈ ਤਰਸ ਕਰਨ ਵਾਲਾ ਵੀ ਨਜ਼ਰ ਨਹੀਂ ਸੀ ਆਉਂਦਾ। ਮੁਸਾਫ਼ਰਾਂ ਨੇ ਭੁੱਖ-ਹੜਤਾਲ ਕਰਨ ਦਾ ਐਲਾਨ ਕਰ ਦਿੱਤਾ।[18] ਗੁਰਦਿਤ ਸਿੰਘ ਨੇ ਰੀਡ ਨੂੰ ਕਿਹਾ ਕਿ ਉਨ੍ਹਾਂ ਵਿੱਚੋਂ ਕਿਸੇ ਆਦਮੀ ਨੂੰ ਬਾਹਰ ਜਾ ਕੇ ਰਾਸ਼ਣ-ਪਾਣੀ ਲਿਆਉਣ ਦੀ ਆਗਿਆ ਦੇਵੇ। ਦੂਜੇ ਪਾਸੇ ਰੀਡ ਆਗਿਆ ਦੇਣ ਲਈ ਤਿਆਰ ਸੀ ਪਰ ਉਸਦੀ ਇਕ ਸ਼ਰਤ ਸੀ ਕਿ ਬਿਨਾਂ ਦਲਜੀਤ ਸਿੰਘ ਤੇ ਗੁਰਦਿਤ ਸਿੰਘ ਦੇ ਕੋਈ ਵੀ ਆਦਮੀ ਰਾਸ਼ਨ-ਪਾਣੀ ਲਈ ਜਾ ਸਕਦਾ ਹੈ।[19]

ਹੁਣ ਤਕ ਰੀਡ ਨੂੰ ਗਿਆਨ ਹੋ ਚੁੱਕਾ ਸੀ ਕਿ ਲੋਕਲ ਭਾਰਤੀ ਭਾਈਚਾਰੇ ਨੇ ਮਾਇਆ ਦੀ ਉਗਰਾਹੀ ਲਈ ਵਿਸ਼ੇਸ਼ ਇਕੱਠ ਕੀਤਾ ਸੀ, ਪਰ ਉਸਨੂੰ ਹਾਲਾਂ ਵੀ ਡਰ ਸੀ ਕਿ ਜੇਕਰ ਗੁਰਦਿਤ ਸਿੰਘ ਤੇ ਦਲਜੀਤ ਸਿੰਘ ਬੰਦਰਗਾਹ 'ਤੇ ਬਾਹਰ ਆਉਣਗੇ ਤਾਂ ਉਹ ਸਹਿਯੋਗ ਪ੍ਰਾਪਤ ਕਰਨ ਲਈ ਆਪਣੇ ਭਾਈਚਾਰੇ ਦੇ ਨੇਤਾਵਾਂ ਨੂੰ ਮਿਲਣਗੇ, ਪਰ ਜੇ ਡਾਕਟਰ ਰਘੂਨਾਥ ਸਿੰਘ ਬਾਹਰ ਆਉਂਦਾ ਸੀ ਤਾਂ ਰੀਡ ਨੂੰ ਕਿਸੇ ਪ੍ਰਕਾਰ ਦਾ ਡਰ ਨਹੀਂ ਸੀ।[20] ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਡਾਕਟਰ ਰਘੂਨਾਥ ਸਿੰਘ ਵੀ ਕੈਨੇਡਾ ਸਰਕਾਰ ਲਈ ਜਸੂਸੀ ਕਰਦਾ ਸੀ। ਰੀਡ ਨੂੰ ਇਕ ਹੋਰ ਵੱਡਾ ਡਰ ਸੀ ਕਿ ਜੇਕਰ ਗੁਰਦਿਤ ਸਿੰਘ ਬਾਹਰ ਆਉਂਦਾ ਹੈ ਤਾਂ ਉਹ ਕਾਨੂੰਨੀ ਸਲਾਹ-ਮਸ਼ਵਰਾ ਲੈਣ ਉਪਰੰਤ ਆਪਣੇ ਦੇਸ਼-ਵਾਸੀਆਂ ਨੂੰ ਆਪਣੇ ਹੱਕ ਵਿਚ ਕਰੇਗਾ। ਮੁਸਾਫ਼ਰਾਂ ਨੇ ਭੁੱਖ-ਹੜਤਾਲ ਕੀਤੀ ਹੋਈ ਸੀ ਪਰ ਜਦੋਂ ਜਹਾਜ਼ ਤੋਂ ਕੋਈ ਵਿਅਕਤੀ ਰਾਸ਼ਨ-ਪਾਣੀ ਲੈਣ ਲਈ ਬਾਹਰ ਗਿਆ, ਤੇ ਰੀਡ ਦੀ ਸ਼ਰਤ ਅਨੁਸਾਰ ਹੋਇਆ, ਤਾਂ ਮੁਸਾਫ਼ਰਾਂ ਨੇ ਭੁੱਖ-ਹੜਤਾਲ ਤੋੜੀ। ਰੀਡ ਦਾ ਆਪਣੇ ਮਕਸਦ ਵਿਚ ਸਫਲ ਹੋਣ 'ਤੇ ਉਸਨੂੰ ਖ਼ੁਸ਼ੀ ਹੋਈ ਅਤੇ ਉਸਨੇ ਇਹ ਖ਼ਬਰ ਇਮੀਗ੍ਰੇਸ਼ਨ ਦੇ ਸੁਪਰਡੈਂਟ ਡਬਲਯੂ ਡੀ. ਸਕਾਟ ਨੂੰ ਭੇਜੀ।[21]

ਇੰਝ ਜਾਪਦਾ ਸੀ ਕਿ ਸਾਰੀ ਇਮੀਗ੍ਰੇਸ਼ਨ ਵਿਭਾਗ ਦੀ ਸ਼ਕਤੀ ਮੈਲਕਾਮ ਰੀਡ ਪਾਸ ਸੀ ਕਿਉਂਕਿ ਉਸਦੀ ਹਰ ਸੋਚ ਲਾਗੂ ਕੀਤੀ ਜਾਂਦੀ। ਜੇ ਦੇਖਿਆ ਜਾਵੇ ਇਕ ਵਕੀਲ ਨੂੰ ਆਪਣੇ ਗਾਹਕ ਪਾਸ ਨਾ ਜਾਣ ਦੇਣਾ, ਜੇਕਰ ਆਗਿਆ ਵੀ ਦਿੱਤੀ ਤਾਂ ਵੀ ਉਪਰ ਪੁਲਿਸ ਦਾ ਪਹਿਰਾ ਸੀ। ਵਕੀਲ ਬਰਡ ਨੂੰ ਗੁਰਦਿਤ ਸਿੰਘ ਪਾਸ ਨਾ ਜਾਣ ਦੇਣਾ, ਜਾਂ ਦੋਨਾਂ ਦੀ ਮਿਲਣੀ ਅਸੰਭਵ ਬਣਾਉਣੀ ਵੀ ਪ੍ਰਗਟ ਕਰਦਾ ਹੈ ਕਿ ਲੋਕਾਂ ਨੂੰ ਆਪਣੇ ਹੱਕਾਂ ਜਾਂ ਅਧਿਕਾਰਾਂ ਨੂੰ ਮਾਨਣ ਦੀ ਖੁੱਲ੍ਹ ਨਹੀਂ ਸੀ। ਬਰਡ ਨੇ ਇਸ ਤਰ੍ਹਾਂ ਦੇ ਕੀਤੇ ਜਾ ਰਹੇ ਧੱਕੇ ਵਿਰੁੱਧ ਪ੍ਰਧਾਨ ਮੰਤਰੀ ਬਾਰਡਨ ਨੂੰ ਲਿਖਿਆ।[22]

---

18. Malcolm Reid to W.D. Scott, June 9, 1914, *Stevens' File*, p. 158.
19. Malcolm Reid to W.D. Scott, June 10, 1914, *Stevens' File*, p. 160.
20. *Ibid.*
21. Malcolm Reid to W.D. Scott, *Stevens' File*, p. 158.
22. Telegram from F.J. Edward Bird to R.L. Borden (Prime Minister), June 23, 1914, *Borden Papers*.

21 ਜੂਨ ਦੇ ਵਿਸ਼ੇਸ਼ ਇਕੱਠ ਦੌਰਾਨ ਬਰਡ ਨੇ ਮੰਨਿਆ ਸੀ ਕਿ ਉਸਨੂੰ ਗੁਰਦਿਤ ਸਿੰਘ ਨਾਲ ਸਿਰਫ਼ ਇਕ ਘੰਟਾ ਹੀ ਗੱਲਾਂ ਕਰਨ ਦਾ ਸਮਾਂ ਦਿੱਤਾ ਅਤੇ ਗੱਲਬਾਤ ਸਮੇਂ ਬੋਟ ਦੇ ਆਲੇ-ਦੁਆਲੇ ਹਥਿਆਰਬੰਦ ਸਿਪਾਹੀਆਂ ਦਾ ਪਹਿਰਾ ਸੀ। ਇਹੋ ਜਿਹੀ ਮੁਲਾਕਾਤ ਬਹੁਤ ਅਣਸੁਖਾਵੀਂ ਸੀ ਕਿਉਂਕਿ ਬਰਡ ਨੂੰ ਜਹਾਜ਼ 'ਤੇ ਨਹੀਂ ਚੜ੍ਹਨ ਦਿੱਤਾ ਗਿਆ। ਮੁਲਾਕਾਤ ਦੇ ਸਮੇਂ ਬਰਡ ਵੱਖਰੇ ਬੋਟ 'ਤੇ ਸੀ ਤੇ ਗੁਰਦਿਤ ਨੂੰ ਹੋਰ ਬੋਟ 'ਤੇ ਬਿਠਾਇਆ ਗਿਆ। ਉਪਰੰਤ ਬਰਡ ਨੇ ਭਰੇ ਇਕੱਠ ਵਿਚ ਇਹ ਵੀ ਦੱਸਿਆ ਕਿ ਰੀਡ ਨੇ ਉਸਨੂੰ ਧਮਕੀ ਦਿੱਤੀ ਕਿ ਜੇਕਰ ਉਸਨੇ ਜਹਾਜ਼ 'ਤੇ ਚੜ੍ਹ ਕੇ ਗੁਰਦਿਤ ਸਿੰਘ ਨੂੰ ਮਿਲਣ ਦਾ ਜਤਨ ਕੀਤਾ ਤਾਂ ਉਸਨੂੰ ਸਮੁੰਦਰ ਵਿਚ ਸੁੱਟ ਦਿੱਤਾ ਜਾਵੇਗਾ ਭਾਵੇਂ ਵਕੀਲ ਹੋਣ ਦੇ ਨਾਤੇ ਬਰਡ ਪਾਸ ਗੁਰਦਿਤ ਸਿੰਘ ਨੂੰ ਮਿਲਣ ਦਾ ਹੱਕ ਸੀ, ਪਰ ਪੁਲਿਸ ਵੀ ਰੀਡ ਦੇ ਹੁਕਮ ਉੱਤੇ ਹੀ ਫੁੱਲ ਚੜ੍ਹਾਉਂਦੀ ਸੀ।[23]

ਰੀਡ ਨੇ ਆਪਣੇ ਉੱਚ-ਅਧਿਕਾਰੀਆਂ ਅਤੇ ਡਬਲਯੂ.ਡੀ. ਸਕਾਟ ਨੂੰ ਇਹੀ ਸਲਾਹ ਦਿੱਤੀ ਕਿ ਵਕੀਲ ਬਰਡ ਨੂੰ ਗੁਰਦਿਤ ਸਿੰਘ ਨਾਲ ਉੱਕਾ ਹੀ ਨਾ ਮਿਲਣ ਦਿੱਤਾ ਜਾਵੇ।[24] ਅੱਗੋਂ ਡਬਲਯੂ.ਡੀ. ਸਕਾਟ ਨੇ ਇੰਟੀਰੀਅਰ ਡੀਪਾਰਟਮੈਂਟ ਦੇ ਡਿਪਟੀ ਮਨਿਸਟਰ ਡਬਲਯੂ ਕੋਰੀ ਨੂੰ ਅਪੀਲ ਕੀਤੀ ਕਿ ਉਹ ਵੀ ਆਪਣੇ ਵੱਲੋਂ ਜ਼ੋਰਦਾਰ ਸ਼ਬਦਾਂ ਵਿਚ ਕਹੇ ਕਿ ਸਿੱਖਾਂ ਦੇ ਵਕੀਲ ਬਰਡ ਨੂੰ ਜਿੰਨਾ ਚਿਰ ਮੁਸਾਫ਼ਰਾਂ ਦੀ ਡਾਕਟਰੀ ਨਹੀਂ ਹੋ ਜਾਂਦੀ, ਉਤਨਾ ਚਿਰ ਜਹਾਜ਼ 'ਤੇ ਚੜ੍ਹਨ ਤੋਂ ਰੋਕਿਆ ਜਾਵੇ। ਜੇ ਉਸਨੂੰ ਜਹਾਜ਼ 'ਤੇ ਚੜ੍ਹਨ ਅਤੇ ਮੁਸਾਫ਼ਰਾਂ ਨੂੰ ਖੁੱਲ੍ਹੇ ਤੌਰ 'ਤੇ ਮਿਲਣ ਦਾ ਮੌਕਾ ਦਿੱਤਾ ਗਿਆ ਤਾਂ ਡਾਕਟਰੀ ਆਧਾਰ 'ਤੇ ਮਕਸਦ ਦੀ ਪੂਰਤੀ ਕਰਨ ਵਿਚ ਵਿਘਨ ਪੈ ਸਕਦਾ ਹੈ।[25]

ਗੁਰਦਿਤ ਸਿੰਘ ਤੇ ਕਾਮਾਗਾਟਾਮਾਰੂ ਦੇ ਮੁਸਾਫ਼ਰ ਕੈਨੇਡਾ ਸਰਕਾਰ ਵੱਲੋਂ ਲੱਗੀਆਂ ਬੰਦਸ਼ਾਂ ਵਿਰੁੱਧ ਘੋਲ ਕਰ ਰਹੇ ਸਨ ਪਰ ਉਨ੍ਹਾਂ ਦੇ ਸਾਰੇ ਜਤਨ ਨਾ-ਕਾਮਯਾਬ ਹੋ ਰਹੇ ਸਨ। ਕਾਮਾਗਾਟਾਮਾਰੂ ਦੇ ਦੁਖਾਂਤ ਦੀ ਖ਼ਬਰ ਸਾਰੇ ਥਾਂ ਫੈਲ ਚੁੱਕੀ ਸੀ ਅਤੇ ਭਾਰਤ ਅੰਦਰ ਕੈਨੇਡਾ ਸਰਕਾਰ ਦੇ ਵਿਰੁੱਧ ਮੁਜਾਹਰੇ ਵੀ ਹੋਏ ਅਤੇ ਗਵਰਨਰ ਜਨਰਲ ਨੂੰ ਵਿਸ਼ੇਸ਼ ਤੌਰ 'ਤੇ ਤਾਰਾਂ ਭੇਜੀਆਂ ਗਈਆਂ। ਪੰਜਾਬ ਹਿੰਦੂ ਸਭਾ, ਲਾਹੌਰ ਅਤੇ ਮਨੀਲਾ (ਫਿਲਪੀਨ) ਦੇ ਸਿੱਖਾਂ ਨੇ ਵੀ ਰੋਸ ਇਕੱਤ੍ਰਤਾਵਾਂ ਕੀਤੀਆਂ। ਮਨੀਲਾ ਦੇ ਸਿੱਖਾਂ ਨੇ ਕੈਨੇਡਾ ਦੀ ਸਰਕਾਰ ਨੂੰ ਚਿਤਾਵਨੀ ਵੀ ਦਿੱਤੀ ਕਿ ਜੇਕਰ ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਨੂੰ ਨਾ ਉਤਰਨ ਦਿੱਤਾ ਤਾਂ ਇਸਦੇ ਭਿਆਨਕ ਸਿੱਟੇ ਨਿਕਲਣਗੇ।[26]

---

23. The speech of F.J. Edward Bird in the *Watan* (Kamagatamaru Vishesh Ank) July-Sept., 1989, pp. 16-17.
24. Malcolm Reid to W.D. Scott (Supdt. of Immigration), *Borden Papers.*
25. Memorandum from W.D. Scott to W.W. Cory, June 27, 1914, *Borden Papers.*
26. Punjab Hindu Sabha, Lahore, June 16, 1914.
    Sikhs of Manila to Governor General, June 1, 1914, *Borden Papers.*
    Also See,
    Morse, Erik Wilton, *Immigration and Status of British East Indians in Canada.* Kingston, Ontario : Queen's University, 1936, pp. 89-90.

ਅਜਿਹੀਆਂ ਕਾਰਵਾਈਆਂ ਜਾਂ ਰੋਸ ਇਕੱਤ੍ਰਤਾਵਾਂ ਦਾ ਕੋਈ ਅਸਰ ਨਾ ਹੋਇਆ ਕਿਉਂਕਿ ਇਮੀਗ੍ਰੇਸ਼ਨ ਵਿਭਾਗ ਦੇ ਅਧਿਕਾਰੀ ਅਤੇ ਸਰਕਾਰ ਦੀ ਇੱਕੋ ਹੀ ਸੁਰ ਸੀ ਕਿ ਜਹਾਜ਼ ਤੇ ਮੁਸਾਫ਼ਰਾਂ ਨੂੰ ਵਾਪਸ ਭੇਜਿਆ ਜਾਵੇ। ਇੰਗਲੈਂਡ ਵਿਚ ਸ਼੍ਰੀਮਤੀ ਬੇਸੰਟ (ਸਮਾਜ ਸੁਧਾਰਕ) ਨੇ ਵੀ ਭਾਰਤੀ ਮੁਸਾਫ਼ਰਾਂ ਨਾਲ ਹਮਦਰਦੀ ਪ੍ਰਗਟਾਈ ਪਰ ਦੂਜੇ ਪਾਸੇ ਬਰਤਾਨਵੀ ਪਾਰਲੀਮੈਂਟ ਦੇ ਭੂਤ-ਪੂਰਵ ਮੈਂਬਰ ਸਰ ਜੌਨ ਰੀਜ਼ ਅਤੇ ਵਾਇਸਰਾਏ ਕੌਂਸਲ ਦੇ ਮੈਂਬਰ ਕਾਮਾਗਾਟਾਮਾਰੂ ਅਤੇ ਮੁਸਾਫ਼ਰਾਂ ਨੂੰ ਵਾਪਸ ਮੋੜਨ ਦੇ ਹੱਕ ਵਿਚ ਸਨ। ਇਸਦੇ ਨਾਲ ਉਨ੍ਹਾਂ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਕੋਈ ਅਜਿਹੀ ਵਿਧੀ ਅਪਣਾਈ ਜਾਵੇ, ਜਿਥੇ ਭਾਰਤੀ ਲੋਕਾਂ ਦੀ ਮੰਗ ਨਾ ਹੋਵੇ, ਉਨ੍ਹਾਂ ਨੂੰ ਅਜਿਹੀਆਂ ਬਰਤਾਨਵੀ ਆਬਾਦੀਆਂ ਵਿਚ ਜਾਣ 'ਤੇ ਪੱਕੀ ਰੋਕ ਲਗਾਈ ਜਾਵੇ।[27]

ਵਾਸਤਵ ਵਿਚ ਕਾਮਾਗਾਟਾਮਾਰੂ ਅਤੇ ਇਸਦੇ ਮੁਸਾਫ਼ਰਾਂ ਨੂੰ ਧੱਕੇ ਨਾਲ ਵਾਪਸ ਮੋੜਨ ਦੀ ਲਹਿਰ ਦਾ ਬਾਨੀ ਵੈਨਕੂਵਰ ਤੋਂ ਪਾਰਲੀਮੈਂਟ ਦਾ ਮੈਂਬਰ ਐਚ.ਐਚ. ਸਟੀਵਨਜ਼ ਸੀ। ਇਸ ਤੋਂ ਪਹਿਲਾਂ ਉਸਨੇ ਇਕ ਪੁਸਤਕ *ਦੀ ਔਰੀਐਂਟਲਜ਼ ਪਰੋਬਲਿਮ* ਰਚੀ, ਜਿਸ ਵਿਚ ਉਸਨੇ ਇਹ ਸਾਬਤ ਕਰਨ ਦਾ ਜਤਨ ਕੀਤਾ ਕਿ ਏਸ਼ੀਅਨ ਲੋਕਾਂ ਨੂੰ ਬ੍ਰਿਟਿਸ਼ ਕੋਲੰਬੀਆ ਵਿਚ ਨਹੀਂ ਰਹਿਣ ਦੇਣਾ ਚਾਹੀਦਾ। ਵੈਨਕੂਵਰ ਦੇ ਮੇਅਰ ਨੇ ਕਾਮਾਗਾਟਾਮਾਰੂ ਪੁੱਜਣ 'ਤੇ ਇਕ ਰੋਸ ਇਕੱਠ ਕੀਤਾ ਸੀ, ਜਿਸ ਵਿਚ ਮੁਖ ਵਿਅਕਤੀ ਐਚ.ਐਚ. ਸਟੀਵਨਜ਼ ਸੀ। ਇਸ ਇਕੱਤਰਤਾ ਵਿਚ ਨਸਲੀ ਵਿਤਕਰੇ ਦੀਆਂ ਭਾਵਨਾਵਾਂ ਨੂੰ ਉਭਾਰਿਆ ਗਿਆ।[28]

ਮੈਲਕਾਮ ਰੀਡ ਦੇ ਖ਼ਿਆਲ ਵਿਚ ਇਹ ਕਦੀ ਨਹੀਂ ਆਇਆ ਹੋਵੇਗਾ ਕਿ ਵੈਨਕੂਵਰ ਦੇ ਲੋਕ ਕਾਮਗਾਟਾਮਾਰੂ ਦੀ 11,000 ਡਾਲਰ ਦੀ ਕਿਸ਼ਤ ਦੇ ਸਕਣਗੇ, ਪਰ ਜਦੋਂ ਉਸਨੂੰ ਪਤਾ ਲੱਗਾ ਕਿ ਇਨ੍ਹਾਂ ਨੇ ਤਾਂ ਕਿਸ਼ਤ ਵੀ ਉਤਾਰ ਦਿੱਤੀ ਤਾਂ ਉਸਨੂੰ ਬਹੁਤ ਦੁਖ ਹੋਇਆ। ਦੂਜੇ ਪਾਸੇ ਜਹਾਜ਼ ਦੀ ਕੰਪਨੀ ਦੇ ਏਜੰਟ ਗਾਰਡਨਰ ਜੌਹਨਸਨ ਵੀ ਕਿਸ਼ਤ ਮਿਲਣ 'ਤੇ ਖ਼ੁਸ਼ ਨਹੀਂ ਸੀ ਕਿਉਂਕਿ ਉਹ ਵੀ ਇਮੀਗ੍ਰੇਸ਼ਨ ਵਿਭਾਗ ਦੀਆਂ ਭਾਵਨਾਵਾਂ ਦਾ ਸਮਰਥਨ ਕਰਦਾ ਸੀ। ਉਸਨੇ ਕਿਸ਼ਤ ਪ੍ਰਾਪਤ ਕਰ ਕੇ ਅੱਗੋਂ ਆਪਣੇ ਮਾਲਕਾਂ ਨੂੰ ਦੱਸਿਆ ਅਤੇ ਨਵੇਂ ਚਾਰਟਰਾਂ ਬਾਰੇ ਵੀ ਇਤਲਾਹ ਦਿੱਤੀ ਅਤੇ ਮਾਲਕ ਵੱਲੋਂ ਉੱਤਰ ਉਡੀਕਦਾ ਸੀ।[29]

ਸਿੱਖਾਂ ਵੱਲੋਂ ਕਿਸ਼ਤ ਉਤਾਰਨ ਤੋਂ ਬਿਨਾਂ ਜਹਾਜ਼ ਦੇ ਚਾਰਟਰਰ ਗੁਰਦਿਤ ਸਿੰਘ ਪਾਸੋਂ ਨਵੇਂ ਚਾਰਟਰਰਾਂ ਭਾਈ ਭਾਗ ਸਿੰਘ ਤੇ ਹਸਨ ਰਹੀਮ ਬਣਾਏ ਗਏ, ਭਾਵ ਜਹਾਜ਼ ਦੀ ਆਰਜ਼ੀ ਮਾਲਕੀ ਭਾਈ ਭਾਗ ਸਿੰਘ ਤੇ ਹਸਨ ਰਹੀਮ ਦੇ ਨਾਂ ਹੋ ਗਈ। ਇਹ ਸਭ ਕੁਝ ਜਹਾਜ਼ ਤੋਂ ਮੁਸਾਫ਼ਰਾਂ ਨੂੰ ਉਤਾਰਨ ਦੇ ਲਈ ਹੋ ਰਹੇ ਜਤਨਾਂ ਵਿੱਚੋਂ ਇਕ ਜਤਨ ਹੀ ਸੀ। ਇਮੀਗ੍ਰੇਸ਼ਨ ਵਿਭਾਗ ਦਾ ਜਸੂਸ ਵਿਲੀਅਮ ਹਾਮਕਿਨਸਨ ਆਪਣੇ

27. *The Province*, June 9, 1914, p. 1.
28. Morse, Erik Wilton, *Immigration and Status of British East Indians in Canada*, p. 89.
29. Malcolm Reid to W.D. Scott., June 12, 1914, *Stevens' File*, p. 166.

ਹਰ ਮਕਸਦ ਵਿਚ ਸਫਲ ਹੋ ਰਿਹਾ ਸੀ। ਇਸਨੇ 15 ਤੋਂ 20 ਗ਼ਦਾਰ ਲੋਕ ਵੀ ਭਰਤੀ ਕੀਤੇ ਹੋਏ ਸਨ, ਜਿਨ੍ਹਾਂ ਨੂੰ ਤਨਖ਼ਾਹ ਵੀ ਇਮੀਗ੍ਰੇਸ਼ਨ ਵਿਭਾਗ ਰਾਹੀਂ ਮਿਲਦੀ ਸੀ। ਜਿਵੇਂ ਡਾਕਟਰ ਰਘੂਨਾਥ ਸਿੰਘ ਨੂੰ ਹਾਂਗਕਾਂਗ ਤੋਂ ਬਤੌਰ ਜਹਾਜ਼ ਦਾ ਸਰਜਨ ਭਰਤੀ ਕੀਤਾ ਗਿਆ ਪਰ ਉਹ ਇਮੀਗ੍ਰੇਸ਼ਨ ਵਿਭਾਗ ਦਾ ਬੰਦਾ ਸਾਬਤ ਹੋਇਆ ਅਤੇ ਉਹ ਮੁਸਾਫ਼ਰਾਂ ਤੇ ਗੁਰਦਿਤ ਸਿੰਘ ਦੀ ਜਸੂਸੀ ਕਰਦਾ ਸੀ। ਰੀਡ ਨੂੰ ਜਹਾਜ਼ ਦੇ ਚਾਰਟਰਸ਼ਿਪ ਸੰਬੰਧੀ ਜਾਣਕਾਰੀ ਡਾਕਟਰ ਰਘੂਨਾਥ ਸਿੰਘ ਨੇ ਹੀ ਦਿੱਤੀ ਸੀ ਕਿ ਜਹਾਜ਼ ਦੀ ਚਾਰਟਰਸ਼ਿਪ ਭਾਗ ਸਿੰਘ ਭਿਖੀਵਿੰਡ ਅਤੇ ਹਸਨ ਰਹੀਮ ਦੇ ਨਾਉਂ ਤਬਦੀਲ ਹੋ ਗਈ।

ਉਪਰੋਕਤ ਗੱਲਾਂ ਹੋਣੀਆਂ ਰੀਡ ਲਈ ਅਸਹਿ ਸਨ। ਉਸਨੂੰ ਗ਼ੁੱਸਾ ਆਇਆ ਤੇ ਜਹਾਜ਼ ਦੇ ਨਵੇਂ ਪਟੇਦਾਰਾਂ ਨੂੰ ਤੰਗ ਕਰਨ ਲਈ ਨਵੀਆਂ ਸ਼ਰਤਾਂ ਲਗਾ ਦਿੱਤੀਆਂ। ਉਸਨੇ ਨਵੇਂ ਪਟੇਦਾਰਾਂ ਨੂੰ ਕਿਹਾ ਕਿ ਜਹਾਜ਼ ਵਿਚ ਵਾਇਰਲੈਸ ਲਗਾਉ, ਜਿਸਦਾ ਖ਼ਰਚ 1600 ਡਾਲਰ ਸੀ, ਜੂਨ ਤੋਂ ਜੁਲਾਈ ਦਾ ਜਹਾਜ਼ ਦਾ ਕਿਰਾਇਆ 10307 ਡਾਲਰ, ਮੁਸਾਫ਼ਰਾਂ ਦੀ ਨਿਤ ਦੀ ਖ਼ੁਰਾਕ ਦਾ ਖ਼ਰਚ 200 ਡਾਲਰ, ਵਕੀਲ ਦਾ ਖ਼ਰਚ 250 ਡਾਲਰ। ਉਸਨੇ ਇਹ ਵੀ ਧਮਕੀ ਦਿੱਤੀ, ਜਿੰਨਾ ਚਿਰ ਜਹਾਜ਼ ਇਥੇ ਠਹਿਰੇਗਾ, ਉਦੋਂ ਤਕ 200 ਡਾਲਰ ਰੋਜ਼ ਦਾ ਦਿੱਤਾ ਜਾਵੇ, ਜੇ ਪੈਸੇ ਅਦਾ ਨਾ ਕੀਤੇ ਤਾਂ ਜਹਾਜ਼ ਜਬਰੀ ਵਾਪਸ ਭੇਜ ਦਿੱਤਾ ਜਾਵੇਗਾ।[30]

ਉਪਰੋਕਤ ਸ਼ਰਤਾਂ ਨੂੰ ਠੋਸਣਾ ਅਤੇ ਬਿਨਾਂ ਕਿਸੇ ਕਾਨੂੰਨ ਜਾਂ ਅਧਿਕਾਰ ਦੇ ਪੈਸੇ ਮੰਗਣੇ ਆਦਿ ਨਜਾਇਜ਼ ਤੰਗ ਕਰਨਾ ਹੀ ਸੀ। ਉਹ ਸੋਚਦਾ ਸੀ ਕਿ ਮਜ਼ਦੂਰ ਲੋਕ ਇਤਨਾ ਪੈਸਾ ਇਕੱਠਾ ਕਰਨ ਤੋਂ ਅਸਮਰੱਥ ਹੋਣਗੇ ਅਤੇ ਛੇਤੀ ਆਪਣੇ ਆਪ ਵੈਨਕੂਵਰ ਛੱਡ ਕੇ ਚਲੇ ਜਾਣਗੇ।[31] ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਨੇ ਤਾਰ ਦੁਆਰਾ ਕੈਨੇਡਾ ਦੇ ਗਵਰਨਰ ਜਨਰਲ ਨੂੰ ਸ਼ਿਕਾਇਤ ਲਗਾਈ ਤੇ ਰੋਸ ਕੀਤਾ ਕਿ ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਨੂੰ ਆਪਣੇ ਕਾਨੂੰਨੀ ਸਲਾਹਕਾਰ ਭਾਵ ਵਕੀਲ ਨੂੰ ਮਿਲਣ ਤੋਂ ਮਨਾਹੀ ਹੈ ਅਤੇ ਨਾਲ ਹੀ ਉਨ੍ਹਾਂ ਦੇ ਰਿਸ਼ਤੇਦਾਰਾਂ ਤੇ ਮਿੱਤਰਾਂ ਨੂੰ ਜਹਾਜ਼ ਵਿਚ ਰਾਸ਼ਣ-ਪਾਣੀ ਪਹੁੰਚਾਉਣ ਤੋਂ ਰੋਕ ਹੈ। ਇਮੀਗ੍ਰੇਸ਼ਨ ਅਧਿਕਾਰੀਆਂ ਦਾ ਵਤੀਰਾ ਬਹੁਤ ਹੀ ਕੁਰੱਖਤ ਹੈ।[32]

ਸੰਖੇਪ 'ਚ ਇਹੀ ਕਿਹਾ ਜਾ ਸਕਦਾ ਹੈ ਕਿ ਭਾਰਤੀ ਲੋਕਾਂ ਵੱਲੋਂ ਉੱਚ-ਪੱਧਰ ਤੇ ਕੇਂਦਰੀ ਸਰਕਾਰ ਨੂੰ ਕੀਤੀਆਂ ਅਪੀਲਾਂ ਅਣ-ਸੁਣੀਆਂ ਹੀ ਰਹੀਆਂ, ਕਿਉਂਕਿ ਕੈਨੇਡਾ ਦੀ ਸਰਕਾਰ ਖ਼ੁਦ ਬਹੁ-ਗਿਣਤੀ ਦੇ ਲੋਕਾਂ ਦੇ ਸਹਿਯੋਗ ਨਾਲ ਅਤੇ ਨਸਲੀ ਵਿਤਕਰੇ ਦੀਆਂ ਨੀਤੀਆਂ ਨੂੰ ਅਧਾਰ ਬਣਾ ਕੇ, ਕਾਮਾਗਾਟਾਮਾਰੂ ਨੂੰ ਵਾਪਸ ਭੇਜਣ ਲਈ ਬਜ਼ਿਦ ਸੀ।

---

30. Malcolm Reid to W.D. Scott, June 12, 1914, *Stevens' File*, p. 171.
31. *Ibid.*
32. Telegram from Khalsa Diwan Society (Vancouver) to Governor General June 22, 1914, *Borden Papers*.

ਕਾਨੂੰਨੀ ਸਹਾਰਾ

ਅੱਜ ਅਸੀਂ ਦੇਖਦੇ ਹਾਂ ਕਿ ਸਰਕਾਰਾਂ ਵੱਲੋਂ ਜਾਂ ਸਰਕਾਰੀ ਅਧਿਕਾਰੀਆਂ ਵੱਲੋਂ ਨਾਗਰਿਕਾਂ ਨਾਲ ਧੱਕਾ ਹੋ ਜਾਂਦਾ ਹੈ, ਪਰ ਬਹੁਤ ਵਾਰੀ ਕਾਨੂੰਨ ਪੱਖਪਾਤ ਤੋਂ ਮੁਕਤ ਸਮਝੇ ਜਾਂਦੇ ਹਨ ਅਤੇ ਧੱਕੇ ਵਿਰੁੱਧ ਅਦਾਲਤ ਦਾ ਦਰਵਾਜ਼ਾ ਖੜਕਾਇਆ ਜਾਂਦਾ ਹੈ। ਪਰ ਕਈ ਵਾਰ ਕਾਨੂੰਨ ਲਾਗੂ ਕਰਾਉਣ ਵਾਲੇ ਵਿਅਕਤੀ ਵੀ ਪੱਖਪਾਤੀ ਹੋ ਜਾਂਦੇ ਹਨ। ਜਦੋਂ ਅੱਜ ਤੋਂ ਪਹਿਲਾਂ ਇਕ ਸਦੀ ਪਿੱਛੇ ਜਾਂਦੇ ਹਾਂ ਤਾਂ ਸਰਕਾਰਾਂ ਵੱਲੋਂ ਆਪਣੇ ਮਕਸਦ ਦੀ ਪੂਰਤੀ ਲਈ ਵਿਸ਼ੇਸ਼ ਕਾਨੂੰਨ ਘੜੇ ਜਾਂਦੇ ਸਨ ਅਤੇ ਮਨੁੱਖੀ ਅਧਿਕਾਰਾਂ ਦੀ ਸ਼ਰੇਆਮ ਲੁੱਟ-ਖਸੁੱਟ ਹੁੰਦੀ ਸੀ।

ਕੈਨੇਡਾ ਵਿਚ ਸਿੱਖਾਂ ਦੀ ਇੱਕੋ ਜਥੇਬੰਦੀ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਅਤੇ ਇਸਦੇ ਸੰਚਾਲਕ ਸਮੂਹ ਭਾਰਤੀ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਦੀ ਸੀ ਅਤੇ ਕਿਸੇ ਨਾਲ ਧਰਮ ਦੇ ਆਧਾਰ 'ਤੇ ਕੋਈ ਵਿਤਕਰਾ ਨਹੀਂ ਸੀ। ਪਹਿਲਾਂ 1913 ਵਿਚ ਜਦੋਂ ਇਮੀਗਰੇਸ਼ਨ ਵਿਭਾਗ ਨੇ ਸਿੱਖਾਂ ਦੇ ਇਕ ਜਥੇ ਨੂੰ ਡੀਪੋਰਟ ਕਰਨ ਦਾ ਫ਼ੈਸਲਾ ਕੀਤਾ ਤਾਂ ਇਸ ਫ਼ੈਸਲੇ ਵਿਰੁੱਧ ਰਿਟ ਦਾਇਰ ਕੀਤੀ ਗਈ। ਜੱਜ ਹੰਟਰ ਨੇ ਆਰਡਰਜ਼-ਇਨ-ਕੌਂਸਲ ਵਿਚ ਗ਼ਲਤੀ ਲੱਭ ਕੇ ਸਮੂਹ ਸਿੱਖਾਂ ਨੂੰ ਕੈਨੇਡਾ ਦਾਖ਼ਲ ਹੋਣ ਦੀ ਆਗਿਆ ਦੇ ਦਿੱਤੀ ਸੀ। ਭਾਵੇਂ ਕਾਨੂੰਨ ਅਨੁਸਾਰ ਕਿਸੇ ਅਧਿਕਾਰੀ ਵੱਲੋਂ ਕਿਸੇ ਮੁਸਾਫ਼ਰ ਨੂੰ ਅਣਮਿਥੇ ਸਮੇਂ ਲਈ ਹਿਰਾਸਤ ਵਿਚ ਨਹੀਂ ਰੱਖਿਆ ਜਾ ਸਕਦਾ, ਪਰ ਇਹ ਉਲੰਘਣਾ ਖੁੱਲ੍ਹੇ ਤੌਰ 'ਤੇ ਕੀਤੀ ਜਾ ਰਹੀ ਸੀ।

ਜਦੋਂ ਤਕ ਕਿਸੇ ਪ੍ਰਾਣੀ ਦੇ ਕੇਸ ਦਾ ਫ਼ੈਸਲਾ ਨਹੀਂ ਹੁੰਦਾ ਤਾਂ ਹਿਰਾਸਤ ਵਿਚ ਰੱਖੇ ਆਦਮੀ ਨੂੰ ਇਮੀਗ੍ਰੇਸ਼ਨ ਦੇ ਕਾਨੂੰਨ ਅਨੁਸਾਰ ਫ਼ਾਰਮ ਐਫ ਦੇ ਰੂਪ ਵਿਚ ਬੌਂਡ ਦੁਆਰਾ ਛੱਡਿਆ ਜਾ ਸਕਦਾ ਹੈ। ਜੇ ਅਫ਼ਸਰ ਚਾਹੇ ਤਾਂ ਬਗ਼ੈਰ ਬੌਂਡ ਜਾਂ ਬੌਂਡ ਦੀ ਰਕਮ ਘੱਟ-ਵਧ ਕਰਨਾ ਵੀ ਉਸਦੇ ਅਧਿਕਾਰ ਖੇਤਰ ਵਿਚ ਹੈ।[33]

ਗੁਰਦਿਤ ਸਿੰਘ ਨੇ ਹਿਰਾਸਤ 'ਚ ਰੱਖਣ ਵਿਰੁੱਧ ਉੱਚ-ਅਧਿਕਾਰੀਆਂ ਨੂੰ ਅਪੀਲ ਕੀਤੀ, ਜਿਸ ਵਿਚ ਯਾਦ ਕਰਾਇਆ ਗਿਆ ਕਿ ਉਸਨੂੰ ਹਿਰਾਸਤ ਵਿਚ ਰੱਖਣਾ ਇਮੀਗ੍ਰੇਸ਼ਨ ਕਾਨੂੰਨ ਦੇ ਵਿਰੁੱਧ ਹੈ, ਪਰ ਮੈਲਕਮ ਰੀਡ ਨੇ ਕਿਸੇ ਅਪੀਲ ਦੀ ਪ੍ਰਵਾਹ ਨਹੀਂ ਕੀਤੀ। ਰੀਡ ਨੇ ਡਬਲਯੂ. ਡੀ. ਸਕਾਟ ਨੂੰ ਲਿਖੇ ਗੁਪਤ ਪੱਤਰ ਵਿਚ ਕਾਮਾਗਾਟਾਮਾਰੂ ਨਾਲ ਸੰਬੰਧਤ ਕਈ ਭੇਤ ਪ੍ਰਗਟ ਕੀਤੇ। ਉਸਨੇ ਚਿੱਠੀ ਵਿਚ ਇਹ ਵੀ ਲਿਖਿਆ ਕਿ ਕਾਮਾਗਾਟਾਮਾਰੂ ਬੰਦਰਗਾਹ ਤੋਂ ਇਕ ਮੀਲ ਦੂਰ ਸਮੁੰਦਰ ਵਿਚ ਖੜ੍ਹਾ ਹੈ-ਅਤੇ ਪੁਲਿਸ ਦਾ ਉਸ 'ਤੇ ਕਰੜਾ ਪਹਿਰਾ ਹੈ। ਚਿੱਠੀ ਅੰਦਰ ਇਕ ਵਿਸ਼ੇਸ਼ ਕਾਨੂੰਨੀ ਨੁਕਤੇ 'ਤੇ ਵੀ ਵਿਚਾਰ ਕੀਤੀ। ਜਿਸ ਸਮੇਂ ਕਾਮਾਗਾਟਾਮਾਰੂ ਵੈਨਕੂਵਰ ਪਹੁੰਚਿਆ ਸੀ ਤਾਂ ਰੀਡ ਨੇ ਕਾਨੂੰਨੀ ਮਾਹਿਰਾਂ ਦੀ ਕੰਪਨੀ ਦੇ ਇਕ ਵਕੀਲ ਆਰ. ਐਲ. ਰੀਡ ਤੋਂ ਕਾਨੂੰਨੀ ਮਸ਼ਵਰਾ ਲਿਆ ਅਤੇ ਉਨ੍ਹਾਂ ਨੇ ਕਾਨੂੰਨੀ ਸਲਾਹ ਦਿੱਤੀ :

33. Canadian Immigration Act. *op.cit.*, Jas, Jaswant Singh, *Baba Gurdit Singh*, p. 67.

"ਅਸੀਂ ਇਮੀਗ੍ਰੇਸ਼ਨ ਐਕਟ (ਕਾਨੂੰਨ) ਨੂੰ ਪੜ੍ਹਿਆ ਅਤੇ ਐਕਟ ਦੇ ਸੈਕਸ਼ਨ 33 ਅਨੁਸਾਰ ਤੁਹਾਡੇ ਪਾਸ ਮੁਸਾਫ਼ਰਾਂ ਨੂੰ ਵਾਪਸ ਭੇਜਣ ਦਾ ਕੋਈ ਅਧਿਕਾਰ ਨਹੀਂ ਹੈ। ਤੁਸੀਂ ਸਬ ਸੈਕਸ਼ਨ 3 ਅਨੁਸਾਰ ਮੁਸਾਫ਼ਰਾਂ ਨੂੰ ਦਾਖ਼ਲ ਤਾਂ ਕਰ ਸਕਦੇ ਹੋ ਪਰ ਸਾਡੇ ਅਨੁਸਾਰ ਤੁਸੀਂ ਡੀਪੋਰਟ ਨਹੀਂ ਕਰ ਸਕਦੇ। ਫਿਰ ਵੀ ਜੇ ਤੁਹਾਨੂੰ ਉਨ੍ਹਾਂ ਦੇ ਦਾਖ਼ਲ ਹੋਣ ਦੇ ਅਧਿਕਾਰ ਬਾਰੇ ਕੋਈ ਸ਼ੱਕ ਹੋਵੇ ਅਤੇ ਜੇ ਤੁਹਾਨੂੰ ਭਰੋਸਾ ਨਹੀਂ ਕਿ ਉਨ੍ਹਾਂ ਨੂੰ ਉਤਰਨ ਦਾ ਅਧਿਕਾਰ ਹੈ, ਤਾਂ ਤੁਸੀਂ ਮੁਸਾਫ਼ਰਾਂ ਨੂੰ ਬੋਰਡ ਆਫ਼ ਇਨਕੁਆਰੀ ਅੱਗੇ ਪੇਸ਼ ਕਰੋ ਅਤੇ ਡੀਪੋਰਟ ਕਰਨ ਲਈ ਆਰਡਰ ਜਾਂ ਫ਼ੈਸਲਾ ਅਜਿਹਾ ਬੋਰਡ ਹੀ ਕਰ ਸਕਦਾ ਹੈ।"

ਜੋ ਹਿੰਦੂ ਇਥੇ ਪਹਿਲਾਂ ਰਹਿ ਚੁੱਕੇ ਹਨ ਤੇ ਹੁਣ ਵਾਪਸ ਆਏ ਹਨ, ਸਾਡਾ ਖ਼ਿਆਲ ਹੈ, ਉਨ੍ਹਾਂ ਲਈ ਤੁਸੀਂ ਖ਼ੁਦ ਆਪਣੇ ਕਾਇਦੇ ਕਾਨੂੰਨ, ਸੈਕਸ਼ਨ 2, ਸਬ-ਸੈਕਸ਼ਨ ਡੀ, ਸਬ ਸੈਕਸ਼ਨ 1 ਵਿਚ ਦੋ ਸਾਲ ਦੀ ਥਾਂ ਤਿੰਨ ਸਾਲ ਬਣਾ ਲਉ। ਇਸ ਨਾਲ ਤੁਸੀਂ ਉਨ੍ਹਾਂ ਨੂੰ ਦਾਖ਼ਲ ਕਰ ਲਉ, ਜੋ ਢਾਈ ਸਾਲ ਤਕ ਗ਼ੈਰ-ਹਾਜ਼ਰ ਰਹੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜੋ ਆਦਮੀ ਤਿੰਨ ਸਾਲ ਤਕ ਬਾਹਰ ਰਿਹਾ ਤੇ ਪਹਿਲਾਂ ਕੈਨੇਡਾ ਰਹਿ ਚੁੱਕਾ ਹੈ, ਉਹ ਦਾਖ਼ਲ ਹੋ ਸਕਦਾ ਹੈ ਪਰ ਜ਼ਿਆਦਾ ਖ਼ਤਰਾ ਉਨ੍ਹਾਂ ਵੱਲੋਂ ਹੈ ਜੋ ਚਾਰ, ਪੰਜ ਜਾਂ ਛੇ ਸਾਲ ਬਾਹਰ ਰਹੇ। ਅਜਿਹਾ ਕਰਨ ਨਾਲ 13 ਬੰਦੇ ਦਾਖ਼ਲ ਹੋਣਗੇ ਤੇ ਸੱਤਾਂ ਤੋਂ ਛੁਟਕਾਰਾ ਮਿਲ ਜਾਏਗਾ।[34]

ਪਾਰਲੀਮੈਂਟ ਦੇ ਮੈਂਬਰ ਐਚ.ਐਚ. ਸਟੀਵਨਜ਼ ਨੇ ਉੱਚ-ਅਧਿਕਾਰੀਆਂ ਨੂੰ ਸਲਾਹ ਦਿੱਤੀ, ਖ਼ਾਸ ਕਰਕੇ ਪ੍ਰਾਈਮ ਮਨਿਸਟਰ ਬੋਰਡਨ ਨੂੰ, ਕਿ ਉਹ ਮੈਲਕਮ ਰੀਡ ਨੂੰ ਹਦਾਇਤ ਕਰੇ ਕਿ ਉਹ ਅਦਾਲਤੀ ਜਾਂ ਕਾਨੂੰਨੀ ਕਾਰਵਾਈਆਂ ਬਾਰੇ ਕੋਈ ਪ੍ਰਵਾਹ ਨਾ ਕਰੇ। ਪਰ ਫਿਰ ਵੀ ਆਟਵਾ ਦੇ ਉੱਚ ਅਧਿਕਾਰੀਆਂ ਨੇ ਮੈਲਕਮ ਰੀਡ ਨੂੰ ਸਲਾਹ ਦਿੱਤੀ ਕਿ ਉਹ ਕਾਮਾਗਾਟਾਮਾਰੂ ਦੇ ਸੰਬੰਧ ਵਿਚ ਕਾਨੂੰਨੀ ਮਾਹਿਰਾਂ ਦੀ ਜ਼ਰੂਰ ਸਲਾਹ ਲਵੇ। ਕੇਂਦਰੀ ਸਰਕਾਰ ਨੇ ਉਸਨੂੰ ਇਹ ਵੀ ਆਖਿਆ ਕਿ ਬੋਰਡ ਦੀ ਇਨਕੁਆਰੀ, ਆਰਡਰਜ਼-ਇਨ-ਕੌਂਸਲ, ਪੀ.ਸੀ. 897, ਸੈਕਸ਼ਨ 24 ਅਤੇ 23 ਦੇ ਆਧਾਰ 'ਤੇ ਕਰਾਏ, ਉਪਰੰਤ ਇਹ ਵੀ ਕਿਹਾ ਕਿ ਬੋਰਡ ਦਾ ਕੋਈ ਵੀ ਮੈਂਬਰ ਗ਼ੈਰ-ਹਾਜ਼ਰ ਨਾ ਹੋਵੇ।[35]

ਰੀਡ ਨੇ ਕਾਨੂੰਨ ਦੇ ਮਾਹਿਰ ਲੋਕਾਂ ਦੀ ਸਲਾਹ ਤਾਂ ਪਹਿਲਾਂ ਹੀ ਲੈ ਰੱਖੀ ਸੀ ਅਤੇ ਉਨ੍ਹਾਂ ਦੀ ਸਲਾਹ ਅਨੁਸਾਰ ਬੋਰਡ ਆਫ਼ ਇਨਕੁਆਰੀ ਅੱਗੇ ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਦਾ ਕੇਸ ਪੇਸ਼ ਕਰਨਾ ਸੀ। ਬੋਰਡ ਦੇ ਫ਼ੈਸਲੇ ਬਾਰੇ ਤਾਂ ਕੋਈ ਸ਼ੱਕ ਨਹੀਂ

34. Malcolm Reid to W.D. Scott (Supdt. of Immigration), May 28, 1914, Immigration Branch, Governor Files.
Also see,
Telegram from H.H. Stevens to the authorities in Ottawa, *Borden Papers.*
35. W.D. Scott to Malcolm Reid, June 22, 1914, *Borden Papers.*

ਸੀ ਕਿ ਕਿਸ ਪੱਖ ਵਿਚ ਰਹੇਗਾ ਕਿਉਂਕਿ ਬੋਰਡ ਦਾ ਚੇਅਰਮੈਨ ਮੈਲਕਮ ਰੀਡ ਹੀ ਸੀ ਅਤੇ ਦੂਜੇ ਮੈਂਬਰ ਵੀ ਉਸਦੇ ਹਾਂ-ਪੱਖੀ ਹੀ ਸਨ। ਸਰਕਾਰ ਨੇ ਆਪਣੇ ਵੱਲੋਂ ਦੋ ਵਕੀਲ ਭਰਤੀ ਕੀਤੇ, ਇਕ ਰੌਬੀ ਐਲ. ਰੀਡ (ਜਿਸ ਤੋਂ ਪਹਿਲਾਂ ਕਾਨੂੰਨੀ ਸਲਾਹ ਲਈ ਸੀ), ਦੂਸਰਾ ਡਬਲਯੂ ਬੀ.ਏ. ਰਿਚੀ। ਰਿਚੀ, ਇਮੀਗ੍ਰੇਸ਼ਨ ਵਿਭਾਗ ਦਾ ਵੀ ਕਾਨੂੰਨੀ ਸਲਾਹਕਾਰ ਸੀ। ਦੂਜੇ ਪਾਸੇ ਸਿੱਖਾਂ ਨੇ ਜੇ. ਐਡਵਰਡ ਬਰਡ ਨੂੰ ਕੇਸ ਲੜਨ ਲਈ ਵਕੀਲ ਕੀਤਾ।

ਸਰਕਾਰੀ ਵਕੀਲ ਨੇ ਸਿੱਖਾਂ ਦੇ ਵਕੀਲ ਬਰਡ ਨੂੰ ਸੁਝਾਅ ਦਿੱਤਾ ਕਿ ਹਰ ਮੁਸਾਫ਼ਰ ਦਾ ਨਿਰੀਖਣ ਕਰਨ ਦੀ ਥਾਂ ਇਕ ਟੈਸਟ ਕੇਸ ਲੈ ਲਿਆ ਜਾਵੇ ਅਤੇ ਇਸ ਤਰ੍ਹਾਂ ਕਰਨ ਨਾਲ ਸਮਾਂ ਬਚ ਜਾਏਗਾ। ਭਾਵੇਂ ਬਰਡ ਦਿਲੋਂ ਇਸ ਸੁਝਾਅ ਦਾ ਹਾਮੀ ਨਹੀਂ ਸੀ, ਪਰ ਆਖ਼ਰ ਨੂੰ ਉਸਨੇ ਉਪਰੋਕਤ ਸੁਝਾਅ ਨੂੰ ਪ੍ਰਵਾਨ ਕਰ ਲਿਆ। ਜਦੋਂ ਬਰਡ ਨੇ ਟੈਸਟ ਕੇਸ ਬਾਰੇ ਰਹੀਮ ਤੇ ਸ਼ੋਰ ਕਮੇਟੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਇਸ ਨੂੰ ਅਪਰਵਾਣ ਕਰ ਦਿੱਤਾ। ਇਸਦੇ ਨਾਲ ਹੀ ਉਨ੍ਹਾਂ ਨੇ ਸਪੱਸ਼ਟ ਕਰ ਦਿੱਤਾ ਕਿ ਭਵਿੱਖ 'ਚ ਕੋਈ ਅਜਿਹਾ ਸੁਝਾਅ ਜਾਂ ਸੌਦੇਬਾਜ਼ੀ ਨੂੰ ਪਰਵਾਣ ਨਹੀਂ ਕਰਨਗੇ।[36]

ਮੁਸਾਫ਼ਰਾਂ ਦੀ ਡਾਕਟਰੀ ਪਹਿਲੀ ਜੂਨ, 1914 ਨੂੰ ਸਮਾਪਤ ਹੋਈ। ਡਾਕਟਰੀ ਕਰਨ ਵਾਲੇ ਡਾਕਟਰ ਮੁਨਰੋ ਨੇ ਆਪਣੀ ਰਿਪੋਰਟ ਦਿੱਤੀ, ਜਿਸ ਅਨੁਸਾਰ 90 ਮੁਸਾਫ਼ਰਾਂ ਨੂੰ ਡਾਕਟਰੀ ਵਿਚ ਫ਼ੇਲ੍ਹ ਕਰ ਦਿੱਤਾ ਭਾਵ 90 ਮੁਸਾਫ਼ਰ ਤਾਂ ਕੈਨੇਡਾ ਦਾਖ਼ਲ ਹੋਣ ਤੋਂ ਅਯੋਗ ਕਰਾਰ ਕੀਤੇ। ਇਨ੍ਹਾਂ ਫ਼ੇਲ੍ਹ ਹੋਏ ਮੁਸਾਫ਼ਰਾਂ ਨੂੰ ਕੈਨੇਡਾ ਤੋਂ ਵਾਪਸ ਜਾਣ ਦਾ ਹੁਕਮ ਹੋਇਆ।[37] ਇਸ ਪਿੱਛੋਂ ਮੈਲਕਮ ਰੀਡ ਵੱਲੋਂ ਆਪਣੇ ਆਪ ਅਤੇ ਆਪਣੇ ਹੀ ਤਰੀਕੇ ਨਾਲ ਪੁੱਛ-ਪੜਤਾਲ ਸ਼ੁਰੂ ਕੀਤੀ ਗਈ। ਉਸਦਾ ਜਤਨ ਸੀ ਕਿ ਇਕੱਲੇ ਇਕੱਲੇ ਮੁਸਾਫ਼ਰ ਨੂੰ ਬੋਰਡ ਆਫ਼ ਇਨਕੁਆਰੀ ਦੇ ਪੇਸ਼ ਕੀਤਾ ਜਾਵੇ। ਉਹ ਵਿਸ਼ੇਸ਼ ਤੌਰ 'ਤੇ ਉਨ੍ਹਾਂ ਹੀ ਮੁਸਾਫ਼ਰਾਂ ਨੂੰ ਪੇਸ਼ ਕਰਦਾ ਸੀ, ਜੋ ਪਹਿਲਾਂ ਹੀ ਕੈਨੇਡਾ ਦੇ ਵਾਸੀ ਸਨ। ਉਸਨੇ ਹਰ ਕੇਸ ਨੂੰ ਲਮਕਾਇਆ ਅਤੇ ਕੇਸ ਦੌਰਾਨ ਸਮਾਂ ਜਾਇਆ ਕਰਦਾ ਸੀ ਕਿਉਂਕਿ ਉਸਦਾ ਮੁੱਖ ਮਕਸਦ ਮੁਸਾਫ਼ਰਾਂ ਨੂੰ ਜਾਣ-ਬੁਝ ਕੇ ਤੰਗ ਕਰਨਾ ਸੀ।[38]

ਵਕੀਲ ਬਰਡ, ਮੈਕਲਮ ਵੱਲੋਂ ਅਪਣਾਏ ਤੌਰ ਤਰੀਕਿਆਂ ਤੋਂ ਨਾਖ਼ੁਸ਼ ਸੀ ਅਤੇ ਉਸਨੇ ਅਖ਼ਬਾਰਾਂ ਵਾਲਿਆਂ ਨੂੰ ਅਜਿਹੇ ਤੌਰ ਤਰੀਕੇ ਪ੍ਰਤੀ ਆਪਣਾ ਰੋਸ ਪ੍ਰਗਟਾਇਆ। ਉਸਨੇ ਆਪਣੀਆਂ ਭਾਵਨਾਵਾਂ ਨੂੰ ਪ੍ਰੈਸ ਅੱਗੇ ਉਜਾਗਰ ਕੀਤਾ ਕਿ ਉਹ ਚਾਹੁੰਦਾ ਸੀ ਕਿ ਉਨ੍ਹਾਂ ਲੋਕਾਂ ਨੂੰ ਬੋਰਡ ਦੇ ਸਾਹਮਣੇ ਪੇਸ਼ ਕੀਤਾ ਜਾਵੇ ਜੋ ਕੈਨੇਡਾ ਕਦੀ ਪਹਿਲਾਂ

---

36. Johnston, Hugh, *The Voyage of the Kamagatamaru*, pp. 39-40.
Also see,
Reid, Robie L., "The Inside Story of the Kamagatamaru", *The British Columbia Historical Quarterly*, Vol. V, 1941, pp. 9-10.
37. *Ibid.*
38. *Ibid.*

ਨਾ ਆਏ ਹੋਣ। ਮੈਂ ਉਨ੍ਹਾਂ ਨੂੰ ਕਿਹਾ ਕਿ ਸਭ ਤੋਂ ਪਹਿਲਾਂ ਗੁਰਦਿਤ ਸਿੰਘ ਦਾ ਕੇਸ ਲਿਆ ਜਾਵੇ, ਪਰ ਉਹ ਚਾਹੁੰਦੇ ਹਨ ਕਿ ਗੁਰਦਿਤ ਸਿੰਘ ਦਾ ਕੇਸ ਸਭ ਤੋਂ ਪਿੱਛੋਂ ਨਿਪਟਿਆ ਜਾਵੇਗਾ।[39]

ਸਥਾਨਕ ਸਿੱਖ ਅਤੇ ਹੋਰ ਭਾਰਤੀ ਨੇਤਾਵਾਂ ਨੇ ਵਕੀਲ ਬਰਡ ਨੂੰ ਬੋਰਡ ਆਫ਼ ਇਨਕੁਆਰੀ ਦਾ ਬਾਈਕਾਟ ਕਰਨ ਲਈ ਆਖਿਆ। ਉਸ ਸਮੇਂ ਵਕੀਲ ਵੀ ਮੈਲਕਮ ਵੱਲੋਂ ਅਪਣਾਏ ਢੰਗਾਂ ਨੂੰ ਰੱਦ ਕਰਾਉਣ ਵਿਚ ਅਸਫਲ ਸੀ ਕਿਉਂਕਿ ਇਮੀਗ੍ਰੇਸ਼ਨ ਅਫ਼ਸਰਾਂ ਦੇ ਸਿਰ 'ਤੇ ਕੈਨੇਡਾ ਸਰਕਾਰ ਦੇ ਉੱਚ ਅਧਿਕਾਰੀਆਂ ਦਾ ਹੱਥ ਸੀ, ਜਿਸ ਸਦਕਾ ਕਾਨੂੰਨੀ ਮਾਹਿਰਾਂ ਵੱਲੋਂ ਬੇਨਤੀਆਂ ਆਦਿ ਨੂੰ ਰੱਦੀ ਦੀ ਟੋਕਰੀ ਵਿਚ ਸੁੱਟ ਦਿੰਦੇ ਸਨ। ਇਮੀਗ੍ਰੇਸ਼ਨ ਇੰਸਪੈਕਟਰ ਹਾਪਕਿਨਸਨ ਬੋਰਡ ਦੇ ਅੱਗੇ ਪੇਸ਼ ਕਰਨ ਲਈ ਮੁਸਾਫ਼ਰਾਂ ਨੂੰ ਲੈਣ ਗਿਆ, ਤਾਂ ਗੁਰਦਿਤ ਸਿੰਘ ਨੇ ਉਸਨੂੰ ਸਹਿਯੋਗ ਦੇਣ ਤੋਂ ਨਾਂਹ ਕਰ ਦਿੱਤੀ ਅਤੇ ਕਿਸੇ ਵੀ ਮੁਸਾਫ਼ਰ ਨੂੰ ਬੋਰਡ ਪਾਸ ਜਾਣ ਦੀ ਆਗਿਆ ਨਾ ਦਿੱਤੀ।[40] ਬਾਬਾ ਗੁਰਦਿਤ ਸਿੰਘ ਵੱਲੋਂ ਅਜਿਹਾ ਕਰਨਾ, ਇਕ ਭਾਵੁਕ ਹੋ ਕੇ ਰੋਸ ਪ੍ਰਗਟਾਉਣਾ ਸੀ। ਇਸ ਘਟਨਾ ਬਾਰੇ ਮੈਲਕਮ ਰੀਡ ਨੇ ਡਲਬਯੂ. ਡੀ. ਸਕਾਟ ਨੂੰ ਦੱਸਿਆ ਕਿ ਗੁਰਦਿਤ ਸਿੰਘ ਇਮੀਗ੍ਰੇਸ਼ਨ ਵਿਭਾਗ ਨੂੰ ਸਹਿਯੋਗ ਦੇਣ ਤੋਂ ਇਨਕਾਰੀ ਹੈ ਕਿਉਂਕਿ ਉਹ ਚਾਹੁੰਦਾ ਹੈ ਕਿ ਉਸਦਾ ਕੇਸ ਬੋਰਡ ਅੱਗੇ ਪੇਸ਼ ਕੀਤਾ ਜਾਵੇ, ਭਾਵ ਗੁਰਦਿਤ ਸਿੰਘ ਬੋਰਡ ਆਫ਼ ਇਨਕੁਆਰੀ ਦੇ ਸਾਹਮਣੇ ਪੇਸ਼ ਹੋਣ ਲਈ ਕਾਹਲ 'ਚ ਹੈ ਅਤੇ ਉਸ ਅਨੁਸਾਰ ਜੇ ਉਸਨੂੰ ਪਹਿਲਾਂ ਪੇਸ਼ ਨਾ ਕੀਤਾ ਤਾਂ ਕਿਸੇ ਵੀ ਮੁਸਾਫ਼ਰ ਨੂੰ ਪੇਸ਼ ਨਹੀਂ ਹੋਣ ਦਿੱਤਾ ਜਾਵੇਗਾ।[41]

ਸਰਕਾਰ ਵੱਲੋਂ ਨਿਯੁਕਤ ਵਕੀਲ ਰੌਬੀ ਰੀਡ ਚਾਹੁੰਦਾ ਸੀ ਕਿ ਮੁਸਾਫ਼ਰਾਂ ਸੰਬੰਧੀ ਇਸ ਕੇਸ ਨੂੰ ਜਲਦੀ ਤੋਂ ਜਲਦੀ ਨਿਪਟਾਇਆ ਜਾਵੇ। ਇਸ ਮੰਤਵ ਦੀ ਪੂਰਤੀ ਲਈ, ਉਸਨੇ ਸਿੱਖਾਂ ਦੇ ਵਕੀਲ ਨਾਲ ਖੁੱਲ੍ਹ ਕੇ ਵਿਚਾਰਾਂ ਕੀਤੀਆਂ, ਉਪਰੰਤ ਇਕ ਟੈਸਟ ਕੇਸ ਦਾ ਸੁਝਾਅ ਦਿੱਤਾ। ਪਹਿਲਾਂ ਵੀ ਟੈਸਟ ਕੇਸ ਦਾ ਪ੍ਰਸਤਾਵ ਸਿੱਖਾਂ ਅੱਗੇ ਰੱਖਿਆ ਸੀ, ਪਰ ਉਨ੍ਹਾਂ ਨੇ ਇਸ ਸੁਝਾਅ ਨੂੰ ਨੁਕਰਾ ਦਿੱਤਾ ਸੀ, ਪਰ ਰੌਬੀ ਰੀਡ ਦ੍ਰਿੜ੍ਹ ਸੀ ਕਿ ਟੈਸਟ ਕੇਸ ਦੁਆਰਾ ਸਾਰਾ ਮਸਲਾ ਝਟ-ਪਟ ਸੁਲਝਾਇਆ ਜਾ ਸਕਦਾ ਹੈ। ਰੌਬੀ ਨੇ ਮੈਲਕਮ ਰੀਡ ਨੂੰ ਕਿਹਾ ਕਿ ਵਕੀਲ ਬਰਡ ਨੂੰ ਮੁਸਾਫ਼ਰਾਂ ਨਾਲ ਗੱਲਬਾਤ ਲਈ ਖੁੱਲ੍ਹ ਦੇਵੇ ਤਾਂ ਜੋ ਉਹ ਕਿਸੇ ਮੁਸਾਫ਼ਰ ਦਾ ਨਾਂ ਟੈਸਟ ਕੇਸ ਲਈ ਪੇਸ਼ ਕਰੇ।

ਰੌਬੀ ਨੇ ਮੈਲਕਮ ਨੂੰ ਕਿਹਾ ਕਿ ਬੋਰਡ ਦੀ ਬੈਠਕ ਬਹੁਤ ਜਲਦੀ ਤੋਂ ਜਲਦੀ ਮਿਥੀ ਜਾਵੇ।[42] ਇਥੇ ਇਕ ਗੱਲ ਸਪੱਸ਼ਟ ਹੋਣੀ ਚਾਹੀਦੀ ਹੈ ਕਿ ਭਾਵੇਂ ਵਕੀਲ ਬਰਡ ਸਿੱਖਾਂ ਦਾ ਸੀ, ਦਿਲੋਂ ਹਮਦਰਦੀ ਵੀ ਰੱਖਦਾ ਸੀ, ਪਰ ਵਕੀਲ ਕਾਫ਼ੀ ਮੁੱਦਿਆਂ 'ਤੇ

39. News-Advertisers, June 2, 1914.
40. Johnston, Hugh, *The Voyage of the Kamagatamaru*, p. 41.
41. Malcolm Reid to W.D. Scott. (Ottawa) June 25, 1914, *Steven's File*, p. 357.
42. Robie Reid (Govt. Counsel) to Malcom Reid, *Stevens' File*, p. 363.

ਆਪਸੀ ਸਹਿਮਤੀ ਕਰ ਲੈਂਦੇ ਹਨ, ਜਿਵੇਂ ਕਾਮਾਗਾਟਾਮਾਰੂ ਦੇ ਕੇਸ ਦਾ ਫ਼ੈਸਲਾ ਛੇਤੀ ਤੋਂ ਛੇਤੀ ਕਰਾਉਣਾ ਅਤੇ ਸਮੇਂ ਦੀ ਬਚਤ ਕਰਨੀ ਆਦਿ। ਉਪਰ ਰੌਬੀ ਰੀਡ ਵੱਲੋਂ ਦਿੱਤੇ ਸੁਝਾਅ ਨੂੰ ਮੈਲਕਮ ਰੀਡ ਨੇ ਆਪਣੇ ਉਪਰਲੇ ਅਫ਼ਸਰ ਸਕਾਟ ਨਾਲ ਸਾਂਝਾ ਕੀਤਾ, ਦੂਜੇ ਪਾਸੇ ਪਾਰਲੀਮੈਂਟ ਦੇ ਮੈਂਬਰ ਐਚ.ਐਚ. ਸਟੀਵਨਜ਼ ਨੇ ਇਸ ਸੋਚ ਦਾ ਵਿਰੋਧ ਕੀਤਾ ਕਿਉਂਕਿ ਉਹ ਕਾਨੂੰਨੀ ਆੜ ਜਾਂ ਅਦਾਲਤੀ ਕਾਰਵਾਈ ਦੁਆਰਾ ਇਸ ਮਸਲੇ ਨੂੰ ਸੁਲਝਾਉਣ ਦੇ ਹੱਕ ਵਿਚ ਨਹੀਂ ਸੀ। ਉਸਨੂੰ ਡਰ ਸੀ ਕਿ ਕਿਤੇ ਜੱਜ ਮੁਸਾਫ਼ਰਾਂ ਦੇ ਹੱਕ ਵਿਚ ਨਾ ਫ਼ੈਸਲਾ ਕਰ ਦੇਣ।

ਇਕ ਗੱਲ ਤਾਂ ਸਪੱਸ਼ਟ ਹੈ ਕਿ ਸਰਕਾਰ ਤੇ ਸਰਕਾਰ ਦੇ ਉੱਚ ਅਧਿਕਾਰੀ, ਇਕ ਹੋਰ ਜਹਾਜ਼ 'ਦੀ ਇੰਪਰਸ' ਨੂੰ ਵਰਤ ਕੇ ਕਾਮਾਗਾਟਾਮਾਰੂ ਦੇ ਸਮੂਹ ਮੁਸਾਫ਼ਰਾਂ ਨੂੰ ਜਬਰੀ ਵਾਪਸ ਭੇਜਣਾ ਚਾਹੁੰਦੇ ਸਨ। ਕੈਨੇਡਾ ਸਰਕਾਰ ਦੀ ਭਾਵਨਾ ਜ਼ਾਹਰੀ ਤੌਰ 'ਤੇ ਹੇਠ ਭੇਜੀ ਗਈ ਤਾਰ ਦੀ ਨਕਲ ਤੋਂ ਪ੍ਰਗਟ ਹੁੰਦੀ ਹੈ। ਇਹ ਤਾਰ ਮੈਲਕਮ ਰੀਡ ਨੇ ਡਬਲਯੂ. ਡੀ. ਸਕਾਟ ਨੂੰ ਭੇਜੀ ਸੀ।

"ਕਾਨੂੰਨੀ ਮਾਹਰ ਟੈਸਟ ਕੇਸ ਨੂੰ ਅਦਾਲਤ ਵਿਚ ਲੈ ਕੇ ਜਾਣ ਨੂੰ ਕਾਹਲੇ ਹਨ। ਸਟੀਵਨ ਤੇ ਮੈਂ ਇਸਦੇ ਵਿਰੋਧ ਵਿਚ ਹਾਂ। ਸਾਡਾ ਖ਼ਿਆਲ ਹੈ ਜੇ ਕੇਸ ਅਦਾਲਤ ਵਿਚ ਜਾਵੇ ਤਾਂ ਘੱਟੋ ਘੱਟ ਆਖ਼ਰੀ ਦਾਅ ਸਮਝ ਕੇ ਜਾਂ ਮਜਬੂਰੀ ਕਾਰਨ ਹੋਵੇ। ਇਮੀਗ੍ਰੇਸ਼ਨ ਦੇ ਅਧਿਕਾਰੀ ਆਪਣਾ ਪੂਰਾ ਤਾਣ ਲਗਾ ਕੇ ਅਦਾਲਤੀ ਕਾਰਵਾਈ ਤੋਂ ਸੰਕੋਚ ਕਰਨ। ਹੇਠ ਕੁਝ ਸੁਝਾਅ ਲਿਖੇ ਹਨ, ਉਨ੍ਹਾਂ 'ਤੇ ਗੌਰ ਕਰ ਕੇ ਛੇਤੀ ਉੱਤਰ ਦੇਣਾ। ਜਹਾਜ਼ ਇੰਪਰਸ ਸਵੇਰੇ 11 ਵਜੇ ਚੱਲੇਗਾ। ਅਸੀਂ ਬੋਰਡੀ ਗਰਾਂਟ ਨੂੰ ਘੱਟ ਰੇਟ ਭਾਵ 35 ਡਾਲਰ ਪ੍ਰਤੀ ਮੁਸਾਫ਼ਰ ਲੈਣ ਲਈ ਕਿਹਾ ਹੈ, ਜੇ ਸਾਰੇ ਮੁਸਾਫ਼ਰਾਂ ਨੂੰ ਜਬਰੀ ਵਾਪਸ ਦਾ ਫ਼ੈਸਲਾ ਬੋਰਡ ਕਰ ਦਿੰਦਾ ਹੈ। ਸੰਭਵ ਹੈ ਸਾਨੂੰ ਇਸ ਕਾਰਜ ਲਈ ਹੋਰ ਵਾਧੂ ਗਾਰਡ ਵੀ ਲੋੜੀਂਦੇ ਹੋਣ ਤਾਂ ਜੋ ਸਭ ਨੂੰ ਕਾਬੂ ਕੀਤਾ ਜਾ ਸਕੇ। ਇਸ ਸੋਚ ਨੂੰ ਲਾਗੂ ਕਰਨ ਲਈ ਮੁਸਾਫ਼ਰਾਂ ਵਾਸਤੇ ਰਾਸ਼ਨ, ਕਾਨੂੰਨੀ ਕਾਰਵਾਈ ਲਈ ਖ਼ਰਚ ਅਤੇ ਜੇ ਲੜਾਈ ਝਗੜੇ ਤਕ ਨੌਬਤ ਆਈ ਅਤੇ ਕੋਈ ਖ਼ੂਨ ਖ਼ਰਾਬਾ ਹੋਵੇ, ਤਾਂ ਤਕਰੀਬਨ ਪੰਦਰਾਂ ਕੁ ਹਜ਼ਾਰ ਡਾਲਰ ਸਰਕਾਰ ਦਾ ਖ਼ਰਚ ਹੋਵੇਗਾ। ਇਸ ਬਾਰੇ ਜਲਦੀ ਉੱਤਰ ਦਿਉ ਅਤੇ ਅਸੀਂ ਇੰਪਰਸ ਜਹਾਜ਼ ਨੂੰ ਕੁਝ ਸਮਾਂ ਹੋਰ ਰੋਕ ਸਕਦੇ ਹਾਂ।"[43]

ਉਪਰੋਕਤ ਤਾਰ ਤੋਂ ਸਪੱਸ਼ਟ ਹੁੰਦਾ ਹੈ ਕਿ ਸਾਰੀ ਸਰਕਾਰੀ ਮਸ਼ੀਨਰੀ ਤੇ ਸਰਕਾਰ ਮੁਸਾਫ਼ਰਾਂ ਨੂੰ ਸਮੇਤ ਗੁਰਦਿੱਤ ਸਿੰਘ ਦੇ ਹਰ ਹਾਲਤ ਵਿਚ ਜਬਰੀ ਵਾਪਸ ਮੋੜਨ ਦਾ ਫ਼ੈਸਲਾ ਕਰੀ ਬੈਠੇ ਸਨ। ਇਹ ਵੀ ਸੰਭਵ ਹੈ ਕਿ ਪਹਿਲਾਂ ਸਾਰਿਆਂ ਨੂੰ ਜਬਰੀ ਵਾਪਸ ਕਰਨ ਦਾ ਕੋਈ ਇਰਾਦਾ ਨਾ ਹੋਵੇ, ਪਰ ਸਾਡੇ ਤਾਂ ਅੰਦਾਜ਼ੇ ਹੀ ਹਨ। ਡਬਲਯੂ. ਡੀ. ਸਕਾਟ ਨੇ ਰੀਡ ਦੀ ਤਾਰ ਦਾ ਉੱਤਰ ਦਿੱਤਾ ਤੇ ਵਿਸ਼ੇਸ਼ ਤੌਰ 'ਤੇ ਕਿਹਾ ਕਿ ਇੰਪਰਸ ਜਹਾਜ਼ ਨੂੰ ਨਾ ਰੋਕੋ :

---

43. Malcolm Reid to W.D. Scott, June 26, 1914, *Stevens' File*, p. 365.

"ਇਹ ਆਸ ਰੱਖੋ ਕਿ ਬੋਰਡ ਆਪਣਾ ਫ਼ੈਸਲਾ ਜਲਦੀ ਦੇਵੇ ਅਤੇ ਜੇ ਮੁਸਾਫ਼ਰਾਂ ਦੇ ਵਿਰੁੱਧ ਕੇਸ ਦਾ ਫ਼ੈਸਲਾ ਹੋਵੇ ਤਾਂ ਨਾਲ ਹੀ ਜਬਰੀ ਵਾਪਸੀ ਦਾ ਹੁਕਮ ਵੀ ਹੋਵੇ। ਜੇ ਤੁਸੀਂ ਮੁਸਾਫ਼ਰਾਂ ਨੂੰ ਜਲਦੀ ਵਿਚ ਜਹਾਜ਼ ਇੰਪਰਸ ਰਾਹੀਂ, ਜੋ ਬਾਅਦ ਦੁਪਹਿਰ ਤੁਰੇਗਾ, ਜਬਰੀ ਭੇਜਣ ਦਾ ਜਤਨ ਕਰੋਗੇ ਤਾਂ ਸੰਭਵ ਹੈ ਕਿ ਲੜਾਈ ਝਗੜਾ ਹੋਵੇ ਅਤੇ ਸਾਨੂੰ ਅਜਿਹੀ ਸਖ਼ਤੀ ਪੈਦਾ ਕਰਨ ਤੋਂ ਹਰ ਸੰਭਵ ਸੰਕੋਚ ਕਰਨਾ ਚਾਹੀਦਾ ਹੈ। ਜੇ ਜਬਰੀ ਭੇਜਣ ਦਾ ਹੁਕਮ ਹੋ ਹੀ ਜਾਵੇ ਤਾਂ ਇਸ ਬਾਰੇ ਵਿਚਾਰਨਾ ਹੋਵੇਗਾ ਕਿ ਇਹ ਕਾਰਜ ਕਿਵੇਂ ਸਫਲ ਹੋਵੇ। ਜੇਕਰ ਕੋਈ ਅਜਿਹੀ ਗੱਲ ਬਣੇ ਜਾਂ ਕਾਮਾਗਾਟੂਮਾਰੂ ਨੂੰ ਵਾਪਸ ਭੇਜਣ ਦਾ ਅੜਿਕਾ ਹੋਵੇ ਤਾਂ ਵਕੀਲ ਦੀ ਸਲਾਹ ਲਵੋ ਕਿ ਕੋਈ ਕਾਨੂੰਨੀ ਅੜਿਚਨ ਨਾ ਹੋਵੇ। ਜੇ ਕੋਈ ਕਾਨੂੰਨੀ ਅੜਿਕਾ ਹੈ ਤਾਂ ਆਰਡਰਜ਼-ਇਨ-ਕੌਂਸਲ ਦੇ ਸੈਕਸ਼ਨ 23 ਦਾ ਸਹਾਰਾ ਲਵੋ।

"ਤੁਹਾਨੂੰ ਕੋਈ ਅਜਿਹਾ ਕਦਮ ਨਹੀਂ ਚੁਕਣਾ ਚਾਹੀਦਾ, ਜਿਸ ਵਿਚ ਕਾਨੂੰਨੀ ਵਿਰੋਧ ਹੁੰਦਾ ਹੋਵੇ। ਜੇ ਮੁਸਾਫ਼ਰ ਕਾਨੂੰਨ ਦੀ ਆੜ ਲੈਂਦੇ ਹਨ ਤਾਂ ਇਹ ਜ਼ਰੂਰੀ ਹੈ ਕਿ ਅਦਾਲਤ ਰਾਹੀਂ ਸੁਰੱਖਿਆ ਲਈ ਜਾਵੇ ਜਿਹੜਾ ਅਸਲ ਮੁੱਦਿਆਂ ਨੂੰ ਆਧਾਰ ਬਣਾ ਕੇ ਕਾਨੂੰਨ ਨੂੰ ਲਾਗੂ ਕਰਾਏ।"[44]

ਸਕਾਟ ਕਿਸੇ ਹੋਰ ਜਹਾਜ਼ ਦੁਆਰਾ ਮੁਸਾਫ਼ਰਾਂ ਨੂੰ ਜਬਰੀ ਭੇਜਣ ਦੇ ਹੱਕ ਵਿਚ ਨਹੀਂ ਸੀ। ਉਸਨੂੰ ਪਤਾ ਸੀ ਕਿ ਇਹ ਮੁਸਾਫ਼ਰ ਜ਼ਿਆਦਾਤਰ ਸੇਵਾ-ਮੁਕਤ ਫ਼ੌਜੀ ਸਨ ਜੋ ਸਰੀਰਕ ਤੌਰ 'ਤੇ ਮਜ਼ਬੂਤ ਅਤੇ ਟਾਕਰਾ ਕਰ ਸਕਦੇ ਸਨ। ਫਿਰ ਵੀ ਉਸਨੇ ਰੀਡ ਨੂੰ ਕਿਹਾ ਕਿ ਜਲਦੀ ਫ਼ੈਸਲਾ ਲੈ ਕੇ ਉਨ੍ਹਾਂ ਨੂੰ ਵਾਪਸ ਕਰਨ ਦਾ ਕੋਈ ਯੋਗ ਢੰਗ ਲੱਭੋ। ਜਿਵੇਂ ਪਹਿਲਾਂ ਉਲੇਖ ਕੀਤਾ ਹੈ ਕਿ ਸਿੱਖਾਂ ਨੇ ਟੈਸਟ ਕੇਸ ਦੀ ਪੇਸ਼ਕਸ਼ ਨੂੰ ਠੁਕਰਾ ਦਿੱਤਾ ਸੀ, ਪਰ ਉਹੀ ਪੇਸ਼ਕਸ਼ ਦੁਬਾਰਾ ਕੀਤੀ ਗਈ ਅਤੇ ਸਿੱਖਾਂ ਨੇ 24 ਜੂਨ, 1914 ਨੂੰ ਇਸ ਪ੍ਰਸਤਾਵ ਨੂੰ ਪ੍ਰਵਾਨ ਕਰ ਲਿਆ। ਇਕ ਪੇਂਡੂ ਕਿਸਾਨ ਮੁਨਸ਼ੀ ਸਿੰਘ ਨੂੰ ਬਤੌਰ ਟੈਸਟ ਕੇਸ ਦੇ ਅਦਾਲਤ ਅੱਗੇ ਪੇਸ਼ ਕਰਨ ਲਈ ਚੁਣਿਆ ਗਿਆ।[45] ਜੇਕਰ ਕੇਸ ਮੁਨਸ਼ੀ ਸਿੰਘ ਦੇ ਹੱਕ ਵਿਚ ਹੁੰਦਾ ਤਾਂ ਸਾਰੇ ਮੁਸਾਫ਼ਰ ਕੈਨੇਡਾ ਦੇ ਵਾਸੀ ਬਣ ਸਕਦੇ ਸਨ, ਜੇ ਕੇਸ ਉਸ ਦੇ ਖ਼ਿਲਾਫ਼ ਜਾਵੇ ਭਾਵ ਉਸਨੂੰ ਜਬਰੀ ਵਾਪਸ ਭੇਜਣ ਦਾ ਫ਼ੈਸਲਾ ਹੋਵੇ ਤਾਂ ਕਾਮਾਗਾਟਾਮਾਰੂ ਦੇ ਸਾਰੇ ਮੁਸਾਫ਼ਰਾਂ ਨੂੰ ਵੀ ਵਾਪਸ ਪਰਤਣਾ ਪਵੇਗਾ। ਰੌਚਕਤਾ ਵਾਲੀ ਗੱਲ ਹੈ ਕਿ ਰੌਬੀ ਰੀਡ ਅਨੁਸਾਰ ਟੈਸਟ ਕੇਸ ਦੇ ਪ੍ਰਸਤਾਵ ਉੱਤੇ ਪੁਨਰ ਵਿਚਾਰ ਕਰਨ ਦਾ ਸੁਝਾਅ ਵਕੀਲ ਬਰਡ ਨੇ ਦਿੱਤਾ ਸੀ, ਹਾਲਾਂਕਿ ਰੀਡ ਦਾ ਪ੍ਰਸਤਾਵ ਮੰਨਣ ਲਈ ਰਾਜ਼ੀ ਹੋਣ ਦੀ ਮਿਤੀ ਬਰਡ ਵੱਲੋਂ ਦਿੱਤੀ ਮਿਤੀ ਅਨੁਸਾਰ ਹੀ ਸੀ।[46]

ਕੈਨੇਡਾ ਦੀ ਕੇਂਦਰੀ ਸਰਕਾਰ ਭਾਵ ਆਟਵਾ ਦੇ ਅਧਿਕਾਰੀ ਕਾਮਾਗਾਟਾਮਾਰੂ

44. Malcolm Reid to W.D. Scott, June 26, 1914, *Stevens' File*, pp. 365-366.
45. Gardener, Ray, "Kamagatamaru Affair, When Vancouver Turned Back The Sikhs in 1914," Maclean, Nov. 8, 1958.
46. Reid, Robie L., "Inside Story of the Kamagatamaru," p. 11.

ਦੇ ਬਾਰੇ ਅਦਾਲਤ ਦੁਆਰਾ ਫ਼ੈਸਲਾ ਕਰਨ 'ਤੇ ਚਿੰਤਾਜਨਕ ਸਨ। ਭਾਵੇਂ ਸਾਰੇ ਰਾਜਨੀਤਕ ਨੇਤਾ ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਨੂੰ ਜਬਰੀ ਵਾਪਸ ਭੇਜਣ ਦੇ ਫ਼ੈਸਲੇ 'ਤੇ ਇਕ-ਮੁੱਠ ਸਨ ਅਤੇ ਜਨਤਾ ਦਾ ਵੀ ਉਨ੍ਹਾਂ ਨੂੰ ਸਹਿਯੋਗ ਹਾਸਲ ਸੀ, ਪਰ ਫਿਰ ਵੀ ਅਦਾਲਤ ਦੇ ਫ਼ੈਸਲੇ ਤੋਂ ਡਰ ਮਹਿਸੂਸ ਕਰਦੇ ਸਨ ਕਿਉਂਕਿ ਕੋਈ ਪੱਖਪਾਤ-ਰਹਿਤ ਜੱਜ ਮੁਸਾਫ਼ਰਾਂ ਦੇ ਹੱਕ ਵਿਚ ਵੀ ਫ਼ੈਸਲਾ ਕਰ ਸਕਦਾ ਸੀ। ਇਸ ਡਰ ਕਾਰਨ ਆਟਵਾ ਦੇ ਅਧਿਕਾਰੀਆਂ ਨੇ ਇਮੀਗ੍ਰੇਸ਼ਨ ਅਫ਼ਸਰਾਂ ਨੂੰ ਯੋਗ ਕਾਨੂੰਨੀ ਮਾਹਿਰਾਂ ਦੀ ਸਲਾਹ ਲੈਣ ਲਈ ਕਿਹਾ, ਕਿ ਟੈਸਟ ਕੇਸ ਦੇ ਪੇਸ਼ ਹੋਣ ਤੋਂ ਪਹਿਲਾਂ ਪੂਰੀ ਤਿਆਰੀ ਕੀਤੀ ਜਾਵੇ ਅਤੇ ਆਰਡਰ-ਇਨ-ਕੌਂਸਲ ਦੇ ਭਾਗ 23 ਨੂੰ ਪ੍ਰਯੋਗ ਕਰਨ 'ਤੇ ਜ਼ੋਰ ਦਿੱਤਾ ਜਾਵੇ। ਇਸ ਸੈਕਸ਼ਨ 'ਤੇ ਜ਼ੋਰ ਦੇਣ ਕਾਰਨ ਅਦਾਲਤ ਕਿਸੇ ਵੀ ਸਬੂਤ 'ਤੇ ਗ਼ੌਰ ਨਹੀਂ ਕਰ ਸਕੇਗੀ ਜੇਕਰ ਬੋਰਡ ਵੱਲੋਂ ਜਬਰੀ ਵਾਪਸੀ ਦਾ ਹੁਕਮ ਦਿੱਤਾ ਗਿਆ ਹੋਵੇ।[47]

ਬ੍ਰਿਟਿਸ਼ ਕੋਲੰਬੀਆ ਦੇ ਪਰੀਮੀਅਰ ਨੇ ਵਿਸ਼ੇਸ਼ ਤੌਰ 'ਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਕਿਹਾ ਕਿ ਸੂਬੇ ਦੀ ਆਰਥਕ ਹਾਲਤ ਮਾੜੀ ਹੋਣ ਕਾਰਨ ਕਾਮਾਗਾਟਾਮਾਰੂ ਦੇ ਸਾਰੇ ਮੁਸਾਫ਼ਰਾਂ ਨੂੰ ਜਬਰੀ ਵਾਪਸ ਭੇਜਣਾ ਚਾਹੀਦਾ ਹੈ। ਉਸ ਅਨੁਸਾਰ ਮੌਜੂਦਾ ਭਾਰਤੀ ਲੋਕਾਂ ਦਾ ਕੰਮ ਵੀ ਸੁਰੱਖਿਅਤ ਨਹੀਂ, ਹੋ ਸਕਦਾ ਹੈ ਕਿ ਉਹ ਵੀ ਸਰਦੀਆਂ ਵਿਚ ਬੇਰੁਜ਼ਗਾਰ ਹੋ ਜਾਣਗੇ।[48] ਕਾਨੂੰਨੀ ਲੜਾਈ ਤਕਰੀਬਨ ਸ਼ੁਰੂ ਹੋਣ ਵਾਲੀ ਸੀ। ਸਿੱਖਾਂ ਦਾ ਵਕੀਲ ਐਡਵਰਡ ਬਰਡ ਅਦਾਲਤ 'ਚ ਕੇਸ ਲੜਨ ਲਈ ਤਿਆਰ ਸੀ ਅਤੇ ਦੂਜੇ ਪਾਸੇ ਸਰਕਾਰ ਵੱਲੋਂ ਨਿਯੁਕਤ ਵਕੀਲ ਅਤੇ ਸਰਕਾਰ ਦੇ ਅਧਿਕਾਰੀਆਂ ਨੂੰ ਯਕੀਨ ਸੀ ਕਿ ਕੇਸ 'ਚ ਜਿੱਤ ਸਰਕਾਰ ਦੀ ਹੋਵੇਗੀ। ਭਾਰਤੀ ਲੋਕ ਭਾਵੇਂ ਟੈਸਟ ਕੇਸ ਦੀ ਕਾਰਵਾਈ ਤੋਂ ਡਰਦੇ ਸਨ ਪਰ ਉਨ੍ਹਾਂ ਪਾਸ ਹੋਰ ਕੋਈ ਚਾਰਾ ਵੀ ਨਹੀਂ ਸੀ। ਡਬਲਯੂ. ਡੀ. ਸਕਾਟ ਕੇਸ ਦੇ ਅਦਾਲਤ ਵਿਚ ਜਾਣ ਤੋਂ ਨਾਖ਼ੁਸ਼ ਸੀ ਅਤੇ ਮੈਲਕਮ ਰੀਡ ਵੀ ਸਕਾਟ ਦੀ ਸੋਚ ਨਾਲ ਸਹਿਮਤ ਸੀ। ਸਕਾਟ ਵੱਲੋਂ ਰੀਡ ਨੂੰ ਵਿਸ਼ੇਸ਼ ਸੰਦੇਸ਼ ਭੇਜਿਆ ਗਿਆ ਜੋ ਇਸ ਤਰ੍ਹਾਂ ਸੀ :

> ਇਹ ਖ਼ਿਆਲ ਰੱਖਣਾ ਕਿ ਬੋਰਡ ਆਪਣਾ ਫ਼ੈਸਲਾ ਜਲਦੀ ਕਰੇ, ਜੇ ਮੁਸਾਫ਼ਰਾਂ ਦੇ ਵਿਰੁੱਧ ਫ਼ੈਸਲਾ ਹੋਇਆ ਤਾਂ ਉਨ੍ਹਾਂ ਨੂੰ ਜਹਾਜ਼ ਇੰਪਰਸ ਦੁਆਰਾ ਸਰਕਾਰੀ ਖ਼ਰਚ ਨਾਲ ਜਲਦੀ ਜਬਰੀ ਵਾਪਸ (ਡੀਪੋਰਟ) ਭੇਜਿਆ ਜਾਵੇ, ਪਰ ਇਹ ਵੀ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਬੋਰਡ ਦੇ ਫ਼ੈਸਲੇ ਵਿਰੁੱਧ ਮੰਤਰੀ ਪਾਸ ਅਪੀਲ ਕਰਨ ਦਾ ਮੌਕਾ ਦਿੱਤਾ ਜਾਏ।[49]

ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਗੁਲਪੁਰ ਦੇ ਮੁਨਸ਼ੀ ਸਿੰਘ ਨੂੰ ਇਨਕੁਆਰੀ ਬੋਰਡ

47. Ottawa to Vancouver (Immigration Officials), June 23, 1914, *Borden Papers*.
48. McBride (Premier of B.C.) to Robert Borden (P.M.), June 23, 1914, *Borden Papers*.
49. W.D. Scott to W.W. Cory, June 25, 1914, *Borden Papers*.

ਦੇ ਪੇਸ਼ ਕੀਤਾ ਗਿਆ। ਉਸਨੇ ਆਪਣੇ ਆਪ ਬਾਰੇ ਕਿਹਾ ਕਿ ਉਹ ਮਜ਼ਦੂਰ ਨਹੀਂ, ਇਕ ਖੇਤੀਬਾੜੀ ਕਰਨ ਵਾਲਾ ਕਿਸਾਨ ਹੈ। ਬੋਰਡ ਉਪਰ ਉਸ ਵੱਲੋਂ ਕਹੀ ਗੱਲ ਦਾ ਕੋਈ ਅਸਰ ਨਾ ਹੋਇਆ ਅਤੇ ਝਟ-ਪਟ ਫ਼ੈਸਲਾ ਸੁਣਾ ਦਿੱਤਾ ਕਿ ਉਹ ਕਲਕੱਤਾ ਤੋਂ ਕੈਨੇਡਾ ਤਕ ਸਿੱਧੀ ਯਾਤਰਾ ਕਰਕੇ ਨਹੀਂ ਪਹੁੰਚਿਆ ਅਤੇ ਉਸ ਪਾਸ ਨਕਦ 200 ਡਾਲਰ ਨਹੀਂ ਸੀ। ਉਹ ਕਿਸਾਨ ਨਹੀਂ ਹੈ, ਸਿਰਫ਼ ਨਾ-ਮਾਹਰ ਮਜ਼ਦੂਰ ਹੈ, ਇਸ ਲਈ ਉਸਨੂੰ ਕੈਨੇਡਾ ਦਾ ਵਾਸੀ ਬਣਨ ਤੋਂ ਇਨਕਾਰ ਕੀਤਾ ਜਾਂਦਾ ਹੈ, ਭਾਵ ਉਹ ਕੈਨੇਡਾ ਦਾਖ਼ਲ ਨਹੀਂ ਹੋ ਸਕਦਾ। ਮੁਨਸ਼ੀ ਸਿੰਘ ਨੇ ਬੋਰਡ ਨੂੰ ਮਨਾਉਣ ਦਾ ਜਤਨ ਕੀਤਾ ਕਿ ਉਸ ਲਈ ਕਲਕੱਤਾ ਤੋਂ ਕੈਨੇਡਾ ਲਈ ਸਿੱਧੀ ਟਿਕਟ ਖ਼ਰੀਦਣੀ ਅਸੰਭਵ ਸੀ ਕਿਉਂਕਿ ਕੋਈ ਵੀ ਜਹਾਜ਼ੀ ਕੰਪਨੀ ਕਲਕੱਤਾ ਤੋਂ ਕੈਨੇਡਾ ਤਕ ਜਹਾਜ਼ ਨਹੀਂ ਚਲਾਉਂਦੀ ਸੀ, ਤਾਹੀਓਂ ਉਸਨੇ ਹਾਂਗਕਾਂਗ ਤੋਂ ਜਹਾਜ਼ ਲੈ ਕੇ ਸਫ਼ਰ ਕੀਤਾ ਹੈ। ਬੋਰਡ ਨੇ ਮੁਨਸ਼ੀ ਸਿੰਘ ਪਾਸੋਂ ਹੋਰ ਜਿਰਹਾ (ਪੁੱਛ-ਗਿੱਛ) ਕੀਤੀ। ਇਥੇ ਇਹ ਵੀ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਬੋਰਡ ਦੇ ਅੱਗੇ ਪੇਸ਼ ਹੋਣ ਤੋਂ ਪਹਿਲਾਂ ਕਿਸੇ ਨੇ ਵੀ ਮੁਨਸ਼ੀ ਸਿੰਘ ਨੂੰ ਯੋਗ ਸਿਖਿਆ ਨਹੀਂ ਦਿੱਤੀ। ਉਸਨੂੰ ਮਾਹਰ ਕਰਨ ਦੀ ਜ਼ਿੰਮੇਵਾਰੀ ਭਾਨ ਸਿੰਘ ਦੀ ਸੀ, ਜੋ ਇਮੀਗ੍ਰੇਸ਼ਨ ਵਿਭਾਗ ਦੇ ਪੱਖ ਪੂਰਨ ਲਈ ਗ਼ੱਦਾਰ ਬਣ ਗਿਆ ਸੀ।[50] ਬੋਰਡ ਨੇ ਸਾਰੇ ਮੁਸਾਫ਼ਰਾਂ ਨੂੰ ਵਾਪਸ ਭੇਜਣ ਦਾ ਫ਼ੈਸਲਾ ਕਰ ਦਿੱਤਾ ਸੀ। ਬੋਰਡ ਦੀ ਕਾਰਵਾਈ ਅਤੇ ਫ਼ੈਸਲੇ ਵਿਰੁੱਧ ਸਿੱਖਾਂ ਨੇ ਹੈਬੀਅਸ ਕੋਰਪਸ ਦੀ ਆੜ ਲੈ ਕੇ ਸੁਪਰੀਮ ਕੋਰਟ ਵਿਚ ਅਪੀਲ ਕਰ ਦਿੱਤੀ। ਸੁਪਰੀਮ ਕੋਰਟ ਨੇ ਬਹਿਸ ਕਰਨ ਲਈ ਕੋਈ ਮੌਕਾ ਨਹੀਂ ਦਿੱਤਾ ਅਤੇ ਅਪੀਲ ਨੂੰ ਖ਼ਾਰਜ ਕਰ ਦਿੱਤਾ।[51]

ਬੋਰਡ ਦਾ ਫ਼ੈਸਲਾ ਅਤੇ ਸੁਪਰੀਮ ਕੋਰਟ ਵੱਲੋਂ ਅਪੀਲ ਨੂੰ ਖ਼ਾਰਜ ਕਰਨਾ ਆਦਿ ਬਹੁਤ ਛੇਤੀ ਨਿਪਟਾਏ ਗਏ ਅਤੇ ਸਮੁੱਚੇ ਜਤਨਾਂ ਅਤੇ ਫ਼ੈਸਲਿਆਂ ਬਾਰੇ ਮੁਸਾਫ਼ਰਾਂ ਨੂੰ ਘੱਟ ਹੀ ਇਲਮ ਸੀ। ਕੈਨੇਡਾ ਦੀ ਸਰਕਾਰ ਵੱਲੋਂ ਕਾਮਾਗਾਟਾਮਾਰੂ ਤੇ ਉਸਦੇ ਮੁਸਾਫ਼ਰਾਂ 'ਤੇ ਕਰੜੀ ਨਿਗਰਾਨੀ ਰੱਖੀ ਹੋਈ ਸੀ। ਉਹ ਗੁਰਦਿਤ ਸਿੰਘ ਤੇ ਸ਼ੋਰ ਕਮੇਟੀ ਦੇ ਦਰਮਿਆਨ ਹੋ ਰਹੀ ਚਿੱਠੀ-ਪੱਤਰ ਨਿਰੀਖਣ ਕਰਕੇ ਹੀ ਨਿਕਲਣ ਦਿੰਦੇ। ਮੁਨਸ਼ੀ ਸਿੰਘ ਦੀ ਅਪੀਲ ਨੂੰ ਵਿਕਟੋਰੀਆ ਵਿਖੇ 26 ਤੇ 30 ਜੂਨ 1914 ਨੂੰ ਜੱਜ ਮੈਕਡੋਨਲਡ, ਇਰਵਿੰਗ, ਮਾਰਟਿਨ ਤੇ ਫਿਲਪਸ ਦੀ ਹਾਜ਼ਰੀ ਵਿਚ ਸੁਣਿਆ ਗਿਆ।[52]

ਅਪੀਲ ਦੌਰਾਨ ਸਿੱਖਾਂ ਦੇ ਇਕ ਹੋਰ ਵਕੀਲ ਕੈਸਿਡੀ ਨੇ ਜ਼ੋਰਦਾਰ ਬਹਿਸ ਕੀਤੀ ਸੀ ਕਿ ਮੁਨਸ਼ੀ ਸਿੰਘ ਨੇ ਸੁਗੰਦ ਖਾ ਕੇ ਕਿਹਾ ਕਿ ਉਹ ਆਪਣੇ ਪਿੰਡ ਦਾ ਕਿਸਾਨ

50. Johnston, Hugh, *The Voyage of the Kamagatamaru*, pp. 54-55.
Also see,
British Columbia Reports, Vol. XX, pp. 243-244.
51. *Ibid.*
52. British Columbia Reports, Vol. XX, Re. Munshi Singh's Appeal in the Court of Appeal, pp. 243-292.

ਹੈ ਪਰ ਬੋਰਡ ਨੇ ਉਸਦੀ ਕਹੀ ਗੱਲ 'ਤੇ ਵਿਸ਼ਵਾਸ ਨਹੀਂ ਕੀਤਾ, ਸਗੋਂ ਉਸਨੂੰ ਕਿਹਾ ਕਿ ਉਹ ਯੋਗਤਾ-ਰਹਿਤ ਮਜ਼ਦੂਰ ਹੈ ਨਾ ਕਿ ਕਿਸਾਨ। ਇਸ 'ਤੇ ਜੱਜ ਇਰਵਿੰਗ ਨੇ ਵਕੀਲ ਬਰਡ ਨੂੰ ਕਿਹਾ ਕਿ ਜੋ ਬੋਰਡ ਨੇ ਕਿਹਾ ਕਿ ਉਹ ਯੋਗਤਾ ਰਹਿਤ ਮਜ਼ਦੂਰ ਹੈ, ਉਹ ਠੀਕ ਹੀ ਹੈ ਕਿਉਂਕਿ ਮੁਨਸ਼ੀ ਸਿੰਘ ਨੇ ਬੀ.ਸੀ. ਵਿਚ ਮਜ਼ਦੂਰ ਹੀ ਹੋਣਾ ਸੀ। ਸਰਕਾਰੀ ਵਕੀਲ ਨੇ ਇਮੀਗ੍ਰੇਸ਼ਨ ਕਾਨੂੰਨ ਦੇ 23 ਸੈਕਸ਼ਨ ਨੂੰ ਸਾਹਮਣੇ ਰੱਖਦਿਆਂ ਕਿਹਾ ਕਿ ਇਸ ਸੈਕਸ਼ਨ ਅਨੁਸਾਰ ਕਿਸੇ ਵੀ ਅਦਾਲਤ ਨੂੰ ਇਸ ਬੋਰਡ ਦੇ ਫ਼ੈਸਲੇ ਵਿਰੁੱਧ ਜਾਣ ਦਾ ਅਧਿਕਾਰ ਨਹੀਂ ਹੈ। ਜੋ ਬੋਰਡ ਨੇ ਜਬਰੀ ਵਾਪਸ ਕਰਨ ਦਾ ਫ਼ੈਸਲਾ ਕੀਤਾ ਹੈ, ਉਹ ਫ਼ੈਸਲਾ ਅਟੱਲ ਹੈ,

ਸੈਕਸ਼ਨ 23 ਦੀ ਵਿਆਖਿਆ ਹੇਠ ਦਿੱਤੀ ਜਾਂਦੀ ਹੈ :

ਕੋਈ ਵੀ ਜੱਜ, ਅਦਾਲਤ, ਅਫ਼ਸਰ ਜਾਂ ਮੰਤਰੀ ਇਨਕੁਆਰੀ ਬੋਰਡ ਵੱਲੋਂ ਵਿਸ਼ੇਸ਼ ਉਪਨਿਯਮ ਅਨੁਸਾਰ ਕਿਸੇ ਨੂੰ ਜਬਰੀ ਰੋਕਣ ਜਾਂ ਜਬਰੀ ਵਾਪਸ ਭੇਜਣ ਦੇ ਕੀਤੇ ਫ਼ੈਸਲੇ 'ਤੇ ਪੁਨਰ-ਵਿਚਾਰ ਨਹੀਂ ਕਰ ਸਕਦਾ, ਸਿਵਾਏ ਕੈਨੇਡਾ ਦਾ ਪੱਕਾ ਵਸਨੀਕ ਜਾਂ ਨਾਗਰਿਕ, ਜੋ ਉਪਰੋਕਤ ਫ਼ੈਸਲੇ 'ਤੇ ਪੁਨਰ-ਵਿਚਾਰ ਕਰਾਉਣ ਦਾ ਹੱਕ ਰੱਖਦਾ ਹੈ।[53]

ਉਪਰੋਕਤ ਸੈਕਸ਼ਨ 23 ਦੀ ਵਿਆਖਿਆ ਤੋਂ ਸਪੱਸ਼ਟ ਹੁੰਦਾ ਹੈ ਕਿ ਸਰਕਾਰ ਨੇ ਇਮੀਗ੍ਰੇਸ਼ਨ ਦੇ ਮੁਆਮਲੇ 'ਚ ਕਾਨੂੰਨੀ ਸਹਾਇਤਾ ਦੁਆਰਾ ਦਲੀਲ ਜਾਂ ਦਾਅਵਾ, ਜਿਸ ਰਾਹੀਂ ਬਚਾਉ ਲਈ ਕੋਈ ਉਪਾਅ ਸੰਭਵ ਹੋਵੇ, ਦਾ ਮੁੱਦਾ ਹੀ ਖ਼ਤਮ ਕਰ ਦਿੱਤਾ। ਇਮੀਗ੍ਰੇਸ਼ਨ ਦੇ ਖੇਤਰ ਵਿਚ ਅਧਿਕਾਰੀਆਂ ਅਤੇ ਰਾਜਨੀਤਕ ਲੋਕਾਂ ਨੂੰ ਵਿਸ਼ੇਸ਼ ਅਧਿਕਾਰ ਪ੍ਰਾਪਤ ਸਨ, ਜਿਸ ਦੁਆਰਾ ਉਹ ਵਿਦੇਸ਼ੀ ਲੋਕਾਂ ਨੂੰ ਕੈਨੇਡਾ ਆਉਣ ਤੋਂ ਰੋਕ ਸਕਦੇ ਸਨ।

ਬਰਡ ਨੇ ਬਥੇਰਾ ਤਾਣ ਲਗਾਇਆ ਅਤੇ ਕਿਹਾ ਕਿ ਸੈਕਸ਼ਨ 23 ਨੂੰ ਆਧਾਰ ਬਣਾ ਕੇ ਬਰਤਾਨਵੀ ਨਾਗਰਿਕਾਂ ਨੂੰ ਕੈਨੇਡਾ ਆਉਣ ਤੋਂ ਨਹੀਂ ਰੋਕਿਆ ਜਾ ਸਕਦਾ। ਉਸਨੇ ਅਦਾਲਤ ਨੂੰ ਇਹ ਵੀ ਕਿਹਾ ਕਿ ਅਜਿਹਾ ਪਹਿਲਾਂ ਕਦੀ ਨਹੀਂ ਹੋਇਆ ਕਿ ਬਰਤਾਨਵੀ ਨਾਗਰਿਕਾਂ ਨੂੰ ਕੈਨੇਡਾ ਦਾਖ਼ਲ ਹੋਣ ਤੋਂ ਰੋਕਿਆ ਗਿਆ ਹੋਵੇ। ਉਸਨੇ ਇਹ ਵੀ ਸਾਬਤ ਕਰਨ ਦਾ ਜਤਨ ਕੀਤਾ ਕਿ ਆਰਡਰ-ਇਨ-ਕੌਂਸਲ, ਜਿਸ ਵਿਚ ਏਸ਼ੀਆ ਨਸਲ ਦਾ ਵੇਰਵਾ ਦਿੱਤਾ ਗਿਆ ਹੈ, ਸਰਾਸਰ ਗ਼ਲਤ ਹੈ ਅਤੇ ਨੁਕਸ-ਭਰਪੂਰ ਹੈ। ਉਸਨੇ ਦੋਬਾਰਾ ਜ਼ੋਰਦਾਰ ਸ਼ਬਦਾਂ ਵਿਚ ਕਿਹਾ ਕਿ ਮੁਨਸ਼ੀ ਸਿੰਘ ਬਰਤਾਨਵੀ ਨਾਗਰਿਕ ਹੈ ਅਤੇ ਉਸਨੇ ਹਾਂਗਕਾਂਗ ਤੋਂ ਜਹਾਜ਼ ਫੜ ਕੇ ਲਗਾਤਾਰ ਸਫ਼ਰ ਵਾਲੇ ਕਾਨੂੰਨ ਦੀ ਕੋਈ ਉਲੰਘਣਾ ਨਹੀਂ ਕੀਤੀ ਕਿਉਂਕਿ ਹਾਂਗਕਾਂਗ ਵੀ ਬਰਤਾਨਵੀ ਬਸਤੀ ਹੈ।[54]

ਸਰਕਾਰੀ ਵਕੀਲ 'ਰਿਚੀ' ਮੁਨਸ਼ੀ ਸਿੰਘ ਦੇ ਵਕੀਲਾਂ ਵਿਰੁੱਧ ਜ਼ੋਰ-ਸ਼ੋਰ ਨਾਲ

53. British Columbia Reports, Vol. XX, Re. Munshi Singh's Appeal in the Court of Appeal, pp. 243-292.

54. Johnston, Hugh, *The Voyage of the Kamagatamaru*, p. 59.

ਬਹਿਸ ਕਰ ਰਿਹਾ ਸੀ।[55] ਉਹ ਆਪਣੀ ਬਹਿਸ 'ਬ੍ਰਿਟਿਸ਼ ਨਾਰਥ ਅਮਰੀਕਾ ਐਕਟ' ਦੇ ਸੈਕਸ਼ਨ 95 ਨੂੰ ਆਧਾਰ ਬਣਾ ਕੇ ਕਰ ਰਿਹਾ ਸੀ। ਅਦਾਲਤ ਅੰਦਰ ਬਹਿਸ ਦੀ ਸਮਾਪਤੀ ਉਪਰੰਤ ਜੱਜ ਨੇ ਬੋਰਡ ਆਫ਼ ਇਨਕੁਆਰੀ ਦੇ ਫ਼ੈਸਲੇ, ਜਿਸ ਅਨੁਸਾਰ ਮੁਨਸ਼ੀ ਸਿੰਘ ਨੂੰ ਜਬਰੀ ਵਾਪਸ (deportation) ਭੇਜਣਾ ਸੀ, ਨੂੰ ਠੀਕ ਕਰਾਰ ਦਿੱਤਾ। ਅੰਤਮ ਫ਼ੈਸਲੇ ਦੇ ਸ਼ਬਦ ਇਸ ਤਰ੍ਹਾਂ ਸਨ, "ਮੇਰੀ ਰਾਏ ਹੈ, ਇਮੀਗ੍ਰੇਸ਼ਨ ਐਕਟ ਅਤੇ ਆਰਡਰਜ਼-ਇਨ-ਕੌਂਸਲ ਅਨੁਸਾਰ ਅਪੀਲ ਕਰਤਾ ਦੇ ਗ੍ਰਿਫ਼ਤਾਰੀ ਦੇ ਵਰੰਟ ਅਤੇ ਉਸਨੂੰ ਜਬਰੀ ਵਾਪਸ ਭੇਜਣ ਦਾ ਫ਼ੈਸਲਾ ਠੀਕ ਹੈ, ਇਹ ਜਬਰੀ ਵਾਪਸ ਭੇਜਣ ਦਾ ਫ਼ੈਸਲਾ ਤਾਂ ਵੀ ਠੀਕ ਹੋਣਾ ਸੀ, ਜੇ ਬੋਰਡ ਦੇ ਫ਼ੈਸਲੇ 'ਤੇ ਪੁਨਰ-ਵਿਚਾਰ ਵੀ ਹੁੰਦੀ ਅਤੇ ਕਿਸੇ ਵੀ ਆਧਾਰ 'ਤੇ ਅਪੀਲ ਕਰਤੇ ਨੂੰ ਛੱਡਿਆ ਨਹੀਂ ਜਾ ਸਕਦਾ। ਮੇਰੀ ਸਮਝ ਅਨੁਸਾਰ ਹੈਬੀਅਸ ਕਾਰਪਸ ਦੁਆਰਾ ਵੀ ਉਸਨੂੰ ਰਿਹਾ ਨਹੀਂ ਕੀਤਾ ਜਾ ਸਕਦਾ। ਇਸ ਤੋਂ ਇਲਾਵਾ ਸੈਕਸ਼ਨ 23 ਦਾ ਅਦਾਲਤ ਉਪਰ ਕੁੰਡਾ ਹੈ ਅਤੇ ਅਦਾਲਤ ਨੂੰ ਹੈਬੀਅਸ ਕਾਰਪਸ ਦੁਆਰਾ ਅਪੀਲ ਕਰ ਕੇ ਅਪੀਲ ਕਰਤਾ ਨੂੰ ਹਿਰਾਸਤ ਤੋਂ ਛੁਡਾਉਣ ਦਾ ਕੋਈ ਅਧਿਕਾਰ ਨਹੀਂ ਹੈ। ਇਸ ਕਰਕੇ ਅਪੀਲ ਰੱਦ ਕੀਤੀ ਜਾਂਦੀ ਹੈ।[56]

ਮੁਸਾਫ਼ਰਾਂ ਨੂੰ ਸਤਾਉਣਾ ਅਤੇ ਧਮਕਾਉਣਾ

ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਨੂੰ ਸ਼ਰੇਆਮ ਧਮਕਾਇਆ ਅਤੇ ਡਰਾਇਆ ਗਿਆ। ਉਪਰੰਤ ਉਨ੍ਹਾਂ ਨੂੰ ਧੱਕੇ ਨਾਲ ਜਹਾਜ਼ ਉੱਤੇ ਕੈਦੀ ਬਣਾ ਕੇ ਸਤਾਇਆ ਗਿਆ। ਉਨ੍ਹਾਂ ਨੂੰ ਆਪਣੇ ਲਈ ਰਾਸ਼ਨ-ਪਾਣੀ ਅਤੇ ਦਵਾਈਆਂ ਖ਼ਰੀਦਣ ਦੀ ਖੁੱਲ੍ਹ ਨਹੀਂ ਸੀ। ਇਹ ਮੁਸਾਫ਼ਰ ਆਪਣੇ ਹਮ-ਵਤਨੀਆਂ ਨਾਲ ਸੰਪਰਕ ਕਰਨ ਤੋਂ ਇਲਾਵਾ ਗੱਲਾਂ ਬਾਤਾਂ ਕਰਨੀਆਂ ਚਾਹੁੰਦੇ ਸਨ ਪਰ ਕੈਨੇਡਾ ਦੀ ਸਰਕਾਰ ਨੇ ਅਜਿਹਾ ਨਾ ਹੋਣ ਦਿੱਤਾ। ਉਹ ਤਾਂ ਆਪਣੇ ਵਕੀਲ ਨਾਲ ਵੀ ਗੱਲਬਾਤ ਨਹੀਂ ਕਰ ਸਕੇ। ਇਨ੍ਹਾਂ ਪਾਬੰਦੀਆਂ ਕਾਰਨ ਉਹ ਅਤਿ ਦਰਜੇ ਦੀ ਮਾਨਸਕ-ਪੀੜਾ ਨੂੰ ਜਰ ਰਹੇ ਸਨ।

ਆਖ਼ਰ ਸਭ ਨੂੰ ਪਤਾ ਹੈ ਕਿ ਅਦਾਲਤ ਨੇ ਕਾਮਾਗਾਟਾਮਾਰੂ ਤੇ ਇਸਦੇ ਮੁਸਾਫ਼ਰਾਂ ਦੀ ਕਿਸਮਤ ਦਾ ਫ਼ੈਸਲਾ ਕਰ ਦਿੱਤਾ ਸੀ, ਭਾਵੇਂ ਰਸਮੀ ਤੌਰ 'ਤੇ ਫ਼ੈਸਲਾ ਗੁਪਤ ਸੀ ਪਰ ਫ਼ੈਸਲੇ ਬਾਰੇ ਹਰ ਇਕ ਨੂੰ ਸਪੱਸ਼ਟਤਾ ਸੀ ਕਿ ਜੱਜਾਂ ਨੇ ਮੁਨਸ਼ੀ ਸਿੰਘ ਦੇ ਬਿਆਨ ਕਿ ਉਹ ਪੰਜਾਬ ਦਾ ਕਿਸਾਨ ਸੀ, ਨੂੰ ਨਹੀਂ ਮੰਨਿਆ। ਸਰਕਾਰ ਦੇ ਵਕੀਲਾਂ ਪਾਸ ਇਮੀਗ੍ਰੇਸ਼ਨ ਐਕਟ ਦੀ ਧਾਰਾ 23 ਨੂੰ ਮੁੱਖ ਤੌਰ 'ਤੇ ਆਧਾਰ ਬਣਾਇਆ ਗਿਆ ਅਤੇ ਇਸ ਧਾਰਾ ਅਨੁਸਾਰ ਅਦਾਲਤ ਜਾਂ ਜੱਜ ਬੋਰਡ ਦੇ ਕਿਸੇ ਫ਼ੈਸਲੇ ਨੂੰ ਰੱਦ ਕਰਨ ਤੋਂ ਅਸਮਰੱਥ ਸਨ।[57] ਇਹ ਵੀ ਸਾਫ਼ ਦਿਸਦਾ ਸੀ ਕਿ ਅਦਾਲਤ

---

55. Johnston, Hugh, *The Voyage of the Kamagatamaru*, p. 60.
56. British Columbia Reports, Vol. XX, p. 279.
57. *Ibid.*

ਦਾ ਸਹਾਰਾ ਲੈਣਾ, ਇਕ ਰਸਮ ਹੀ ਪੂਰੀ ਕਰਨੀ ਸੀ। ਵੈਨਕੂਵਰ ਤੋਂ ਛਪਦੇ 'ਵੈਨਕੂਵਰ ਸਨ' ਨੇ ਖ਼ਬਰ ਛਾਪੀ ਕਿ ਪੰਜ ਜੱਜਾਂ ਦੇ ਸਾਂਝੇ ਫ਼ੈਸਲੇ ਅਨੁਸਾਰ ਮੁਨਸ਼ੀ ਸਿੰਘ ਦੀ ਅਪੀਲ ਨੂੰ ਰੱਦ ਕਰ ਦਿੱਤਾ ਗਿਆ। ਸੁਪਰੀਮ ਕੋਰਟ ਦੇ ਚੀਫ਼ ਜੱਜ ਮੈਕਡੋਨਲਡ ਨੇ ਕਿਹਾ :

> ਇਮੀਗ੍ਰੇਸ਼ਨ ਦੇ ਮੁਆਮਲੇ ਵਿਚ ਅਸਲ ਸ਼ਕਤੀ ਬ੍ਰਿਟਿਸ਼ ਨਾਰਥ ਅਮਰੀਕਾ ਐਕਟ ਅਨੁਸਾਰ ਕੇਂਦਰੀ ਸਰਕਾਰ ਪਾਸ ਹੈ। ਜਿਥੋਂ ਤਕ ਮੁਨਸ਼ੀ ਸਿੰਘ ਦੇ ਕੇਸ ਬਾਰੇ ਹੈ, ਇਥੇ ਬੋਰਡ ਆਫ਼ ਇਨਕੁਆਰੀ ਨੇ ਆਪਣੇ ਅਧਿਕਾਰ ਖੇਤਰ 'ਚ ਰਹਿ ਕੇ ਫ਼ੈਸਲਾ ਦਿੱਤਾ ਹੈ ਅਤੇ ਬਗ਼ੈਰ ਇਨਟੀਰੀਅਰ ਮਨਿਸਟਰ ਤੋਂ ਬੋਰਡ ਦੇ ਫ਼ੈਸਲੇ 'ਤੇ ਪੁਨਰ-ਵਿਚਾਰ ਨਹੀਂ ਹੋ ਸਕਦੀ।[58]

ਉਸ ਸਮੇਂ ਇਕ ਹੋਰ ਦੁਖਾਂਤ ਵਾਪਰਿਆ। ਜਦੋਂ ਵੈਨਕੂਵਰ ਵਿਖੇ ਕਾਮਾਗਾਟਾਮਾਰੂ ਤੇ ਇਸਦੇ ਮੁਸਾਫ਼ਰਾਂ ਦੀ ਕਿਸਮਤ ਦਾ ਫ਼ੈਸਲਾ ਕੀਤਾ, ਤਾਂ ਅਮਰੀਕਾ ਦੀ ਹੱਦ 'ਤੇ ਸਿੱਖ ਲੀਡਰਾਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਦੂਜੇ ਪਾਸੇ ਕੈਨੇਡਾ ਦੇ ਅਧਿਕਾਰੀ ਸਿੱਖਾਂ ਦੇ ਨੇਤਾਵਾਂ 'ਤੇ ਪੂਰੀ ਨਿਗਰਾਨੀ ਰੱਖ ਰਹੇ ਸਨ। ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਪੂਰਾ ਪਹਿਰਾ ਸੀ। ਕੈਨੇਡਾ ਦੇ ਅਧਿਕਾਰੀਆਂ ਨੇ ਅਮਰੀਕਾ ਦੇ ਅਧਿਕਾਰੀਆਂ ਨੂੰ ਵਿਸ਼ੇਸ਼ ਤੌਰ 'ਤੇ ਸਿੱਖ ਲੀਡਰਾਂ ਨੂੰ ਹੋਰ ਸਮਾਂ ਹਿਰਾਸਤ ਵਿਚ ਰੱਖਣ ਲਈ ਆਖਿਆ। ਦੋਨਾਂ ਦੇਸ਼ਾਂ ਦੇ ਅਧਿਕਾਰੀ ਭਾਰਤੀਆਂ ਅਤੇ ਉਨ੍ਹਾਂ ਦੇ ਨੇਤਾਵਾਂ ਨੂੰ ਤੰਗ ਕਰਨ ਸੰਬੰਧੀ ਇੱਕੋ ਰਾਇ ਰੱਖਦੇ ਸਨ, ਭਾਵ ਉਨ੍ਹਾਂ ਦਾ ਆਪਸੀ ਏਕਾ ਸੀ। ਉਪਰੋਕਤ ਗੱਲ ਦੇ ਸਬੂਤ ਡਬਲਯੂ. ਡੀ. ਸਕਾਟ ਨੂੰ ਭੇਜੀ ਗਈ ਜਾਣਕਾਰੀ ਤੋਂ ਮਿਲਦਾ ਹੈ, ਇਹ ਜਾਣਕਾਰੀ ਵੈਨਕੂਵਰ ਦੇ ਇਮੀਗ੍ਰੇਸ਼ਨ ਦੇ ਏਜੰਟ ਤੇ ਇੰਸਪੈਕਟਰ ਵੱਲੋਂ ਭੇਜੀ ਗਈ ਸੀ। ਹੇਠ ਲਿਖਿਆ, ਵੈਨਕੂਵਰ ਤੋਂ ਭੇਜੀ ਡਾਕ ਤਾਰ ਦਾ ਉਲਥਾ ਹੈ :

> "ਅੱਜ ਹਰਨਾਮ ਸਿੰਘ, ਬਲਵੰਤ ਸਿੰਘ (ਗ੍ਰੰਥੀ) ਤੇ ਭਾਗ ਸਿੰਘ ਜੋ ਕਾਮਾਗਾਟਾਮਾਰੂ ਜਹਾਜ਼ ਦੇ ਪਟਾਧਾਰੀ ਹਨ, ਅਮਰੀਕਾ ਦੀ ਹੱਦ ਸੁਮਸ ਗਏ, ਜਿਥੇ ਉਹ ਤਰਕਨਾਥ ਦਾਸ ਨੂੰ ਮਿਲੇ, ਜਿਸਨੇ ਜਾਂ ਤਾਂ ਹਥਿਆਰ ਖ਼ਰੀਦਣ 'ਚ ਸਹਿਯੋਗ ਦਿੱਤਾ, ਜਾਂ ਹਥਿਆਰ ਦਿੱਤੇ। ਇਹ ਤਿੰਨੇ ਅਮਰੀਕਾ ਜਾਣ ਲਈ ਆਗਿਆ ਲੈ ਕੇ ਗਏ ਸਨ। ਇਨ੍ਹਾਂ ਤਿੰਨਾਂ ਵਿੱਚੋਂ ਇਕ ਨੂੰ ਸਾਡੇ ਅਧਿਕਾਰੀਆਂ ਨੇ ਕੈਨੇਡਾ ਦਾਖ਼ਲ ਹੋਣ ਦੇ ਦਿੱਤਾ, ਜਿਸ ਪਾਸੋਂ ਇਕ ਪਿਸਤੌਲ ਤੇ 500 ਗੋਲੀਆਂ ਬਰਾਮਦ ਹੋਈਆਂ। ਹੁਣ ਉਸਨੂੰ ਐਬਸਫੋਰਡ ਵਿਚ ਬੰਦ ਕੀਤਾ ਹੋਇਆ ਹੈ। ਦੂਜਿਆਂ ਨੂੰ ਹਥਿਆਰ ਪ੍ਰਾਪਤ ਹੋਣ 'ਤੇ ਅਮਰੀਕਾ ਨੇ ਹਿਰਾਸਤ ਵਿਚ ਕਰ ਲਿਆ। ਉਨ੍ਹਾਂ ਨੇ ਇਸ ਸਮੇਂ ਦੋਸ਼ ਕਬੂਲ ਕਰ ਲਿਆ ਹੈ। ਹਰਨਾਮ ਸਿੰਘ ਨੂੰ ਪਹਿਲਾਂ ਡੀਪੋਰਟ ਕੀਤਾ ਗਿਆ ਸੀ। ਉਸਨੇ ਆਰਜ਼ੀ ਤੌਰ 'ਤੇ ਕੈਨੇਡਾ ਦਾਖ਼ਲ ਹੋਣ ਦੀ ਆਗਿਆ

58. *The Vancouver Sun.*, July 7, 1914.

ਲਈ ਸੀ। ਹੁਣ ਉਸਨੂੰ ਹਰ ਹਾਲਤ 'ਚ ਇੰਡੀਆ ਨੂੰ ਡੀਪੋਰਟ ਕੀਤਾ ਜਾਵੇਗਾ। ਅਸੀਂ ਅਮਰੀਕਨ ਅਧਿਕਾਰੀਆਂ ਦਾ ਦਿੱਤੇ ਸਹਿਯੋਗ ਲਈ ਧੰਨਵਾਦੀ ਹਾਂ। ਸਾਰੇ ਡੀਪੋਰਟ ਕੀਤੇ ਜਾ ਸਕਦੇ ਹਨ, ਜਦੋਂ ਸਾਰਾ ਮੁਆਮਲਾ ਤੁਹਾਡੇ ਪਾਸ ਆਇਆ। ਤੁਸੀਂ ਅਮਰੀਕਨ ਅਧਿਕਾਰੀਆਂ ਨੂੰ ਕਹੋ ਕਿ ਇਨ੍ਹਾਂ ਨੂੰ ਕੈਨੇਡਾ ਦੇ ਖ਼ਰਚ 'ਤੇ ਸਿੱਧਾ ਇੰਡੀਆ ਨੂੰ ਡੀਪੋਰਟ ਕਰ ਦੇਣ। ਇਹ ਭੜਕਾਊ ਕਿਸਮ ਦੇ ਵਿਅਕਤੀ ਹਨ ਅਤੇ ਇਨ੍ਹਾਂ ਨੇ ਬਹੁਤ ਮੁਸ਼ਕਲਾਂ ਖੜੀਆਂ ਕੀਤੀਆਂ ਹਨ। ਇਨ੍ਹਾਂ ਨੇ ਮੈਨੂੰ ਤੇ ਹੋਰ ਅਧਿਕਾਰੀਆਂ ਨੂੰ ਕਤਲ ਕਰਨ ਦੀ ਧਮਕੀ ਦਿੱਤੀ ਹੈ। ਇਥੇ ਬਹੁਤ ਵਿਸ਼ੇਸ਼ ਘਟਨਾਵਾਂ ਵਾਪਰ ਰਹੀਆਂ ਹਨ ਅਤੇ ਅਗਲੇ ਸ਼ੁਕਰਵਾਰ ਮੈਨੂੰ ਅਦਾਲਤ 'ਚ ਗਵਾਹੀ ਦੇਣ ਜਾਣਾ ਪੈਣਾ ਹੈ, ਜਿਥੇ ਲੁਕਵਾਂ ਹਥਿਆਰ ਰੱਖਣ ਦਾ ਦੋਸ਼ ਲੱਗਿਆ ਹੈ ਅਤੇ ਇਕ ਹਫ਼ਤੇ ਦਾ ਰੀਮਾਂਡ ਮੰਗ ਰਹੇ ਹਾਂ।"[59]

ਉਪਰੋਕਤ ਗੁਪਤ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਸਰਕਾਰ ਨੇ ਸਿੱਖ ਲੀਡਰਾਂ ਨੂੰ ਸਾਜ਼ਿਸ਼ ਅਧੀਨ ਗ੍ਰਿਫ਼ਤਾਰ ਕਰਾਇਆ ਅਤੇ ਉਨ੍ਹਾਂ ਨੂੰ ਅਮਰੀਕਾ ਵਾਲੇ ਪਾਸੇ ਕੈਦੀ ਬਣਾਈ ਰੱਖਣ ਦੇ ਇਛੁਕ ਸਨ। ਕੈਨੇਡਾ ਪਾਸ ਬੋਰਡ ਆਫ਼ ਇਨਕੁਆਰੀ ਵੱਡਾ ਹਥਿਆਰ ਸੀ ਅਤੇ ਇਸਦੀ ਸਥਾਪਨਾ ਦੁਆਰਾ ਸਾਰੀਆਂ ਅਦਾਲਤਾਂ ਦੀ ਕਾਨੂੰਨੀ ਸ਼ਕਤੀ ਰਸਮੀ ਹੀ ਬਣ ਗਈ ਸੀ। ਬੋਰਡ ਦੁਆਰਾ ਸਾਰੇ ਮੁਸਾਫ਼ਰਾਂ ਨੂੰ ਡੀਪੋਰਟ ਕਰਨ ਦਾ ਫ਼ੈਸਲਾ ਪਹਿਲਾਂ ਹੀ ਮਿਥਿਆ ਹੋਇਆ ਸੀ। ਇਹ ਯੋਜਨਾ ਰੌਬੀ ਐਲ. ਰੀਡ ਨੇ ਬਣਾਈ ਅਤੇ ਉਸਨੇ ਮੈਲਕਮ ਰੀਡ ਨੂੰ ਸੁਝਾਅ ਦਿੱਤਾ ਸੀ ਕਿ ਬੋਰਡ ਆਫ਼ ਇਨਕੁਆਰੀ ਦੁਆਰਾ ਸਾਰੇ ਮੁਸਾਫ਼ਰਾਂ ਨੂੰ ਡੀਪੋਰਟ ਕਰ ਦਿੱਤਾ ਜਾਵੇ।[60] ਮੈਲਕਮ ਰੀਡ ਨੇ ਇਸ ਸੁਝਾਅ ਬਾਰੇ ਡਬਲਯੂ. ਡੀ. ਸਕਾਟ ਨਾਲ ਵਿਚਾਰ ਕੀਤੀ ਅਤੇ ਰੌਬੀ ਰੀਡ ਦੇ ਕਹਿਣ ਮੁਤਾਬਕ ਆਪ ਹੀ ਬੋਰਡ ਦਾ ਚੇਅਰਮੈਨ ਬਣ ਗਿਆ। ਹੁਣ ਇਸ ਤੋਂ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਕੈਨੇਡਾ ਦੇ ਅਧਿਕਾਰੀ ਸਿੱਖ ਲੀਡਰਾਂ ਨੂੰ ਡੀਪੋਰਟ ਕਰਨਾ ਚਾਹੁੰਦੇ ਸਨ ਅਤੇ ਇੰਸਪੈਕਟਰ ਨੇ ਇਹ ਸਾਬਤ ਕਰਨ ਦਾ ਜਤਨ ਕੀਤਾ ਕਿ ਇਹ ਲੋਕ ਭੜਕਾਊ ਤੇ ਖ਼ਤਰਨਾਕ ਹਨ। ਉੱਚ ਅਧਿਕਾਰੀ ਜਾਣਦੇ ਸਨ ਕਿ ਇਹ ਨੇਤਾ ਹਰਮਨ ਪਿਆਰੇ ਸਨ ਅਤੇ ਇਨ੍ਹਾਂ ਦਾ ਆਪਣੇ ਦੇਸ਼ਵਾਸੀਆਂ ਅੰਦਰ ਚੰਗਾ ਪ੍ਰਭਾਵ ਸੀ। ਇਸ ਤੋਂ ਇਲਾਵਾ ਕਾਮਾਗਾਟਾਮਾਰੂ ਜਹਾਜ਼ ਦੇ ਇਹ ਨਵੇਂ ਪਟੇਦਾਰ ਸਨ। ਜਿਵੇਂ ਪਹਿਲੀ ਭੇਜੀ ਗਈ ਰਿਪੋਰਟ 'ਚ ਕਿਹਾ ਗਿਆ ਕਿ ਇਕ ਆਦਮੀ ਪਾਸ ਲੁਕਵੇਂ ਹਥਿਆਰ ਮਿਲਣ ਕਾਰਨ ਦੋਸ਼ੀ ਠਹਿਰਾਇਆ ਗਿਆ ਤੇ ਉਸਨੂੰ ਐਬਸਫੋਰਡ ਵਿਖੇ ਹਿਰਾਸਤ ਵਿਚ ਰੱਖਿਆ। ਅਧਿਕਾਰੀਆਂ ਨੇ ਜਾਣ ਬੁਝ ਕੇ ਝੂਠੇ ਕੇਸ ਬਣਾਏ ਅਤੇ ਕੇਸ ਬਣਾ ਕੇ ਹਿਰਾਸਤ ਵਿਚ ਰੱਖਿਆ। ਸੰਬੰਧਤ ਅਧਿਕਾਰੀ ਅਜਿਹੀ ਕੋਈ ਗੱਲ ਸਾਬਤ ਨਹੀਂ ਕਰ ਸਕੇ ਕਿ ਸੁਮਸ ਵਿਖੇ ਫੜੇ ਗਏ ਸਿੱਖ ਨੇਤਾਵਾਂ ਪਾਸ ਹਥਿਆਰ

59. Malcolm Reid to W.D. Scott. July 18, 1914, *Stevens' File*, p. 533.
60. *Ibid.*

ਸਨ। ਜੋ ਵਿਅਕਤੀ ਐਬਸਫੋਰਡ ਵਿਖੇ ਹਿਰਾਸਤ 'ਚ ਰੱਖਿਆ, ਉਸ ਬਾਰੇ ਸੂਬੇ ਦੀ ਪੁਲਿਸ, ਜੋ ਵਿਕਟੋਰੀਆ ਵਿਖੇ ਸਥਿਤ ਸੀ, ਨੇ ਹੇਠ ਲਿਖੀ ਰਿਪੋਰਟ 'ਚ ਉਸਦੀ ਪਹਿਚਾਨ ਕਰਾਈ :

> "ਵੈਨਕੂਵਰ ਦਾ ਇਕ ਜਾਣਿਆ-ਪਹਿਚਾਣਿਆ ਬਾਗ਼ੀ ਹਿੰਦੂ ਐਬਸਫੋਰਡ ਵਿਖੇ ਬੰਦੀ ਹੈ। ਜਦ ਉਸਨੂੰ ਇਥੋਂ ਹਥਿਆਰ ਨਾ ਮਿਲੇ ਤਾਂ ਹੱਦ ਟੱਪ ਕੇ ਅਮਰੀਕਾ ਚਲਾ ਗਿਆ। ਸੁਮਸ ਵਿਖੇ ਉਸਨੇ ਹਥਿਆਰ ਖ਼ਰੀਦੇ। ਹਥਿਆਰ ਖ਼ਰੀਦ ਕੇ ਜਦੋਂ ਹੱਦ ਟੱਪੀ ਤਾਂ ਫੜਿਆ ਗਿਆ, ਹੁਣ ਐਬਸਫੋਰਡ ਵਿਖੇ ਸੂਬਾਈ ਜੇਲ੍ਹ ਵਿਚ ਹੈ। ਆਪਦੇ ਅਫ਼ਸਰਾਂ ਨੂੰ ਹਦਾਇਤ ਕਰੋ ਕਿ ਜਿੰਨਾ ਚਿਰ ਮੈਂ ਵਕੀਲ ਨੂੰ ਨਾਲ ਲੈ ਕੇ ਉਥੇ ਨਹੀਂ ਪਹੁੰਚ ਜਾਂਦਾ, ਉਸਨੂੰ ਹਿਰਾਸਤ ਵਿਚ ਰੱਖਣ। ਕਾਮਾਗਾਟਾਮਾਰੂ ਦੇ ਚੱਕਰ 'ਚ ਮੈਂ ਬਹੁਤ ਰੁੱਝਿਆ ਹੋਇਆ ਹਾਂ। ਪੁਲਿਸ ਨੂੰ ਕਹੋ ਕਿ ਉਸ ਉਪਰ ਹਥਿਆਰ ਛੁਪਾ ਕੇ ਲੈ ਜਾਣ ਦਾ ਅਤੇ ਕਸਟਮ ਨਾ ਕਰਾਉਣ ਦਾ ਕੇਸ ਪਾ ਦੇਣ।"[61]

ਇਮੀਗ੍ਰੇਸ਼ਨ ਮਹਿਕਮੇ ਦੇ ਸਾਰੇ ਲੋਕ ਕਾਮਾਗਾਟਾਮਾਰੂ ਅਤੇ ਇਸਦੇ ਮੁਸਾਫ਼ਰਾਂ ਨੂੰ ਡੀਪੋਰਟ (ਜਬਰੀ ਵਾਪਸ ਭੇਜਣ) ਦੀ ਯੋਜਨਾ ਬਣਾ ਰਹੇ ਸਨ, ਦੂਜੇ ਪਾਸੇ ਸਿੱਖ ਭਾਈਚਾਰਾ ਕਾਮਾਗਾਟਾਮਾਰੂ ਖ਼ਾਤਰ ਘੋਲ ਕਰਦੇ ਬਹੁਤ ਨਿਰਾਸ਼ ਸਨ। ਇਸ ਤੋਂ ਬਿਨਾਂ ਉਨ੍ਹਾਂ ਦੇ ਨੇਤਾ ਲੋਕਾਂ ਨੂੰ ਹਿਰਾਸਤ 'ਚ ਰੱਖਣ ਕਾਰਨ ਵੀ ਦੁਖੀ ਸਨ। ਕੈਨੇਡਾ ਦੀ ਸਰਕਾਰ ਛੋਟੇ ਜਿਹੇ ਸਿੱਖ ਭਾਈਚਾਰੇ ਤੇ ਮੁਸਾਫ਼ਰਾਂ ਨੂੰ ਤੰਗ ਕਰਨ ਲਈ ਬਹੁਤ ਕੁਝ ਕਰ ਰਹੀ ਸੀ। ਹੁਣ ਕਾਮਾਗਾਟਾਮਾਰੂ ਦੁਖਾਂਤ ਦਾ ਅਖ਼ੀਰਲਾ ਸਮਾਂ ਹੀ ਸੀ। 18 ਜੁਲਾਈ, 1914 ਨੂੰ ਮੁਸਾਫ਼ਰਾਂ ਨੇ ਕੈਨੇਡਾ ਦੇ ਗਵਰਨਰ ਜਨਰਲ ਨੂੰ ਇਕ ਤਾਰ ਭੇਜੀ, ਜਿਸ ਵਿਚ ਉਨ੍ਹਾਂ ਨੇ ਤਰਲਾ ਕੀਤਾ ਕਿ ਉਨ੍ਹਾਂ ਦੇ ਕੇਸ ਨੂੰ ਰਹਿਮ ਕਰਕੇ ਦੋਬਾਰਾ ਵਿਚਾਰਿਆ ਜਾਵੇ। ਉਨ੍ਹਾਂ ਨੇ ਯਾਦ ਕਰਾਇਆ, ਜਦੋਂ ਉਨ੍ਹਾਂ ਦਾ ਜਹਾਜ਼ ਹਾਂਗਕਾਂਗ ਤੋਂ ਚੱਲਣ ਲਈ ਤਿਆਰ ਸੀ, ਤਾਂ ਉਥੋਂ ਦੇ ਗਵਰਨਰ ਨੇ ਕੈਨੇਡਾ ਸਰਕਾਰ ਦੇ ਗਵਰਨਰ ਜਨਰਲ ਤੋਂ ਇਮੀਗ੍ਰੇਸ਼ਨ ਦੇ ਕਾਨੂੰਨਾਂ ਬਾਬਤ ਜਾਨਣ ਲਈ ਇਕ ਹਫ਼ਤਾ ਜਹਾਜ਼ ਨੂੰ ਰੋਕੀ ਰੱਖਿਆ। ਉਨ੍ਹਾਂ ਨੇ ਪ੍ਰਗਟਾਇਆ ਕਿ ਇਸ ਨਾਲੋਂ ਬਹੁਤ ਹੀ ਚੰਗਾ ਹੁੰਦਾ ਜੇ ਕੈਨੇਡਾ ਸਰਕਾਰ ਸਾਨੂੰ ਹਾਂਗਕਾਂਗ ਤੋਂ ਕੈਨੇਡਾ ਵੱਲ ਨੂੰ ਚੱਲਣ ਦੀ ਆਗਿਆ ਨਾ ਦਿੰਦੀ, ਭਾਵ ਜਹਾਜ਼ ਨੂੰ ਉਥੇ ਹੀ ਰੋਕ ਦਿੱਤਾ ਜਾਂਦਾ। ਇਸਦੇ ਨਾਲ ਉਨ੍ਹਾਂ ਇਹ ਵੀ ਕਿਹਾ ਕਿ ਇਸ ਤੋਂ ਵੱਧ ਨਾਮੋਸ਼ੀ ਕੀ ਹੋ ਸਕਦੀ ਹੈ ਜਦ ਉਨ੍ਹਾਂ ਦੇ ਚਾਰਟਰਰ ਗੁਰਦਿਤ ਸਿੰਘ ਨੂੰ ਆਪਣੇ ਵਕੀਲ ਨਾਲ ਵੀ ਮਿਲਣ ਨਹੀਂ ਦਿੱਤਾ ਅਤੇ ਆਪਣੇ ਹੀ ਹਮਵਤਨੀਆਂ ਨਾਲ ਗੱਲ ਨਹੀਂ ਕਰਨ ਦਿੱਤੀ। ਆਖ਼ਰ 'ਚ ਉਨ੍ਹਾਂ ਨੇ ਕਿਹਾ ਕਿ ਉਹ ਕਿਸਾਨ ਸਨ ਅਤੇ ਉਨ੍ਹਾਂ ਨੂੰ ਭਰੋਸਾ ਹੈ ਕਿ ਕੈਨੇਡਾ ਦੇ ਭਾਈਚਾਰੇ ਦੇ ਲੋਕ ਕੋਈ ਜ਼ਮੀਨ ਖ਼ਰੀਦਣ ਵਿਚ ਸਹਿਯੋਗ ਦੇਣਗੇ, ਜਿਥੇ ਉਹ ਆਪਣਾ ਜੀਵਨ ਨਿਰਬਾਹ ਕਰ ਸਕਦੇ ਹਨ। ਉਨ੍ਹਾਂ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਇਸ ਸੰਕਟ ਕਾਰਨ

61. Malcolm Reid to W.D. Scott, July 18, 1914, *Stevens' File*, p. 533.

ਉਹ 35,000 ਡਾਲਰ ਖ਼ਰਚ ਚੁੱਕੇ ਹਨ ਅਤੇ ਉਨ੍ਹਾਂ ਨੇ ਰਹਿਮ ਕਰਨ ਲਈ ਅਪੀਲ ਕੀਤੀ ਕਿਉਂਕਿ ਦੋ ਮਹੀਨਿਆਂ ਤੋਂ ਕੈਦੀਆਂ ਵਾਂਗ ਰਹਿ ਰਹੇ ਹਨ।[62]

ਜਹਾਜ਼ ਦੇ ਸਾਰੇ ਮੁਸਾਫ਼ਰ ਮੁਸੀਬਤਾਂ ਝੱਲਦੇ ਝੱਲਦੇ ਅੱਕ ਗਏ ਸਨ। ਤਾਹੀਓਂ, ਉਨ੍ਹਾਂ ਰਹਿਮ ਲਈ ਬਹੁਤ ਅਪੀਲਾਂ ਕੀਤੀਆਂ। ਦੂਜੇ ਪਾਸੇ ਕੈਨੇਡਾ ਦੀ ਸਰਕਾਰ ਆਪਣੇ ਇਰਾਦੇ 'ਚ ਪੱਕੀ ਸੀ ਅਤੇ ਰਹਿਮ ਜਾਂ ਤਰਸ ਕਰਨ ਪ੍ਰਤੀ ਕੋਈ ਝੁਕਾਅ ਦੀ ਉਮੀਦ ਨਹੀਂ ਸੀ। ਸਗੋਂ ਸਰਕਾਰ ਜਲਦੀ ਤੋਂ ਜਲਦੀ ਇਸ ਕਾਮਾਗਾਟਾਮਾਰੂ ਦੇ ਸੰਕਟ ਤੋਂ ਮੁਕਤ ਹੋਣਾ ਲੋੜਦੀ ਸੀ। ਹੁਣ ਇਮੀਗ੍ਰੇਸ਼ਨ ਵਿਭਾਗ ਤੇ ਸਰਕਾਰ ਕੋਈ ਯੋਜਨਾ ਘੜ ਰਹੀ ਸੀ, ਜਿਸ ਨਾਲ ਕਾਮਾਗਾਟਾਮਾਰੂ ਨੂੰ ਧੱਕੇ ਨਾਲ ਤੋਰ ਦਿੱਤਾ ਜਾਵੇ। ਭਾਵੇਂ ਮੁਸਾਫ਼ਰ ਆਪਣੀ ਕਾਨੂੰਨੀ ਜੰਗ ਹਾਰ ਚੁੱਕੇ ਸਨ, ਪਰ ਉਹ ਜਹਾਜ਼ ਦੇ ਮੈਦਾਨੀ ਜੰਗ 'ਚ ਹਾਲਾਂ ਵੀ ਡਟੇ ਹੋਏ ਸਨ ਅਤੇ ਉਹ ਵੀ ਹਥਿਆਰ ਸੁੱਟਣ ਲਈ ਤਿਆਰ ਨਹੀਂ ਸਨ। ਉਨ੍ਹਾਂ ਨੇ ਇਮੀਗ੍ਰੇਸ਼ਨ ਵਿਭਾਗ ਅੱਗੇ ਕੁਝ ਆਪਣੀਆਂ ਮੰਗਾਂ ਰੱਖੀਆਂ।[63]

ਮੁਸਾਫ਼ਰਾਂ ਪਾਸ ਖਾਧ-ਖੁਰਾਕ ਤੇ ਪਾਣੀ ਤਕਰੀਬਨ ਖ਼ਤਮ ਹੀ ਸੀ। ਉਨ੍ਹਾਂ ਨੇ ਖਾਣ-ਪੀਣ ਤੇ ਪਾਣੀ ਦੀ ਮੰਗ ਕੀਤੀ। ਪਰ ਇਮੀਗ੍ਰੇਸ਼ਨ ਵਾਲੇ ਸਮਝਦੇ ਸਨ ਕਿ ਮੁਸਾਫ਼ਰਾਂ ਪਾਸ ਖਾਣ-ਪੀਣ ਦਾ ਸਾਮਾਨ ਤੇ ਪਾਣੀ ਦੀ ਥੁੜ ਨਹੀਂ ਹੈ। ਇਸਦੇ ਨਾਲ ਇਮੀਗ੍ਰੇਸ਼ਨ ਵਾਲੇ ਰਤੀ ਤਰਸ ਵੀ ਨਹੀਂ ਕਰਦੇ ਸਨ, ਜਿਸ ਕਾਰਨ ਉਨ੍ਹਾਂ ਖ਼ੁਰਾਕ ਤੇ ਪਾਣੀ ਨਹੀਂ ਦਿੱਤਾ। ਉਨ੍ਹਾਂ ਅੱਗੋਂ ਕੈਨੇਡਾ ਦੇ ਗਵਰਨਰ ਜਨਰਲ ਨੂੰ ਵੀ ਆਖਿਆ ਕਿ ਮੁਸਾਫ਼ਰਾਂ ਦੀਆਂ ਮੰਗਾਂ 'ਤੇ ਵਿਚਾਰ ਕੀਤੀ ਜਾਵੇ।[64]

ਜਦੋਂ ਇਮੀਗ੍ਰੇਸ਼ਨ ਤੇ ਉੱਚ-ਅਧਿਕਾਰੀਆਂ ਦੀ ਆਪਸੀ ਗੱਲਬਾਤ ਨੂੰ ਦੇਖਦੇ ਹਾਂ, ਤਾਂ ਪ੍ਰਤੱਖ ਹੈ ਕਿ ਮੁਸਾਫ਼ਰਾਂ ਨੂੰ ਭੁੱਖੇ ਰੱਖਿਆ ਗਿਆ। ਸੰਭਵ ਹੈ ਕਿ ਇਸ ਤਰ੍ਹਾਂ ਕਰਨਾ ਵੀ ਸਾਜ਼ਿਸ਼ ਅਧੀਨ ਹੋਵੇ, ਤਾਂ ਜੋ ਮੁਸਾਫ਼ਰ ਅੱਕੇ ਹੋਣ ਕਾਰਨ, ਇਥੋਂ ਛੇਤੀ ਵਿਦਾਇਗੀ ਲੈਣ। ਵੈਨਕੂਵਰ ਦੇ ਲੋਕਲ ਅਧਿਕਾਰੀ ਤੇ ਇਮੀਗ੍ਰੇਸ਼ਨ ਵਿਭਾਗ ਵਾਲੇ ਅਸਲ ਤੱਥਾਂ ਨੂੰ ਛੁਪਾਉਂਦੇ ਸਨ ਅਤੇ ਕੇਂਦਰੀ ਅਧਿਕਾਰੀਆਂ ਨੂੰ ਗਲਤ ਜਾਂ ਝੂਠੀ ਜਾਣਕਾਰੀ ਦਿੰਦੇ। ਜਦੋਂ ਆਟਵਾ ਦੇ ਉੱਚ-ਅਧਿਕਾਰੀਆਂ ਨੇ ਮੁਸਾਫ਼ਰਾਂ ਨੂੰ ਖ਼ੁਰਾਕ ਤੇ ਪਾਣੀ ਦੇਣ ਲਈ ਕਿਹਾ ਤਾਂ ਲੋਕਲ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਨੇ ਮੁਸਾਫ਼ਰਾਂ ਨੂੰ ਪਾਣੀ ਤੇ ਖ਼ੁਰਾਕ ਪਹੁੰਚਾ ਦਿੱਤੀ ਹੈ, ਜਦੋਂ ਕਿ ਇਹ ਸਰਾਸਰ ਝੂਠ ਸੀ। ਇਥੋਂ ਤਕ ਕਿ ਇੰਡੀਆ ਦੇ ਸੈਕਟਰੀ ਆਫ਼ ਸਟੇਟ ਨੂੰ ਵੀ ਰੋਬਰਟਸਨ ਨੇ ਯਕੀਨ ਦੁਆਇਆ ਕਿ ਵੈਨਕੂਵਰ ਦੇ ਅਧਿਕਾਰੀਆਂ ਨੇ ਮੁਸਾਫ਼ਰਾਂ ਨੂੰ ਖਾਣ ਪੀਣ ਦਾ ਸਾਮਾਨ ਪਹੁੰਚਾ ਦਿੱਤਾ ਹੈ, ਅਸਲ ਵਿਚ ਮੁਸਾਫ਼ਰਾਂ ਨੂੰ ਪੀਣ ਲਈ ਪਾਣੀ ਤੇ ਖ਼ੁਰਾਕ ਨਹੀਂ ਦਿੱਤੀ ਗਈ।

---

62. Passengers to the Governor General, *Borden Papers*.
63. Josh, Sohan Singh, *Kamagatamaru da Dukhant*, Chandigarh, 1976, p. 73.
64. Secretary of State for India to the Governor General, July 16, 1914, *Governor General's Files*.

ਇਸ ਪਿੱਛੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਬੋਰਡਨ ਨੇ ਰੀਡ ਨੂੰ ਲਿਖੇ ਪੱਤਰ ਵਿਚ ਮੰਨਿਆ ਕਿ ਸਰਕਾਰ ਮੁਸਾਫ਼ਰਾਂ ਨੂੰ ਖਾਣ-ਪੀਣ ਦਾ ਸਾਮਾਨ ਦੇਵੇਗੀ ਕਿਉਂਕਿ ਜਹਾਜ਼ ਦਾ ਚਾਰਟਰਰ (ਗੁਰਦਿਤ ਸਿੰਘ) ਲਈ ਅਜਿਹਾ ਕਰਨਾ ਅਸੰਭਵ ਹੈ। ਇਹ ਵੀ ਸਪੱਸ਼ਟ ਹੈ ਕਿ ਖ਼ੁਰਾਕ ਆਦਿ ਦੇਣ ਵਿਚ ਮਾਲਕ ਦੀ ਕੋਈ ਜ਼ਿੰਮੇਵਾਰੀ ਨਹੀਂ ਸੀ। ਪ੍ਰਧਾਨ ਮੰਤਰੀ ਬੋਰਡਨ ਨੇ ਖ਼ੁਰਾਕ ਦੇਣ ਨਾਲ ਇਕ ਸ਼ਰਤ ਲਗਾ ਦਿੱਤੀ ਕਿ ਸਰਕਾਰ 4000 ਡਾਲਰ ਦਾ ਸਾਮਾਨ (ਖਾਣ-ਪੀਣ) ਤਾਂ ਪਹੁੰਚਾਵੇਗੀ, ਜੇ ਜਹਾਜ਼ ਵੈਨਕੂਵਰ ਨੂੰ ਛੱਡ ਜਾਵੇ।[65]

ਵਕੀਲ ਬਰਡ ਨੇ ਰੀਡ ਨੂੰ ਇਕ ਕਾਨੂੰਨੀ ਨੁਕਤੇ 'ਤੇ ਵਿਚਾਰ ਕਰਨ ਲਈ ਕਿਹਾ ਕਿ ਇਮੀਗ੍ਰੇਸ਼ਨ ਐਕਟ 44 ਅਤੇ 45 ਅਨੁਸਾਰ ਮੁਸਾਫ਼ਰਾਂ ਨੂੰ ਛੋਟ ਦੇਵੇ ਅਤੇ ਸਭ ਦਾ ਵਾਪਸੀ ਦਾ ਕਿਰਾਇਆ ਦਿੱਤਾ ਜਾਵੇ। ਗੁਰਦਿਤ ਸਿੰਘ ਤੇ ਮੁਸਾਫ਼ਰ ਚਾਹੁੰਦੇ ਸਨ ਕਿ ਜਹਾਜ਼ ਨੂੰ ਬੰਦਰਗਾਹ 'ਤੇ ਲੱਗਣ ਦਿੱਤਾ ਜਾਵੇ ਤਾਂ ਜੋ ਉਸ ਵਿਚ ਲੱਦਿਆ ਕੋਲਾ ਲਾਹਿਆ ਜਾ ਸਕੇ, ਪਰ ਰੀਡ ਨੇ ਇਸ ਮੰਗ ਨੂੰ ਠੁਕਰਾ ਦਿੱਤਾ ਅਤੇ ਵਕੀਲ ਬਰਡ ਦੇ ਸੁਝਾਅ ਨੂੰ ਵੀ ਅਪਰਵਾਨ ਕੀਤਾ। ਰੀਡ ਨੇ ਬਰਡ ਵੱਲੋਂ ਦਿੱਤੇ ਸੁਝਾਅ ਬਾਰੇ ਆਪਣੇ ਉੱਚ-ਅਧਿਕਾਰੀਆਂ ਨੂੰ ਦੱਸਿਆ। ਹੁਣ ਲੋਕਲ ਅਧਿਕਾਰੀਆਂ ਨੇ ਵਕੀਲ ਬਰਡ ਨੂੰ ਗੁਰਦਿਤ ਸਿੰਘ ਨਾਲ ਮਿਲਣ ਦੀ ਆਗਿਆ ਦਿੱਤੀ। ਇਸ ਮੌਕੇ ਜਹਾਜ਼ ਦੀ ਕਮੇਟੀ ਨੇ ਸਰਬ-ਸੰਮਤੀ ਨਾਲ ਬੋਰਡ ਆਫ਼ ਇਨਕੁਆਰੀ ਦੇ ਫ਼ੈਸਲੇ ਨੂੰ ਰੱਦ ਕਰ ਦਿੱਤਾ।[66]

ਵੈਨਕੂਵਰ ਦਾ ਭਾਰਤੀ ਭਾਈਚਾਰਾ, ਇਸ ਦੁਖਾਂਤ ਨੂੰ ਹੰਢਾਉਂਦਾ ਪੂਰੀ ਤਰ੍ਹਾਂ ਥੱਕ ਚੁੱਕਾ ਸੀ। ਉਨ੍ਹਾਂ ਪਾਸ ਇਤਨੀ ਸਮਰੱਥਾ ਵੀ ਨਹੀਂ ਸੀ ਕਿ ਉਹ ਮੁਸਾਫ਼ਰਾਂ ਲਈ ਰਾਸ਼ਣ-ਪਾਣੀ ਖ਼ਰੀਦ ਕੇ ਦੇ ਸਕਣ, ਜਦੋਂ ਕਿ ਵਾਪਸ ਜਾਣ ਲਈ ਉਨ੍ਹਾਂ ਨੂੰ ਕਾਫ਼ੀ ਸਾਮਾਨ ਦੀ ਲੋੜ ਸੀ। ਆਖ਼ਰ ਬਾਬਾ ਗੁਰਦਿਤ ਸਿੰਘ ਨੇ ਆਪਣੀ ਬੈਂਕ ਦੀ ਕਾਪੀ ਵੀ ਦਿਖਾ ਦਿੱਤੀ ਅਤੇ ਇਹ ਵੀ ਦੱਸ ਦਿੱਤਾ ਕਿ ਉਸਨੇ ਕੋਬੇ ਦੀ ਬੈਂਕ ਵਿਚ 900 ਡਾਲਰ ਜਮ੍ਹਾਂ ਕਰਾਏ ਸਨ।[67] ਵਕੀਲ ਬਰਨ ਨੂੰ ਅਖ਼ਬਾਰਾਂ ਵਾਲਿਆਂ ਨਾਲ ਖੁੱਲ੍ਹੀ ਗੱਲਬਾਤ ਕਰਨ ਦਾ ਮੌਕਾ ਮਿਲਿਆ ਅਤੇ ਉਸਨੇ ਕਾਮਾਗਾਟਾਮਾਰੂ ਬਾਰੇ ਪੂਰੇ ਵਿਸਥਾਰ ਵਿਚ ਦੱਸਿਆ।[68] ਬਰਡ ਨੇ ਕਾਮਾਗਾਟਾਮਾਰੂ ਅਤੇ ਇਸਦੇ ਮੁਸਾਫ਼ਰਾਂ ਦੇ ਇਥੇ ਆਉਣ ਦੇ ਕਾਰਨਾਂ ਨੂੰ ਸਪੱਸ਼ਟ ਰੂਪ ਵਿਚ ਦੱਸਿਆ। ਉਸਨੇ ਕਿਹਾ ਕਿ ਮੁਸਾਫ਼ਰਾਂ ਨੇ ਆਪਣੀ ਯਾਤਰਾ ਆਰੰਭ ਕਰਨ ਸਮੇਂ ਹਾਂਗਕਾਂਗ ਦੇ ਕਾਨੂੰਨੀ ਮਾਹਿਰਾਂ ਤੋਂ ਕਾਨੂੰਨੀ ਪੁੱਛ-ਗਿੱਛ ਕੀਤੀ ਅਤੇ ਉਨ੍ਹਾਂ ਦੀ ਸਲਾਹ ਨਾਲ ਹੀ ਯਾਤਰਾ ਦੀ ਯੋਜਨਾ ਬਣਾਈ ਗਈ ਸੀ। ਦੂਸਰਾ, ਹਾਂਗਕਾਂਗ ਦੇ ਗਵਰਨਰ ਨੇ ਆਟਵਾ ਦੇ ਗਵਰਨਰ ਜਨਰਲ ਨੂੰ ਵਿਸ਼ੇਸ਼ ਤਾਰ

65. Governor General to Parley (Govt. House, London), July 17, 1914, *Governor General's Files.*
66. Malcolm Reid to W.D. Scott. *Stevens' File,* p. 409.
67. *Ibid.*
68. *Ibid.*

ਭੇਜੀ, ਜਿਸ ਵਿਚ ਉਸਨੇ ਕੈਨੇਡਾ ਦੀ ਇਮੀਗ੍ਰੇਸ਼ਨ ਨੀਤੀਆਂ ਬਾਰੇ ਜਾਨਣ ਉਪਰੰਤ ਕੈਨੇਡਾ ਵੱਲ ਜਾਣ ਲਈ ਆਗਿਆ ਮੰਗੀ ਪਰ ਕੈਨੇਡਾ ਦੇ ਉੱਚ-ਅਧਿਕਾਰੀ ਜਾਂ ਗਵਰਨਰ ਜਨਰਲ ਨੇ ਹਾਂਗਕਾਂਗ ਦੇ ਗਵਰਨਰ ਵੱਲੋਂ ਭੇਜੀ ਤਾਰ ਦੀ ਕੋਈ ਪਰਵਾਹ ਹੀ ਨਹੀਂ ਕੀਤੀ, ਭਾਵ ਉਸ ਵੱਲੋਂ ਪੁੱਛੇ ਸਵਾਲਾਂ ਦਾ ਕੋਈ ਉੱਤਰ ਨਾ ਦਿੱਤਾ। ਜਿਸ ਕਾਰਨ ਕੈਨੇਡਾ ਵੱਲੋਂ ਉੱਤਰ ਦੀ ਉਡੀਕ ਕਰਕੇ ਉਹ ਹਾਂਗਕਾਂਗ ਤੋਂ ਚੱਲ ਪਏ। ਦੂਸਰੇ ਪਾਸੇ ਰੀਡ ਨੂੰ ਬਰਡ ਵੱਲੋਂ ਅਖ਼ਬਾਰਾਂ ਵਾਲਿਆਂ ਨਾਲ ਖੁੱਲ੍ਹੀ ਗੱਲਬਾਤ ਕਰਨ 'ਤੇ ਚੰਗਾ ਨਾ ਲੱਗਿਆ ਕਿਉਂਕਿ ਉਹ ਸੋਚਦਾ ਸੀ ਕਿ ਬਰਡ ਵੱਲੋਂ ਲੋਕਾਂ ਦੀ ਹਮਦਰਦੀ ਜਿੱਤਣ ਲਈ ਹੀ ਅਜਿਹਾ ਕੀਤਾ ਜਾ ਰਿਹਾ ਸੀ।[69]

ਜਿਵੇਂ ਪਹਿਲਾਂ ਵੀ ਦੱਸਿਆ ਗਿਆ ਹੈ ਕਿ ਸਰਕਾਰ ਤੇ ਇਮੀਗ੍ਰੇਸ਼ਨ ਵਿਭਾਗ ਵੱਲੋਂ ਕਾਮਾਗਾਟਾਮਾਰੂ ਜਹਾਜ਼ ਤੇ ਇਸਦੇ ਮੁਸਾਫ਼ਰਾਂ ਨੂੰ ਜਬਰੀ ਵਾਪਸ ਭੇਜਣ ਲਈ ਵਿਉਂਤਬੰਦੀ ਕੀਤੀ ਜਾ ਰਹੀ ਸੀ। ਇਸ ਕਰਕੇ ਹੀ ਰੀਡ ਨੇ ਜਹਾਜ਼ ਦੇ ਕਪਤਾਨ ਯਮਾਟੋ ਨੂੰ ਜਹਾਜ਼ ਵਾਪਸ ਲੈ ਜਾਣ ਦਾ ਹੁਕਮ ਦਿੱਤਾ ਅਤੇ ਇਸ ਹੁਕਮ ਨੂੰ ਮੰਨਣ ਲਈ ਆਖਿਆ। ਉਸਨੇ ਇਮੀਗ੍ਰੇਸ਼ਨ ਦੇ ਸਹਾਇਕ ਸੁਪਰਡੈਂਟ ਰੌਬਰਟਸਨ ਨੂੰ ਜਹਾਜ਼ ਸੰਬੰਧੀ ਸਾਰੀ ਜਾਣਕਾਰੀ ਦਿੱਤੀ, ਜੋ ਹੇਠ ਲਿਖੀ ਹੈ:

"ਕਪਤਾਨ ਯਮਾਟੋ ਤੇ ਇੰਜੀਨੀਅਰ 5.15 'ਤੇ ਜਹਾਜ਼ 'ਤੇ ਚੜ੍ਹੇ, ਜਿਸਨੇ 6 ਵਜੇ ਤਕ ਜਹਾਜ਼ ਨੂੰ ਜਬਰੀ ਲੈ ਜਾਣ ਦਾ ਹੁਕਮ ਦਿੱਤਾ ਹੋਇਆ ਹੈ, ਨਹੀਂ ਤਾਂ ਪ੍ਰਧਾਨ ਮੰਤਰੀ, ਬੋਰਡਨ ਤੇ ਟੱਪਰ ਵਿਚਕਾਰ ਹੋਏ ਸਮਝੌਤੇ ਵਾਲੀ ਗੱਲਬਾਤ ਖ਼ਤਮ ਹੋ ਜਾਵੇਗੀ, ਜੇ ਜਹਾਜ਼ ਨੂੰ ਗਰਮ ਨਾ ਕੀਤਾ। ਜਹਾਜ਼ ਦੀ ਤਿਆਰੀ 'ਤੇ ਇਕ ਰੌਕਟ ਚਲਾਇਆ ਜਾਵੇਗਾ ਅਤੇ ਲੋਕਲ ਅਧਿਕਾਰੀਆਂ ਨੂੰ ਵਿਸ਼ੇਸ਼ ਗਾਰਡ ਜਹਾਜ਼ 'ਤੇ ਭੇਜਣ ਲਈ ਕਿਹਾ ਗਿਆ।

ਕਪਤਾਨ ਨੇ ਜਹਾਜ਼ ਨੂੰ ਗਰਮ ਕਰਨ ਲਈ ਤਿਆਰੀ ਕੀਤੀ ਤਾਂ ਜੋ ਸਟੀਮ ਬਣ ਜਾਵੇ, ਪਰ ਮੁਸਾਫ਼ਰਾਂ ਨੇ ਉਸਨੂੰ ਅਜਿਹਾ ਕਰਨ ਤੋਂ ਵਰਜ ਦਿੱਤਾ। ਉਸਨੇ ਪੁਲਿਸ ਚੀਫ਼ ਨੂੰ ਮਦਦ ਲਈ ਬੇਨਤੀ ਕੀਤੀ, ਜਿਸ ਨੂੰ ਰੀਡ ਨੇ ਸਕਾਟ ਨੂੰ ਇਸ ਬਾਰੇ ਹੇਠ ਲਿਖੇ ਸ਼ਬਦਾਂ ਦੁਆਰਾ ਖ਼ਬਰ ਭੇਜੀ:

"ਕੈਪਟਨ ਯਮਾਟੋ ਨੇ ਪੁਲਿਸ ਦੇ ਮੁਖੀ ਨੂੰ ਪੱਤਰ ਦੁਆਰਾ ਕੁਝ ਪੁਲਿਸ ਦੇ ਆਦਮੀਆਂ ਦੀ ਲੋੜ ਪ੍ਰਗਟਾਈ, ਜੋ ਜਲਦੀ ਤੋਂ ਜਲਦੀ ਜਹਾਜ਼ 'ਤੇ ਪਹੁੰਚਣ। ਚਾਲ੍ਹੀ ਪੁਲਿਸ ਦੇ ਆਦਮੀ 12-30 ਵਜੇ ਤੜਕੇ ਪਹੁੰਚ ਰਹੇ ਹਨ ਅਤੇ ਮੇਰੇ ਪਾਸ ਪੈਂਤੀ ਵਿਸ਼ੇਸ਼ ਪੁਲਿਸ ਆਫ਼ੀਸਰ ਹਨ ਜੋ ਕਿ ਹਥਿਆਰਾਂ ਨਾਲ ਲੈਸ ਹਨ। ਸਮੁੰਦਰੀ ਸ਼ੇਰ (Sea-lion) ਜਹਾਜ਼ 'ਤੇ ਖਾਣ-ਪੀਣ ਦਾ ਸਾਮਾਨ ਲੱਦਿਆ ਹੋਇਆ ਹੈ ਤੇ ਅਸੀਂ 1-00 ਵਜੇ ਜਹਾਜ਼ 'ਤੇ ਚੜ੍ਹਾਂਗੇ। ਐਤਵਾਰ ਸਵੇਰ ਨੂੰ ਸਟੀਮ ਪੈਦਾ ਕਰ ਕੇ ਜਹਾਜ਼ ਸਮੁੰਦਰ ਵੱਲ ਨੂੰ ਧੱਕ ਦੇਵਾਂਗੇ।[70]

ਉਪਰੋਕਤ ਖ਼ਬਰ ਜਾਂ ਸੂਚਨਾ ਵਿਚ ਜਦੋਂ ਰੀਡ ਆਖਦਾ ਹੈ ਕਿ ਸਾਮਾਨ

---

69. Malcolm Reid to W.D. Scott, July 8, 1914, *Stevens' File*.
70. E. Black Robertson to Robert Borden (P.M.), July 20, 1914, *Borden Papers*.

ਲੱਦਿਆ ਹੋਇਆ ਹੈ, ਤਾਂ ਇਹ ਸਪੱਸ਼ਟ ਹੈ ਕਿ ਖਾਣ-ਪੀਣ ਦਾ ਸਾਮਾਨ 'ਸੀ ਲਾਇਨ' ਉੱਤੇ ਰੱਖਿਆ ਹੋਇਆ ਸੀ ਨਾ ਕਿ ਕਾਮਾਗਾਟਾਮਾਰੂ ਵਿਚ। ਉਨ੍ਹਾਂ ਵੱਲੋਂ ਖਾਣ-ਪੀਣ ਵਾਲਾ ਸਾਮਾਨ ਲੈ ਜਾਣ ਦਾ ਦੋਹਰਾ ਮੰਤਵ ਸੀ। ਜੇਕਰ ਉਹ ਧੱਕੇ ਨਾਲ ਕਾਮਾਗਾਟਾਮਾਰੂ ਨੂੰ ਤੋਰਨ ਵਿਚ ਸਫਲ ਨਾ ਹੁੰਦੇ ਤਾਂ ਉਨ੍ਹਾਂ ਆਪਣੀਆਂ ਅੰਦਰੂਨੀ ਨੀਤੀ ਨੂੰ ਛੁਪਾਉਣ ਹਿੱਤ ਆਖਣਾ ਸੀ ਕਿ ਉਨ੍ਹਾਂ ਦਾ ਜਹਾਜ਼ ਨੂੰ ਜਬਰੀ ਤੋਰਨ ਦਾ ਕੋਈ ਇਰਾਦਾ ਨਹੀਂ ਸੀ, ਸਗੋਂ ਉਹ ਤਾਂ ਮੁਸਾਫ਼ਰਾਂ ਨੂੰ ਰਾਸ਼ਨ ਪਾਣੀ ਪਹੁੰਚਾਉਣਾ ਚਾਹੁੰਦੇ ਸਨ। ਪਰ ਉਨ੍ਹਾਂ ਦੀਆਂ ਕੂਟਲ-ਨੀਤੀਆਂ ਬਾਰੇ ਸਭ ਨੂੰ ਪਤਾ ਸੀ ਕਿ ਉਹ ਕੀ ਕਰਨਾ ਚਾਹੁੰਦੇ ਸਨ।

ਜਦੋਂ ਕੈਪਟਨ ਵੱਲੋਂ ਲਿਖੀ ਚਿੱਠੀ ਹਾਪਕਿਨਸਨ ਨੂੰ ਮਿਲੀ ਤਾਂ ਉਸਨੇ ਬਤੌਰ ਸਮਝੌਤਾ ਕਰਾਉਣ ਵਾਲਾ ਬਣ ਕੇ ਜਹਾਜ਼ 'ਤੇ ਚੜ੍ਹਨਾ ਚਾਹਿਆ, ਪਰ ਮੁਸਾਫ਼ਰਾਂ ਨੇ ਉਸਨੂੰ ਰੋਕ ਦਿੱਤਾ। ਜਦੋਂ ਹਥਿਆਰਾਂ ਨਾਲ ਲੈਸ ਪੁਲਿਸ ਨੇ ਜਹਾਜ਼ 'ਸੀ ਲਾਇਨ' ਤੋਂ ਕਾਮਾਗਾਟਾਮਾਰੂ ਜਹਾਜ਼ 'ਤੇ ਚੜ੍ਹਨ ਦਾ ਜਤਨ ਕੀਤਾ, ਤਾਂ ਉਨ੍ਹਾਂ ਨੂੰ ਜਹਾਜ ਦੇ ਮੁਸਾਫ਼ਰਾਂ ਨੇ ਸੰਭਵ ਨਾ ਹੋਣ ਦਿੱਤਾ, ਸਗੋਂ ਕੋਲੇ, ਲੋਹੇ ਦੇ ਸਰੀਏ, ਟੁੱਟੇ ਭੱਜੇ ਮਸ਼ੀਨੀ ਪੁਰਜ਼ਿਆਂ ਨਾਲ ਹਮਲਾ ਕਰ ਦਿੱਤਾ। ਅੱਕੇ ਹੋਏ ਮੁਸਾਫ਼ਰਾਂ ਨੇ 'ਸੀ ਲਾਈਨ' ਦੇ ਚਾਰੇ ਪਾਸਿਓਂ ਧਾਵਾ ਬੋਲ ਕੇ ਉਸਦੀਆਂ ਖਿੜਕੀਆਂ ਵੀ ਭੰਨ ਸੁੱਟੀਆਂ। ਪੁਲਿਸ ਫੱਟੜ ਹੋਈ ਤੇ ਵਿਸ਼ੇਸ਼ ਕਰਕੇ ਪੁਲਿਸ ਮੁਖੀ ਦੀਆਂ ਦੋ ਪਸਲੀਆਂ ਟੁੱਟ ਗਈਆਂ। ਰੀਡ ਨੇ ਸਾਰੀ ਘਟਨਾ ਦਾ ਵੇਰਵਾ ਸੁਪਰਡੈਂਟ ਸਕਾਟ ਨੂੰ ਦਿੱਤਾ :

> "ਅਸੀਂ ਰਾਤ ਨੂੰ ਕਾਮਾਗਾਟਾਮਾਰੂ 'ਤੇ ਕਬਜ਼ਾ ਕਰਨ ਲਈ ਜਤਨ ਕੀਤਾ ਅਤੇ ਸਾਡੇ ਨਾਲ ਖ਼ੁਦ ਪੁਲਿਸ ਦਾ ਮੁਖੀ ਵੀ ਸੀ। ਪੁਲਿਸ ਦੇ ਕੁਲ 125 ਅਫ਼ਸਰ ਸਨ ਤੇ 35 ਵਿਸ਼ੇਸ਼ ਅਫ਼ਸਰ ਤੇ ਹੋਰ ਸਟਾਫ਼, ਉਪਰੰਤ ਕਾਨੂੰਨੀ ਮਾਹਰ ਲੈਡਨਰ ਤੇ ਪਾਰਲੀਮੈਂਟ ਦਾ ਮੈਂਬਰ ਐਚ.ਐਚ. ਸਟੀਵਨਜ਼ ਵੀ ਸਾਡੇ ਨਾਲ ਸੀ। ਅਸੀਂ ਇਹ ਸਭ ਕੁਝ ਕੈਪਟਨ ਵੱਲੋਂ ਲਿਖਤੀ ਚਿੱਠੀ ਮਿਲਣ 'ਤੇ ਕੀਤਾ, ਜੋ ਕਿ ਜਹਾਜ਼ ਨੂੰ ਗਰਮ ਕਰਨ ਤੋਂ ਵੀ ਅਸਮਰੱਥ ਸੀ। ਇਸ ਜਤਨ ਤੋਂ ਪਹਿਲਾਂ ਹਾਪਕਿਨਸਨ ਨੇ ਮੁਆਮਲਾ ਸੁਲਝਾਉਣ ਦਾ ਜਤਨ ਕੀਤਾ, ਪਰ ਮੁਸਾਫ਼ਰਾਂ ਨੇ ਕਿਸੇ ਨੂੰ ਵੀ ਨੇੜੇ ਨਹੀਂ ਲੱਗਣ ਦਿੱਤਾ। ਸਗੋਂ ਉਨ੍ਹਾਂ ਨੇ ਕਿਹਾ ਕਿ ਬਿਨਾਂ ਭਾਗ ਸਿੰਘ ਤੇ ਰਹੀਮ ਦੇ ਹੁਕਮ ਤੋਂ, ਉਹ ਜਹਾਜ਼ ਨਹੀਂ ਤੋਰਨਗੇ। ਜਦੋਂ ਅਸੀਂ ਜਹਾਜ਼ 'ਤੇ ਚੜ੍ਹੇ, ਤਾਂ ਝੜਪਾਂ ਹੋਈਆਂ। ਉਨ੍ਹਾਂ ਨੇ ਕੋਲਾ, ਮਸ਼ੀਨਰੀ, ਸਰੀਏ ਤੇ ਡਾਂਗਾਂ ਨਾਲ 'ਸੀ ਲਾਇਨ' 'ਤੇ ਹਮਲਾ ਕਰ ਕੇ ਉਸਦੀਆਂ ਸਭ ਖਿੜਕੀਆਂ ਤੋੜ ਦਿੱਤੀਆਂ ਤੇ ਪੁਲਿਸ ਮੁਖੀ ਦੀਆਂ ਦੋ ਪਸਲੀਆਂ ਵੀ ਟੁੱਟ ਗਈਆਂ। ਹੁਣ ਸਮੇਤ ਪੁਲਿਸ ਮੁਖੀ ਦੇ 20 ਪੁਲਿਸ ਤੇ ਇਮੀਗ੍ਰੇਸ਼ਨ ਵਾਲੇ ਆਦਮੀ ਹਸਪਤਾਲ ਵਿਚ ਦਾਖ਼ਲ ਹਨ। ਸਾਨੂੰ ਹਾਰ ਕੇ 2 ਵਜੇ ਵਾਪਸ ਹੋਣਾ ਪਿਆ। ਪੁਲਿਸ ਮੁਖੀ, ਐਚ.ਐਚ. ਸਟੀਵਨਜ਼ ਤੇ ਕਾਨੂੰਨੀ ਮਾਹਰ ਲੈਡਨਰ ਦੀਆਂ ਰਾਵਾਂ ਹਨ ਕਿ ਸਾਨੂੰ ਮੁੜ ਕੋਈ ਅਜਿਹਾ ਜਤਨ ਨਹੀਂ ਕਰਨਾ ਚਾਹੀਦਾ। ਉਨ੍ਹਾਂ ਦੀ ਸਲਾਹ ਹੈ ਕਿ ਰੇਨਬੋ (ਜੰਗੀ

ਜਹਾਜ਼) ਨੂੰ ਵਰਤ ਕੇ ਕਾਮਾਗਾਟਾਮਾਰੂ ਨੂੰ ਕਾਬੂ ਕੀਤਾ ਜਾਵੇ। ਅਸੀਂ ਅਪੀਲ ਕਰਦੇ ਹਾਂ ਕਿ ਤੁਰੰਤ ਹੀ ਕਾਰਵਾਈ ਕੀਤੀ ਜਾਵੇ, ਜੇ ਇਸ ਹਾਦਸੇ ਬਾਰੇ ਬਾਹਰ ਪਤਾ ਲੱਗ ਗਿਆ, ਤਾਂ ਏਸ਼ੀਅਨ ਲੋਕਾਂ ਦੇ ਵਿਰੁੱਧ ਵੈਨਕੂਵਰ ਦੇ ਇਲਾਕੇ ਵਿਚ ਲੋਕ ਭੜਕ ਉਠਣਗੇ। ਕਾਮਾਗਾਟਾਮਾਰੂ ਦੇ ਮੁਸਾਫ਼ਰ ਅੱਕੇ ਹੋਏ ਤੇ ਨਿਡਰ ਵੀ ਹਨ ਅਤੇ ਉਨ੍ਹਾਂ ਨਾਲ ਗੱਲਬਾਤ ਦੁਆਰਾ ਨਿਪਟਣਾ ਅਸੰਭਵ ਹੈ। ਅਜਿਹੇ ਹਾਲਾਤ ਵਿਚ ਜੇ ਜਹਾਜ਼ ਉੱਤੇ ਦੰਗਾ ਫ਼ਸਾਦ ਹੋ ਜਾਵੇ ਤਾਂ ਸਾਧਾਰਨ ਪੁਲਿਸ ਵੱਲੋਂ ਕਾਬੂ ਪਾਉਣਾ ਔਖਾ ਹੈ ਕਿਉਂਕਿ ਪੁਲਿਸ ਹਥਿਆਰਾਂ ਦਾ ਪ੍ਰਯੋਗ ਕਰਨ ਤੋਂ ਸੰਕੋਚ ਕਰੇਗੀ ਅਤੇ ਬਿਨਾਂ ਹਥਿਆਰ ਵਰਤੇ ਸਫਲਤਾ ਨਹੀਂ ਹੋਵੇਗੀ।"[71]

ਪੁਲਿਸ ਦਾ ਮੁਸਾਫ਼ਰਾਂ ਬਾਰੇ ਅਨੁਮਾਨ ਠੀਕ ਨਹੀਂ ਸੀ, ਤਾਹੀਓਂ ਉਨ੍ਹਾਂ ਵੱਲੋਂ ਹਮਲਾ ਨਾ-ਕਾਮਯਾਬ ਹੋਇਆ। ਦੂਸਰੇ ਦਿਨ ਜਹਾਜ਼ੀ ਕਮੇਟੀ ਨੇ ਕੈਪਟਨ ਨੂੰ ਲਿਖਤੀ ਰੋਸ ਪੱਤਰ ਦਿੱਤਾ, ਜਿਸ ਵਿਚ ਉਸ 'ਤੇ ਸਰਕਾਰੀ ਅਫ਼ਸਰਾਂ ਨਾਲ ਸਾਜ਼ਿਸ਼ ਰਚਣ ਦਾ ਦੋਸ਼ ਮੜ੍ਹਿਆ।

ਰਾਤ 1-30 ਵਜੇ ਸੈਂਕੜੇ ਪੁਲਿਸ ਦੇ ਆਦਮੀਆਂ ਨੇ ਸਾਡੇ ਜਹਾਜ਼ 'ਤੇ ਹਮਲਾ ਕੀਤਾ, ਜਿਸ ਵਿਚ ਸਾਡੇ ਅਨੇਕਾਂ ਮੁਸਾਫ਼ਰ ਫੱਟੜ ਹੋਏ। ਕੱਲ੍ਹ ਹੀ ਅਸੀਂ ਤੇਰੇ ਰਾਹੀਂ ਗਾਰਡੀਨਰ ਜੋਹਨਸਟਨ ਨੂੰ ਪੱਤਰ ਦਿੱਤਾ ਪਰ ਅਫ਼ਸੋਸ ਕਿ ਸਾਨੂੰ ਉਸਦਾ ਕੋਈ ਉੱਤਰ ਨਹੀਂ ਦਿੱਤਾ ਅਤੇ ਉਸ ਪੱਤਰ ਵਿਚ ਅਸੀਂ ਆਪਣੀ ਸਫ਼ਾਈ ਦਿੱਤੀ ਹੈ।[72]

ਰੀਡ ਅਨੁਸਾਰ ਮੁਸਾਫ਼ਰਾਂ ਨੇ ਦੋ ਫ਼ਾਇਰ ਕੀਤੇ ਪਰ ਬਾਬਾ ਗੁਰਦਿਤ ਸਿੰਘ ਨੇ ਆਪਣੀ ਸਵੈ-ਜੀਵਨੀ ਵਿਚ ਇਸਦਾ ਕੋਈ ਵੇਰਵਾ ਨਹੀਂ ਦਿੱਤਾ। ਇਸ ਪਿੱਛੋਂ ਰੀਡ ਨੇ ਵੀ ਜਦੋਂ ਰੋਬਰਟਸਨ ਨੂੰ ਘਟਨਾ ਦਾ ਵੇਰਵਾ ਦਿੱਤਾ, ਕੋਈ ਫ਼ਾਇਰ ਜਾਂ ਗੋਲੀ ਚਲਾਉਣ ਦੀ ਗੱਲ ਨਹੀਂ ਲਿਖੀ। ਰੀਡ ਅਨੁਸਾਰ ਮੁਸਾਫ਼ਰਾਂ ਵੱਲੋਂ ਗੋਲੀ ਚਲਾਉਣ ਦਾ ਦੋਸ਼ ਲਗਾਉਣਾ ਸਰਾਸਰ ਝੂਠ ਸੀ, ਜਾਪਦਾ ਹੈ ਕਿ ਉਹ ਇਸ ਤਰ੍ਹਾਂ ਦੀਆਂ ਗੱਲਾਂ ਦੁਆਰਾ ਆਪਣੇ ਵੱਡੇ ਅਫ਼ਸਰਾਂ ਦਾ ਸਹਿਯੋਗ ਜਿੱਤਣਾ ਚਾਹੁੰਦਾ ਸੀ। ਦੂਜੇ ਪਾਸੇ ਇਹ ਵੀ ਸੰਭਵ ਹੈ ਕਿ ਮੁਸਾਫ਼ਰਾਂ ਵਿਚ ਹਫੜਾ-ਦਫੜੀ ਪੈਦਾ ਕਰਨ ਲਈ ਪੁਲਿਸ ਨੇ ਹੀ ਫ਼ਾਇਰ ਕੀਤੇ ਹੋਣ। ਇਕ ਲਿਖਾਰੀ ਜਿਸਨੇ ਬਾਬਾ ਗੁਰਦਿਤ ਸਿੰਘ ਦੀ ਜੀਵਨੀ ਲਿਖੀ ਹੈ, ਲਿਖਦਾ ਹੈ ਕਿ ਪੁਲਿਸ ਨੇ ਕਈ ਫ਼ਾਇਰ ਕੀਤੇ।[73] ਹੁਣ ਤਕ ਕੋਈ ਐਸਾ ਸਰੋਤ ਉਪਲਬਧ ਨਹੀਂ, ਜਿਸ ਵਿਚ ਲਿਖਿਆ ਹੋਵੇ ਕਿ ਮੁਸਾਫ਼ਰਾਂ ਪਾਸ ਗੰਨਾਂ ਸਨ। ਜਦੋਂ ਪੁਲਿਸ ਤੇ ਮੁਸਾਫ਼ਰਾਂ ਵਿਚਕਾਰ ਟਕਰਾ ਹੋਇਆ, ਉਸ ਸਮੇਂ ਸਿੱਖ ਨੇਤਾ ਅਮਰੀਕਾ ਦੀ ਹੱਦ ਵਿਖੇ ਹਿਰਾਸਤ ਵਿਚ ਰੱਖੇ ਹੋਏ ਸਨ। ਪੁਲਿਸ ਵੱਲੋਂ ਕਾਮਾਗਾਟਾਮਾਰੂ ਜਹਾਜ਼ ਦੇ ਸਾਰੇ ਪਾਸੇ ਕਰੜਾ ਪਹਿਰਾ ਲੱਗਾ ਹੋਇਆ ਸੀ, ਇਸ

71. Malcolm Reid to W.D. Scott. *Stevens' File*, p. 581.
72. Ship Committee to the Ship Captain, *Stevens' File*, p. 548.
73. Jas, Jaswant Singh, *Baba Gurdit Singh*, Jalandhar, New Book Company, 1986, p. 79.

ਕਰਕੇ ਇਹ ਸੰਭਵ ਹੀ ਨਹੀਂ ਸੀ ਕਿ ਮੁਸਾਫ਼ਰਾਂ ਪਾਸ ਬਾਹਰੋਂ ਕੋਈ ਹਥਿਆਰ ਜਾਂ ਗੰਨ ਪਹੁੰਚਾਈ ਜਾ ਸਕਦੀ ਹੋਵੇ।

ਇਸ ਤਰ੍ਹਾਂ ਪੁਲਿਸ ਦੀ ਸਹਾਇਤਾ ਨਾਲ ਜਹਾਜ਼ ਨੂੰ ਕਾਬੂ ਕਰਨ 'ਚ ਅਸਫਲ ਹੋਣ ਪਿੱਛੋਂ ਸਟੀਵਨਜ਼ (ਐਮ.ਪੀ.) ਤੇ ਕਾਨੂੰਨੀ ਮਾਹਰ ਲੈਡਨਰ ਹੋਰਾਂ ਕੋਈ ਹੋਰ ਅਜਿਹਾ ਜਤਨ ਕਰਨ ਤੋਂ ਸੰਕੋਚ ਕੀਤਾ। ਇਨ੍ਹਾਂ ਪ੍ਰਭਾਵਸ਼ਾਲੀ ਵਿਅਕਤੀਆਂ ਨੇ ਪ੍ਰਧਾਨ ਮੰਤਰੀ ਬੋਰਡਨ ਨੂੰ ਕਿਹਾ ਕਿ ਇਸ ਸਮੱਸਿਆ ਦਾ ਛੇਤੀ ਹੀ ਹੱਲ ਲੱਭਿਆ ਜਾਵੇ, ਨਹੀਂ ਤਾਂ ਜੇਕਰ ਏਸ਼ੀਅਨ ਲੋਕਾਂ ਦੇ ਵਿਰੁੱਧ ਦੰਗੇ ਜਾਂ ਫ਼ਸਾਦ ਭੜਕ ਪਏ ਤਾਂ ਸਥਿਤੀ ਬੇ-ਕਾਬੂ ਹੋ ਸਕਦੀ ਹੈ। ਇਨ੍ਹਾਂ ਨੇ ਇਹ ਵੀ ਅਨੁਭਵ ਕੀਤਾ ਕਿ ਕਾਮਾਗਾਟਾਮਾਰੂ ਦੇ ਮੁਸਾਫ਼ਰ ਪੂਰੀ ਤਰ੍ਹਾਂ ਅੱਕੇ ਹੋਏ ਹਨ ਤੇ ਕੋਈ ਵੀ ਖ਼ਤਰਨਾਕ ਜਾਂ ਮਾਰੂ ਕਦਮ ਚੁੱਕ ਸਕਦੇ ਹਨ। ਅਜਿਹੀ ਸਥਿਤੀ ਵਿਚ ਪੁਲਿਸ ਦੀ ਸਹਾਇਤਾ ਨਾਲ ਹੀ ਇਨ੍ਹਾਂ ਮੁਸਾਫ਼ਰਾਂ ਨੂੰ ਕਾਬੂ ਕਰਨਾ ਅਸੰਭਵ ਹੈ। ਸਟੀਵਨਜ਼ ਨੇ ਕੇਂਦਰੀ ਸਰਕਾਰ ਨੂੰ ਜ਼ੋਰਦਾਰ ਸ਼ਬਦਾਂ ਵਿਚ ਆਖਿਆ ਕਿ ਸਾਨੂੰ ਤਕੜੇ ਹੋ ਕੇ ਇਸਦਾ ਹੱਲ ਲੱਭਣਾ ਪਵੇਗਾ। ਉਸਨੇ ਕੈਪਟਨ ਤੇ ਉਸਦੇ ਕਰਮਚਾਰੀਆਂ ਵੱਲੋਂ ਪੁਲਿਸ ਦੀ ਨਾ ਮਦਦ ਕਰਨ 'ਤੇ ਵੀ ਦੋਸ਼ ਲਗਾਇਆ। ਆਖਰ 'ਚ ਉਨ੍ਹਾਂ ਨੇ ਕਾਮਾਗਾਟਾਮਾਰੂ ਜਹਾਜ਼ ਨੂੰ ਕਾਬੂ ਕਰਨ ਲਈ ਨੇਵੀ ਦੇ ਜੰਗੀ ਜਹਾਜ਼ 'ਰੇਨਬੋ' ਦੀ ਮੰਗ ਕੀਤੀ।[74]

ਕੈਨੇਡਾ ਦਾ ਪ੍ਰਧਾਨ ਮੰਤਰੀ ਬੋਰਡਨ ਵੀ ਇਨ੍ਹਾਂ ਰਾਜਨੀਤਕ ਹਸਤੀਆਂ ਤੇ ਇਮੀਗ੍ਰੇਸ਼ਨ ਦੇ ਅਫ਼ਸਰਾਂ ਦੀਆਂ ਨੀਤੀਆਂ ਦਾ ਹਾਮੀ ਸੀ ਅਤੇ ਕਾਮਾਗਾਟਾਮਾਰੂ ਜਹਾਜ਼ ਨੂੰ ਜਬਰੀ ਤੋਰਨ ਦੇ ਹੱਕ ਵਿਚ ਸੀ। ਉਪਰੋਕਤ ਮੰਤਵ ਦੀ ਪੂਰਤੀ ਲਈ ਬੋਰਡਨ ਨੇਵੀ ਦੇ ਜੰਗੀ ਜਹਾਜ਼ ਦੀ ਵਰਤੋਂ ਲਈ ਰਾਜ਼ੀ ਹੋ ਗਿਆ। ਉਸਨੇ ਵਾਪਸੀ ਉੱਤਰ ਦਿੱਤਾ ਕਿ ਨੇਵੀ ਵਿਭਾਗ ਨੂੰ ਵਿਸ਼ੇਸ਼ ਹਦਾਇਤਾਂ ਦੇ ਦਿੱਤੀਆਂ ਗਈਆਂ ਹਨ ਕਿ ਵੈਨਕੂਵਰ ਇਮੀਗ੍ਰੇਸ਼ਨ ਅਫ਼ਸਰਾਂ ਨੂੰ ਸਹਿਯੋਗ ਦਿੱਤਾ ਜਾਵੇ। ਉਨ੍ਹਾਂ ਨੇ ਇਥੋਂ ਤਕ ਵੀ ਯੋਜਨਾ ਬਣਾਈ ਕਿ ਮੁਸਾਫ਼ਰਾਂ ਦੇ ਹੱਥਕੜੀਆਂ ਵੀ ਲਗਾਉਣੀਆਂ ਪੈਣ, ਤਾਂ ਲਗਾ ਦਿੱਤੀਆਂ ਜਾਣਗੀਆਂ, ਜੇਕਰ ਕਾਮਾਗਾਟਾਮਾਰੂ ਜਹਾਜ਼ ਨੂੰ ਜਬਰੀ ਤੋਰਨ ਵਿਚ ਅਸਫਲ ਹੋਏ। ਗਰਮ ਪਾਣੀ ਦੀ ਵਰਤੋਂ ਬਾਰੇ ਵੀ ਸੋਚਿਆ ਗਿਆ। ਮੁਸਾਫ਼ਰਾਂ ਨੂੰ ਜਬਰੀ ਭੇਜਣ ਲਈ 'ਇੰਪਰਸ' ਜਹਾਜ਼ ਵਰਤਿਆ ਜਾ ਸਕਦਾ ਹੈ ਜੇ ਕਾਮਾਗਾਟਾਮਾਰੂ ਜਹਾਜ਼ ਸੰਭਵ ਨਾ ਹੋਇਆ। ਇਹ ਵੀ ਤਾਂ ਹੀ ਸੰਭਵ ਸੀ ਜੇ ਜਬਰੀ ਭੇਜਣ ਵਿਚ ਸਫਲਤਾ ਹੁੰਦੀ।[75] ਇਮੀਗ੍ਰੇਸ਼ਨ ਅਫ਼ਸਰਾਂ ਨੂੰ ਕਿਹਾ ਗਿਆ ਜੇ ਉਨ੍ਹਾਂ ਨੇ ਬਾਬਾ ਗੁਰਦਿਤ ਸਿੰਘ (ਜਹਾਜ਼ ਦੇ ਚਾਰਟਰਰ) ਵਿਰੁੱਧ ਕੋਈ ਕਾਰਵਾਈ ਕਰਨੀ ਹੈ ਤਾਂ ਪਹਿਲਾਂ ਕਾਨੂੰਨੀ ਮਾਹਿਰਾਂ ਦੀ ਰਾਇ ਲਈ ਜਾਵੇ।[76]

---

74. Jas, Jaswant Singh, *Baba Gurdit Singh*, Jalandhar, New Book Company, 1986, pp. 79-80.
75. E. Black Robertson to Robert Borden (P.M.) *Borden Papers*.
    Also see,
    H.H. Stevens to Robert Borden, July 18, 1914, *Governor General's Files*.
76. Robert Borden to J.B. Hansen, July 19, 1914, *Governor General's Files*.

ਹੁਣ ਆਟਵਾ ਵੱਲੋਂ ਵੀ ਨੇਵੀ ਦੇ ਜੰਗੀ ਜਹਾਜ਼ ਰੇਨਬੋ ਨੂੰ ਵਰਤਣ ਦੀ ਆਗਿਆ ਲਈ ਗਈ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਸੀ ਕਿ 'ਸੀ ਲਾਇਨ' ਦੇ ਮੁਕਾਬਲੇ 'ਰੇਨਬੋ' ਦੁਆਰਾ ਕਾਮਾਗਾਟਾਮਾਰੂ ਜਹਾਜ਼ 'ਤੇ ਚੜ੍ਹਿਆ ਜਾ ਸਕਦਾ ਹੈ।[77] ਰੀਡ ਨੇ ਸਕਾਟ ਨੂੰ ਤਾਰ ਭੇਜੀ, ਜਿਸ ਵਿਚ ਉਸਨੇ ਦੱਸਿਆ ਕਿ ਉਸਦਾ ਰੇਨਬੋ ਦੇ ਕਮਾਂਡਰ ਨਾਲ ਸੰਪਰਕ ਹੋ ਚੁੱਕਾ ਹੈ। ਇਹ ਹੇਠ ਲਿਖਿਆ ਤਾਰ ਦੁਆਰਾ ਭੇਜਿਆ ਸੰਦੇਸ਼ ਸੀ :

> "ਰੇਨਬੋ ਦੇ ਕਮਾਂਡਰ ਨਾਲ ਸੰਪਰਕ ਹੋ ਗਿਆ.....ਸਾਰੀ ਸਥਿਤੀ ਨੂੰ ਦੱਸਿਆ ਗਿਆ.....ਨੇਵੀ ਦੇ ਸਿਪਾਹੀ ਕੱਲ੍ਹ ਨੂੰ ਪਹੁੰਚ ਰਹੇ ਹਨ, ਇਥੋਂ ਤੇਜ਼ ਚੱਲਣ ਵਾਲਾ ਬੋਟ ਭੇਜਿਆ ਜਾਵੇਗਾ। ਨੇਵੀ ਦੇ ਹੋਰ ਆਦਮੀਆਂ ਦੀ ਮੰਗ ਕੀਤੀ ਜਾ ਰਹੀ ਹੈ। ਰੇਨਬੋ ਜਹਾਜ਼ ਮੰਗਲਵਾਰ ਦੁਪਹਿਰ ਨੂੰ ਪਹੁੰਚ ਜਾਵੇਗਾ। ਉਤਨੇ ਚਿਰ ਲਈ 'ਸੀ ਲਾਇਨ' ਤੇ ਦੋ ਬੋਟ ਆਪਣਾ ਪਹਿਰਾ ਰੱਖਣਗੇ। ਗੁਪਤ ਖ਼ਬਰ ਪਤਾ ਲੱਗੀ ਹੈ ਕਿ ਲੋਕਲ (ਹਿੰਦੂ) ਸਿੱਖ ਹਥਿਆਰਾਂ ਨਾਲ ਬੋਟ ਲੱਦ ਕੇ ਕਾਮਾਗਾਟਾਮਾਰੂ ਵਿਚ ਪਹੁੰਚਾਉਣਗੇ.....ਅਸੀਂ ਖ਼ਬਰ ਅਨੁਸਾਰ ਪੁਲਿਸ ਦਾ ਸਹਿਯੋਗ ਲਵਾਂਗੇ। ਇਹ ਵੀ ਸੰਭਵ ਹੈ ਕਿ ਹਿੰਦੂ ਸਾਡੇ ਅਫ਼ਸਰਾਂ ਨੂੰ ਮਾਰਨ।"[78]

ਉਸ ਸਮੇਂ ਕੈਨੇਡਾ ਕੋਲ ਦੋ ਹੀ ਜੰਗੀ ਜਹਾਜ਼ ਸਨ ਤੇ 'ਰੇਨਬੋ' ਉਨ੍ਹਾਂ ਵਿੱਚੋਂ ਇਕ ਸੀ। ਪਰ ਇਸ ਜੰਗੀ ਜਹਾਜ਼ 'ਤੇ ਸਮੁੰਦਰੀ ਸਿਪਾਹੀ ਜਾਂ ਮੈਰੀਨਜ਼ ਦੀ ਨਫ਼ਰੀ ਘੱਟ ਸੀ ਅਤੇ ਰੀਡ ਨੇ ਸੁਝਾਅ ਦਿੱਤਾ ਕਿ ਮਿਲਟਰੀ ਦੇ ਫ਼ੌਜੀਆਂ ਨੂੰ ਨੇਵੀ ਦੇ ਸਿਪਾਹੀ ਦੇ ਤੌਰ 'ਤੇ ਵਰਤਿਆ ਜਾਵੇ। ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਸਿੱਖ ਨੇਤਾਵਾਂ ਨੂੰ ਅਮਰੀਕਾ ਦੀ ਹੱਦ ਵਿਖੇ ਫੜ ਕੇ ਹਿਰਾਸਤ ਵਿਚ ਰੱਖਿਆ ਹੋਇਆ ਸੀ, ਪਰ ਉਨ੍ਹਾਂ ਨੂੰ ਕਾਮਾਗਾਟਾਮਾਰੂ ਦੇ ਦੁਖਾਂਤ ਦੀ ਪੂਰੀ ਖ਼ਬਰ ਮਿਲਦੀ ਸੀ। ਜਦੋਂ ਇਨ੍ਹਾਂ ਸਿੱਖ ਨੇਤਾਵਾਂ ਨੂੰ ਪਤਾ ਲੱਗਾ ਕਿ ਕੈਨੇਡਾ ਦੀ ਸਰਕਾਰ ਕਾਮਾਗਾਟਾਮਾਰੂ ਤੇ ਇਸਦੇ ਮੁਸਾਫ਼ਰਾਂ ਨੂੰ ਨੇਵੀ ਦੇ ਜੰਗੀ ਜਹਾਜ਼ ਰੇਨਬੋ ਦੁਆਰਾ ਜਬਰੀ ਵਾਪਸ ਕੀਤਾ ਜਾ ਰਿਹਾ ਹੈ, ਤਾਂ ਇਨ੍ਹਾਂ ਦੇ ਮਨ ਬਹੁਤ ਦੁਖੀ ਹੋਏ। ਇਹ ਹਿਰਾਸਤ ਵਿਚ ਸਨ ਤੇ ਕੁਝ ਕਰਨ ਤੋਂ ਅਸਮਰਥ ਸਨ, ਫਿਰ ਵੀ ਇਨ੍ਹਾਂ ਨੇਤਾਵਾਂ ਨੇ ਕੈਨੇਡਾ ਦੇ ਗਵਰਨਰ ਜਨਰਲ ਨੂੰ ਇਕ ਚਿੱਠੀ ਲਿਖੀ, ਜਿਸ ਵਿਚ ਸਾਰੇ ਹਾਲਾਤ ਪੈਦਾ ਕਰਨ ਲਈ ਰੀਡ ਨੂੰ ਹੀ ਜ਼ਿੰਮੇਵਾਰ ਠਹਿਰਾਇਆ ਗਿਆ ਤੇ ਉਨ੍ਹਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਉਨ੍ਹਾਂ ਨੂੰ ਹੱਦ 'ਤੇ ਹਿਰਾਸਤ ਵਿਚ ਰੱਖਣ ਪਿੱਛੇ ਰੀਡ ਦੀ ਹੀ ਸਾਜ਼ਿਸ਼ ਹੈ :

> "ਅਸੀਂ ਸੂਮਸ ਵਿਖੇ ਸਾਂ, ਜਦੋਂ ਰੀਡ ਨੇ ਅਮਰੀਕਨ ਇਮੀਗ੍ਰੇਸ਼ਨ ਨੂੰ ਆਖ ਕੇ ਸਾਨੂੰ ਹਿਰਾਸਤ ਵਿਚ ਰਖਾਇਆ ਹੈ। ਇਸਦੇ ਨਾਲ ਹੀ ਹਾਪਕਿਨਸਨ ਚਾਹੁੰਦਾ ਹੈ ਕਿ ਸਾਨੂੰ ਅਮਰੀਕਾ ਤੋਂ ਡੀਪੋਰਟ ਕਰ ਕੇ ਇੰਡੀਆ ਭੇਜ ਦਿੱਤਾ

---

77. Malcolm Reid to W.D. Scott, *Stevens' File*, p. 581.
78. E. Black Robertson to Mr. Doharty, July 18, 1914, *Borden Papers*.

ਜਾਵੇ। ਸਾਨੂੰ ਪਤਾ ਲੱਗਾ ਹੈ ਕਿ ਕੈਨੇਡਾ ਦੀ ਸਰਕਾਰ ਨੇ ਕਾਮਾਗਾਟਾਮਾਰੂ ਦਾ ਸਾਰਾ ਮੁਆਮਲਾ ਆਪਣੇ ਹੱਥ ਵਿਚ ਲਿਆ ਹੈ। ਅਸੀਂ ਬਹੁਤ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਿ ਜੇ ਕਾਮਾਗਾਟਾਮਾਰੂ ਨੂੰ ਇਥੋਂ ਤੋਰਨ ਲਈ ਜੰਗੀ ਜਹਾਜ਼ ਦੀ ਵਰਤੋਂ ਕੀਤੀ ਤਾਂ ਇਸਦੇ ਸਿੱਟੇ ਭਿਆਨਕ ਹੋਣਗੇ। ਅਸੀਂ ਇਸ ਸਮੱਸਿਆ ਦੇ ਹੱਲ ਲਈ ਕੁਝ ਸੁਝਾਅ ਦੇਣਾ ਚਾਹੁੰਦੇ ਹਾਂ। ਪਹਿਲਾ, ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਨੂੰ ਉਤਰਨ ਦੀ ਆਗਿਆ ਦਿੱਤੀ ਜਾਵੇ। ਦੂਜਾ, ਉਨ੍ਹਾਂ ਸਾਰੇ ਕਾਲੇ ਕਾਨੂੰਨਾਂ ਨੂੰ ਖ਼ਤਮ ਕੀਤਾ ਜਾਵੇ, ਜੋ ਸਿੱਧੇ ਜਾਂ ਅਸਿੱਧੇ ਤੌਰ 'ਤੇ ਭਾਰਤੀ ਲੋਕਾਂ ਨਾਲ ਵਿਤਕਰਾ ਪੈਦਾ ਕਰਦੇ ਹਨ। ਤੀਜਾ, ਬਰਤਾਨਵੀ ਸਰਕਾਰ ਕੈਨੇਡਾ ਦੀ ਸਰਕਾਰ ਨਾਲ ਇਕ ਸੰਧੀ ਕਰੇ, ਜਿਸ ਵਿਚ ਹਰ ਸਾਲ 700 ਭਾਰਤੀ ਮਜ਼ਦੂਰ ਕੈਨੇਡਾ ਆ ਸਕਣ ਜਿਵੇਂ ਕਿ ਕੈਨੇਡਾ ਸਰਕਾਰ ਦੀ ਜਪਾਨ ਨਾਲ ਸੰਧੀ ਕੀਤੀ ਹੋਈ ਹੈ। ਚੌਥਾ, ਭਾਰਤੀ ਵਿਦਿਆਰਥੀ, ਅਧਿਆਪਕ, ਪ੍ਰਚਾਰਕ ਤੇ ਸੈਲਾਨੀ, ਵਿਉਪਾਰੀ (ਜੋ ਕਿ ਕਾਮਿਆ ਤੋਂ ਭਿੰਨ ਹਨ), ਲੋਕਾਂ ਨੂੰ ਕੈਨੇਡਾ ਆਉਣ 'ਤੇ ਬਿਨਾਂ ਵਿਤਕਰੇ ਦੇ ਰਹਿਣ ਦੀ ਆਗਿਆ ਦਿੱਤੀ ਜਾਵੇ।"[79]

ਸਿੱਖ ਨੇਤਾਵਾਂ ਵੱਲੋਂ ਲਿਖੇ ਪੱਤਰ ਵਿਚ ਇਕ ਗੱਲ ਪ੍ਰਤੱਖ ਹੈ ਕਿ ਉਨ੍ਹਾਂ ਨੇ ਕਾਮਾਗਾਟਾਮਾਰੂ ਦੁਖਾਂਤ ਦਾ ਕਾਰਨ ਰੀਡ ਨੂੰ ਦੱਸਿਆ। ਉਪਰੰਤ ਸਿੱਖ ਨੇਤਾਵਾਂ ਨੂੰ ਅਮਰੀਕਾ ਦੀ ਹੱਦ ਵਿਖੇ ਗ੍ਰਿਫ਼ਤਾਰ ਕਰਾਉਣ ਦੀ ਸਾਜ਼ਿਸ਼ ਰੀਡ ਨੇ ਹੀ ਰਚੀ, ਕਿਉਂਕਿ ਭਾਗ ਸਿੰਘ, ਭਿਖੀਵਿੰਡ ਜਹਾਜ਼ ਦਾ ਇਕ ਪਟੇਦਾਰ ਸੀ ਤੇ ਭਾਈ ਬਲਵੰਤ ਸਿੰਘ ਗੁਰਦੁਆਰਾ ਸਾਹਿਬ ਦੇ ਸਤਿਕਾਰਤ ਗ੍ਰੰਥੀ ਸਨ। ਰੀਡ ਵੱਲੋਂ ਸਕਾਟ ਨੂੰ ਲਿਖੀ ਗੁਪਤ ਚਿੱਠੀ ਵਿਚ ਸਪੱਸ਼ਟ ਹੁੰਦਾ ਹੈ ਕਿ ਭਾਈ ਭਾਗ ਸਿੰਘ ਤੇ ਭਾਈ ਬਲਵੰਤ ਸਿੰਘ ਨੂੰ ਜਾਣ ਬੁਝ ਕੇ ਝੂਠੇ ਕੇਸ ਬਣਾ ਕੇ ਗ੍ਰਿਫ਼ਤਾਰ ਕਰਾਇਆ। ਇਹ ਗੁਪਤ ਪੱਤਰ ਰੀਡ ਨੇ ਸਕਾਟ ਨੂੰ 18 ਜੁਲਾਈ, 1914 ਨੂੰ ਲਿਖਿਆ।[80]

ਇਹ ਬਹੁਤ ਹੀ ਮੰਦਭਾਗੀ ਗੱਲ ਸੀ ਅਤੇ ਭਾਰਤੀ ਭਾਈਚਾਰੇ ਲਈ ਅਤਿ ਘਣੀ ਦੁਖਦਾਈ ਸੀ ਕਿ ਕੈਨੇਡਾ ਦੀ ਸਰਕਾਰ ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਨੂੰ ਤੰਗ ਕਰਨ ਲਈ ਬਜਿਦ ਸੀ। ਇਸਦੇ ਨਾਲ ਹੀ ਇਮੀਗ੍ਰੇਸ਼ਨ ਵਿਭਾਗ ਵਾਲੇ ਮੁਸਾਫ਼ਰਾਂ ਦੀਆਂ ਚਿੱਠੀਆਂ ਨੂੰ ਪੜ੍ਹ ਕੇ ਦਿੰਦੇ ਸਨ। ਰੀਡ ਨੇ ਇਕ ਚਿੱਠੀ ਬਾਰੇ ਆਪਣੇ ਅਫ਼ਸਰਾਂ ਨੂੰ ਦੱਸਿਆ, ਜਿਸ ਵਿਚ ਪਤਾ ਲੱਗਦਾ ਹੈ ਕਿ ਸਿੱਖ ਉਸਨੂੰ ਮਾਰਨ ਦਾ ਜਤਨ ਕਰਨਗੇ।

---

79. From Balwant Singh, Bhag Singh, Taraknath Das, July 20, 1914, *Borden Papers.*
Balwant Singh was a priest in Vancouver, Bhag Singh was the President of Khalsa Diwan Society and Manager of Guru Nanak Trust Company and Mining Co. Taraknath Das was a Student at Washington University.
80. Malcolm Reid to W.D. Scott. July 18, 1914, *Stevens' Files.*

"ਕੱਲ੍ਹ ਇਕ ਮੁਸਾਫ਼ਰ ਦੀ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੂੰ ਲਿਖੀ ਚਿੱਠੀ ਖੋਲ੍ਹੀ ਅਤੇ ਉਸ ਬਾਰੇ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਉਸ ਵਿਚ ਉਨ੍ਹਾਂ ਦੀਆਂ ਬਗ਼ਾਵਤੀ ਭਾਵਨਾਵਾਂ ਪ੍ਰਗਟਾਈਆਂ ਹੋਈਆਂ ਹਨ। ਮੈਂ ਹੋਰ ਚਿੱਠੀਆਂ ਦੀ ਵੀ ਛਾਣ-ਬੀਣ ਕੀਤੀ ਕਿਉਂਕਿ ਕਿ ਮੈਂ ਸੁਣਿਆ ਸੀ ਕਿ ਉਹ ਮੈਨੂੰ ਕਤਲ ਕਰਨ ਦਾ ਜਤਨ ਕਰਨਗੇ। ਮੈਂ ਇਸ ਸੰਬੰਧ ਵਿਚ ਚੌਕੰਨਾ ਹਾਂ ਤੇ ਘਰ ਦੇ ਆਲੇ ਦੁਆਲੇ ਪਹਿਰਾ ਲਗਾਇਆ ਹੋਇਆ ਹੈ ਤੇ ਪਰਿਵਾਰ ਨੂੰ ਸ਼ਹਿਰ ਤੋਂ ਦੂਰ ਭੇਜ ਦਿੱਤਾ ਹੈ।"[81]

ਇਸ ਵਿਚ ਕੋਈ ਸ਼ੱਕ ਨਹੀਂ, ਸਿੱਖਾਂ ਨੇ ਅਫ਼ਸਰਾਂ ਦੇ ਵਤੀਰੇ ਵਿਰੁੱਧ ਆਪਣਾ ਗੁੱਸਾ ਪ੍ਰਗਟ ਕੀਤਾ ਹੋਵੇਗਾ। ਜਿਵੇਂ ਇਹ ਤਾਂ ਪਤਾ ਹੀ ਸੀ ਕਿ ਸਰਕਾਰ ਵੱਲੋਂ ਕਾਮਾਗਾਟਾਮਾਰੂ ਨੂੰ ਇਥੋਂ ਜਬਰੀ ਤੋਰਨ ਲਈ ਨੇਵੀ ਦੇ ਜੰਗੀ ਜਹਾਜ਼ ਦੀ ਵਰਤੋਂ ਦਾ ਫ਼ੈਸਲਾ ਕੀਤਾ ਹੋਇਆ ਸੀ ਅਤੇ ਅਖ਼ੀਰ ਨੂੰ ਨੇਵੀ ਦੇ ਜਹਾਜ਼ ਦਾ ਵੈਨਕੂਵਰ ਵੱਲ ਨੂੰ ਤੁਰਨ ਦੀ ਖ਼ਬਰ ਤਾਰ ਦੁਆਰਾ ਦਿੱਤੀ ਗਈ ਸੀ:

> "ਰੇਨਬੋ ਜਹਾਜ਼ ਆਪਣੇ ਟਿਕਾਣੇ ਤੋਂ ਸ਼ਾਮ ਦੇ 10 ਵਜੇ ਵੈਨਕੂਵਰ ਨੂੰ ਚੱਲ ਪਿਆ ਹੈ।"[81a]

ਕਾਮਾਗਾਟਾਮਾਰੂ ਜਹਾਜ਼ ਨੂੰ ਵਾਪਸ ਮੋੜਨਾ

ਸਰਕਾਰ ਤੇ ਇਸਦੇ ਪੁਲਿਸ ਵਿਭਾਗ ਨੂੰ ਪੂਰੀ ਤਰ੍ਹਾਂ ਗਿਆਨ ਹੋ ਚੁੱਕਾ ਸੀ ਕਿ ਜਹਾਜ਼ ਦੇ ਮੁਸਾਫ਼ਰ ਪੂਰੀ ਚੜ੍ਹਦੀ ਕਲਾ ਵਿਚ ਸਨ, ਕਿਉਂਕਿ ਇਨ੍ਹਾਂ ਮੁਸਾਫ਼ਰਾਂ ਨੇ ਪੁਲਿਸ ਨਾਲ ਝੜਪ ਕਰਕੇ ਉਨ੍ਹਾਂ ਨੂੰ ਪਛਾੜ ਦਿੱਤਾ ਤੇ ਨਾਲ ਹੀ ਜਹਾਜ਼ ਦੇ ਕਪਤਾਨ ਨੂੰ ਤਾੜਨਾ ਕਰ ਦਿੱਤੀ ਜੇ ਉਸਨੇ ਜਹਾਜ਼ ਨੂੰ ਤੋਰਨ ਦਾ ਜਤਨ ਕੀਤਾ।[82] ਕੈਨੇਡਾ ਦੀ ਨੇਵੀ ਦੇ ਅਫ਼ਸਰਾਂ ਨੂੰ ਪਹਿਲਾਂ ਹੀ ਆਖ ਦਿੱਤਾ ਗਿਆ ਸੀ ਕਿ ਵੈਨਕੂਵਰ ਦੇ ਇਮੀਗ੍ਰੇਸ਼ਨ ਵਿਭਾਗ ਨੂੰ ਕਾਮਾਗਾਟਾਮਾਰੂ ਜਹਾਜ਼ ਨੂੰ ਕਾਬੂ ਕਰਨ ਵਿਚ ਸਹਿਯੋਗ ਦਿੱਤਾ ਜਾਵੇ। ਜਹਾਜ਼ ਨੂੰ ਕਾਬੂ ਕਰਨ ਸਮੇਂ ਮੁਸਾਫ਼ਰਾਂ ਨੂੰ ਤੱਤਾ ਪਾਣੀ ਵਰਤ ਕੇ ਲਾਂਭੇ ਰੱਖਣ ਦਾ ਵੀ ਫ਼ੈਸਲਾ ਕੀਤਾ ਗਿਆ। ਕੈਨੇਡਾ ਸਰਕਾਰ ਚਾਹੁੰਦੀ ਸੀ ਜੇ ਇਸ ਤਰ੍ਹਾਂ ਕਰਨ ਨਾਲ ਕਾਮਾਗਾਟਾਮਾਰੂ ਜਹਾਜ਼ ਵੱਸ ਹੋ ਜਾਵੇ ਤਾਂ ਮੁਸਾਫ਼ਰਾਂ ਨੂੰ 'ਇੰਪਰਸ' ਦੁਆਰਾ ਡੀਪੋਰਟ ਕੀਤਾ ਜਾ ਸਕਦਾ ਹੈ ਕਿਉਂਕਿ ਸਰਕਾਰ ਨੂੰ ਇਹ ਵੀ ਡਰ ਸੀ ਜੇ ਮੁਸਾਫ਼ਰਾਂ ਨੂੰ ਕਾਮਾਗਾਟਾਮਾਰੂ 'ਤੇ ਹੀ ਡੀਪੋਰਟ ਕੀਤਾ ਤਾਂ ਉਹ ਕਿਸੇ ਹੋਰ ਥਾਂ ਜਾ ਕੇ ਉਤਰ ਜਾਣਗੇ।[83]

ਇਮੀਗ੍ਰੇਸ਼ਨ ਵਿਭਾਗ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਬੇਨਤੀ ਕੀਤੀ ਸੀ ਕਿ

---

81. Malcolm Reid to W.D. Scott, July 20, 1914, *Stevens' File*, p. 581.
81a. *Ibid.*
82. Telegram from Victoria, B.C. *Governor General's Files*.
83. H.H. Stevens to Robert Borden, July 19, 1914, *Governor General's Files*.

ਹੈਲੀਫੈਕਸ ਵਿਖੇ ਨੇਵੀ ਦੇ ਜਹਾਜ਼ ਰੇਨਬੋ ਦੇ ਕਮਾਂਡਰ ਨੂੰ ਹੁਕਮ ਦੇਵੇ ਕਿ ਕਾਮਾਗਾਟਾਮਾਰੂ ਜਹਾਜ਼ ਨੂੰ ਕਾਬੂ ਕੀਤਾ ਜਾਵੇ।[84] ਦੂਜੇ ਪਾਸੇ ਨੇਵੀ ਦੇ ਵਿਭਾਗ ਵੱਲੋਂ ਪ੍ਰਧਾਨ ਮੰਤਰੀ ਨੂੰ ਕਿਹਾ ਗਿਆ ਕਿ ਰੇਨਬੋ ਨੂੰ ਕਾਮਾਗਾਟਾਮਾਰੂ ਉੱਤੇ ਨੇਵੀ ਦੇ ਸਿਪਾਹੀ ਉਤਾਰਨ ਲਈ ਨਹੀਂ ਵਰਤਿਆ ਜਾ ਸਕਦਾ, ਕਿਉਂਕਿ ਇਹ ਜਤਨ ਖ਼ਤਰਨਾਕ ਹੋ ਸਕਦਾ ਹੈ। ਨੇਵੀ ਨੇ ਆਪਣੇ ਕਮਾਂਡਰ ਨੂੰ ਵਿਸ਼ੇਸ਼ ਤੌਰ 'ਤੇ ਦੱਸ ਦਿੱਤਾ ਸੀ ਕਿ ਨੇਵੀ ਦੇ ਜਹਾਜ਼ ਰੇਨਬੋ ਤੇ ਨੇਵੀ ਦੇ ਸਿਪਾਹੀਆਂ ਦੀ ਹਾਜ਼ਰੀ ਨਾਲ ਮੁਸਾਫ਼ਰਾਂ ਤੇ ਲੋਕਲ ਸ਼ੋਰ ਕਮੇਟੀ ਵਿਚ ਘਬਰਾਹਟ ਜਾਂ ਡਰ ਹੀ ਪੈਦਾ ਕਰਨਾ ਹੈ। ਕਮਾਂਡਰ ਨੂੰ ਜਦੋਂ ਗੁੱਝੇ ਮੰਤਵ ਬਾਰੇ ਪਤਾ ਲੱਗਾ ਤਾਂ ਉਸਨੇ ਜਹਾਜ਼ ਦੇ ਚੱਲਣ ਦੀ ਇਤਲਾਹ ਦੇ ਦਿੱਤੀ।[85]

ਕੈਨੇਡਾ ਦੇ ਪ੍ਰਧਾਨ ਮੰਤਰੀ ਬੋਰਡਨ ਨੇ ਆਪਣੇ ਖੇਤੀਬਾੜੀ ਮੰਤਰੀ ਮਾਰਟਨ ਬੂਰਿਲ (ਜੋ ਕਿ ਉਸ ਸਮੇਂ ਆਪਣੇ ਘਰ ਗਰੇਂਡ ਫੋਰਕਸ, ਬੀ.ਸੀ.) ਨੂੰ ਤਾਰ ਭੇਜੀ। ਉਸਨੂੰ ਕਾਮਾਗਾਟਾਮਾਰੂ ਦੀ ਸਥਿਤੀ ਬਾਰੇ ਵਿਸਥਾਰ ਵਿਚ ਦੱਸਿਆ ਕਿ ਕਿਵੇਂ ਪੁਲਿਸ ਨੇ ਜਹਾਜ਼ ਤੇ ਮੁਸਾਫ਼ਰਾਂ ਨੂੰ ਕਾਬੂ ਕਰਨ ਦਾ ਜਤਨ ਕੀਤਾ, ਪਰ ਅਸਫਲਤਾ ਹੋਈ। ਉਸਨੂੰ ਇਹ ਵੀ ਕਿਹਾ ਕਿ ਮੁਸਾਫ਼ਰ ਪੂਰੇ ਲੜਾਕੇ ਹਨ ਤੇ ਬੰਦਰਗਾਹ ਛੱਡਣ ਲਈ ਤਿਆਰ ਨਹੀਂ ਹਨ। ਸਟੀਵਨਜ਼ ਤੇ ਹੋਰ ਸਰਕਾਰੀ ਅਫ਼ਸਰਾਂ ਨੂੰ ਇਹੀ ਹਿਦਾਇਤ ਕੀਤੀ ਗਈ ਹੈ ਕਿ ਕੋਈ ਆਪਣੇ ਵੱਲੋਂ ਨਵਾਂ ਜਤਨ ਨਾ ਕੀਤਾ ਜਾਵੇ ਕਿਉਂਕਿ ਕਾਮਾਗਾਟਾਮਾਰੂ ਨੂੰ ਕਾਬੂ ਕਰਨ ਦੀ ਜ਼ਿੰਮੇਵਾਰੀ ਨੇਵੀ ਦੇ ਜੰਗੀ ਜਹਾਜ਼ ਰੇਨਬੋ ਨੂੰ ਸੌਂਪ ਦਿੱਤੀ ਗਈ ਹੈ। ਬੋਰਡਨ ਨੇ ਮਾਰਟਿਨ ਬੂਰਿਲ ਨੂੰ ਕਿਹਾ ਕਿ ਉਹ ਜਲਦੀ ਤੋਂ ਜਲਦੀ ਵੈਨਕੂਵਰ ਪਹੁੰਚੇ ਤਾਂ ਜੋ ਇਸ ਮਹੱਤਵਪੂਰਨ ਕਾਰਜ ਕਾਮਾਗਾਟਾਮਾਰੂ ਜਹਾਜ਼ ਨੂੰ ਜਲਦੀ ਤੋਂ ਜਲਦੀ ਜਬਰੀ ਵਾਪਸ ਮੋੜ ਦਿੱਤਾ ਜਾਵੇ। ਇਸ ਕਾਰਜ ਨੂੰ ਬਿਨਾਂ ਖ਼ੂਨ-ਖ਼ਰਾਬੇ ਤੋਂ ਕਰਨ ਦਾ ਜਤਨ ਹੋਣਾ ਚਾਹੀਦਾ ਹੈ।[86]

ਮਾਰਟਨ ਬੂਰਿਲ ਨੇ ਤਾਰ ਲਿਖਣ ਪਿੱਛੋਂ ਪ੍ਰਧਾਨ ਮੰਤਰੀ ਬੋਰਡਨ ਨੂੰ ਵਾਪਸ ਉੱਤਰ ਦਿੱਤਾ ਤੇ ਆਖਿਆ ਕਿ ਉਸਨੂੰ ਤਾਰ ਮਿਲ ਗਈ ਸੀ। ਇਸਦੇ ਨਾਲ ਹੀ ਉਸਨੇ ਦੱਸਿਆ ਕਿ ਉਹ ਸਵੇਰੇ ਹੀ ਬੋਟ ਲੈ ਕੇ ਮੰਗਲਵਾਰ ਤਕ ਵੈਨਕੂਵਰ ਪਹੁੰਚ ਜਾਵੇਗਾ।[87]

ਇਸ ਕਾਮਾਗਾਟਾਮਾਰੂ ਕਾਂਡ ਦੀ ਚਰਚਾ ਸਾਰੇ ਪਾਸੇ ਸੀ ਤੇ ਆਖ਼ਰ ਨੂੰ ਰੇਨਬੋ ਜਹਾਜ਼ ਵੈਨਕੂਵਰ ਦੀ ਬੰਦਰਗਾਹ ਵਿਚ 21 ਜੁਲਾਈ ਨੂੰ ਪਹੁੰਚ ਗਿਆ। ਦੂਜੇ ਪਾਸੇ, ਅੱਕੇ ਹੋਏ ਮੁਸਾਫ਼ਰਾਂ ਨੇ ਕੈਨੇਡਾ ਦੇ ਗਵਰਨਰ ਜਨਰਲ ਨੂੰ ਤਾਰ ਭੇਜੀ ਤੇ ਆਪਣੇ

84. Malcolm Reid to W.D. Scott, *Stevens' Files*, p. 583.
85. Letter from naval authorities, Halifax to Robert Borden, July 19, 1914, *Governor General's Files*.
86. R.L. Borden to Agriculture Minister Martin Burrell, July 19, 1914, *Governor General's Files*.
87. Martin Burrell to R.L. Borden, *Governor General's Files*.

ਦੁਖੜੇ ਫੋਲੇ। ਉਨ੍ਹਾਂ ਨੇ ਪੁਲਿਸ ਵੱਲੋਂ ਕੀਤੇ ਹਮਲੇ ਦਾ ਵੇਰਵਾ ਦਿੱਤਾ ਤੇ ਤਰਲਾ ਕੀਤਾ ਕਿ ਉਹ ਭੁੱਖ ਨਾਲ ਮਰ ਰਹੇ ਹਨ ਤੇ ਉਨ੍ਹਾਂ ਨੂੰ ਖਾਣ-ਪੀਣ ਦਾ ਸਾਮਾਨ ਅਤਿ ਲੋੜੀਂਦਾ ਹੈ, ਪਰ ਲੋਕਲ ਅਫ਼ਸਰ ਖਾਣ-ਪੀਣ ਦਾ ਸਾਮਾਨ ਨਹੀਂ ਭੇਜ ਰਹੇ। ਮੁਸਾਫ਼ਰਾਂ ਨੇ ਕਿਹਾ ਜੇ ਤੁਸੀਂ ਕੋਈ ਕਦਮ ਨਾ ਚੁਕਿਆ ਤਾਂ ਪੁਲਿਸ ਸਾਰੇ ਮੁਸਾਫ਼ਰਾਂ ਨੂੰ ਮਾਰ ਦੇਵੇਗੀ ਅਤੇ ਇਸਦੀ ਜ਼ਿੰਮੇਵਾਰੀ ਗਵਰਨਰ ਜਨਰਲ ਦੇ ਸਿਰ ਹੋਵੇਗੀ। ਉਪਰੰਤ ਉਨ੍ਹਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਉਹ ਕਿਸੇ ਵੀ ਜਬਰੀ ਜਾਂ ਧੱਕੇ ਦੇ ਅੱਗੇ ਨਹੀਂ ਝੁਕਣਗੇ ਭਾਵੇਂ ਉਨ੍ਹਾਂ ਨੂੰ ਸ਼ਹੀਦੀਆਂ ਕਿਉਂ ਨਾ ਦੇਣੀਆਂ ਪੈਣ, ਭਾਵ ਉਹ ਕੈਨੇਡਾ ਸਰਕਾਰ ਦੇ ਹੱਥੀਂ ਜ਼ਲੀਲ ਹੋ ਰਹੇ ਸਨ ਤੇ ਪੂਰੀ ਤਰ੍ਹਾਂ ਅੱਕੇ ਹੋਏ ਸਨ ਤੇ ਹੋਰ ਜ਼ਲੀਲ ਹੋਣ ਨਾਲੋਂ ਮੌਤ ਨੂੰ ਤਰਜੀਹ ਦੇਣਾ ਸੁਭਾਵਕ ਸੀ।[88]

ਦੂਜੇ ਪਾਸੇ, ਬ੍ਰਿਟਿਸ਼ ਸਰਕਾਰ ਦੇ ਲੰਡਨ ਵਿਖੇ ਉੱਚ ਅਧਿਕਾਰੀ ਵੀ ਮੁਸਾਫ਼ਰਾਂ ਨੂੰ ਡੀਪੋਰਟ ਕਰਨ ਸਮੇਂ ਧੱਕਾ ਜਾਂ ਫ਼ੌਜੀ ਸ਼ਕਤੀ ਦੀ ਵਰਤੋਂ ਦੇ ਵਿਰੁੱਧ ਸਨ ਕਿਉਂਕਿ ਉਨ੍ਹਾਂ ਨੂੰ ਵੀ ਕਾਮਾਗਾਟਾਮਾਰੂ ਦੀ ਸਥਿਤੀ ਬਾਰੇ ਪੂਰਾ ਗਿਆਨ ਸੀ। ਇਹੀ ਕਾਰਨ ਕਰਕੇ ਕੈਨੇਡਾ ਦੇ ਗਵਰਨਰ ਜਨਰਲ ਨੇ ਲੰਡਨ ਦੇ ਅਧਿਕਾਰੀ ਹਾਰਕੋਰਟ ਨੂੰ ਸੰਦੇਸ਼ ਭੇਜਿਆ ਕਿ ਕੈਨੇਡਾ ਵੱਲੋਂ ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਨੂੰ ਵਾਪਸ ਮੋੜਨ ਲਈ ਕੋਈ ਵਾਧੂ ਸ਼ਕਤੀ ਦਾ ਪ੍ਰਯੋਗ ਨਹੀਂ ਕੀਤਾ ਜਾਵੇਗਾ ਅਤੇ ਸਾਰੀ ਸਥਿਤੀ ਬਾਰੇ ਪੂਰੀ ਸੂਝ ਹੈ।[89]

ਵੈਨਕੂਵਰ ਇਲਾਕੇ ਦੇ ਭਾਰਤੀ ਭਾਈਚਾਰੇ ਨੇ ਮੁਸਾਫ਼ਰਾਂ ਦੀ ਸਹਿਮਤੀ ਨਾਲ ਇਕ ਹੋਰ ਸੁਝਾਅ ਰੱਖਿਆ। ਇਮੀਗ੍ਰੇਸ਼ਨ ਦੇ ਅਫ਼ਸਰਾਂ ਨੂੰ ਇਹ ਸੁਝਾਅ ਵਕੀਲ ਬਰਡ ਤੇ ਮੈਕਨੀਲ ਰਾਹੀਂ ਪਹੁੰਚਾਇਆ ਗਿਆ। ਸੁਝਾਅ ਦੇ ਵਿਚ ਇਹ ਮੰਗਾਂ ਸਨ : ਪਹਿਲਾ, ਸਰਕਾਰ ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਨੂੰ ਹੋਰ ਜਹਾਜ਼ ਰਾਹੀਂ ਵਾਪਸ ਭੇਜੇ ਤੇ ਜਹਾਜ਼ ਦੇ ਪਟੇਦਾਰ ਨੂੰ ਜਹਾਜ਼ ਵਿਚ ਲੱਦਿਆ ਸਾਮਾਨ ਉਤਾਰਨ ਦੀ ਆਗਿਆ ਦੇਵੇ। ਸਰਕਾਰ ਉਹ ਸਾਰੇ ਪੈਸੇ ਵੀ ਦੇਵੇ ਜੋ ਪਟੇਦਾਰ ਨੇ ਜਹਾਜ਼ ਦੀ ਕੰਪਨੀ ਦੇ ਏਜੰਟ ਨੂੰ ਭੁਗਤਾਨ ਕੀਤੇ। ਦੂਜਾ, ਸਰਕਾਰ ਜਹਾਜ਼ ਦੇ ਪਟੇਦਾਰ ਨੂੰ ਵੈਨਕੂਵਰ ਤੋਂ ਕਲਕੱਤੇ ਤਕ ਸੌ ਡਾਲਰ ਪ੍ਰਤੀ ਮੁਸਾਫ਼ਰ ਖ਼ਰਚ ਦੇਵੇ। ਤੀਜਾ, ਸਰਕਾਰ ਡੀਪੋਰਟ ਕੀਤੇ ਮੁਸਾਫ਼ਰਾਂ ਦੇ ਖਾਣ-ਪੀਣ ਦਾ ਖ਼ਰਚਾ ਦੇਵੇ ਤੇ ਬਾਕੀ ਮੰਗਾਂ ਤੋਂ ਛੁਟਕਾਰਾ ਪਾਇਆ ਸਮਝਿਆ ਜਾਵੇ।[90]

ਮਾਰਟਨ ਬੁਰਿਲ ਨੇ ਪ੍ਰਧਾਨ ਮੰਤਰੀ ਨੂੰ ਵੈਨਕੂਵਰ ਪਹੁੰਚਣ ਦੀ ਖ਼ਬਰ ਦਿੱਤੀ ਅਤੇ ਉਸਨੇ ਇਹ ਵੀ ਦੱਸਿਆ ਕਿ ਉਸਦੀ ਰੇਨਬੋ ਦੇ ਕਮਾਂਡਰ ਨਾਲ ਗੱਲਬਾਤ ਹੋ ਚੁੱਕੀ ਹੈ। ਰੇਨਬੋ ਦੇ ਕਮਾਂਡਰ ਨੇ ਬਿਨਾਂ ਲੋੜ ਤੋਂ ਕੋਈ ਗੰਨ ਜਾਂ ਤੋਪ ਦੇ ਪ੍ਰਯੋਗ ਤੋਂ ਸੰਕੋਚ ਕਰਨ ਦਾ ਭਰੋਸਾ ਦਿਵਾਇਆ, ਭਾਵ ਕੋਈ ਵਾਧੂ ਫ਼ੋਰਸ ਦੀ ਵਰਤੋਂ ਨਹੀਂ

88. E. Black Robertson to Mr. Doherty, July 21, 1914, *Governor General's Files.*
89. Governor General to Harcourt, *Governor General's Files.*
90. E. Black Robertson to Doherty, *Governor General's Files.*

ਹੋਵੇਗੀ। ਇਹ ਸਾਰੇ ਲੋਕਲ ਅਧਿਕਾਰੀ ਹਿੰਸਕ ਬਣੇ ਮੁਸਾਫ਼ਰਾਂ ਤੋਂ ਡਰਦੇ ਸਨ। ਬੁਰਿਲ ਨੇ ਉੱਚ ਅਧਿਕਾਰੀਆਂ ਨੂੰ ਸਪੱਸ਼ਟ ਕੀਤਾ ਕਿ ਸਿੱਖ ਨੇਤਾਵਾਂ ਨਾਲ ਗੱਲਬਾਤ ਕਰਨ ਦਾ ਕੋਈ ਸਿੱਟਾ ਨਾ ਨਿਕਲਣ ਕਾਰਨ ਸਰਕਾਰੀ ਵਕੀਲ ਨੇ ਚੇਤਾਵਨੀ ਦਿੱਤੀ ਹੈ ਅਤੇ ਰਹੀਮ ਮੁਸਾਫ਼ਰਾਂ ਨਾਲ ਗੱਲਬਾਤ ਵੀ ਕਰਨੀ ਚਾਹੁੰਦਾ ਹੈ ਤੇ ਉਸਨੂੰ ਜਹਾਜ਼ 'ਤੇ ਜਾਣ ਦੀ ਆਗਿਆ ਦਿੱਤੀ ਹੈ। ਮੁਸਾਫ਼ਰਾਂ ਲਈ ਖਾਣ-ਪੀਣ ਦੀ ਸਾਰੀ ਸਮੱਗਰੀ ਤਿਆਰ ਹੈ। ਜੇ ਮੁਸਾਫ਼ਰਾਂ ਨੇ ਸਾਡੀ ਪੇਸ਼ਕਸ਼ ਨੂੰ ਠੁਕਰਾ ਦਿੱਤਾ ਤਾਂ ਸਾਨੂੰ ਮਜਬੂਰ ਹੋ ਕੇ ਕਾਮਾਗਾਟਾਮਾਰੂ ਨੂੰ ਕਾਬੂ ਕਰਨ ਲਈ ਸ਼ਕਤੀ ਦਾ ਪ੍ਰਯੋਗ ਕਰਨਾ ਪਵੇਗਾ।[91]

ਹੁਣ ਸਾਰੇ ਅਧਿਕਾਰੀ ਨਰਮ ਪ੍ਰਤੀਤ ਹੁੰਦੇ ਸਨ ਕਿਉਂਕਿ ਉਨ੍ਹਾਂ ਦਾ ਮੁਖ ਮੰਤਵ ਤਾਂ ਕਾਮਾਗਾਟਾਮਾਰੂ ਦੀ ਸਮੱਸਿਆ ਤੋਂ ਮੁਕਤ ਹੋਣਾ ਸੀ। ਸਾਰੇ ਲੋਕਲ ਨੇਤਾਵਾਂ ਨੂੰ ਮੁਸਾਫ਼ਰਾਂ ਨਾਲ ਗੱਲਬਾਤ ਕਰਨ ਦੀ ਖੁੱਲ੍ਹ ਦੇ ਦਿੱਤੀ। ਇਹ ਸਾਰੇ ਨੇਤਾ ਸਰਕਾਰ ਨੂੰ ਬੇਨਤੀ ਕਰਦੇ ਸਨ ਕਿ ਇਨ੍ਹਾਂ ਮੁਸਾਫ਼ਰਾਂ ਨੂੰ ਵਾਪਸੀ ਦਾ ਕਿਰਾਇਆ ਦਿੱਤਾ ਜਾਵੇ ਤੇ ਬਾਕੀ ਜਹਾਜ਼ ਦੀਆਂ ਕਿਸ਼ਤਾਂ ਦੇ ਪੈਸੇ ਦੀ ਗੱਲ ਬਾਅਦ ਵਿਚ ਨਿਪਟੀ ਜਾਵੇਗੀ। ਉਨ੍ਹਾਂ ਦੀ ਹੋਰ ਮੰਗ ਸੀ ਕਿ ਮੁਸਾਫ਼ਰਾਂ ਨੂੰ ਖਾਣ-ਪੀਣ ਦਾ ਵਾਧੂ ਸਾਮਾਨ ਦਿੱਤਾ ਜਾਵੇ। ਜਹਾਜ਼ ਦੇ ਏਜੰਟ ਤੇ ਕੈਪਟਨ ਇਸ ਗੱਲ ਤੋਂ ਰਾਜ਼ੀ ਹੋ ਗਏ ਸਨ ਕਿ ਹੋਰ ਵਾਧੂ ਕਿਸ਼ਤ ਨਹੀਂ ਮੰਗੀ ਜਾਵੇਗੀ। ਬੂਰਿਲ ਨੇ ਬੋਰਡਨ ਨੂੰ ਰਾਜ਼ੀ ਕੀਤਾ ਕਿ ਸਰਕਾਰ ਨੂੰ ਖਾਣ-ਪੀਣ ਦੀ ਸਮੱਗਰੀ ਦੇਣੀ ਚਾਹੀਦੀ ਹੈ। ਮੈਕਨੀਲ (ਵਕੀਲ) ਤੇ ਜਹਾਜ਼ ਦੇ ਕੈਪਟਨ ਨੂੰ ਭਰੋਸਾ ਸੀ ਕਿ ਜੇਕਰ ਇਕ ਵਾਰੀ ਜਹਾਜ਼ ਇਥੋਂ ਤੁਰ ਪਵੇ ਤਾਂ ਕੋਈ ਹੋਰ ਮੁਸ਼ਕਲ ਨਹੀਂ ਹੋਵੇਗੀ। ਬੂਰਿਲ ਨੇ ਬੋਰਡਨ ਨੂੰ ਦਸਿਆ ਕਿ ਉਸਨੇ ਮੈਕਨੀਲ (ਵਕੀਲ) ਨੂੰ ਚੇਤਾਵਨੀ ਦੇ ਰੱਖੀ ਹੈ ਕਿ ਜੇਕਰ ਇਹ ਪੇਸ਼ਕਸ਼ ਨਾ ਪਰਵਾਨ ਹੋਈ ਤਾਂ ਅਧਿਕਾਰੀ ਮਜਬੂਰ ਹੋ ਕੇ ਜਹਾਜ਼ ਨੂੰ ਕਾਬੂ ਕਰਨ ਲਈ ਸ਼ਕਤੀ ਦਾ ਪ੍ਰਯੋਗ ਕਰਨਗੇ।[92]

ਇਸ ਗੱਲਬਾਤ ਦਰਮਿਆਨ ਜਪਾਨ ਦੇ ਕੌਂਸਲ ਜਨਰਲ ਨੇ ਆਪਣੇ ਜਹਾਜ਼ ਦੇ ਕਪਤਾਨ ਤੇ ਹੋਰ ਕਰਮਚਾਰੀਆਂ ਦੀ ਸੁਰੱਖਿਆ ਦੇ ਸੰਬੰਧ ਵਿਚ ਬੋਰਡਨ ਨਾਲ ਗੱਲਬਾਤ ਕੀਤੀ। ਬੋਰਡਨ ਨੇ ਬੂਰਿਲ ਨੂੰ ਜਪਾਨ ਦੇ ਕੌਂਸਲ ਜਨਰਲ ਦੀਆਂ ਭਾਵਨਾਵਾਂ ਬਾਰੇ ਦੱਸਿਆ।[93]

ਪਹਿਲਾਂ ਜਿਵੇਂ ਸਾਨੂੰ ਸਭ ਨੂੰ ਪਤਾ ਹੈ ਕਿ ਜਹਾਜ਼ ਨੂੰ ਇਥੋਂ ਜਬਰੀ ਤੋਰਨ ਲਈ ਪੁਲਿਸ ਦੀ ਵਰਤੋਂ ਨਾਲ ਵੀ ਇਮੀਗ੍ਰੇਸ਼ਨ ਵਿਭਾਗ ਸਫਲ ਨਾ ਹੋ ਸਕਿਆ। ਜਦੋਂ ਕੋਈ ਹੋਰ ਚਾਰਾ ਨਾ ਰਿਹਾ ਤਾਂ ਨੇਵੀ ਦੇ ਜੰਗੀ ਜਹਾਜ਼ ਰੇਨਬੋ ਨੂੰ ਲੈ ਆਂਦਾ। ਇਹ ਸਾਰੇ ਅਧਿਕਾਰੀ ਘਾਬਰੇ ਹੋਏ ਸਨ ਤੇ ਉਨ੍ਹਾਂ ਨੂੰ ਕੁਝ ਸੁੱਝਦਾ ਹੀ ਨਹੀਂ ਸੀ ਕਿ ਕਾਮਾਗਾਟਾਮਾਰੂ ਨੂੰ ਕਿਵੇਂ ਚੱਲਦਾ ਕੀਤਾ ਜਾਵੇ। ਇਸ ਬਾਰੇ ਪਹਿਲਾਂ ਵੀ ਉਲੇਖ ਹੋ ਚੁੱਕਾ ਹੈ ਕਿ ਰੇਨਬੋ ਪਾਸ ਆਪਣੇ ਸਿਪਾਹੀ ਜ਼ਿਆਦਾ ਨਹੀਂ ਸਨ ਅਤੇ ਇਹ ਸੁਝਾਅ

91. Martin Burrell to R.L. Borden, *Governor General's Files.*
92. *Ibid.*
93. R.L. Borden to Martin Burrell, *Governor Genral's Files.*

ਦਿੱਤਾ ਗਿਆ ਸੀ ਕਿ ਫ਼ੌਜ ਦੇ ਸਿਪਾਹੀਆਂ ਦਾ ਪ੍ਰਯੋਗ ਕੀਤਾ ਜਾਵੇ ਤਾਂ ਜੋ ਇਹ ਪਤਾ ਲੱਗੇ ਕਿ ਨੇਵੀ ਦੇ ਸਿਪਾਹੀ ਬਹੁਤ ਹਨ। ਅਸਲ ਗੱਲ ਤਾਂ ਇਹੀ ਸੀ ਕਿ ਖ਼ੂਨ-ਖ਼ਰਾਬੇ ਦੇ ਡਰ ਕਾਰਨ ਸਰਕਾਰ ਸ਼ਕਤੀ ਦੇ ਪ੍ਰਯੋਗ ਤੋਂ ਝਿਜਕਦੀ ਸੀ, ਪਰ ਜੇ ਉਨ੍ਹਾਂ ਦਾ ਵਿਰੋਧ ਕਰੜਾ ਹੋਵੇ ਜਾਂ ਜ਼ਬਰਦਸਤ ਹੋਵੇ ਤਾਂ ਨੇਵੀ ਦੇ ਜਹਾਜ਼ ਨੂੰ ਵਰਤਿਆ ਜਾ ਸਕਦਾ ਸੀ। ਬੋਰਡਨ ਨੇ ਬ੍ਰੂਰਿਲ ਨੂੰ ਯਾਦ ਕਰਾਇਆ ਕਿ ਗੰਨਾਂ ਦੀ ਵਰਤੋਂ ਬਾਰੇ ਬਹੁਤ ਵਿਚਾਰਨ ਦੀ ਲੋੜ ਹੈ। ਭਾਵੇਂ ਇਹ ਗੱਲ ਵਾਰ ਵਾਰ ਚਿਤਾਰੀ ਜਾਂਦੀ ਸੀ ਕਿ ਕਾਮਾਗਾਟਾਮਾਰੂ ਨੂੰ ਤਾਂ ਹਰ ਹਾਲਤ ਵਿਚ ਕਾਬੂ ਕਰਨਾ ਹੈ ਪਰ ਉਸਦੇ ਨਾਲ ਹੀ ਸਰਕਾਰ ਜ਼ਿਆਦਾ ਸ਼ਕਤੀ ਵਰਤਣ ਦੇ ਵਿਰੁੱਧ ਸੀ।[94] ਨੇਵੀ ਦੇ ਕਮਾਂਡਰ ਨੂੰ ਵੀ ਇਹੀ ਹਦਾਇਤ ਸੀ ਕਿ ਉਸ ਸਮੇਂ ਹੀ ਹਥਿਆਰਾਂ ਦਾ ਪ੍ਰਯੋਗ ਕਰਨਾ ਹੈ ਜਦੋਂ ਹੋਰ ਹੀਲੇ ਅਸਫਲ ਹੁੰਦੇ ਹੋਣ। ਉਨ੍ਹਾਂ ਨੂੰ ਸਾਰੇ ਪ੍ਰਸਤਾਵ ਤੇ ਯੋਜਨਾਵਾਂ ਨੂੰ ਵਿਚਾਰਨ ਲਈ ਕਿਹਾ ਗਿਆ।[95]

ਹਾਪਕਿਨਸਨ ਦੀ ਜ਼ਿੰਮੇਵਾਰੀ ਲਗਾਈ ਗਈ ਕਿ ਉਹ ਮੁਸਾਫ਼ਰਾਂ ਤੇ ਗੁਰਦਿਤ ਸਿੰਘ ਨੂੰ ਅਲਟੀਮੇਟਮ ਦੇਵੇ। ਉਸ ਵੱਲੋਂ ਅਲਟੀਮੇਟਮ ਦੇ ਸ਼ਬਦ ਇਸ ਤਰ੍ਹਾਂ ਸਨ :

> "ਮੈਨੂੰ ਕੈਨੇਡਾ ਦੀ ਸਰਕਾਰ ਵੱਲੋਂ ਹੁਕਮ ਹੋਇਆ ਹੈ ਅਤੇ ਜੇਕਰ ਤੁਹਾਨੂੰ ਕੋਈ ਨੁਕਸਾਨ ਹੋਵੇ ਤਾਂ ਉਸਦਾ ਅਫ਼ਸੋਸ ਜ਼ਰੂਰ ਹੋਵੇਗਾ ਅਤੇ ਬੇਹਤਰੀ ਇਹੀ ਹੈ ਕਿ ਤੁਸੀਂ ਸ਼ਾਂਤ-ਮਈ ਤਰੀਕੇ ਨਾਲ ਆਪਣੇ ਆਪ ਇਸ ਦੇਸ਼ ਦੇ ਕਾਨੂੰਨ ਅੱਗੇ ਝੁਕ ਜਾਉ। ਤੁਹਾਡਾ ਕੇਸ ਅਦਾਲਤ ਵਿਚ ਪੇਸ਼ ਹੋਇਆ ਅਤੇ ਅਦਾਲਤ ਨੇ ਫ਼ੈਸਲਾ ਸੁਣਾ ਦਿੱਤਾ ਤੇ ਕਾਨੂੰਨ ਮੁਤਾਬਕ ਤੁਹਾਨੂੰ ਡੀਪੋਰਟ ਕੀਤਾ ਗਿਆ। ਫਿਰ ਵੀ ਸਰਕਾਰ ਨੇ ਵਿਸ਼ੇਸ਼ ਤੌਰ 'ਤੇ ਤੁਹਾਡੇ 'ਤੇ ਕਿਰਪਾ ਕੀਤੀ ਹੈ ਅਤੇ ਤੁਹਾਨੂੰ ਵਾਪਸੀ ਲਈ ਰਾਸ਼ਨ-ਪਾਣੀ ਪ੍ਰਦਾਨ ਕਰਨ ਦੀ ਹਾਮੀ ਭਰੀ ਹੈ। ਇਸ ਰਾਸ਼ਣ-ਪਾਣੀ ਤੋਂ ਅਸੀਂ ਮੁਨਕਰ ਨਹੀਂ ਹਾਂ, ਪਰ ਇਹ ਤਾਂ ਹੀ ਸੰਭਵ ਹੋਵੇਗਾ ਜੇ ਤੁਸੀ ਜਹਾਜ ਦਾ ਕੰਟਰੋਲ ਜਹਾਜ ਦੇ ਕੈਪਟਨ ਯੂਮਾਟੋ ਨੂੰ ਸੌਂਪ ਦੇਵੋ ਤਾਂ ਜੋ ਉਹ ਜਹਾਜ ਨੂੰ ਗਰਮ ਕਰ ਸਕੇ।"[96]

ਹਾਪਕਿਨਸਨ ਨੇ ਸ਼ਹਿਰ ਦੇ ਮੇਅਰ ਬਕਸਟਰ ਵੱਲੋਂ ਦਸਖ਼ਤ ਕੀਤੀ ਇਕ ਚਿੱਠੀ ਵੀ ਦਿਖਾਈ ਜਿਸ ਵਿਚ ਵਿਸ਼ੇਸ਼ ਮਤਾ ਪਾਸ ਕੀਤਾ ਹੋਇਆ ਸੀ ਕਿ ਜੇ ਕੋਈ ਦੰਗਾ-ਫ਼ਸਾਦ ਕਰੇ ਤਾਂ ਉਸਨੂੰ ਦਬਾਉਣ ਲਈ ਸ਼ਕਤੀ ਦਾ ਪ੍ਰਯੋਗ ਕਰਨ ਦਾ ਹੁਕਮ ਸੀ। ਇਸ ਮਤੇ ਦੀ ਕਾਪੀ ਵਕੀਲ ਮੈਕਨੀਲ ਲਈ ਸੀ। ਮੈਕਨੀਲ ਤੇ ਮੰਤਰੀ ਬ੍ਰੂਰਿਲ ਦਰਮਿਆਨ ਲੰਬੀ ਗੱਲਬਾਤ ਹੋਈ ਅਤੇ ਕੁਝ ਸੰਬੰਧਤ ਵਿਅਕਤੀ ਮੁਸਾਫ਼ਰਾਂ ਤੇ

94. R.L. Borden to Martin Burrell, *Governor Genral's Files.*
95. Naval authoriteis to the Commanding Officer of the Rainbrow, *Governor General's Files.*
96. Malcolm Reid to W.D. Scott, *Stevens' File.*

ਗੁਰਦਿਤ ਸਿੰਘ ਨਾਲ ਗੱਲਬਾਤ ਕਰਨ ਲਈ ਨਿਯੁਕਤ ਹੋਏ। ਇਮੀਗ੍ਰੇਸ਼ਨ ਵਿਭਾਗ ਨੇ ਮੈਕਨੀਲ ਨੂੰ ਇਕ ਪੱਤਰ ਦੁਆਰਾ ਰੋਸ ਕੀਤਾ ਕਿ ਇੰਡੀਅਨ ਭਾਈਚਾਰਾ ਵੱਲੋਂ ਜੋ ਤਰੀਕੇ ਅਪਨਾਏ ਜਾ ਰਹੇ ਹਨ, ਠੀਕ ਨਹੀਂ :

> "ਜੇ ਤੁਹਾਡੇ ਇੰਡੀਅਨ ਕਮੇਟੀ ਨੇ ਤੇਰੇ 'ਤੇ ਵਿਸ਼ਵਾਸ ਕਰਕੇ ਮੰਗਾਂ ਰੱਖੀਆਂ ਹਨ, ਤਾਂ ਤੂੰ ਉਹੀ ਮੰਗਾਂ ਕਾਮਾਗਾਟਾਮਾਰੂ 'ਤੇ ਜਾ ਕੇ ਦੱਸ ਅਤੇ ਅਸੀਂ ਤੁਹਾਨੂੰ ਉਥੇ ਲੈ ਕੇ ਜਾਵਾਂਗੇ। ਕਮੇਟੀ ਨੂੰ ਇਮੀਗ੍ਰੇਸ਼ਨ ਦੇ ਦਫ਼ਤਰ ਆਉਣਾ ਪਵੇਗਾ, ਜਿਥੋਂ ਉਹ ਮੁਸਾਫ਼ਰਾਂ ਲਈ ਖਾਧ-ਖ਼ੁਰਾਕ ਲੈ ਕੇ ਜਾ ਸਕਦੇ ਹਨ। ਪਰ ਇਹ ਪੱਤਰ ਦਾ ਉੱਤਰ 1-30 ਵਜੇ ਤਕ ਮਿਲਣਾ ਚਾਹੀਦਾ ਹੈ। ਜੇ ਇਨ੍ਹਾਂ ਮੰਗਾਂ ਨਾਲ ਸਹਿਮਤੀ ਨਾ ਦਿਖਾਈ ਤਾਂ ਸਰਕਾਰ 'ਤੇ ਬਹੁਤ ਵੱਡਾ ਖ਼ਰਚ ਪਵੇਗਾ। ਇਸ ਕਰਕੇ ਇਹ ਸਾਡੀ ਆਖ਼ਰੀ ਪੇਸ਼ਕਸ਼ ਹੈ।"[97]

ਇਸ ਤੱਥ ਬਾਰੇ ਆਮ ਲੋਕਾਂ ਨੂੰ ਵੀ ਪਤਾ ਸੀ ਕਿ ਸਿੱਖ ਭਾਈਚਾਰੇ ਨੇ ਬਹੁਤ ਪੈਸਾ ਇਕੱਠਾ ਕੀਤਾ ਤੇ ਜਹਾਜ਼ ਨੂੰ ਰੋਕੀ ਰੱਖਣ ਲਈ ਕੰਪਨੀ ਦੇ ਏਜੰਟ ਨੂੰ ਸਮੇਂ ਸਿਰ ਕਿਸ਼ਤ ਦਿੱਤੀ ਅਤੇ ਕਾਨੂੰਨੀ ਕਾਰਵਾਈ ਅਨੁਸਾਰ ਜਹਾਜ਼ ਦਾ ਪਟਾ ਬਾਬਾ ਗੁਰਦਿਤ ਸਿੰਘ ਤੋਂ ਬਦਲ ਕੇ ਭਾਈ ਭਾਗ ਸਿੰਘ ਤੇ ਰਹੀਮ ਦੇ ਨਾਂਵ ਕਰ ਦਿੱਤਾ ਸੀ। ਇਹ ਭਾਈਚਾਰੇ ਦਾ ਇਰਾਦਾ ਸੀ ਕਿ ਹਰ ਹਾਲਤ ਵਿਚ ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਨੂੰ ਕੈਨੇਡਾ ਦੀ ਧਰਤੀ 'ਤੇ ਉਤਾਰਨਾ ਸੀ। ਪਰ ਇਹ ਬਹੁਤ ਹੀ ਮੰਦਭਾਗਾ ਸੀ ਕਿ ਜਿਥੇ ਉਹ ਅਦਾਲਤੀ ਕੇਸਾਂ ਵਿਚ ਹਾਰ ਗਏ, ਉਥੇ ਕੌਮ ਦਾ ਬਹੁਤ ਪੈਸਾ ਵੀ ਬਰਬਾਦ ਹੋਇਆ। ਭਾਈਚਾਰੇ ਨੇ ਆਪਣੇ ਵੱਲੋਂ ਖ਼ਰਚ ਕੀਤੇ ਪੈਸਿਆਂ ਦੀ ਮੰਗ ਵੀ ਰੱਖੀ ਕਿ ਸਰਕਾਰ ਉਨ੍ਹਾਂ ਨੂੰ ਪੈਸੇ ਦੇਵੇ। ਦੂਜੇ ਪਾਸੇ ਬੂਰਿਲ ਇਸ ਸਮੱਸਿਆ ਨੂੰ ਸੂਝ ਤੇ ਸਿਆਣਪ ਨਾਲ ਨਿਪਟਾਉਣਾ ਚਾਹੁੰਦਾ ਸੀ। ਉਸਨੇ ਮੈਕਨੀਲ ਨੂੰ ਲਿਖਿਆ ਅਤੇ ਸਿੱਖ ਭਾਈਚਾਰੇ ਤੇ ਪਟੇਦਾਰਾਂ ਵੱਲੋਂ ਖ਼ਰਚੇ ਹੋਏ ਪੈਸਿਆਂ ਸੰਬੰਧੀ ਵਿਚਾਰ ਕੀਤੀ। ਬੂਰਿਲ ਨੇ ਮੈਕਨੀਲ ਨੂੰ ਭਰੋਸਾ ਦਿਵਾਇਆ ਕਿ ਉਹ ਪ੍ਰਧਾਨ ਮੰਤਰੀ ਨੂੰ ਇਸ ਬਾਰੇ ਗੱਲ ਕਰੇਗਾ ਤੇ ਭਾਈਚਾਰੇ ਦੀ ਪੈਸੇ ਵਾਲੀ ਮੰਗ ਨੂੰ ਉਸ ਅੱਗੇ ਰੱਖੇਗਾ। ਇਸਦੇ ਨਾਲ, ਉਸਨੇ ਇਹ ਵੀ ਯਕੀਨ ਦਿਵਾਇਆ ਕਿ ਇਸ ਕਾਮਾਗਾਟਾਮਾਰੂ ਦੇ ਦੁਖਾਂਤ ਦੀ ਘੋਖ ਲਈ ਇਕ ਨਿਰਪੱਖ ਕਮਿਸ਼ਨਰ ਨਿਯੁਕਤ ਕੀਤਾ ਜਾਵੇਗਾ, ਭਾਈਚਾਰੇ ਦੀਆਂ ਮੰਗਾਂ 'ਤੇ ਵੀ ਵਿਚਾਰ ਕੀਤੀ ਜਾਵੇਗੀ। ਪਰ ਉਸਨੇ ਇਹ ਸਪੱਸ਼ਟ ਕਰ ਦਿੱਤਾ ਕਿ ਮੁਸਾਫ਼ਰਾਂ ਨੂੰ ਇਥੋਂ ਚਲੇ ਜਾਣ ਦੀ ਸ਼ਰਤ ਪੂਰੀ ਮੰਨਣੀ ਪਵੇਗੀ। ਅਖ਼ੀਰ 'ਚ ਉਸਨੇ ਮੈਕਨੀਲ ਨੂੰ ਯਾਦ ਕਰਾਇਆ ਕਿ ਇਨ੍ਹਾਂ ਸ਼ਰਤਾਂ 'ਤੇ ਸਰਕਾਰੀ ਪ੍ਰਸਤਾਵ ਦੇ ਫ਼ੈਸਲੇ ਨੂੰ ਮੰਨਣਾ ਅਤਿ ਜ਼ਰੂਰੀ ਹੈ।[98]

ਜਹਾਜ਼ ਦੀ ਕੰਪਨੀ ਮੈਸਰਜ਼ ਸੀ ਗਾਰਡਨਰ ਜੌਨਸਨ ਨੇ ਮੈਕਨੀਲ (ਵਕੀਲ) ਨੂੰ ਲਿਖ ਕੇ ਦਿੱਤਾ ਕਿ ਕੰਪਨੀ ਪਟੇਦਾਰਾਂ ਤੋਂ ਕੋਈ ਹੋਰ ਕਿਸ਼ਤ ਨਹੀਂ ਮੰਗੇਗੀ ਅਤੇ

97. Malcolm Reid to W.D. Scott, *Stevens' File.*
98. Martin Burrell to MacNeil, July 21, 1914, *Borden Papers.*

ਜੋ ਪਹਿਲਾਂ ਪੈਸੇ ਉਤਾਰੇ ਹੋਏ ਹਨ, ਹਾਂਗਕਾਂਗ ਤਕ ਪਹੁੰਚਣ ਲਈ ਕਾਫ਼ੀ ਹਨ। ਬੂਰਿਲ ਨੇ ਪ੍ਰਧਾਨ ਮੰਤਰੀ ਬੋਰਡਨ ਨੂੰ ਦੱਸਿਆ ਕਿ ਇੰਡੀਅਨ ਕਮੇਟੀ ਅੱਗੇ ਜੋ ਪ੍ਰਸਤਾਵ ਰੱਖੇ ਸਨ, ਉਨ੍ਹਾਂ ਨੇ ਪ੍ਰਵਾਨ ਕਰ ਲਏ ਹਨ। ਫਿਰ ਮੈਕਨੀਲ, ਇਮੀਗ੍ਰੇਸ਼ਨ ਅਫ਼ਸਰ ਤੇ ਸਟੀਵਨਜ਼ ਇਕੱਠੇ ਹੋਏ ਅਤੇ ਲੋਕਲ ਭਾਈਚਾਰੇ ਦੀ ਕਮੇਟੀ ਵਾਲੇ ਮੁਸਾਫ਼ਰਾਂ ਨੂੰ ਬੇਨਤੀ ਕਰਨ ਗਏ ਕਿ ਉਹ ਜਹਾਜ਼ ਦਾ ਕੰਟਰੋਲ ਛੱਡ ਦੇਣ। ਦੂਜੇ ਪਾਸੇ, ਬੂਰਿਲ ਨੇ ਪੂਰੇ ਯਕੀਨ ਨਾਲ ਬੋਰਡਨ ਨੂੰ ਸੂਚਿਤ ਕੀਤਾ ਕਿ ਜਾਪਦਾ ਹੈ ਜਹਾਜ਼ ਬਾਅਦ ਦੁਪਹਿਰ ਰਵਾਨਾ ਹੋ ਜਾਵੇਗਾ, ਅਤੇ ਖਾਣ-ਪੀਣ ਦਾ ਸਾਮਾਨ ਲੱਦਿਆ ਜਾ ਰਿਹਾ ਹੈ।[99]

ਪਾਰਲੀਮੈਂਟ ਦਾ ਮੈਂਬਰ ਸਟੀਵਨਜ਼ ਨੇ ਬੋਰਡਨ ਨੂੰ ਆਪਣੀਆਂ ਭਾਵਨਾਵਾਂ ਹੇਠ ਲਿਖੇ ਸ਼ਬਦਾਂ ਵਿਚ ਪ੍ਰਗਟ ਕੀਤੀਆਂ:

> "ਤੁਹਾਨੂੰ ਇਹ ਦੱਸ ਕੇ, ਮੈਨੂੰ ਅਤਿ ਖ਼ੁਸ਼ੀ ਹੋ ਰਹੀ ਹੈ ਕਿ ਜਹਾਜ਼ ਬਹੁਤ ਜਲਦੀ ਹੀ ਬੰਦਰਗਾਹ ਛੱਡ ਦੇਵੇਗਾ ਤੇ ਸਟੀਮ 12 ਜਾਂ 14 ਘੰਟੇ ਵਿਚ ਬਣ ਜਾਵੇਗੀ। ਮੈਲਕਮ ਰੀਡ, ਹਾਪਕਿਨਸਨ ਅਤੇ ਇੰਡੀਅਨ ਕਮੇਟੀ ਤੇ ਮੈਂ ਕਾਮਾਗਾਟਾਮਾਰੂ ਕੋਲੋਂ ਆਏ ਹਾਂ, ਅੱਜ ਜਦੋਂ ਅਸੀਂ ਉਨ੍ਹਾਂ ਕੋਲੋਂ ਰਾਤ ਨੂੰ ਵਾਪਸ ਆਏ ਤਾਂ ਹਿੰਦੂ ਮੁਸਾਫ਼ਰ ਵੀ ਜਹਾਜ਼ 'ਤੇ ਖ਼ੁਸ਼ ਨਜ਼ਰ ਆ ਰਹੇ ਸਨ, ਉਹ ਤਾੜੀਆਂ ਮਾਰ ਰਹੇ ਸਨ, ਇੰਜ ਜਾਪਦਾ ਸੀ ਕਿ ਉਹ ਫ਼ੈਸਲੇ 'ਤੇ ਖ਼ੁਸ਼ ਸਨ।"[100]

ਸਟੀਵਨਜ਼ (ਐਮ.ਪੀ.) ਏਸ਼ੀਅਨ ਲੋਕਾਂ ਨੂੰ ਕੱਢਣ ਵਾਲੀ ਲਹਿਰ ਦਾ ਨੇਤਾ ਸੀ ਅਤੇ ਉਸ ਲਈ ਅਜਿਹੀ ਸਮੱਸਿਆ ਦਾ ਹੱਲ ਗੁੰਝਲਦਾਰ ਤੇ ਕਠਿਨ ਸੀ। ਬੂਰਿਲ (ਮੰਤਰੀ) ਨੇ ਸਿਆਸੀ ਨੀਤੀ ਦੁਆਰਾ ਸਾਰਾ ਮੁਆਮਲਾ ਹੱਲ ਕਰ ਦਿੱਤਾ ਪਰ ਦੂਜੇ ਪਾਸੇ ਸਟੀਵਨਜ਼ ਇਸ ਕਾਮਯਾਬੀ ਦਾ ਸਿਹਰਾ ਇਮੀਗ੍ਰੇਸ਼ਨ ਵਿਭਾਗ ਨੂੰ ਦਿੰਦਾ ਸੀ। ਵਾਸਤਵ ਵਿਚ ਆਟਵਾ ਦੇ ਉੱਚ ਅਧਿਕਾਰੀ ਵਿਸ਼ੇਸ਼ ਤੌਰ 'ਤੇ ਪ੍ਰਧਾਨ ਮੰਤਰੀ ਨੂੰ ਬੂਰਿਲ (ਮੰਤਰੀ) ਦੀ ਕਾਬਲੀਅਤ ਬਾਰੇ ਪੂਰਾ ਪਤਾ ਸੀ ਅਤੇ ਉਸਨੂੰ ਵਿਸ਼ਵਾਸ ਸੀ ਕਿ ਬੂਰਿਲ ਕੋਈ ਉਪਾਅ ਸੋਚ ਕੇ ਗੁੰਝਲ ਨੂੰ ਸੁਲਝਾਉਣ ਦੇ ਯੋਗ ਹੋਵੇਗਾ। ਇਸ ਕਰਕੇ ਪ੍ਰਧਾਨ ਮੰਤਰੀ ਬੋਰਡਨ ਨੇ ਕਾਮਗਾਟਾਮਾਰੂ ਸੰਬੰਧੀ ਨਿਪਟਣ ਲਈ ਬੂਰਿਲ ਨੂੰ ਜ਼ਿੰਮੇਵਾਰੀ ਸੌਂਪੀ। ਦੂਸਰਾ, ਉਹ ਬੀ.ਸੀ. ਸੂਬੇ ਦੀ ਬਤੌਰ ਮੰਤਰੀ ਨੁਮਾਇੰਦਗੀ ਕਰਦਾ ਸੀ। ਉਸਨੇ ਪੂਰੀ ਇਮਾਨਦਾਰੀ ਅਤੇ ਜ਼ਿੰਮੇਵਾਰੀ ਸਦਕਾ ਸਮੱਸਿਆ ਦਾ ਹੱਲ ਕੀਤਾ। ਪ੍ਰਧਾਨ ਮੰਤਰੀ ਨੇ ਕਾਰਜ ਦੀ ਸਫਲਤਾ 'ਤੇ ਜਿਥੇ ਉਸਨੂੰ ਸਫਲਤਾ 'ਤੇ ਵਧਾਈ ਦਿੱਤੀ, ਉਥੇ ਉਸਦਾ ਵਿਸ਼ੇਸ਼ ਧੰਨਵਾਦ ਵੀ ਕੀਤਾ:

> "ਮੈਂ ਤੁਹਾਨੂੰ ਇਸ ਕਾਰਜ ਦੀ ਸਫਲਤਾ ਅਤੇ ਸਮੱਸਿਆ ਨੂੰ ਹੱਲ ਕਰਨ ਲਈ ਚੁੱਕੇ ਕਦਮ ਤੇ ਸਫਲਤਾ ਪ੍ਰਾਪਤ ਕਰਨ 'ਤੇ ਵਧਾਈ ਦਿੰਦਾ ਹਾਂ।

---

99. Martin Burrell to R.L. Borden, *Governor General's Files.*
100. H.H. Stevens' to R.L. Borden, *Governor General's Files.*

ਸੱਚੇ ਦਿਲੋਂ ਆਸ ਰੱਖਦਾ ਹਾਂ ਕਿ ਸਾਰਾ ਕਾਰਜ ਬਿਨਾਂ ਕਿਸੇ ਅੜਿਕੇ ਦੇ ਨੇਪਰੇ ਚੜ੍ਹੇਗਾ।"[101]

ਉਸ ਸਮੇਂ ਹੀ ਇਮੀਗ੍ਰੇਸ਼ਨ ਦੇ ਡਿਪਟੀ ਸੁਪਰਡੈਂਟ ਈ.ਬੀ. ਰੋਬਰਟਸਨ ਨੇ ਇਹ ਖ਼ਬਰ ਪ੍ਰਧਾਨ ਮੰਤਰੀ ਨੂੰ ਦੇਣ ਵਿਚ ਖ਼ੁਸ਼ੀ ਮਹਿਸੂਸ ਕੀਤੀ :

"ਮੇਰੇ ਲਈ ਇਹ ਖ਼ਬਰ ਦੇਣੀ ਮਾਣ ਵਾਲੀ ਗੱਲ ਹੈ ਕਿ ਫ਼ੌਜੀ ਤੇ ਸਿਪਾਹੀ ਇਥੋਂ ਛੇਤੀ ਹੀ ਫਾਰਗ ਹੋ ਜਾਣਗੇ ਤੇ ਕਾਮਾਗਾਟਾਮਾਰੂ ਇਥੋਂ ਚਲਾ ਜਾਵੇਗਾ।"[102]

ਬੀ.ਸੀ. ਤੇ ਆਟਵਾ ਦੇ ਸਾਰੇ ਉੱਚ ਅਧਿਕਾਰੀ ਤੇ ਸਿਆਸੀ ਲੋਕ ਕਾਮਾਗਾਟਾਮਾਰੂ ਦੀ ਸਮੱਸਿਆ ਦਾ ਸ਼ਾਂਤਮਈ ਤਰੀਕੇ ਨਾਲ ਹੱਲ ਹੋਣ 'ਤੇ ਖ਼ੁਸ਼ ਸਨ। ਉਹ ਇਕੁ ਦੂਜੇ ਨੂੰ ਇਸ ਕਾਮਯਾਬੀ 'ਤੇ ਵਧਾਈਆਂ ਦੇ ਰਹੇ ਸਨ। ਦੂਜੇ ਪਾਸੇ ਭਾਰਤੀ ਭਾਈਚਾਰਾ ਕਾਮਾਗਾਟਾਮਾਰੂ ਦੀ ਖ਼ਾਤਰ ਅਦਾਲਤੀ ਜੰਗ ਹਾਰ ਕੇ ਪੂਰੀ ਤਰ੍ਹਾਂ ਥੱਕ-ਟੁੱਟ ਚੁੱਕਾ ਸੀ। ਭਾਵੇਂ ਕੂਟਿਲਨੀਤੀ ਨਾਲ ਬੂਰਿਲ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਸੀ ਕਿ ਜੋ ਪੈਸੇ ਉਨ੍ਹਾਂ ਨੇ ਜਹਾਜ਼ ਦੀਆਂ ਕਿਸ਼ਤਾਂ ਦੇਣ ਵਿਚ ਲਗਾਇਆ, ਉਸ ਨੂੰ ਸਰਕਾਰ ਪਾਸੋਂ ਵਾਪਸ ਦਿਵਾਉਣ 'ਤੇ ਵਿਚਾਰ ਹੋਵੇਗੀ। ਭਾਰਤੀ ਭਾਈਚਾਰੇ ਦੀ ਮੁਖ ਮੰਗ ਵਿਚ ਪੈਸੇ ਦੀ ਮੰਗ ਅਹਿਮ ਸੀ। ਰਹੀਮ ਨੇ ਭਾਈ ਭਾਗ ਸਿੰਘ ਵੱਲੋਂ (ਜੋ ਜਹਾਜ਼ ਦੇ ਪਟੇਦਾਰ ਸੀ) ਜਹਾਜ਼ ਦੇ ਕੈਪਟਨ ਯੂਮਾਟੋ ਨੂੰ ਇਕ ਚਿੱਠੀ ਦਿੱਤੀ, ਜਿਸਦੇ ਸ਼ਬਦ ਇਸ ਤਰ੍ਹਾਂ ਸਨ :

"ਭਾਰਤੀ ਭਾਈਚਾਰੇ ਦੇ ਨੁਮਾਇੰਦਿਆਂ ਤੇ ਜਹਾਜ਼ ਦੀ ਕਮੇਟੀ ਦਰਮਿਆਨ ਹੋਈ ਸਾਰੀ ਗੱਲਬਾਤ ਤੋਂ ਮੈਂ ਸੰਤੁਸ਼ਟ ਹਾਂ ਅਤੇ ਹੁਣ ਮੇਰੇ ਅਧਿਕਾਰ ਵਿਚ ਹੈ ਕਿ ਮੈਂ ਤੈਨੂੰ ਜਹਾਜ਼ ਗਰਮ ਕਰਨ ਦੀ ਆਗਿਆ ਦਿੰਦਾ ਹਾਂ, ਤਾਂ ਜੋ ਬੰਦਰਗਾਹ ਨੂੰ ਛੱਡਿਆ ਜਾਵੇ। ਸੋ ਇਸ ਚਿੱਠੀ ਮਿਲਦੇ ਸਾਰ ਤੂੰ ਤਿਆਰੀ ਕਰਨ ਵਿਚ ਜੁੱਟ ਜਾ।"[103]

ਇਸ ਪ੍ਰਤੀ ਕੋਈ ਦੋ ਰਾਵਾਂ ਨਹੀਂ ਕਿ ਲੋਕਲ ਇਮੀਗ੍ਰੇਸ਼ਨ ਵਾਲਿਆਂ ਨੇ ਮੁਸਾਫ਼ਰਾਂ ਨੂੰ ਖਾਣ-ਪੀਣ ਦਾ ਸਾਮਾਨ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਸਗੋਂ ਉਹ ਧੱਕੇ ਨਾਲ ਬਿਨਾਂ ਪਾਣੀ ਤੇ ਸਾਮਾਨ ਦਿਤੇ ਕਾਮਾਗਾਟਾਮਾਰੂ ਜਹਾਜ਼ ਨੂੰ ਤੋਰਨਾ ਚਾਹੁੰਦੇ ਸਨ। ਜਦੋਂ ਉੱਚ ਅਧਿਕਾਰੀਆਂ ਨੇ ਇਮੀਗ੍ਰੇਸ਼ਨ ਵਿਭਾਗ ਨੂੰ ਇਕ ਸ਼ਰਤ 'ਤੇ ਖਾਣ-ਪੀਣ ਦਾ ਸਾਮਾਨ ਤੇ ਪਾਣੀ ਦੇਣ ਲਈ ਕਿਹਾ ਗਿਆ, ਜੋ ਜਹਾਜ਼ ਤੇ ਮੁਸਾਫ਼ਰ ਸ਼ਾਂਤੀ-ਪੂਰਵਕ ਬੰਦਰਗਾਹ ਛੱਡ ਦੇਣ, ਭਾਵ ਕੈਨੇਡਾ ਤੋਂ ਚਲੇ ਜਾਣ। ਰੀਡ

101. R.L. Borden to Martin Burrell, July 22, 1914, *Governor General Files.*
102. E. Black Robertson to R.L. Borden, July 22, 1914, *Governor General's Files.*
103. Malcolm Reid to W.D. Scott, *Stevens' File*, p. 608.

ਨੇ ਮੁਸਾਫ਼ਰਾਂ ਵੱਲੋਂ ਲੋੜੀਂਦੇ ਸਾਮਾਨ ਦੀ ਲਿਸਟ ਬਾਰੇ ਸਕਾਟ ਨੂੰ ਦੱਸਿਆ। ਲਿਸਟ ਅਨੁਸਾਰ ਸਾਰਾ ਸਾਮਾਨ ਜਹਾਜ਼ 'ਤੇ ਲੱਦਿਆ ਗਿਆ।[104]

ਜਦੋਂ ਕਾਮਾਗਾਟਾਮਾਰੂ ਕੈਨੇਡਾ ਪਹੁੰਚਿਆ ਤਾਂ ਕੁੱਲ 376 ਮੁਸਾਫ਼ਰ ਸਨ, ਜਿਨ੍ਹਾਂ ਵਿੱਚੋਂ 20 ਮੁਸਾਫਰਾਂ ਨੂੰ ਉਤਰਨ ਦੇ ਦਿੱਤਾ ਸੀ ਕਿਉਂਕਿ ਇਹ ਕੈਨੇਡਾ ਵਿਚ ਪਹਿਲੋਂ ਤੋਂ ਰਹਿ ਰਹੇ ਸਨ। ਇਕ ਮੁਸਾਫ਼ਰ ਦੀ ਹਸਪਤਾਲ ਵਿਚ ਮ੍ਰਿਤੂ ਹੋ ਗਈ। ਜਹਾਜ਼ ਦੇ ਡਾਕਟਰ ਰਘੂਨਾਥ ਸਿੰਘ ਤੇ ਉਸਦੇ ਪਰਿਵਾਰ ਨੂੰ ਉਤਰਨ ਦੀ ਆਗਿਆ ਦਿੱਤੀ ਗਈ। ਡਾਕਟਰ ਰਘੂਨਾਥ ਸਿੰਘ ਨੇ ਇਕ ਹੋਰ ਵਿਅਕਤੀ ਭਾਨ ਸਿੰਘ ਦੀਆਂ ਸੇਵਾਵਾਂ ਲੈਣ ਲਈ ਉਸ ਨਾਲ ਗੰਢ-ਤੁਪ ਕੀਤੀ ਤੇ ਉਸਨੇ ਵੀ ਇਮੀਗ੍ਰੇਸ਼ਨ ਦੇ ਪੱਖ ਦੀ ਪੂਰਤੀ ਕੀਤੀ ਸੀ, ਪਰ ਉਸ ਨੂੰ ਉਤਰਨ ਦੀ ਆਗਿਆ ਨਹੀਂ ਮਿਲੀ। ਉਸਨੇ ਤਰਲੇ ਵੀ ਕੀਤੇ ਪਰ ਉਹ ਸਫਲ ਨਾ ਹੋ ਸਕਿਆ। ਭਾਵੇਂ ਗੁਰਦਿਤ ਸਿੰਘ ਨੇ ਡਾਕਟਰ ਰਘੂਨਾਥ ਸਿੰਘ ਤੇ ਉਸਦੇ ਪਰਿਵਾਰ ਨੂੰ ਵਿਸ਼ੇਸ਼ ਤੌਰ 'ਤੇ ਉਤਰਨ ਦੇਣ ਦੇ ਵਿਰੁੱਧ ਰੋਸ ਕੀਤਾ, ਪਰ ਕੁਝ ਨਾ ਹੋ ਸਕਿਆ। ਉਸਨੇ ਰੀਡ ਨੂੰ ਕਿਹਾ ਕਿ ਡਾਕਟਰ ਨੂੰ ਮੁਸਾਫ਼ਰਾਂ ਦੀ ਲੋੜ ਲਈ ਭਰਤੀ ਕੀਤਾ ਸੀ ਅਤੇ ਉਸਨੂੰ ਉਤਰਨ ਦਾ ਕੋਈ ਅਧਿਕਾਰ ਨਹੀਂ ਹੋਣਾ ਚਾਹੀਦਾ।[105]

ਵਕੀਲ ਮੈਕਨੀਲ (ਸਿੱਖਾਂ ਦਾ ਵਕੀਲ) ਨੇ ਸਰਕਾਰ ਨਾਲ ਚੰਗੀ ਭਾਵਨਾ ਬਣਾਈ ਰੱਖਣ ਲਈ ਪ੍ਰਧਾਨ ਮੰਤਰੀ ਬੋਰਡਨ ਨੂੰ ਇਕ ਨਿੱਜੀ ਚਿੱਠੀ ਲਿਖੀ, ਜਿਸ ਵਿਚ ਉਸਨੇ ਇਮੀਗ੍ਰੇਸ਼ਨ ਵਿਰੁੱਧ ਕੇਸ ਲੜਨ ਦਾ ਅਫ਼ਸੋਸ ਤੇ ਪਛਤਾਵਾ ਜ਼ਾਹਰ ਕੀਤਾ। ਉਸਨੇ ਸਰਕਾਰੀ ਫ਼ੈਸਲੇ 'ਤੇ ਮੰਤਰੀ ਬੁਰਿਲ ਵੱਲੋਂ ਸਾਰੇ ਮੁਆਮਲੇ ਨੂੰ ਯੋਗਤਾ ਨਾਲ ਨਜਿੱਠਨ ਲਈ ਪ੍ਰਸੰਸਾ ਕੀਤੀ, ਉਹ ਲਿਖਦਾ ਹੈ:

> "ਮਾਣਯੋਗ ਮੰਤਰੀ ਬੁਰਿਲ ਦਾ ਬ੍ਰਿਟਿਸ਼ ਕੋਲੰਬੀਆ ਵਿਚ ਹਾਜ਼ਰ ਹੋਣਾ ਅਤੇ ਇਹ ਅਣ-ਸੁਖਾਵੇਂ ਸਮੇਂ ਪਹੁੰਚਣਾ, ਇਕ ਚੰਗਾ ਸੁਭਾਗ ਸੀ। ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ, ਜੇ ਮੰਤਰੀ ਬੁਰਿਲ ਇਥੇ ਨਾ ਹੁੰਦਾ ਤਾਂ ਕੋਈ ਕਿਸੇ ਤਰ੍ਹਾਂ ਦਾ ਸਮਝੌਤਾ ਹੋਣਾ ਅਸੰਭਵ ਸੀ।"

ਉਸਨੇ ਲੋਕਲ ਅਧਿਕਾਰੀਆਂ ਦੀ ਨੁਕਤਾਚੀਨੀ ਵੀ ਕੀਤੀ:

> "ਲੋਕਲ ਇਮੀਗ੍ਰੇਸ਼ਨ ਦੇ ਅਧਿਕਾਰੀ ਕਿਸੇ ਵੀ ਤਰ੍ਹਾਂ ਦੇ ਸਮਝੌਤੇ ਦੇ ਹੱਕ ਵਿਚ ਜਾਂ ਕੋਈ ਫ਼ੈਸਲਾ ਨਹੀਂ ਚਾਹੁੰਦੇ ਸਨ।"[106]

ਡਾਕਟਰ ਏਰਕ ਮੋਰਸ ਨੇ ਵੀ ਆਪਣੀ ਖੋਜ-ਪੱਤਰ ਵਿਚ ਲੋਕਲ ਅਧਿਕਾਰੀਆਂ ਵੱਲੋਂ ਯੋਗ ਕਦਮ ਨਾ ਚੁੱਕਣ ਦਾ ਦੋਸ਼ ਲਗਾਇਆ ਹੈ। ਵਕੀਲ ਮੈਕਨੀਲ ਦੇ ਕਹੇ ਸ਼ਬਦ ਠੀਕ ਲੱਗਦੇ ਹਨ, ਜਦੋਂ ਉਹ ਆਖਦਾ ਹੈ ਕਿ ਲੋਕਲ ਇਮੀਗ੍ਰੇਸ਼ਨ ਅਧਿਕਾਰੀ

---

104. Malcolm Reid to W.D. Scott, *Stevens' File*, p. 608.
105. Gurdit Singh to the Immigration Agent (Malcolm Reid), *Stevens' File*, p. 440.
Also see, *Stevens' File*, p. 612.
106. MacNeil to R.L. Broden, July 22, 1914, *Borden Papers*.

ਇਸ ਸਮੱਸਿਆ ਦੇ ਹੱਲ ਕਰਨ ਲਈ ਫ਼ਿਕਰਮੰਦ ਨਹੀਂ ਸਨ, ਉਹ ਤਾਂ ਸਿਰਫ਼ ਧੱਕਾ ਕਰਨਾ ਜਾਂ ਨੇਵੀ ਦੀ ਸ਼ਕਤੀ ਦਾ ਪ੍ਰਯੋਗ ਕਰ ਕੇ ਕਾਮਾਗਾਟਾਮਾਰੂ ਤੇ ਉਸਦੇ ਮੁਸਾਫ਼ਰਾਂ ਤੋਂ ਮੁਕਤੀ ਚਾਹੁੰਦੇ ਸਨ।

22 ਜੁਲਾਈ, 1914 ਸ਼ਾਮ ਦੇ 7-00 ਵਜੇ ਖਾਣ-ਪੀਣ ਦਾ ਸਾਮਾਨ ਲੱਦਿਆ ਗਿਆ। ਭਾਈ ਮਿਤ ਸਿੰਘ ਪੰਡੋਰੀ (ਸਕੱਤਰ ਖ਼ਾਲਸਾ ਦੀਵਾਨ ਸੁਸਾਇਟੀ), ਹਸਨ ਰਹੀਮ ਤੇ ਸ਼ੋਰ ਕਮੇਟੀ ਦੇ ਮੈਂਬਰ ਜਹਾਜ਼ 'ਤੇ ਚੜ੍ਹੇ। ਸ਼ੋਰ ਕਮੇਟੀ ਵੱਲੋਂ ਕੈਪਟਨ ਨੂੰ ਚਿੱਠੀ ਦਿੱਤੀ ਗਈ, ਜਿਸ ਵਿਚ ਲਿਖਿਆ ਹੋਇਆ ਸੀ ਕਿ ਖਾਣ-ਪੀਣ ਦਾ ਸਾਮਾਨ ਲੱਦਿਆ ਗਿਆ ਤੇ ਉਸਨੂੰ ਵਿਸ਼ੇਸ਼ ਹਦਾਇਤ ਕੀਤੀ ਗਈ ਕਿ ਉਹ ਇੰਜੀਨੀਅਰਜ਼ ਨੂੰ ਜਹਾਜ਼ ਗਰਮ ਕਰਨ ਲਈ ਕਹੇ ਤੇ ਜਹਾਜ਼ ਨੂੰ ਇਥੋਂ ਤੋਰ ਲਵੇ। ਰੌਬਰਟਸਨ ਨੂੰ ਇਕ ਟੈਲੀਗ੍ਰਾਮ ਭੇਜੀ ਗਈ, ਜਿਸਦੇ ਸ਼ਬਦ ਸਨ :

ਕਾਮਾਗਾਟਾਮਾਰੂ ਸਵੇਰ ਦੇ 5-00 ਵਜੇ ਚੱਲਣ ਲਈ ਤਿਆਰ ਹੈ ਤੇ ਨੇਵੀ ਦਾ ਜਹਾਜ਼ ਰੇਨਬੋ ਉਸਦੇ ਨਾਲ ਹੈ।[107]

---

107. E. Black Robertson, July 23, 1914, *Borden Papers.*

ਚੌਥਾ ਅਧਿਆਇ

ਕਾਮਾਗਾਟਾਮਾਰੂ ਦੇ ਦੁਖਾਂਤ ਦਾ ਸਿੱਟਾ

ਜਿਸ ਸਮੇਂ ਕਾਮਾਗਾਟਾਮਾਰੂ ਦਾ ਦੁਖਾਂਤ ਵਾਪਰਿਆ, ਉਸ ਸਮੇਂ ਸੰਸਾਰ ਦੀ ਪਹਿਲੀ ਜੰਗ ਛਿੜ ਚੁੱਕੀ ਸੀ। ਬਰਤਾਨਵੀ ਫ਼ੌਜਾਂ ਜਰਮਨ ਫ਼ੌਜਾਂ ਨਾਲ ਲੜ ਰਹੀਆਂ ਸਨ, ਅਤੇ ਅਖ਼ਬਾਰਾਂ ਦੀਆਂ ਮੁੱਖ ਸੁਰਖ਼ੀਆਂ ਵਿਚ ਆ ਰਿਹਾ ਸੀ ਕਿ ਭਾਰਤੀ ਫ਼ੌਜਾਂ ਜੰਗੀ ਮੈਦਾਨ ਦੇ ਅੱਗੇ ਹੋ ਕੇ ਜੂਝ ਰਹੀਆਂ ਸਨ। ਜਰਮਨ ਨਾਲ ਬਰਤਾਨਵੀ ਫ਼ੌਜ ਦਾ ਟਾਕਰਾ ਟਰਮੌਂਡੇ ਦੇ ਮੁਕਾਮ 'ਤੇ ਹੋਇਆ। ਇਕ ਇਹ ਵੀ ਵਿਸ਼ੇਸ਼ ਖ਼ਬਰ ਸੀ ਕਿ ਸਿੱਖਾਂ ਦੀ ਫ਼ੌਜ ਮੈਦਾਨ-ਏ-ਜੰਗ ਵਿਚ ਜੂਝਣ ਕਾਰਨ ਜਰਮਨ ਫ਼ੌਜ ਪਿੱਛੇ ਹੱਟ ਰਹੀ ਹੈ। ਇਹ ਵੀ ਹੈਰਾਨੀ-ਜਨਕ ਹੈ ਕਿ ਇਕ ਪਾਸੇ ਸਿੱਖ ਫ਼ੌਜੀ ਬਰਤਾਨਵੀ ਸਾਮਰਾਜ ਦੀ ਰੱਖਿਆ ਲਈ ਆਪਣੇ ਸੀਸ ਤਲੀ 'ਤੇ ਟਿਕਾਈ ਫਿਰਦੇ ਸਨ, ਦੂਜੇ ਪਾਸੇ ਬਰਤਾਨਵੀ ਸਰਕਾਰ ਵੱਲੋਂ ਬ੍ਰਿਟਿਸ਼ ਕੋਲੰਬੀਆ ਦੇ ਸਿੱਖਾਂ ਨਾਲ ਭੈੜਾ ਵਤੀਰਾ ਕੀਤਾ ਜਾ ਰਿਹਾ ਸੀ। ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫ਼ਰਾਂ ਨੂੰ ਧੱਕੇ ਨਾਲ ਬੰਦਰਗਾਹ 'ਤੇ ਨੇੜੇ ਨਹੀਂ ਢੁੱਕਣ ਦਿੱਤਾ ਅਤੇ ਆਖਰ ਨੂੰ ਨੇਵੀ ਦੇ ਜੰਗੀ ਜਹਾਜ਼ ਦੀ ਵਰਤੋਂ ਕਰ ਕੇ ਕਾਮਾਗਾਟਾਮਾਰੂ ਤੇ ਇਸਦੇ ਮੁਸਾਫ਼ਰਾਂ ਨੂੰ ਜਬਰੀ ਮੋੜਿਆ ਗਿਆ। ਮੰਤਰੀ ਬੂਰਿਲ ਨੇ ਕੂਟਿਲਨੀਤੀ ਦੁਆਰਾ ਕਾਮਾਗਾਟਾਮਾਰੂ ਦੇ ਦੁਖਾਂਤ ਤੋਂ ਛੁਟਕਾਰਾ ਪਾਇਆ। ਉਸਨੇ ਸ਼ੋਰ ਕਮੇਟੀ ਨੂੰ ਸਰਕਾਰ ਵੱਲੋਂ ਪੇਸ਼ ਕੀਤੀਆਂ ਮੰਗਾਂ ਨੂੰ ਮੰਨਣ ਲਈ ਮਨਾ ਲਿਆ। ਦੂਜੇ ਪਾਸੇ ਮੁਸਾਫ਼ਰ ਵੀ ਅੱਕੇ ਹੋਏ ਸਨ ਅਤੇ ਉਨ੍ਹਾਂ ਪਾਸ ਕੋਈ ਹੋਰ ਚਾਰਾ ਵੀ ਨਹੀਂ ਸੀ। ਉਹ ਝੁੱਕ ਗਏ ਅਤੇ ਵਾਪਸ ਪਰਤ ਗਏ।[1]

ਪਰ ਉਹ ਗੁੱਸੇ ਵਿਚ ਸਨ ਕਿਉਂਕਿ ਕੈਨੇਡਾ ਦੀ ਸਰਕਾਰ ਵੱਲੋਂ ਉਨ੍ਹਾਂ ਪ੍ਰਤੀ ਕੋਈ ਤਰਸ ਜਾਂ ਹਮਦਰਦੀ ਨਹੀਂ ਪ੍ਰਗਟਾਈ ਗਈ। ਉਨ੍ਹਾਂ ਨੇ ਭਾਵੇ ਇੰਗਲੈਂਡ ਦੇ ਮਹਾਰਾਜੇ ਜੌਰਜ, ਕੈਨੇਡਾ ਦੇ ਗਵਰਨਰ ਜਨਰਲ ਅਤੇ ਭਾਰਤ ਦੇ ਵਾਇਸਰਾਏ ਨੂੰ ਅਪੀਲਾਂ ਕੀਤੀਆਂ ਪਰ ਕਿਸੇ ਨੇ ਤਰਸ ਨਾ ਖਾਧਾ। ਕੈਨੇਡਾ ਦੇ ਤਨਖ਼ਾਹਦਾਰ ਜਾਸੂਸ ਕਾਮਾਗਾਟਾਮਾਰੂ ਨੂੰ ਜਬਰੀ ਵਾਪਸ ਭੇਜਣ ਵਿਚ ਸਰਕਾਰ ਨੂੰ ਸਹਿਯੋਗ ਦੇ ਰਹੇ ਸਨ। ਉਨ੍ਹਾਂ ਨੇ ਜਹਾਜ਼ ਦੇ ਡਾਕਟਰ ਰਘੂਨਾਥ ਸਿੰਘ ਨੂੰ ਵੀ ਜਾਸੂਸੀ ਕਰਨ ਲਈ ਨਾਲ ਰਲਾ ਲਿਆ ਸੀ। ਮੁਸਾਫ਼ਰਾਂ ਵਿਚ ਇਕ ਮੁਸਾਫ਼ਰ ਭਾਨ ਸਿੰਘ ਨੂੰ ਵੀ ਇਮੀਗ੍ਰੇਸ਼ਨ ਨੇ ਆਪਣੇ ਵੱਲ ਕਰ ਲਿਆ ਸੀ ਅਤੇ ਉਹੀ ਮੁਨਸ਼ੀ ਸਿੰਘ ਦੇ ਕੇਸ ਦੌਰਾਨ ਦੋ-ਭਾਸ਼ੀਆ ਦਾ ਕੰਮ ਕਰਦਾ ਸੀ, ਜਿਸਨੇ ਸਰਕਾਰੀ ਮੰਤਵ ਦੀ ਪੂਰਤੀ ਕੀਤੀ। ਭਾਨ ਸਿੰਘ ਨਾਲੋਂ

1. Mortimore, G.E., "The Battle of Coal Horbor," *British Columbia Digest*, Feb. 1, 1946, p. 30.

ਡਾਕਟਰ ਰਘੁਨਾਥ ਸਿੰਘ ਦੀ ਪੁੱਛ-ਗਿੱਛ ਜ਼ਿਆਦਾ ਸੀ। ਭਾਨ ਸਿੰਘ ਵੀ ਚਾਹੁੰਦਾ ਸੀ ਕਿ ਉਸ ਵੱਲੋਂ ਜਾਸੂਸੀ ਕਰਨ ਬਦਲੇ ਕੈਨੇਡਾ ਵਿਚ ਰਹਿਣ ਦੀ ਆਗਿਆ ਮਿਲ ਜਾਵੇ, ਪਰ ਉਸਨੂੰ ਇਹ ਮੌਕਾ ਨਾ ਦਿੱਤਾ ਗਿਆ। ਉਸ ਵੱਲੋਂ ਰੀਡ ਨੂੰ ਲਿਖੀ ਹੋਈ ਚਿੱਠੀ ਤੋਂ ਪਤਾ ਲੱਗਦਾ ਹੈ ਕਿ ਉਹ ਇਮੀਗ੍ਰੇਸ਼ਨ ਵਿਭਾਗ ਲਈ ਜਾਸੂਸੀ ਕਰਦਾ ਸੀ :

> "ਮੈਨੂੰ ਅਫ਼ਸੋਸ ਹੈ ਕਿ ਮੈਂ ਤੁਹਾਨੂੰ ਇਹ ਲਿਖਣ ਲਈ ਮਜਬੂਰ ਹਾਂ ਕਿ ਜਿਸ ਦਿਨ ਲੈਡਨਰ ਤੇ ਹਾਪਕਿਨਸਨ ਮੈਨੂੰ ਲੈਣ ਆਏ ਤਾਂ ਗੁਰਦਿਤ ਸਿੰਘ ਨੇ ਮੈਨੂੰ ਕਮਰੇ ਵਿਚ ਬੰਦ ਕਰ ਦਿੱਤਾ ਸੀ ਅਤੇ ਮੈਂ ਹਾਜ਼ਰ ਨਾ ਹੋ ਸਕਿਆ। ਹੁਣ ਇਹ ਪ੍ਰਤੱਖ ਹੈ ਅਤੇ ਹਾਪਕਿਨਸਨ, ਡਾਕਟਰ ਰਘੁਨਾਥ ਸਿੰਘ ਅਤੇ ਮਿਸਟਰ ਗਵਾਇਥਰ ਨੂੰ ਵੀ ਪਤਾ ਹੈ ਕਿ ਗੁਰਦਿਤ ਸਿੰਘ ਅਤੇ ਸਾਰੇ ਮੁਸਾਫ਼ਰ ਮੇਰੇ ਵਿਰੁੱਧ ਹਨ। ਗੁਰਦਿਤ ਸਿੰਘ ਫ਼ੌਜੀ ਜਨਰਲ ਵਾਂਗੂੰ ਹੁਕਮ ਚਲਾਉਂਦਾ ਹੈ ਤੇ ਮੈਨੂੰ ਡਰਾਉਂਦੇ ਧਮਕਾਉਂਦੇ ਹਨ ਕਿ ਰਸਤੇ ਵਿਚ ਮੈਨੂੰ ਮਾਰ ਦੇਣਗੇ ਅਤੇ ਸਾਰੀ ਰਾਤ ਮੇਰੇ ਹੱਥ ਵੀ ਬੰਨ੍ਹੀ ਰੱਖੇ ਹਨ।"[2]

ਇਹ ਸਪੱਸ਼ਟ ਸੀ ਕਿ ਮੁਨਸ਼ੀ ਸਿੰਘ ਦੇ ਕੇਸ ਦੌਰਾਨ ਭਾਨ ਸਿੰਘ ਨੇ ਇਮੀਗ੍ਰੇਸ਼ਨ ਦੇ ਅਧਿਕਾਰੀਆਂ ਦਾ ਪੱਖ ਪੂਰਿਆ ਅਤੇ ਅੱਕੇ ਹੋਏ ਮੁਸਾਫ਼ਰਾਂ ਨੇ ਉਸਨੂੰ ਤੰਗ ਕਰਨਾ ਹੀ ਸੀ ਅਤੇ ਉਸਨੂੰ ਗ਼ੱਦਾਰ ਸਮਝ ਕੇ ਜ਼ਰੂਰ ਮਾਰ ਦੇਣ ਦੀ ਧਮਕੀ ਦਿੱਤੀ ਹੋਵੇਗੀ। ਡਾਕਟਰ ਰਘੁਨਾਥ ਸਿੰਘ ਅਤੇ ਉਸਦੇ ਪਰਿਵਾਰ ਨੂੰ ਛੱਡ ਕੇ ਸਾਰੇ ਮੁਸਾਫ਼ਰਾਂ ਨੂੰ ਡੀਪੋਰਟ ਕਰ ਦਿੱਤਾ ਗਿਆ। ਭਾਵੇਂ ਭਾਨ ਸਿੰਘ ਨੇ ਵੀ ਰੀਡ ਨੂੰ ਮਿੰਨਤਾਂ ਤਰਲੇ ਕੀਤੇ ਕਿ ਉਸਨੂੰ ਵੀ ਡਾਕਟਰ ਰਘੁਨਾਥ ਸਿੰਘ ਨਾਲ ਉਤਰਨ ਦੀ ਆਗਿਆ ਦਿੱਤੀ ਜਾਵੇ ਪਰ ਉਹ ਅਸਫਲ ਰਿਹਾ।

ਭਾਈਚਾਰੇ ਅੰਦਰ ਕਤਲ

ਦੋ ਮਹੀਨੇ ਲਗਾਤਾਰ ਕਾਮਾਗਾਟਾਮਾਰੂ ਸੰਬੰਧਤ ਕਹਾਣੀਆਂ ਜਾਂ ਖ਼ਬਰਾਂ ਬੀ.ਸੀ. ਦੇ ਅਖ਼ਬਾਰਾਂ ਵਿਚ ਛਪਦੀਆਂ ਰਹੀਆਂ। ਜਦੋਂ ਕਾਮਾਗਾਟਾਮਾਰੂ ਵਾਪਸ ਮੁੜ ਗਿਆ ਤਾਂ ਸੰਸਾਰ ਦੀ ਪਹਿਲੀ ਜੰਗ (1914—1918) ਸ਼ੁਰੂ ਹੋ ਗਈ ਅਤੇ ਜੰਗ ਦੀਆਂ ਖ਼ਬਰਾਂ ਛਪਣੀਆਂ ਸ਼ੁਰੂ ਹੋ ਗਈਆਂ ਅਤੇ ਕਾਮਾਗਾਟਾਮਾਰੂ ਸੰਬੰਧੀ ਚੁੱਪ-ਚਾਪ ਛਾ ਗਈ। ਕਾਮਾਗਾਟਾਮਾਰੂ ਦੇ ਪਿੱਛੋਂ ਹੀ ਇਸ ਦੁਖਾਂਤ ਦੇ ਅਸਰ ਪ੍ਰਤੱਖ ਦਿਖਾਈ ਦੇਣ ਲੱਗੇ ਜਦੋਂ ਹਰਨਾਮ ਸਿੰਘ ਦਾ ਕਤਲ ਹੋਇਆ। ਉਸਦਾ ਗਲਾ ਕੱਟਿਆ ਹੋਇਆ ਸੀ ਅਤੇ ਉਸਦੀ ਦਸਤਾਰ ਨਾਲ ਹੀ ਉਸਦੀਆਂ ਲੱਤਾਂ ਬੰਨ੍ਹੀਆਂ ਹੋਈਆਂ ਸਨ।

31 ਅਗਸਤ, 1914 ਨੂੰ ਵੈਨਕੂਵਰ ਦੇ ਨਿਵਾਸੀ ਪਿੱਟ ਵਾਰਨਜ਼ ਨੂੰ ਹਰਨਾਮ ਸਿੰਘ ਦੀ ਲਾਸ਼ ਰੇਲ ਦੀ ਪੱਟੜੀ 'ਤੇ ਮਿਲੀ। ਉਸਨੇ ਇਸ ਬਾਰੇ ਪੁਲਿਸ ਨੂੰ ਇਤਲਾਹ ਦਿੱਤੀ ਅਤੇ ਪੁਲਿਸ ਝੱਟ ਉਸ ਥਾਂ 'ਤੇ ਪਹੁੰਚ ਗਈ। ਪੁਲਿਸ ਮੈਨ ਡੀ.ਡੀ. ਮੈਕਆਰਥਰ

---

2. Malcom Reid to W.D. Scott, *Stevens' File*, p. 612.

ਨੇ ਲਾਸ਼ ਦੀ ਜਾਂਚ ਕੀਤੀ ਅਤੇ ਉਸਨੂੰ ਉਸਦਾ ਸਿਰ ਧੜ ਨਾਲੋਂ ਅੱਡ ਹੋਇਆ ਮਿਲਿਆ। ਲਾਸ਼ ਦੇ ਕੋਲ ਹੀ ਇਕ ਚਮੜੇ ਦਾ ਬੈਗ, ਬਰਾਂਡੀ ਦੀ ਖ਼ਾਲੀ ਬੋਤਲ ਅਤੇ ਉਸਤਰਾ ਪ੍ਰਾਪਤ ਹੋਇਆ। ਪੁਲਿਸ ਨੇ ਘੋਸ਼ਤ ਕਰ ਦਿੱਤਾ ਕਿ ਇਹ ਲਾਸ਼ ਹਰਨਾਮ ਸਿੰਘ ਦੀ ਸੀ। ਹਰਨਾਮ ਸਿੰਘ ਬੇਲਾ ਸਿੰਘ ਦਾ ਜਿਗਰੀ ਦੋਸਤ ਸੀ।[3]

ਪਹਿਲੀ ਸਤੰਬਰ ਨੂੰ ਅਖ਼ਬਾਰ ਦੀ ਮੁਖ ਸੁਰਖ਼ੀ ਸੀ : "ਹਰਨਾਮ ਸਿੰਘ ਜੋ ਪਹਿਲਾਂ ਗ੍ਰੰਥੀ ਰਹਿ ਚੁੱਕਾ ਹੈ। ਉਸਦੀ ਲਾਸ਼ ਮਿਲੀ ਹੈ ਅਤੇ ਉਸਦਾ ਗਲਾ ਕੱਟਿਆ ਹੋਇਆ ਹੈ, ਸੰਭਵ ਹੈ ਕਿ ਉਸਦਾ ਕਤਲ ਹੋਇਆ ਹੋਵੇ ਕਿਉਂਕਿ ਉਹ ਸਰਕਾਰੀ ਅਧਿਕਾਰੀਆਂ ਨੂੰ ਸਹਿਯੋਗ ਦਿੰਦਾ ਸੀ[4]; ਭਾਰਤੀ ਭਾਈਚਾਰੇ ਅੰਦਰ ਇਹ ਚਰਚਾ ਹਰ ਇਕ ਦੀ ਜ਼ਬਾਨ 'ਤੇ ਸੀ ਕਿ ਹਰਨਾਮ ਸਿੰਘ ਸਰਕਾਰ ਦਾ ਜਾਸੂਸ ਸੀ। ਜਾਸੂਸ ਬਣਨ ਤੋਂ ਪਹਿਲਾਂ ਉਹ ਮਿਲਸਾਈਡ ਦੇ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਲੱਗਾ ਹੋਇਆ ਸੀ। ਉਸਦੀਆਂ ਮਾੜੀਆਂ ਆਦਤਾਂ ਤੇ ਹਰਕਤਾਂ ਕਰਕੇ ਉਸਨੂੰ ਗ੍ਰੰਥੀ ਦੀ ਸੇਵਾ ਤੋਂ ਮੁਕਤ ਹੋਣਾ ਪਿਆ। ਇਸ ਪਿੱਛੋਂ ਉਹ ਬੇਲਾ ਸਿੰਘ ਤੇ ਬਾਬੂ ਸਿੰਘ ਦੇ ਟੋਲੇ ਵਿਚ ਰਲ ਗਿਆ। ਹਰਨਾਮ ਸਿੰਘ ਤੇ ਬਾਬੂ ਸਿੰਘ ਤਿੰਨ ਐਵੀਨਿਊ, ਪੱਛਮ ਉੱਤੇ ਇਕੱਠੇ ਕਿਰਾਏ 'ਤੇ ਰਹਿੰਦੇ ਸਨ। ਉਸਦੇ ਮਿੱਤਰ ਬੇਲਾ ਸਿੰਘ ਨੇ ਵੀ ਸਪੱਸ਼ਟ ਕੀਤਾ ਕਿ 17 ਅਗਸਤ ਤੋਂ ਉਸਨੇ ਹਰਨਾਮ ਸਿੰਘ ਨਹੀਂ ਦੇਖਿਆ ਸੀ। ਹਰਨਾਮ ਸਿੰਘ ਦਾ ਕਤਲ ਇਕ ਗੁੰਝਲ ਬਣ ਗਈ ਪਰ ਬਹੁ-ਗਿਣਤੀ ਦੇ ਲੋਕ ਅੰਦਾਜ਼ਾ ਲਗਾਉਂਦੇ ਸਨ ਕਿ ਉਸ ਵੱਲੋਂ ਭਾਈਚਾਰੇ ਵਿਰੁੱਧ ਸਰਕਾਰੀ ਜਾਸੂਸ ਬਣਨਾ ਹੀ ਕਤਲ ਦਾ ਮੁੱਖ ਕਾਰਨ ਹੈ।[5]

ਕਾਮਾਗਾਟਾਮਾਰੂ ਦੇ ਦੁਖਾਂਤ ਸਮੇਂ ਇਹ ਜਾਸੂਸ ਸਰਕਾਰ ਦਾ ਪੱਖ ਪੂਰਦੇ ਸਨ। ਕਾਰਨਰ ਟੀ. ਡਬਲਯੂ. ਜੈਫਸ ਨੇ ਕਤਲ ਬਾਰੇ ਜਾਂਚ-ਪੜਤਾਲ ਸ਼ੁਰੂ ਕਰ ਦਿੱਤੀ। ਬਾਬੂ ਸਿੰਘ ਨੇ ਬਿਆਨ ਦਿੱਤਾ ਕਿ ਉਹ ਤੇ ਹਰਨਾਮ ਸਿੰਘ ਇਕੱਠੇ ਰਹਿੰਦੇ ਸਨ। ਉਸਨੇ ਕਿਹਾ ਕਿ ਹਰਨਾਮ ਸਿੰਘ 17 ਅਗਸਤ ਨੂੰ ਘਰੋਂ ਕੰਮ 'ਤੇ ਜਾਣ ਲਈ ਨਿਕਲਿਆ, ਉਸਦਾ ਕੰਮ ਮਿਸ਼ਨ ਦੇ ਕੋਲ ਸੀ, ਪਰ ਉਹ ਕੰਮ 'ਤੇ ਪਹੁੰਚਿਆ ਹੀ ਨਹੀਂ। ਪਹਿਲਾਂ ਇਹ ਵੀ ਅਫਵਾਹ ਸੀ ਕਿ ਉਸਨੇ ਆਤਮ-ਹੱਤਿਆ ਕੀਤੀ ਹੈ। ਬਾਬੂ ਸਿੰਘ ਨੇ ਕਿਹਾ ਕਿ ਆਤਮ-ਹੱਤਿਆ ਕਰਨ ਵਾਲੀ ਗੱਲ ਸਰਾਸਰ ਝੂਠੀ ਹੈ। ਉਸਨੇ ਕਦੀ ਆਪਣੇ ਪਾਸ ਉਸਤਰਾ ਹੀ ਨਹੀਂ ਰੱਖਿਆ ਅਤੇ ਜੋ ਬੈਗ ਉਸਦੀ ਲਾਸ਼ ਕੋਲ ਪ੍ਰਾਪਤ ਹੋਇਆ, ਉਸਦਾ ਨਹੀਂ ਹੈ। ਇਹ ਪੱਕਾ ਹੈ ਕਿ ਉਸਦਾ ਕਤਲ ਹੋਇਆ ਹੈ।[6]

ਪੜਤਾਲ ਕਰਨ ਵਾਲਾ ਜੈਫਸ ਬਾਬੂ ਸਿੰਘ ਪਾਸੋਂ ਪੁੱਛ-ਗਿੱਛ ਕਰਦਾ ਹੈ :

ਪੜਤਾਲੀਆ : ਕੀ ਕੋਈ ਹੋਰ ਕਾਰਨ ਦਾ ਤੈਨੂੰ ਪਤਾ ਹੈ ਕਿ ਉਸਦੇ ਦੁਸ਼ਮਨ ਨੇ ਉਸਦਾ ਕਤਲ ਕਿਉਂ ਕੀਤਾ ਹੈ ?

---

3. Mckelvie, B.A, *Magic, Murder and Mystery*, Vancouver, p. 46.
4. *The Province*, Sept. 1, 1914.
5. *Ibid.*
6. Mckelvie, B.A., *op.cit.*

ਬਾਬੂ ਸਿੰਘ : ਕਾਰਨ ? ਕਾਮਾਗਾਟਾਮਾਰੂ ਦੇ ਸੰਬੰਧ ਵਿਚ ਲੋਕ ਸਾਡੇ ਵਿਰੁੱਧ ਸਨ। ਸਾਡੇ 'ਤੇ ਉਨ੍ਹਾਂ ਨੂੰ ਸ਼ੱਕ ਸੀ ਕਿ ਅਸੀਂ ਅਧਿਕਾਰੀਆਂ ਨੂੰ ਜਾਣਕਾਰੀ ਦਿੰਦੇ ਹਾਂ।

ਪੜਤਾਲੀਆ : ਉਸ ਇਕੱਲੇ ਨੂੰ ਕਿਉਂ ਮਾਰਿਆ ?

ਬਾਬੂ ਸਿੰਘ : ਉਹ ਸਾਡੇ ਵਿਚੋਂ ਹੀ ਇਕ ਸੀ।

ਬਾਬੂ ਸਿੰਘ ਦੇ ਬਿਆਨਾਂ ਨੂੰ ਸੱਚ ਮੰਨਿਆ ਗਿਆ ਅਤੇ ਹਾਪਕਿਨਸਨ ਨੇ ਵੀ ਇਹੀ ਕਿਹਾ ਕਿ ਉਸਦਾ ਕਤਲ ਹੋਇਆ ਹੈ। ਹਾਪਕਿਨਸਨ ਨੇ ਹੇਠ ਲਿਖਿਆ ਬਿਆਨ ਦਿੱਤਾ :

> "ਹਰਨਾਮ ਸਿੰਘ ਤੇ ਹੋਰ ਪੰਜ ਛੇ ਬੰਦੇ ਅਤੇ ਮੈਨੂੰ ਮੁਆਫ਼ ਕਰਨਾ ਕਿ ਕੁਝ ਕਾਰਨਾਂ ਕਰਕੇ ਮੈਂ ਨਾਂ ਨਹੀਂ ਦੱਸਾਂਗਾ। ਇਹ ਸਾਰੇ ਆਦਮੀ ਇਮੀਗ੍ਰੇਸ਼ਨ ਵਿਭਾਗ ਨੂੰ ਸਹਿਯੋਗ ਦਿੰਦੇ ਆ ਰਹੇ ਸਨ। ਉਨ੍ਹਾਂ ਨੇ ਕਾਮਾਗਾਟਾਮਾਰੂ ਨਾਲ ਸੰਬੰਧਤ ਅਤੇ ਭਾਰਤੀ ਗ਼ਦਰੀਆਂ ਬਾਰੇ ਜਾਣਕਾਰੀ ਦਿੱਤੀ, ਪਰ ਮੈਂ ਇਸ ਸੰਬੰਧ 'ਚ ਵਿਸਥਾਰ ਵਿਚ ਨਹੀਂ ਜਾਣਾ ਚਾਹੁੰਦਾ। ਮੇਰਾ ਖ਼ਿਆਲ ਹੈ, ਮੇਰੇ ਲਈ ਇਤਨਾ ਆਖਣਾ ਹੀ ਬਹੁਤ ਹੋਵੇਗਾ ਕਿ ਇਨ੍ਹਾਂ ਵੱਲੋਂ ਸਾਡੇ ਮਹਿਕਮੇ ਨੂੰ ਸਹਿਯੋਗ ਦੇਣ ਕਾਰਨ ਹੀ ਦੁਸ਼ਮਣੀ ਬਣੀ ਅਤੇ ਅਸੀਂ ਮਿੱਤਰ ਗੁਆ ਲਏ।"[7]

ਹੁਣ ਇਹ ਕੋਈ ਛੁਪੀ ਗੱਲ ਨਹੀਂ ਸੀ ਕਿ ਹਰਨਾਮ ਸਿੰਘ ਕੈਨੇਡਾ ਸਰਕਾਰ ਦੇ ਲਈ ਜਾਸੂਸੀ ਕਰਨ ਵਾਲਿਆਂ ਵਿੱਚੋਂ ਇਕ ਸੀ। ਇਕੇਰਾਂ ਹਰਨਾਮ ਸਿੰਘ ਨੇ ਭਾਈ ਭਾਗ ਸਿੰਘ ਦੀ ਬੇਇੱਜ਼ਤੀ ਕਰਨ ਦਾ ਵੀ ਹੌਂਸਲਾ ਕੀਤਾ ਸੀ, ਇਸ 'ਤੇ ਜਗਤ ਸਿੰਘ ਸੁਰਸਿੰਘ ਵਾਲੇ ਨੂੰ ਬਹੁਤ ਗ਼ੁੱਸਾ ਆਇਆ। ਉਸਨੇ ਇਸ ਗੱਲ ਦਾ ਬਦਲਾ ਲੈਣਾ ਚਾਹਿਆ ਅਤੇ ਹਰਨਾਮ ਸਿੰਘ ਨੂੰ ਸ਼ਰਾਬ ਪਿਲਾ ਕੇ ਸ਼ਰਾਬੀ ਕਰ ਦਿੱਤਾ। ਉਸ ਪਿੱਛੋਂ ਉਸਨੂੰ ਬਾਹਰ ਲੈ ਜਾ ਕੇ ਕਤਲ ਕਰ ਦਿੱਤਾ। ਪਰ ਪੁਲਿਸ ਹਰਨਾਮ ਸਿੰਘ ਦੇ ਕਾਤਲ ਨੂੰ ਨਾ ਲੱਭ ਸਕੀ। ਬੇਲਾ ਸਿੰਘ ਤੇ ਉਸਦੇ ਸਾਥੀ ਕੌਮੀ ਨੇਤਾਵਾਂ 'ਤੇ ਹੀ ਕਤਲ ਦਾ ਦੋਸ਼ ਮੜ੍ਹਦੇ ਸਨ, ਪਰ ਅਸਲ ਵਿਚ ਹਰਨਾਮ ਸਿੰਘ ਦਾ ਕਤਲ ਜਗਤ ਵਿਚ ਸੁਰਸਿੰਘ ਵਾਲੇ ਨੇ ਹੀ ਕੀਤਾ ਸੀ। ਹਾਪਕਿਨਸਨ ਨੇ ਡਬਲਯੂ. ਡਬਲਯੂ. ਕੌਂਜ ਨੂੰ ਚਿੱਠੀ ਲਿਖੀ ਜਿਸ ਵਿਚ ਉਸਨੇ ਕਿਹਾ ਕਿ ਹਰਨਾਮ ਸਿੰਘ ਦੇ ਕਤਲ ਤੋਂ ਦੋ ਮਹੀਨੇ ਪਹਿਲਾਂ ਜਗਤ ਸਿੰਘ ਨੇ ਹਰਨਾਮ ਸਿੰਘ ਨਾਲ ਮਿੱਤ੍ਰਤਾ ਗੰਢੀ, ਪਰ ਇਹ "ਜਗਤ ਸਿੰਘ", ਜਗਤ ਸਿੰਘ ਸੁਰਸਿੰਘ ਨਾਲੋਂ ਵੱਖਰਾ ਸੀ। ਇਸ ਗੱਲ ਬਾਰੇ ਭਾਈ ਮਿੱਤ ਸਿੰਘ ਪੰਡੋਰੀ ਨੇ ਆਪਣੀ ਜੀਵਨ ਕਥਾ ਵਿਚ ਦੱਸਿਆ ਹੈ ਕਿ ਹਾਪਕਿਨਸਨ ਨੂੰ ਵੀ ਪੂਰਾ ਪਤਾ ਨਹੀਂ ਸੀ ਤੇ ਉਹ ਦੂਸਰੇ ਜਗਤ ਸਿੰਘ ਨੂੰ

---

7. Mckelvie, B.A., *Magic, Murder and Mystery*, p. 46. *The Proince*, Sept. 4, 1914.

ਦੋਸ਼ੀ ਠਹਿਰਾ ਰਿਹਾ ਸੀ ਜੋ ਕਿ ਪਿੰਡ ਪਹਿਨਾਏ, ਜ਼ਿਲ੍ਹਾ ਲਾਹੌਰ ਦਾ ਵਾਸੀ ਸੀ।[8]

ਹਾਪਕਿਨਸਨ ਵੱਲੋਂ ਹਰਨਾਮ ਸਿੰਘ ਦੇ ਕਾਤਲ ਬਾਰੇ ਦਿੱਤੀ ਜਾਣਕਾਰੀ ਠੀਕ ਨਹੀਂ ਸੀ ਕਿਉਂਕਿ ਹਾਪਕਿਨਸਨ ਨੂੰ ਆਪਣੇ ਜਾਸੂਸਾਂ 'ਤੇ ਨਿਰਭਰ ਹੋਣਾ ਪੈਂਦਾ ਸੀ। ਸਾਨੂੰ ਮਿੱਤ ਸਿੰਘ ਪੰਡੋਰੀ ਵੱਲੋਂ ਦਿੱਤੀ ਜਾਣਕਾਰੀ ਹੀ ਸਹੀ ਲੱਗਦੀ ਹੈ। ਹਾਲਾਂ ਹਰਨਾਮ ਸਿੰਘ ਦੇ ਕਤਲ ਸੰਬੰਧੀ ਮੁਆਮਲਾ ਸੁਲਝਿਆ ਨਹੀਂ ਸੀ, ਜਦੋਂ ਕਿ ਬੇਲਾ ਸਿੰਘ ਦੇ ਦੂਸਰੇ ਸਾਥੀ ਅਰਜਨ ਸਿੰਘ ਦਾ ਵੀ ਕਤਲ ਹੋ ਗਿਆ। ਇਹ ਆਮ ਲੋਕਾਂ ਨੂੰ ਵੀ ਪਤਾ ਸੀ ਕਿ ਅਰਜਨ ਸਿੰਘ, ਬੇਲਾ ਸਿੰਘ ਦਾ ਬਹੁਤ ਮਿੱਤਰ ਸੀ। ਅਖ਼ਬਾਰ ਨੇ ਖ਼ਬਰ ਛਾਪੀ :

> "ਅਰਜਨ ਸਿੰਘ ਦੇ ਗਲੇ ਵਿਚ ਗੋਲੀ ਵੱਜੀ.....ਪੁਲਿਸ ਲਈ ਇਕ ਹੋਰ ਦੁਖਾਂਤ ਹਰਨਾਮ ਸਿੰਘ ਦੀ ਮੌਤ ਤੋਂ ਬਾਅਦ.....ਅਰਜਨ ਸਿੰਘ ਵੀ ਹਰਨਾਮ ਸਿੰਘ ਵਾਂਗੂੰ ਇਮੀਗ੍ਰੇਸ਼ਨ ਵਿਭਾਗ ਦੇ ਬਹੁਤ ਨੇੜੇ ਸੀ।"[9]

ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਅਜੇ ਹਰਨਾਮ ਸਿੰਘ ਦੇ ਕਤਲ ਦੀ ਤਾਣੀ ਸੁਲਝੀ ਨਹੀਂ ਸੀ ਅਤੇ ਅਰਜਨ ਸਿੰਘ ਦੇ ਕਤਲ ਨੇ ਨਵਾਂ ਸੰਕਟ ਖੜ੍ਹਾ ਕਰ ਦਿੱਤਾ। ਅਰਜਨ ਸਿੰਘ ਦੇ ਗੋਲੀ ਨੇੜੇ ਤੋਂ ਮਾਰੀ ਗਈ ਅਤੇ ਇਹ ਘਟਨਾ ਕੁਝ ਲੋਕਾਂ ਦੀ ਹਾਜ਼ਰੀ ਵਿਚ ਵਾਪਰੀ। ਹਾਪਕਿਨਸਨ ਗਵਾਹਾਂ ਦੀ ਪੁੱਛ-ਗਿੱਛ ਸਮੇਂ ਪੁਲਿਸ ਦੀ ਸਹਾਇਤਾ ਕਰਦਾ ਸੀ। ਇਹ ਵੀ ਪਤਾ ਲੱਗਦਾ ਹੈ ਕਿ ਹਰਨਾਮ ਸਿੰਘ ਦੇ ਕਤਲ ਸੰਬੰਧੀ ਬਹਿਸ ਹੋ ਰਹੀ ਸੀ ਤੇ ਅਰਜਨ ਸਿੰਘ 'ਤੇ ਪੁਲਿਸ ਦਾ ਜਾਸੂਸ ਹੋਣ ਕਾਰਨ ਦੋਸ਼ ਲੱਗ ਰਿਹਾ ਸੀ। ਇਸ ਬਹਿਸ ਵਿਚ ਬੋਲ-ਕੁਬੋਲ ਹੋਏ ਅਤੇ ਗੋਲੀ ਚੱਲੀ ਅਤੇ ਅਰਜਨ ਸਿੰਘ ਦੀ ਮੌਤ ਹੋ ਗਈ।[10]

ਉਪਰੋਕਤ ਕਹਾਣੀ ਦੇ ਵਿਪਰੀਤ ਹੋਰ ਵੀ ਕਹਾਣੀ ਹੈ ਕਿ ਅਰਜਨ ਸਿੰਘ ਦੀ ਮੌਤ ਕਿਵੇਂ ਹੋਈ ? ਇਹ ਘਟਨਾ 3 ਸਤੰਬਰ, 1914 ਨੂੰ ਅਰਜਨ ਸਿੰਘ ਦੀ ਮੌਤ ਉਪਰੰਤ ਵਾਪਰੀ। ਜਦੋਂ ਪੁਲਿਸ ਇੰਸਪੈਕਟਰ ਡੇਵ ਸਕਾਟ ਨੂੰ ਇਤਲਾਹ ਮਿਲੀ ਤਾਂ ਉਸ ਜਗ੍ਹਾ 'ਤੇ ਬੇਲਾ ਸਿੰਘ ਵੀ ਸੀ ਜਦੋਂ ਪੁਲਿਸ ਪਹੁੰਚੀ। ਅਰਜਨ ਸਿੰਘ ਦੀ ਲਾਸ਼ ਰਸੋਈ ਵਿਚ ਪਈ ਸੀ। ਪੰਜ ਬੰਦੇ ਉਥੇ ਹਾਜ਼ਰ ਸਨ, (ਹਾਕਮ ਸਿੰਘ, ਰਾਮ ਸਿੰਘ, ਹਰੀ ਸਿੰਘ, ਬਹਾਲ ਸਿੰਘ, ਬਿਸ਼ਨ ਸਿੰਘ) ਸਕਾਟ ਨੂੰ ਦੱਸਿਆ ਗਿਆ ਕਿ ਅਰਜਨ ਸਿੰਘ ਦੀ ਮੌਤ ਰੱਬ-ਸਬੱਬੀ ਹੋਈ ਹੈ ਅਤੇ ਕੋਈ ਜਾਣ-ਬੁੱਝ ਕੇ ਨਹੀਂ ਕੀਤੀ ਗਈ।

---

8. Ganda Singh, *Amrika wich Hindustani*, Vancouver, Dr. Kesar Singh, 1976, p. 141.
   Also see,
   Hopkinson to W.W. Cory (Deputy Minister of Interior), Sept. 4, 1914, *Governor General's Files*.
9. *The Province*, Sept. 4, 1914.
   Mcklevie, B.A. *Magic, Murder and Mystery*.
   Hopkinson to W.W. Cory, *Governor General's Files*, p. 47.
10. *The Province*, Sept. 4, 1914.

ਗਵਾਹ ਨੇ ਦੱਸਿਆ ਕਿ ਕੋਈ ਲੜਾਈ ਆਦਿ ਨਹੀਂ ਹੋਈ। ਡਾਕਟਰ ਗਿਵ ਐਫ. ਕਰਟਿਸ ਦੀ ਪੋਸਟ-ਮਾਰਟਮ ਦੀ ਰਿਪੋਰਟ ਅਨੁਸਾਰ ਅਰਜਨ ਸਿੰਘ ਦੀ ਗੋਲੀ ਉਪਰੋਂ ਤੇ ਪਿੱਛੋਂ ਲੱਗੀ। ਜਦੋਂ ਇਸ ਕੇਸ ਦਾ ਫ਼ੈਸਲਾ ਹੋਇਆ ਤਾਂ ਕਿਹਾ ਗਿਆ ਕਿ ਉਸਦੀ ਮੌਤ ਦਾ ਕੋਈ ਹੋਰ ਕਾਰਨ ਨਹੀਂ ਸੀ, ਇਹ ਅਚਨਚੇਤ ਗ਼ਲਤੀ ਕਾਰਨ ਹੋਈ।[11]

ਭਾਈਚਾਰੇ ਦੇ ਲੋਕਾਂ ਅਨੁਸਾਰ ਅਰਜਨ ਸਿੰਘ ਦੀ ਮੌਤ ਰੱਬ-ਸਬੱਬੀ ਹੋਈ। ਮਿੱਤ ਸਿੰਘ ਪੰਡੋਰੀ ਲਿਖਦੇ ਹਨ ਕਿ ਰਾਮ ਸਿੰਘ ਫਲੇਵਾਲ ਤੇ ਅਰਜਨ ਸਿੰਘ ਇਕੱਠੇ ਖੜੇ ਸਨ ਅਤੇ ਰਾਮ ਸਿੰਘ ਨੇ ਅਰਜਨ ਸਿੰਘ ਦਾ ਭਰਿਆ ਹੋਇਆ ਪਿਸਤੌਲ ਚੁੱਕਿਆ ਅਤੇ ਉਸਨੇ ਗ਼ਲਤੀ ਨਾਲ ਘੋੜਾ ਦਬਾ ਦਿੱਤਾ। ਇਸ ਨਾਲ ਘੱਟ ਫ਼ਾਸਲੇ ਤੋਂ ਹੋਏ ਫ਼ਾਇਰ ਨਾਲ ਅਰਜਨ ਸਿੰਘ ਦੀ ਮੌਤ ਹੋ ਗਈ। ਮਿੱਤ ਸਿੰਘ ਪੰਡੋਰੀ ਅਨੁਸਾਰ ਰਾਮ ਸਿੰਘ ਇਕ ਭਲਾ ਤੇ ਨਿਰਪੱਖ ਵਿਅਕਤੀ ਸੀ, ਪਰ ਅਰਜਨ ਸਿੰਘ, ਬੇਲਾ ਸਿੰਘ ਦਾ ਬੇਲੀ ਸੀ। ਰੀਡ ਵੱਲੋਂ ਕੋਰੀ ਨੂੰ ਲਿਖੀ ਚਿੱਠੀ ਵਿਚ ਵੀ ਪਤਾ ਲੱਗਦਾ ਹੈ ਕਿ ਅਰਜਨ ਸਿੰਘ ਸਰਕਾਰ ਦਾ ਭਰਤੀ ਕੀਤਾ ਹੋਇਆ ਜਾਸੂਸ ਸੀ। ਚਿੱਠੀ ਵਿਚ ਲਿਖੇ ਹੋਏ ਸ਼ਬਦ :

> "ਮੈਂ ਤੁਹਾਨੂੰ ਅਖ਼ਬਾਰ ਦੀ ਖ਼ਬਰ ਅਨੁਸਾਰ ਅਰਜਨ ਸਿੰਘ ਦੀ ਭੇਦ-ਭਰੀ ਮੌਤ ਬਾਰੇ ਲਿਖਦਾ ਹਾਂ। ਇਹ ਆਦਮੀ ਇਮੀਗ੍ਰੇਸ਼ਨ ਵਿਭਾਗ ਦਾ ਵਿਸ਼ੇਸ਼ ਸਹਿਯੋਗੀ ਸੀ, ਜੇ ਕਿਤੇ ਉਹ ਹੋਰ ਜਿਊਂਦਾ ਰਹਿੰਦਾ ਤਾਂ ਉਸਨੇ ਸਾਡੇ ਵਿਭਾਗ ਨੂੰ ਬਹੁਤ ਜਾਣਕਾਰੀ ਦੇ ਕੇ ਮੱਦਦ ਕਰਨੀ ਸੀ।"[12]

ਇਹ ਗੱਲ ਕਿਸੇ ਤੋਂ ਵੀ ਛੁਪੀ ਹੋਈ ਨਹੀਂ ਸੀ ਕਿ ਬੇਲਾ ਸਿੰਘ ਤੇ ਉਸਦੀ ਜੁੰਡਲੀ ਕੌਮੀ ਨੇਤਾਵਾਂ ਦਾ ਵਿਰੋਧ ਕਰਦੇ ਸਨ। ਇਥੋਂ ਤਕ, ਹਾਪਕਿਨਸਨ ਨੇ ਬੇਲਾ ਸਿੰਘ ਨੂੰ ਕੌਮੀ ਨੇਤਾਵਾਂ ਦਾ ਕਤਲ ਕਰਨ ਲਈ ਹੱਲਾ-ਸ਼ੇਰੀ ਦਿੱਤੀ। ਤਾਹੀਓਂ, 5 ਸਤੰਬਰ, 1914 ਨੂੰ ਅਰਜਨ ਸਿੰਘ ਦੇ ਸਸਕਾਰ ਵੇਲੇ ਬੇਲਾ ਸਿੰਘ ਮੌਕੇ ਦੀ ਤਾੜ ਵਿਚ ਸੀ ਕਿ ਉਹ ਕਿਵੇਂ ਮਿੱਤ ਸਿੰਘ ਤੇ ਭਾਗ ਸਿੰਘ ਨੂੰ ਕਤਲ ਕਰੇ।[13]

ਅਰਜਨ ਸਿੰਘ ਦੇ ਕਤਲ ਕੇਸ ਵਿਚ ਰਾਮ ਸਿੰਘ ਦੋਸ਼ੀ ਠਹਿਰਾਇਆ ਗਿਆ। 21 ਅਕਤੂਬਰ, 1914 ਨੂੰ ਗਵਾਹਾਂ ਦਾ ਭੁਗਤਾਨ ਹੋਇਆ। ਗਵਾਹੀ ਦੇਣ ਵਾਲੇ ਸੁੱਚਾ ਸਿੰਘ, ਬਹਾਲ ਸਿੰਘ ਤੇ ਹਰੀ ਸਿੰਘ ਸਨ। ਉਨ੍ਹਾਂ ਨੇ ਜਿਊਰੀ ਨੂੰ ਦੱਸਿਆ ਕਿ ਅਰਜਨ ਸਿੰਘ ਨੇ ਨਵਾਂ ਪਿਸਤੌਲ ਖ਼ਰੀਦਿਆ ਸੀ ਅਤੇ ਉਸਨੇ ਉਹੀ ਪਿਸਤੌਲ ਰਾਮ ਸਿੰਘ ਨੂੰ ਦੇਖਣ ਲਈ ਕਿਹਾ। ਰਾਮ ਸਿੰਘ ਨੇ ਦੇਖਣ ਤੋਂ ਨਾਂਹ ਕਰ ਦਿੱਤੀ ਕਿਉਂਕਿ ਉਸਨੂੰ ਹਥਿਆਰਾਂ ਸੰਬੰਧੀ ਕੋਈ ਜਾਣਕਾਰੀ ਨਹੀਂ ਸੀ, ਪਰ ਅਰਜਨ ਸਿੰਘ ਉਸਤੇ ਜ਼ੋਰ ਪਾਉਂਦਾ ਸੀ ਕਿ ਉਹ ਪਿਸਤੌਲ ਦਾ ਨਿਰੀਖਣ ਕਰੇ। ਤਦ ਉਸਨੇ ਆਪਣੇ ਖੱਬੇ ਹੱਥ ਨਾਲ ਪਿਸਤੌਲ ਫੜ ਲਿਆ। ਅਰਜਨ ਸਿੰਘ ਨੇ ਰਾਮ ਸਿੰਘ ਨੂੰ ਇਹ ਵੀ ਕਿਹਾ

11. Mckelvie, B.A., *Magic, Murder and Mystery*, p. 48.
12. Malcolm Reid to W.W. Cory, *Governor General's Files*.
13. Ganda Singh, *Amrika wich Hindustani*, pp. 141-142.

ਕਿ ਉਹ ਡਰੇ ਨਾ ਕਿਉਂਕਿ ਪਿਸਤੌਲ ਵਿਚ ਗੋਲੀਆਂ ਨਹੀਂ ਸਨ ਜਦ ਕਿ ਅਸਲੀਅਤ ਇਹ ਸੀ ਕਿ ਪਿਸਤੌਲ ਵਿਚ ਗੋਲੀਆਂ ਸਨ। ਰਾਮ ਸਿੰਘ ਨੇ ਘੋੜਾ ਦਬਾਉਣਾ ਚਾਹਿਆ ਤੇ ਅਚਨਚੇਤ ਦੱਬਿਆ ਗਿਆ ਤੇ ਸਾਹਮਣੇ ਖੜੇ ਅਰਜਨ ਸਿੰਘ ਦੀ ਗਰਦਨ ਵਿੱਚੋਂ ਗੋਲੀ ਪਾਰ ਹੋ ਗਈ। ਰਾਮ ਸਿੰਘ ਖੁਦ ਘਬਰਾ ਗਿਆ ਕਿ ਇਹ ਕੀ ਭਾਣਾ ਵਰਤ ਗਿਆ, ਉਸਨੇ ਅਰਜਨ ਸਿੰਘ ਨੂੰ ਚੁੱਕ ਕੇ ਤੇ ਹਿਲਾ ਕੇ ਦੇਖਿਆ, ਪਰ ਉਹ ਤਾਂ ਮਰ ਚੁੱਕਾ ਸੀ। ਗਵਾਹੀਆਂ ਦੇ ਆਧਾਰ 'ਤੇ ਰਾਮ ਸਿੰਘ ਕਤਲ ਕੇਸ ਵਿੱਚੋਂ ਬਰੀ ਹੋ ਗਿਆ। ਜੱਜ ਮੋਰੀਸਨ ਨੇ ਜਿਊਰੀ ਨੂੰ ਕਿਹਾ ਕਿ ਰਾਮ ਸਿੰਘ ਦੇ ਵਿਰੁੱਧ ਕੋਈ ਕੇਸ ਨਹੀਂ ਬਣਦਾ ਅਤੇ ਰਾਮ ਸਿੰਘ ਨੂੰ ਛੱਡ ਦਿੱਤਾ ਗਿਆ।[14]

ਅਰਜਨ ਸਿੰਘ ਦੇ ਸਸਕਾਰ ਕਰਨ ਪਿੱਛੋਂ ਸਾਰੇ ਲੋਕ ਗੁਰਦੁਆਰਾ ਸਾਹਿਬ ਗਏ ਜੋ ਕਿ 1866 ਵੈਸਟ ਸੈਕੰਡ ਐਵੀਨਿਊ ਉੱਤੇ ਸਥਿਤ ਸੀ। ਭਾਈ ਬਲਵੰਤ ਸਿੰਘ ਗੁਰੂ ਘਰ ਦੇ ਵਜ਼ੀਰ ਸਨ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਸਜ ਗਏ। ਭਾਗ ਸਿੰਘ ਤੇ ਮਿੱਤ ਸਿੰਘ ਇਕ ਦੂਜੇ ਦੇ ਨਜ਼ਦੀਕ ਹੀ ਬੈਠੇ ਸਨ ਅਤੇ ਉਨ੍ਹਾਂ ਦੇ ਨੇੜੇ ਹੀ ਬਲਵੰਤ ਸਿੰਘ ਦੀ ਘਰਵਾਲੀ ਤੇ ਉਸਦੇ ਬੱਚੇ ਵੀ ਬੈਠੇ ਸਨ। ਬੇਲਾ ਸਿੰਘ ਗੁਰਦੁਆਰਾ ਸਾਹਿਬ ਅੰਦਰ ਦਾਖ਼ਲ ਹੋਇਆ ਅਤੇ ਭਾਗ ਸਿੰਘ ਦੇ ਕੋਲ ਹੀ ਬੈਠ ਗਿਆ।[15] ਜਦੋਂ ਅਰਦਾਸ ਹੋਣ ਲੱਗੀ ਤਾਂ ਭਾਗ ਸਿੰਘ ਹੋਰਾਂ ਮੱਥਾ ਟੇਕਣ ਸਮੇਂ ਸੀਸ ਝੁਕਾਇਆ ਅਤੇ ਬੇਲਾ ਸਿੰਘ ਉਸਦੇ ਪਿੱਛੇ ਗੋਲੀਆਂ ਚਲਾਉਣ ਲੱਗ ਪਿਆ। ਭਾਈ ਭਾਗ ਸਿੰਘ ਹੋਰੀਂ ਥੱਲੇ ਡਿੱਗ ਪਏ ਅਤੇ ਹੋਰ ਸੰਗਤ ਦਰਵਾਜ਼ੇ ਵੱਲ ਨੂੰ ਦੌੜੀ। ਇਸ ਤਰ੍ਹਾਂ ਅਚਨਚੇਤ ਗੋਲੀਆਂ ਚੱਲਣ ਨਾਲ ਸ਼ਰਧਾਲੂ ਘਬਰਾ ਗਏ। ਇਕ ਹੋਰ ਸ਼ਰਧਾਲੂ ਬਦਨ ਸਿੰਘ (ਦਲੇਲ ਸਿੰਘ ਵਾਲਾ) ਬੇਲਾ ਸਿੰਘ ਨੂੰ ਰੋਕਣ ਲਈ ਅੱਗੇ ਵਧਿਆ ਅਤੇ ਉਸਨੂੰ ਅਜਿਹਾ ਕਰਨ ਤੋਂ ਵਰਜਿਆ ਤੇ ਉੱਚੀ ਬੋਲਿਆ। ਬੇਲਾ ਸਿੰਘ ਨੇ ਉਸਦੇ ਵੀ ਗੋਲੀ ਦਾਗ ਦਿੱਤੀ। ਇਹ ਦੋ ਸੱਜਣ ਬੁਰੀ ਤਰ੍ਹਾਂ ਫੱਟੜ ਹੋ ਗਏ ਸਨ ਅਤੇ ਹੋਰ ਲੋਕਾਂ ਦੇ ਵੀ ਗੋਲੀਆਂ ਲੱਗੀਆਂ। ਹੋਰ ਸੱਜਣ ਉੱਤਮ ਸਿੰਘ ਨੂਰਪੁਰੀ, ਲਾਭ ਸਿੰਘ ਢਾਕੇ, ਜਵਾਲਾ ਸਿੰਘ ਸ਼ੇਖ਼ ਦੌਲਤ, ਦਲੀਪ ਸਿੰਘ ਫਾਹਲਾ।[16]

ਸੰਗਤ ਵਿੱਚੋਂ ਕਿਸੇ ਨੇ ਪੁਲਿਸ ਨੂੰ ਫ਼ੋਨ ਕਰ ਦਿੱਤਾ। ਜਦੋਂ ਇਹ ਦੁਖਾਂਤ ਵਾਪਰਿਆ ਤਾਂ ਉਸ ਸਮੇਂ *ਪਰੋਵਿੰਸ* ਅਖ਼ਬਾਰ ਦਾ ਰਿਪੋਰਟਰ ਮਕੇਲਵੀ ਵੀ ਗੁਰਦੁਆਰਾ ਸਾਹਿਬ ਦੇ ਨੇੜੇ ਸੀ। ਉਸਨੇ ਵੀ ਗੋਲੀਆਂ ਚੱਲਣ ਦੀ ਆਵਾਜ਼ ਸੁਣੀ ਤੇ ਪੁਲਿਸ ਨੂੰ ਫ਼ੋਨ ਕੀਤਾ। ਪੁਲਿਸ ਡਵੀਜ਼ਨ ਦਾ ਇੰਚਾਰਜ ਸਾਰਜੈਂਟ ਵਿਲੀਅਮ ਲਾਟੀਮਰ ਸੀ ਅਤੇ ਇੰਸਪੈਕਟਰ ਸਕਾਟ ਨੇ ਗੁਰਦੁਆਰਾ ਸਾਹਿਬ ਵਿੱਚੋਂ ਕੁਝ ਵਿਅਕਤੀ ਗ੍ਰਿਫ਼ਤਾਰ ਕਰ ਲਏ। ਕੇਸ ਦੀ ਤਫ਼ਤੀਸ਼ ਕਰਨ ਵਾਲੇ ਨੂੰ ਲਾਟੀਮਰ ਨੇ ਹੇਠ ਲਿਖਿਆ ਬਿਆਨ ਦਿੱਤਾ :

---

14. *The Province*, Oct. 21, 1914, p. 10.
15. Ganda Singh, *Amrika wich Hindustani*.
16. *Ibid.*
    The Pronvice, Sept. 7, 1914.

"ਜਦੋਂ ਮੈਂ ਗੁਰਦੁਆਰਾ ਸਾਹਿਬ ਪਹੁੰਚਿਆ ਤਾਂ ਤਿੰਨ ਆਦਮੀ ਫ਼ਰਸ਼ 'ਤੇ ਡਿੱਗੇ ਪਏ ਸਨ। ਉਨ੍ਹਾਂ ਦੇ ਗੋਲੀਆਂ ਲੱਗੀਆਂ ਹੋਈਆਂ ਸਨ। ਭਾਗ ਸਿੰਘ ਗੁਰਦੁਆਰਾ ਸਾਹਿਬ ਦੇ ਪੱਛਮ ਵਾਲੇ ਪਾਸੇ ਸੀ, ਉਸਦੇ ਪੇਟ ਵਿਚ ਗੋਲੀ ਲੱਗੀ ਹੋਈ ਸੀ। (ਭਾਗ ਸਿੰਘ ਖ਼ਾਲਸਾ ਦੀਵਾਨ ਸੁਸਾਇਟੀ ਦਾ ਪ੍ਰਧਾਨ ਸੀ) ਉੱਤਮ ਸਿੰਘ ਨਿਵਾਸੀ 1872 ਵੈਸਟ ਸੈਕੰਡ ਐਵੀਨਿਊ ਦੇ ਖੱਬੇ ਪਾਸੇ ਗੋਲੀ ਲੱਗੀ ਤੇ ਉਹ ਪਿਛਲੇ ਦਰਵਾਜ਼ੇ ਦੇ ਕੋਲ ਸੀ, ਤੇ ਕੈਪੀਲੈਨੋ ਵਾਲੇ ਬੁੱਧਾ ਸਿੰਘ ਦੇ ਖੱਬੇ ਗੋਡੇ ਵਿਚ ਗੋਲੀ ਲੱਗੀ। ਉਹ ਪੱਛਮ ਵਾਲੇ ਪਾਸੇ ਕੰਧ ਨਾਲ ਲੱਗਿਆ ਹੋਇਆ ਸੀ ਤਕਰੀਬਨ ਭਾਗ ਸਿੰਘ ਤੋਂ ਚਾਰ ਫ਼ੁੱਟ ਦੀ ਦੂਰੀ 'ਤੇ।"[17]

ਸਾਰਜੈਂਟ ਲਾਟੀਮਰ ਨੇ ਬਦਨ ਸਿੰਘ ਦਾ ਨਾਂ ਨਹੀਂ ਲਿਆ ਜੋ ਬੁਰੀ ਤਰ੍ਹਾਂ ਫੱਟੜ ਸੀ ਤੇ ਪਿੱਛੋਂ ਜਾ ਕੇ ਹਸਪਤਾਲ ਵਿਚ ਭਾਗ ਸਿੰਘ ਦੇ ਨਾਲ ਹੀ ਦਮ ਤੋੜ ਗਿਆ ਸੀ। ਬਦਨ ਸਿੰਘ ਨੇ ਬੇਲਾ ਸਿੰਘ ਨੂੰ ਰੋਕਣ ਦਾ ਜਤਨ ਕੀਤ ਪਰ ਆਪ ਵੀ ਉਸਦੀ ਗੋਲੀ ਦਾ ਸ਼ਿਕਾਰ ਹੋ ਗਿਆ। ਡਾਕਟਰਾਂ ਨੇ ਭਾਈ ਭਾਗ ਸਿੰਘ ਤੇ ਬਦਨ ਸਿੰਘ ਦੀਆਂ ਜਾਨਾਂ ਬਚਾਉਣ ਦਾ ਜਤਨ ਕੀਤਾ, ਪਰ ਉਹ ਆਪਣੇ ਬਿਆਨ ਕਲਮਬੰਦ ਕਰਾ ਕੇ ਚੜ੍ਹਾਈ ਕਰ ਗਏ। ਦੋਨੋਂ ਨੇ ਆਪਣੇ ਬਿਆਨਾਂ ਵਿਚ ਸਾਫ਼ ਕਿਹਾ ਕਿ ਬੇਲਾ ਸਿੰਘ ਨੇ ਬਗੈਰ ਕਿਸੇ ਕਾਰਨ ਉਨ੍ਹਾਂ 'ਤੇ ਗੋਲੀਆਂ ਚਲਾਈਆਂ। ਇਸ ਤਰ੍ਹਾਂ ਦੇ ਵਾਕਿਆ ਗੁਰਦੁਆਰਾ ਸਾਹਿਬ ਅੰਦਰ ਵਾਪਰਨ ਨਾਲ ਛੋਟੀ ਕਮਿਊਨਿਟੀ ਅੰਦਰ ਭੈ ਪਰਵੇਸ਼ ਕਰ ਗਿਆ ਅਤੇ ਕੋਈ ਵੀ ਹਸਪਤਾਲ ਵਿਚ ਦੋ-ਭਾਸ਼ੀਆ ਦਾ ਕਾਰਜ ਕਰਨ ਲਈ ਨਾ ਬਹੁੜਿਆ।[18]

ਇਕ ਹੋਰ ਸੱਜਣ, ਦਲੀਪ ਸਿੰਘ ਜੋ ਵਿਕਟੋਰੀਆ ਤੋਂ ਆਇਆ ਸੀ, ਵੀ ਫੱਟੜ ਹੋਇਆ। ਉਸਦੇ ਸੱਜੇ ਪੱਟ ਵਿਚ ਗੋਲੀ ਲੱਗੀ, ਉਸਨੇ ਡਿੱਠੀ ਘਟਨਾ ਬਾਰੇ ਦੱਸਿਆ :

"ਮੈਂ ਸੰਗਤ ਵਿਚ ਕੀਰਤਨ ਕਰਨ ਲਈ ਸਜ ਗਿਆ। ਫਿਰ ਸਵਰਗਵਾਸੀ ਹਰਨਾਮ ਸਿੰਘ ਦਾ ਭਰਾ ਪ੍ਰਤਾਪ ਸਿੰਘ ਦਾਖ਼ਲ ਹੋਇਆ ਤੇ ਬੈਠ ਗਿਆ। ਬੇਲਾ ਸਿੰਘ ਵੀ ਦਾਖ਼ਲ ਹੋਇਆ। ਉਹ ਪਿਛਲੇ ਪਾਸੇ ਨੂੰ ਚਲਾ ਗਿਆ ਅਤੇ ਛੇਤੀ ਹੀ ਉਸਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਉਸਨੇ ਸੰਗਤ ਵੱਲ ਮੂੰਹ ਕੀਤਾ ਹੋਇਆ ਸੀ। ਮੈਂ ਬੇਲਾ ਸਿੰਘ ਨੂੰ ਪਿਸਤੌਲ ਕੱਢਦੇ ਨੂੰ ਦੇਖਿਆ। ਉਸਨੇ ਪਹਿਲਾਂ ਭਾਗ ਸਿੰਘ ਦੇ ਗੋਲੀ ਮਾਰੀ, ਉਸ ਸਮੇਂ 30-35 ਆਦਮੀ ਹਾਜ਼ਰ ਸਨ। ਬੇਲਾ ਸਿੰਘ ਕੁਝ ਨਹੀਂ ਬੋਲਿਆ। ਭਾਗ ਸਿੰਘ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਸੀ।"[19]

ਸਵਰਗਵਾਸੀ ਅਰਜਨ ਸਿੰਘ ਦੇ ਭਰਾ ਜਵਾਲਾ ਸਿੰਘ ਨੇ ਵੀ ਬਹੁਤ ਦਲੇਰੀ

17. Mckelvie, B.A., *Magic, Murder and Mystery,* pp. 48-49.
18. *The Province,* Sept. 7, 1914.
19. Mckelvie, B.A., *op.cit.*

ਨਾਲ ਬਿਆਨ ਦਿੱਤਾ ਤੇ ਕਿਹਾ, "ਬੇਲਾ ਸਿੰਘ ਨੇ ਭਾਗ ਸਿੰਘ ਦਾ ਕਤਲ ਕੀਤਾ। ਉਸ ਪਿੱਛੋਂ ਉਸਨੇ ਹੋਰਾਂ 'ਤੇ ਗੋਲੀ ਚਲਾਈ ਅਤੇ ਮੇਰੀ ਪਿੱਠ 'ਤੇ ਗੋਲੀ ਮਾਰੀ। ਬਲਵੰਤ ਸਿੰਘ (ਗੁੰਥੀ) ਨੇ ਵੀ ਬਿਆਨ ਦਿੱਤਾ ਕਿ ਹਰਨਾਮ ਸਿੰਘ ਤੇ ਅਰਜਨ ਸਿੰਘ ਦੇ ਕਤਲ ਹੋਣ ਕਾਰਨ ਬੇਲਾ ਸਿੰਘ ਬਹੁਤ ਰੋਹ ਵਿਚ ਸੀ ਅਤੇ ਉਸਨੇ ਉਨ੍ਹਾਂ ਦੇ ਕਤਲ ਦਾ ਦੋਸ਼ ਭਾਈਚਾਰੇ ਦੇ ਸਿਰਕੱਢ ਵਿਅਕਤੀਆਂ ਦੇ ਸਿਰ ਲਗਾਇਆ। ਦੂਜੇ ਪਾਸੇ ਸਾਰਾ ਭਾਈਚਾਰਾ ਬੇਲਾ ਸਿੰਘ ਤੇ ਉਸਦੇ ਸਾਥੀਆਂ ਨੂੰ ਨਫ਼ਰਤ ਕਰਦਾ ਸੀ ਕਿਉਂਕਿ ਇਹ ਲੋਕ ਆਪਣੇ ਹੀ ਭਾਈਚਾਰੇ ਵਿਰੁੱਧ ਇਮੀਗ੍ਰੇਸ਼ਨ ਵਿਭਾਗ ਨੂੰ ਗੁਪਤ ਖ਼ਬਰਾਂ ਪਹੁੰਚਾਉਂਦੇ ਸਨ। ਬੇਲਾ ਸਿੰਘ ਨੇ ਹੀ ਗਿਆਨੀ ਭਗਵਾਨ ਸਿੰਘ ਨੂੰ ਡੀਪੋਰਟ ਕਰਾਉਣ ਵਿਚ ਮੱਦਦ ਕੀਤੀ ਅਤੇ ਉਸਨੇ ਕਾਮਾਗਾਟਾਮਾਰੂ ਤੇ ਇਸਦੇ ਮੁਸਾਫ਼ਰਾਂ ਨੂੰ ਜਬਰੀ ਵਾਪਸ ਭੇਜਣ ਵਿਚ ਕੈਨੇਡਾ ਦੇ ਅਧਿਕਾਰੀਆਂ ਨੂੰ ਪੂਰਾ ਸਹਿਯੋਗ ਦਿੱਤਾ। ਇਮੀਗ੍ਰੇਸ਼ਨ ਵਿਭਾਗ ਵੀ ਬੇਲਾ ਸਿੰਘ ਤੇ ਉਸਦੇ ਸਾਥੀਆਂ ਦੀ ਸਹਾਇਤਾ ਨਾਲ ਕੌਮ ਨੂੰ ਖ਼ਤਮ ਕਰਨ 'ਤੇ ਤੁਲਿਆ ਹੋਇਆ ਸੀ। ਅਖ਼ਬਾਰ ਨੇ ਇਸ ਸੰਬੰਧ ਵਿਚ ਖ਼ਬਰ ਛਾਪੀ :

> "ਬੇਲਾ ਸਿੰਘ ਤੇ ਆਪਣੇ ਹੀ ਦੇਸ਼-ਵਾਸੀਆਂ ਉਪਰ ਆਟੋਮੈਟਿਕ ਪਿਸਤੌਲ ਨਾਲ ਗੋਲੀ ਚਲਾਉਣ ਦਾ ਦੋਸ਼ ਲੱਗਾ ਹੈ.....ਭਾਗ ਸਿੰਘ ਤੇ ਬਦਨ ਸਿੰਘ ਐਤਵਾਰ ਵਾਲੇ ਦਿਨ ਹੀ ਮਰ ਗਏ.....ਅਸਲ ਵਿਚ ਇਨਕਲਾਬੀ ਅਤੇ ਇਮੀਗ੍ਰੇਸ਼ਨ ਵਿਭਾਗ ਦੇ ਨੇੜਤਾ ਰੱਖਣ ਵਾਲਿਆਂ ਦਰਮਿਆਨ ਦੁਸ਼ਮਣੀ ਹੈ।"[20]

ਗੋਲੀ ਚੱਲਣ ਪਿੱਛੋਂ ਪੂਰੀ ਜਾਣਕਾਰੀ ਲੈਣ ਉਪਰੰਤ ਪੀ.ਸੀ. ਲੈਮਨ ਤੇ ਪੀ.ਸੀ. ਮੈਕਆਰਥਰ 1752 ਸੈਕੰਡ ਐਵੀਨਿਊ ਵੈਸਟ ਵਾਲੇ ਘਰ ਗਏ, ਜਿਥੋਂ ਬੇਲਾ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਗੁਰਦੁਆਰੇ ਲਿਆਂਦਾ ਗਿਆ। ਜਦੋਂ ਲੈਮਨ (ਪੁਲਿਸ ਅਫ਼ਸਰ) ਨੇ ਬੇਲਾ ਸਿੰਘ ਨੂੰ ਪੁੱਛਿਆ ਕਿ ਕੀ ਉਹ ਕੁਝ ਆਖਣਾ ਚਾਹੁੰਦਾ ਹੈ ਤਾਂ ਉਸਨੇ ਕਿਹਾ, "ਮੈਂ ਰੀਡ ਤੇ ਹਾਪਕਿਨਸਨ ਨੂੰ ਮਿਲੇ ਬਿਨਾਂ ਕੁਝ ਨਹੀਂ ਕਹਿਣਾ।" ਜਦੋਂ ਲੈਮਨ ਤੇ ਮੈਕਆਰਥਰ ਨੇ ਉੱਤਮ ਸਿੰਘ ਨੂੰ ਪੁੱਛਿਆ ਕਿ ਕੀ ਉਸਨੂੰ ਪਤਾ ਹੈ ਕਿ ਦੋਸ਼ੀ ਕੌਣ ਹੈ ? ਉਸਨੇ ਕਿਹਾ, "ਬੇਲਾ ਸਿੰਘ ਵੱਲ ਹੱਥ ਕਰਕੇ 'ਹਾਂ' ਉਹੀ ਆਦਮੀ ਹੈ ਜਿਸਨੇ ਮੇਰੇ 'ਤੇ ਗੋਲੀ ਚਲਾਈ।"[21]

ਜੇ ਅਸੀਂ ਨਿਚੋੜ ਜਾਂ ਤੱਤਸਾਰ ਜਾਣੀਏਂ ਕਿ ਬੇਲਾ ਸਿੰਘ ਨੂੰ ਬਿਨਾਂ ਰੀਡ ਤੇ ਹਾਪਕਿਨਸਨ ਨੂੰ ਮਿਲੇ ਗੱਲਬਾਤ ਕਰਨ ਤੋਂ ਨਾਂਹ ਕਿਉਂ ਕੀਤੀ, ਇਹ ਸਪੱਸ਼ਟ ਹੋ ਜਾਂਦਾ ਹੈ ਕਿ ਬੇਲਾ ਸਿੰਘ ਨੂੰ ਅਜਿਹਾ ਗਿਰਿਆ ਹੋਇਆ ਕੰਮ ਕਰਨ ਲਈ ਰੀਡ ਤੇ ਹਾਪਕਿਨਸਨ ਨੇ ਹੀ ਪ੍ਰੇਰਿਆ ਤਾਂ ਜੋ ਸਿੱਖ ਭਾਈਚਾਰੇ ਦਾ ਹੋਰ ਨੁਕਸਾਨ ਹੋਵੇ।

---

20. Mckelvie, B.A., *Magic, Murder and Mystery*, p. 49.
    The Province, Sept. 7, 1914.
21. Mckelvie, B.A., *op.cit.*

ਬੇਲਾ ਸਿੰਘ 8 ਸਤੰਬਰ, 1914 ਨੂੰ ਕਚਹਿਰੀ ਵਿਚ ਪੇਸ਼ ਹੋਇਆ, ਉਸ 'ਤੇ ਗੁਰਦੁਆਰਾ ਸਾਹਿਬ ਅੰਦਰ ਦੋ ਵਿਅਕਤੀ ਕਤਲ ਕਰਨ ਅਤੇ 7 ਹੋਰ ਆਦਮੀਆਂ ਨੂੰ ਜ਼ਖ਼ਮੀ ਕਰਨ ਦਾ ਦੋਸ਼ ਲੱਗਾ। ਸਿੱਖ ਭਾਈਚਾਰਾ ਗੁਰਦੁਆਰਾ ਸਾਹਿਬ ਅੰਦਰ ਦੀਵਾਨ ਲਗਾਉਣਾ ਚਾਹੁੰਦੇ ਸਨ, ਪਰ ਪੁਲਿਸ ਨੇ ਗੁਰਦੁਆਰਾ ਸਾਹਿਬ ਨੂੰ ਆਰਜ਼ੀ ਤੌਰ 'ਤੇ ਬੰਦ ਕਰ ਦਿੱਤਾ ਸੀ। ਸਿੱਖਾਂ ਨੇ ਪੁਲਿਸ ਪਾਸੋਂ ਦੀਵਾਨ ਲਗਾਉਣ ਦੀ ਆਗਿਆ ਮੰਗੀ ਪਰ ਪੁਲਿਸ ਨੇ ਇਨਕਾਰ ਕਰ ਦਿੱਤਾ। ਸਗੋਂ ਪੁਲਿਸ ਨੇ ਗੁਰਦੁਆਰਾ ਸਾਹਿਬ 'ਤੇ ਪਹਿਰਾ ਦੇਣ ਲਈ ਵਿਸ਼ੇਸ਼ ਗਾਰਡ ਲਗਾ ਦਿੱਤੇ। ਸਾਰੇ ਮੁਆਮਲੇ ਦੀ ਪੁੱਛ-ਗਿੱਛ ਪੁਲਿਸ ਸਟੇਸ਼ਨ ਵਿਖੇ ਹੀ ਹੁੰਦੀ ਸੀ। ਪੁਲਿਸ ਵੱਲੋਂ ਵੱਖਰੇ ਤੇ ਅਨੋਖੇ ਹੀ ਬਿਆਨ ਦਿੱਤੇ ਗਏ ਜਾਂ ਇੰਜ ਆਖ ਲਈਏ ਕਿ ਉਨ੍ਹਾਂ ਨੇ ਆਪਣੀ ਸੋਚ ਮੁਤਾਬਕ ਕਿਹਾ ਕਿ ਗੋਲੀ ਚਲਾਉਣ ਵਾਲਾ ਇਕੱਲਾ ਬੇਲਾ ਸਿੰਘ ਨਹੀਂ ਸੀ। ਇਸ ਤੋਂ ਪ੍ਰਤੱਖ ਹੁੰਦਾ ਹੈ ਕਿ ਉਨ੍ਹਾਂ ਨੇ ਮੌਕੇ ਦੇ ਗਵਾਹਾਂ ਦੀ ਗੱਲ ਨੂੰ ਨਹੀਂ ਮੰਨਿਆ ਅਤੇ ਇਮੀਗ੍ਰੇਸ਼ਨ ਵੱਲੋਂ ਸਾਜ਼ਿਸ਼ ਦੀ ਨਵੀਂ ਕੜੀ ਸ਼ੁਰੂ ਕਰ ਦਿੱਤੀ ਤਾਂ ਜੋ ਭਾਈਚਾਰਾ ਅਤਿ ਦੁਖੀ ਹੋਵੇ। 'ਮੈਕਿਨਟਾਇਰ' ਬੇਲਾ ਸਿੰਘ ਦਾ ਵਕੀਲ ਸੀ ਅਤੇ ਚਰਚਾ ਇਹ ਵੀ ਹੋ ਰਹੀ ਸੀ ਕਿ ਉਸਦਾ ਵਕੀਲ ਬੇਲਾ ਸਿੰਘ ਨੂੰ ਦਿਮਾਗੀ ਤੌਰ 'ਤੇ ਠੀਕ ਨਹੀਂ ਸਾਬਤ ਕਰੇਗਾ।[22]

ਬੇਲਾ ਸਿੰਘ ਤੋਂ ਇਲਾਵਾ ਪੁਲਿਸ ਨੇ ਹੋਰ ਸਿੱਖ ਨੇਤਾਵਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਸੀ। ਇਹ ਨੇਤਾ ਸਨ—ਭਾਈ ਮਿੱਤ ਸਿੰਘ ਪੰਡੋਰੀ, ਰਾਜਾ ਸਿੰਘ, ਬਲਵੰਤ ਸਿੰਘ ਖੁਰਦਪੁਰ, ਕਰਤਾਰ ਸਿੰਘ ਚੰਦ ਅਤੇ ਸੋਹਣ ਲਾਲ। ਭਾਈ ਬਲਵੰਤ ਸਿੰਘ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਨ, ਇਸ ਕਰਕੇ ਉਨ੍ਹਾਂ ਨੂੰ ਛੱਡ ਦਿੱਤਾ ਗਿਆ ਅਤੇ ਬਾਕੀਆਂ ਨੂੰ ਵੀ ਤਿੰਨ ਅਕਤੂਬਰ 1914 ਨੂੰ ਜ਼ਮਾਨਤ 'ਤੇ ਰਿਹਾ ਕਰ ਦਿੱਤਾ।[23]

ਸਰਕਾਰ ਵੱਲੋਂ ਨਿਯੁਕਤ ਹੋਏ ਪੜਤਾਲੀਏ (Coroner) ਨੇ 9 ਅਕਤੂਬਰ ਨੂੰ ਆਪਣੀ ਰਿਪੋਰਟ ਵਿਚ ਲਿਖਿਆ ਕਿ ਬੇਲਾ ਸਿੰਘ ਨੇ ਹੀ ਭਾਈ ਭਾਗ ਸਿੰਘ ਤੇ ਭਾਈ ਬਦਨ ਸਿੰਘ ਦਾ ਕਤਲ ਕੀਤਾ ਹੈ। ਸਾਰੇ ਗਵਾਹਾਂ ਅਨੁਸਾਰ ਵੀ ਬੇਲਾ ਸਿੰਘ ਇਕੱਲਾ ਹੀ ਸੀ, ਜਦੋਂ ਉਸਨੇ ਸੰਗਤ ਦੀ ਹਾਜ਼ਰੀ ਵਿਚ ਗੋਲੀਆਂ ਚਲਾ ਕੇ ਉਪਰੋਕਤ ਪ੍ਰਾਣੀਆਂ ਦਾ ਕਤਲ ਕੀਤਾ। ਕਿਟਸਲਾਨੋ (Kitslano) ਇਲਾਕੇ ਦੇ ਪੁਲਿਸ ਇੰਸਪੈਕਟਰ ਡੇਵਿਡ ਸਕਾਟ, ਸਰਜੈਂਟ ਲਾਟੀਮਾਰ ਅਤੇ ਸਿਪਾਹੀ ਮੈਕਆਰਥਰ ਨੇ ਵੀ ਬੇਲਾ ਸਿੰਘ ਨੂੰ ਮੌਕੇ 'ਤੇ ਗ੍ਰਿਫ਼ਤਾਰ ਕਰਨ ਦੀ ਗਵਾਹੀ ਦਿੱਤੀ, ਉਪਰੰਤ ਉਨ੍ਹਾਂ ਨੇ 38 ਬੋਰ ਦਾ ਪਿਸਤੌਲ, ਜੋ ਗੁਰਦੁਆਰਾ ਸਾਹਿਬ ਦੇ ਬਾਹਰ ਮਿਲਿਆ, ਪੇਸ਼ ਕੀਤਾ। ਹੁਣ ਇਸ ਬਾਰੇ ਪੱਕਾ ਸਬੂਤ ਸੀ ਕਿ ਬੇਲਾ ਸਿੰਘ ਨੇ ਦੋਨਾਂ (38 ਤੇ 32 ਬੋਰ) ਪਿਸਤੌਲਾਂ ਦਾ ਪ੍ਰਯੋਗ ਕੀਤਾ ਕਿਉਂਕਿ ਭਾਈ ਭਾਗ ਸਿੰਘ ਦੇ ਜਿਸਮ ਵਿੱਚੋਂ 32 ਅਤੇ 38 ਬੋਰ ਦੀਆਂ ਗੋਲੀਆਂ ਕੱਢੀਆਂ ਗਈਆਂ।[24]

---

22. *The Province*, Sept. 8, 1914.
23. Ganda Singh, *Amrika wich Hindustani*, p. 143.
24. *The Province*, Sept. 10, 1914.

ਭਾਈ ਬਲਵੰਤ ਸਿੰਘ ਤੇ ਸੋਹਣ ਲਾਲ ਨੇ ਵੀ ਗਵਾਹੀ ਦਿੱਤੀ। ਬੇਲਾ ਸਿੰਘ ਉਪਰ 7 ਆਦਮੀਆਂ ਨੂੰ ਫੱਟੜ ਤੇ ਦੋ ਵਿਅਕਤੀਆਂ ਨੂੰ ਕਤਲ ਕਰਨ ਦਾ ਦੋਸ਼ ਲੱਗਾ ਤੇ ਕੇਸ ਚੱਲ ਪਿਆ। ਕੇਸ ਦੀ ਪਹਿਲੀ ਤਾਰੀਖ਼ ਵਿਚ ਹਾਪਕਿਨਸਨ ਬਤੌਰ ਗਵਾਹ ਪੇਸ਼ ਨਾ ਹੋਇਆ।

21 ਅਕਤੂਬਰ, 1914 ਨੂੰ ਇਕ ਅਫ਼ਰੀਕਨ ਪਿਛੋਕੜ ਨਾਲ ਸੰਬੰਧ ਰੱਖਣ ਵਾਲੀ ਇਸਤਰੀ, ਜਿਸਨੇ ਇਕ ਭਾਰਤੀ ਨਾਲ ਵਿਆਹ ਕਰਾਇਆ ਹੋਇਆ ਸੀ, ਨੇ ਮੁਖੀ ਡੀਟੈਕਟਿਵ ਲੂਈਸ ਹੈਰਿਸ ਨੂੰ ਦੱਸਿਆ ਕਿ ਹਾਪਕਿਨਸਨ ਨੂੰ ਕਤਲ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਜਦੋਂ ਹੈਰਿਸ ਨੇ ਇਹ ਗੱਲ ਮੈਕਲੀਵ ਨੂੰ ਦੱਸੀ ਤਾਂ ਉਸਨੇ ਇਸ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਹੱਸਦੇ ਕਿਹਾ, ਇਹ ਨਹੀਂ ਹੋ ਸਕਦਾ। ਐਨ ਉਸ ਸਮੇਂ ਫ਼ੋਨ ਦੀ ਘੰਟੀ ਵੱਜੀ ਅਤੇ ਹੈਰਿਸ ਨੇ ਫ਼ੋਨ ਚੁੱਕਿਆ, ਉਹ ਫ਼ੋਨ 'ਤੇ ਗੱਲ ਸੁਣਦੇ ਸਾਰ ਹੀ ਡੌਰ-ਭੌਰ ਹੋਈ ਅਤੇ ਉਸਦੇ ਚੇਹਰੇ ਦਾ ਰੰਗ ਹੀ ਬਦਲ ਗਿਆ। ਉਸਦੇ ਹੱਥੋਂ ਫ਼ੋਨ ਛੁੱਟ ਗਿਆ ਤੇ ਮੱਧਮ ਸੁਰ ਵਿਚ ਕਿਹਾ, "ਉਨ੍ਹਾਂ ਨੇ ਹਾਪਕਿਨਸਨ ਨੂੰ ਮਾਰ ਦਿੱਤਾ ਹੈ।"[25]

ਅਖ਼ਬਾਰ ਨੇ ਮੁੱਖ ਪੰਨੇ 'ਤੇ ਖ਼ਬਰ ਲਗਾਈ, ਡਬਲਯੂ. ਸੀ. ਹਾਪਕਿਨਸਨ ਨੂੰ ਇਕ ਹਿੰਦੂ ਨੇ ਅੱਜ ਸਵੇਰੇ ਮਾਰ ਦਿੱਤਾ ਹੈ। ਮੇਵਾ ਸਿੰਘ ਨੇ ਖੁੱਲ੍ਹੇ ਤੌਰ 'ਤੇ ਇਕਬਾਲ ਕੀਤਾ ਹੈ ਕਿ ਉਹ ਖ਼ੁਸ਼ ਹੈ ਕਿ ਉਸਨੇ ਇਹ ਕਤਲ ਕੀਤਾ ਹੈ। ਹਾਪਕਿਨਸਨ ਦੇ ਕਤਲ ਦੀ ਖ਼ਬਰ ਸੁਣ ਕੇ ਵੈਨਕੂਵਰ ਦੇ ਮੇਅਰ ਬਾਕਸਟਰ ਨੂੰ ਗ਼ੁੱਸਾ ਆਇਆ। ਮੇਵਾ ਸਿੰਘ ਨੇ ਹਾਪਕਿਨਸਨ ਦੇ ਪੰਜ ਗੋਲੀਆਂ ਮਾਰੀਆਂ ਅਤੇ ਉਹ ਉਸ ਸਮੇਂ ਹੀ ਮਰ ਗਿਆ। ਉਸ ਦਿਨ ਹਾਪਕਿਨਸਨ ਨੇ ਬੇਲਾ ਸਿੰਘ ਦੇ ਹੱਕ ਵਿਚ ਕਚਹਿਰੀ ਵਿਚ ਆ ਕੇ ਗਵਾਹੀ ਦੇਣੀ ਸੀ। ਮੇਵਾ ਸਿੰਘ ਉਸੇ ਥਾਂ ਉਡੀਕ ਰਿਹਾ ਸੀ ਕਿ ਕਦੋਂ ਕਚਹਿਰੀ ਦੀ ਕਾਰਵਾਈ ਸ਼ੁਰੂ ਹੋਵੇ। ਉਸਨੇ ਮੌਕਾ ਭਾਲ ਕੇ ਹਾਪਕਿਨਸਨ ਦੀ ਛਾਤੀ ਵਿਚ ਗੋਲੀ ਮਾਰੀ। ਹਾਪਕਿਨਸਨ ਨੇ ਮੇਵਾ ਸਿੰਘ ਨਾਲ ਹੱਥੋਪਾਈ ਕਰਨ ਦਾ ਜਤਨ ਕੀਤਾ, ਪਰ ਦੂਜੀ ਗੋਲੀ ਲੱਗਣ ਨਾਲ ਉਹ ਢਹਿ-ਢੇਰੀ ਹੋ ਗਿਆ ਅਤੇ ਆਖ਼ਰ ਦਮ ਤੋੜ ਗਿਆ।[26]

ਕਚਹਿਰੀਆਂ ਦੇ ਸਫ਼ਾਈ ਮਹਿਕਮੇ ਦੇ ਮੁਖੀ ਜੇਮਜ਼ ਬਰਨਾਰਡ ਮੈਕੇਨ ਨੇ ਅੱਖੀਂ ਡਿੱਠੀ ਘਟਨਾ ਨੂੰ ਹੇਠ ਲਿਖੇ ਸ਼ਬਦਾਂ ਵਿਚ ਦੱਸਿਆ :

> "ਤਕਰੀਬਨ ਸਵਾ ਦਸ ਵਜੇ ਮੈਂ ਕਚਹਿਰੀ ਦੀ ਸਾਹਮਣੇ ਵਾਲੀ ਡਿਊੜੀ ਵਿਚ ਸੀ ਜਦੋਂ ਮੈਂ ਗੋਲੀ ਚੱਲਣ ਦੀ ਅਵਾਜ਼ ਸੁਣੀ। ਉਸ ਪਿੱਛੋਂ ਹੋਰ ਚੱਲੀਆਂ ਅਤੇ ਦੋ ਸ਼ਹਿਰੀ ਡੀਟੈਕਟਿਵਜ਼ (ਸੈਮ ਕਰਿਊ ਅਤੇ ਜਾਰਜ ਸਨਟਰਮ) ਪਉੜੀਆਂ ਦੁਆਰਾ ਉਪਰ ਚੜ੍ਹ ਰਹੇ ਸਨ ਅਤੇ ਤੀਜਾ ਡੀਟੈਕਟਿਵ ਨਾਰਮਨ ਮੈਕਡੋਨਲਡ ਸੀ। ਮੈਂ ਰੌਲਾ ਪਾਇਆ ਕਿ ਉਨ੍ਹਾਂ ਨੂੰ

25. Mckelvie, B.A., *Magic, Murder and Mystery*, pp. 51-52.
26. *The Province*, Oct. 21, 1914.

ਕਾਬੂ ਕਰੋ। ਅਸੀਂ ਸਾਰੇ ਦੌੜ ਕੇ ਉਪਰ ਗਏ ਅਤੇ ਡੀਟੈਕਟਿਵਜ਼ ਨੇ ਚਾਰ ਜਾਂ ਪੰਜ ਭਾਰਤੀਆਂ ਨੂੰ ਰੋਕ ਲਿਆ, ਜੋ ਕਾਹਲੀ ਨਾਲ ਜਾ ਰਹੇ ਸਨ। ਮੈਂ ਉਪਰ ਨੂੰ ਤੁਰ ਗਿਆ ਅਤੇ ਲਾਂਘੇ ਵੱਲ ਦੇਖਿਆ। ਮੈਂ ਮੇਵਾ ਸਿੰਘ ਨੂੰ ਹੱਥ ਵਿਚ ਦੋ ਪਿਸਤੌਲ ਫੜੀ ਖੜੇ ਨੂੰ ਦੇਖਿਆ ਅਤੇ ਫ਼ਰਸ਼ 'ਤੇ ਉਸਦੇ ਸਾਹਮਣੇ ਇਕ ਆਦਮੀ ਡਿੱਗਿਆ ਪਿਆ ਸੀ। ਉਸ ਸਮੇਂ ਮੈਨੂੰ ਨਹੀਂ ਪਤਾ ਸੀ ਕਿ ਉਹ ਕੌਣ ਸੀ ਪਰ ਛੇਤੀ ਹੀ ਪਤਾ ਲੱਗਾ ਕਿ ਉਹ ਇੰਸਪੈਕਟਰ ਹਾਪਕਿਨਸਨ ਸੀ। ਮੈਂ ਸਿੱਖ ਵੱਲ ਨੂੰ ਦੌੜ ਕੇ ਉਸਦੀ ਖੱਬੀ ਬਾਂਹ ਫੜ ਕੇ ਉਸਨੂੰ ਕਾਬੂ ਕਰ ਲਿਆ ਅਤੇ ਉਸਦਾ ਸੱਜੇ ਹੱਥ ਵਿਚ ਫੜਿਆ ਪਿਸਤੌਲ ਮੇਰੇ ਕੋਟ ਨਾਲ ਖਹਿ ਗਿਆ। ਮੈਂ ਉਸਦੇ ਕੋਲੋਂ ਪਿਸਤੌਲ ਖੋਹ ਰਿਹਾ ਸੀ, ਉਸ ਸਮੇਂ ਇਕ ਹੋਰ ਆਦਮੀ ਪਹੁੰਚ ਗਿਆ।"[27]

ਇਸ ਬਾਰੇ ਪਹਿਲਾਂ ਵੀ ਦੱਸਿਆ ਗਿਆ ਹੈ ਕਿ ਮੇਅਰ ਬਾਕਸਟਰ ਹਾਪਕਿਨਸਨ ਦੇ ਕਤਲ ਹੋਣ 'ਤੇ ਪੂਰਾ ਗੁੱਸੇ ਵਿਚ ਸੀ। ਉਸਨੇ ਮੇਜ਼ 'ਤੇ ਘਸੁੰਨ ਮਾਰ ਕੇ ਕਿਹਾ ਕਿ ਅਜਿਹਾ ਕੁਝ ਬੰਦ ਹੋਣਾ ਚਾਹੀਦਾ ਹੈ। ਉਸ ਅਨੁਸਾਰ ਇਹ ਲੋਕ ਜਦੋਂ ਆਪਣੇ ਹੀ ਹਮਵਤਨੀਆਂ ਨੂੰ ਮਾਰਦੇ ਸਨ ਤਾਂ ਵੀ ਭੈੜੀ ਗੱਲ ਸੀ ਪਰ ਹੁਣ ਇਹ ਲੋਕ ਸਾਡੇ ਨਾਗਰਿਕਾਂ ਨੂੰ ਮਾਰਨ ਲੱਗ ਪਏ ਹਨ। ਉਸ ਲਈ ਇਹ ਸਭ ਕੁਝ ਬਰਦਾਸ਼ਤ ਕਰਨਾ ਔਖਾ ਸੀ।[28] ਬਹੁ-ਗਿਣਤੀ ਦੇ ਗੋਰੇ ਲੋਕ ਤਾਂ ਇਹੀ ਸੋਚਦੇ ਸਨ ਕਿ ਹਾਪਕਿਨਸਨ ਦਾ ਕਾਮਾਗਾਟਾਮਾਰੂ ਦੇ ਮੁਆਮਲੇ ਵਿਚ ਜ਼ਿਆਦਾ ਦੌੜ-ਭੱਜ ਕਰਨੀ ਹੀ ਉਸਦੇ ਕਤਲ ਦਾ ਮੁਖ ਕਾਰਨ ਸੀ। ਇਹ ਉਸਦੀ ਜਾਨ ਲੈਣ ਲਈ ਦੂਸਰਾ ਜਤਨ ਸੀ। ਪਹਿਲੀ ਵਾਰੀ ਸਾਨਫ਼ਰਾਂਸਿਸਕੋ ਵਿਖੇ ਉਸ 'ਤੇ ਹਮਲਾ ਹੋਇਆ ਪਰ ਬਚ ਗਿਆ। ਡਾਕਟਰ ਸੁੰਦਰ ਸਿੰਘ ਨੇ ਮੇਵਾ ਸਿੰਘ ਵੱਲੋਂ ਹਾਪਕਿਨਸਨ ਦਾ ਕਤਲ ਕਰਨ ਨੂੰ ਪਸੰਦ ਨਾ ਕੀਤਾ। ਉਸ ਅਨੁਸਾਰ ਕਿਸੇ ਵਿਅਕਤੀ ਦੀ ਜਾਨ ਲੈ ਲੈਣੀ ਗ਼ਲਤ ਕਰਮ ਹੈ।[29]

ਡਾਕਟਰ ਸੁੰਦਰ ਸਿੰਘ ਦਾ ਪਹਿਲਾਂ ਪਹਿਲਾਂ ਸਤਿਕਾਰ ਸੀ, ਪਰ ਜਦੋਂ ਉਸਨੇ ਦਾੜ੍ਹੀ-ਕੇਸ ਕਤਲ ਕਰਵਾ ਦਿੱਤੇ ਤਾਂ ਲੋਕ ਉਸਨੂੰ ਚੰਗਾ ਨਹੀਂ ਸਮਝਦੇ ਸਨ ਅਤੇ ਕੈਨੇਡਾ ਦੇ ਅਧਿਕਾਰੀਆਂ ਨੂੰ ਪਤਾ ਸੀ ਕਿ ਭਾਰਤੀ ਲੋਕ ਉਸ 'ਤੇ ਕੋਈ ਵਿਸ਼ਵਾਸ ਨਹੀਂ ਕਰਦੇ। ਡਾ. ਸੁੰਦਰ ਸਿੰਘ ਨੇ ਗੁਰਦੁਆਰਾ ਸਾਹਿਬ ਅੰਦਰ ਕਤਲ ਹੋਣ 'ਤੇ ਵੀ ਮਾੜਾ ਨਹੀਂ ਆਖਿਆ ਸੀ, ਹਾਲਾਂਕਿ ਬੇਲਾ ਸਿੰਘ ਵੱਲੋਂ ਸੰਗਤ ਵਿਚ ਸ਼ਰੇਆਮ ਗੋਲੀਆਂ ਚਲਾਉਣਾ ਗਿਰੀ ਹੋਈ ਹਰਕਤ ਸੀ। ਕੁਝ ਗੱਦਾਰ ਲੋਕਾਂ ਨੇ ਹਾਪਕਿਨਸਨ ਦੀ ਮੌਤ 'ਤੇ ਇਕ ਇਕੱਤਰਤਾ ਕੀਤੀ ਅਤੇ ਕਈ ਸੋਗ ਮਤੇ ਪਾਸ ਕੀਤੇ। ਇਸ ਇਕੱਤਰਤਾ ਵਿਚ ਤਕਰੀਬਨ 35 ਆਦਮੀ ਸਨ, ਸਾਰਿਆਂ ਨੇ ਉਸਦੀ ਮੌਤ 'ਤੇ ਗਹਿਰਾ ਦੁਖ ਪ੍ਰਗਟ ਕੀਤਾ। ਇਸ ਇਕੱਤਰਤਾ ਵਿਚ ਸਾਰੇ ਮਤੇ ਡਾਕਟਰ ਰਘੂਨਾਥ

27. Mckelvie, B.A. *Magic, Murder and Mystery*, p. 52.
28. *The Province*, Oct. 21, 1914.
29. *Ibid.*

ਸਿੰਘ ਨੇ ਹੀ ਲਿਖੇ ਤੇ ਪੇਸ਼ ਕੀਤੇ। ਡਾਕਟਰ ਰਘੂਨਾਥ ਸਿੰਘ ਕਾਮਾਗਾਟਾਮਾਰੂ ਜਹਾਜ਼ 'ਤੇ ਬਤੌਰ ਸਰਜਨ ਸ਼ਾਮਲ ਹੋਇਆ ਸੀ। ਪਾਸ ਹੋਏ ਮਤਿਆਂ ਦਾ ਰੂਪ ਇਸ ਤਰ੍ਹਾਂ ਸੀ : ਇਹ ਇਕੱਤਰਤਾ ਸੱਚੇ ਦਿਲੋਂ ਵਾਪਰੇ ਦੁਖਾਂਤ 'ਤੇ ਦੁਖ ਦਾ ਪ੍ਰਗਟਾਵਾ ਕਰਦੀ ਹੈ; ਜਿਸਨੇ ਵੀ ਇਹ ਕਰਮ ਕੀਤਾ ਉਸਦੀ ਨਿਖੇਧੀ ਕਰਦੇ ਹਾਂ ਅਤੇ ਮਿਰਤਕ ਵਿਅਕਤੀ ਦੀ ਵਿਧਵਾ ਤੇ ਬੱਚਿਆਂ ਨਾਲ ਹਮਦਰਦੀ ਜ਼ਾਹਰ ਕਰਦੇ ਹਾਂ; ਸਾਡੀ ਦਿਲੀ ਖ਼ਾਹਿਸ਼ ਹੈ ਕਿ ਸਰਕਾਰ ਜਲਦੀ ਹੀ ਕਦਮ ਉਠਾਏ ਤਾਂ ਜੋ ਇਸ ਤਰ੍ਹਾਂ ਦੀ ਸ਼ਾਂਤੀ ਨੂੰ ਭੰਗ ਕਰਨ ਵਾਲੀ ਮੁੜ ਕੋਈ ਹਰਕਤ ਨਾ ਹੋਵੇ ਅਤੇ ਵਾਪਰ ਚੁੱਕੇ ਦੁਖਾਂਤ ਦੀ ਜਾਂਚ-ਪੜਤਾਲ ਕੀਤੀ ਜਾਵੇ।

ਅਸੀਂ ਆਪਣੇ ਵੱਲੋਂ ਭਰੋਸਾ ਦਿਵਾਉਂਦੇ ਹਾਂ ਕਿ ਗ਼ਲਤ ਗੱਲਾਂ ਨੂੰ ਖ਼ਤਮ ਕਰਨ ਲਈ ਸਰਕਾਰੀ ਅਧਿਕਾਰੀਆਂ ਨੂੰ ਸਹਿਯੋਗ ਦੇਵਾਂਗੇ.....ਇਸ ਤੋਂ ਬਿਨਾਂ ਇਹ ਵੀ ਪਾਸ ਕੀਤਾ ਜਾਂਦਾ ਹੈ ਕਿ ਸਾਰੇ ਮਤਿਆਂ ਦੀ ਨਕਲ ਅਖ਼ਬਾਰਾਂ ਨੂੰ, ਸ਼੍ਰੀਮਤੀ ਹਾਪਕਿਨਸਨ ਨੂੰ, ਮੈਲਕਮ ਰੀਡ ਅਤੇ ਅੰਦਰੂਨੀ ਮਾਮਲਿਆਂ ਦੇ ਮੰਤਰੀ ਨੂੰ ਭੇਜੀਆਂ ਜਾਣ।[30]

ਉਪਰੋਕਤ ਪਾਸ ਕੀਤੇ ਮਤਿਆਂ ਤੋਂ ਭਲੀ ਪ੍ਰਕਾਰ ਨਿਚੋੜ ਕੱਢਿਆ ਜਾ ਸਕਦਾ ਹੈ ਕਿ ਉਸ ਸਮੇਂ 25 ਤੋਂ ਵੀ ਵੱਧ ਲੋਕ ਸਰਕਾਰੀ ਜਾਸੂਸਾਂ ਦੇ ਤੌਰ 'ਤੇ ਕੰਮ ਕਰਦੇ ਸਨ ਅਤੇ ਇਹ ਲੋਕ ਅਧਿਕਾਰੀਆਂ ਨਾਲ ਪੂਰੀ ਹਮਦਰਦੀ ਰੱਖਦੇ ਸਨ। ਇਨ੍ਹਾਂ ਲੋਕਾਂ ਨੇ ਭਾਈ ਭਾਗ ਸਿੰਘ ਜਾਂ ਭਾਈ ਬਤਨ ਸਿੰਘ ਦੀ ਮੌਤ 'ਤੇ ਕੋਈ ਅਫ਼ਸੋਸ ਨਹੀਂ ਪ੍ਰਗਟਾਇਆ ਉਪਰੰਤ ਭਾਗ ਸਿੰਘ ਦੇ ਯਤੀਮ ਬੱਚਿਆਂ 'ਤੇ ਕੋਈ ਤਰਸ ਵਾਲੀ ਭਾਵਨਾ ਨਹੀਂ ਉਜਾਗਰ ਕੀਤੀ। ਇਸਦੇ ਉਲਟ ਬਹੁਤ ਜੁਰਅਤ ਨਾਲ ਆਪਣੇ ਹੀ ਹਮਵਤਨੀਆਂ ਦੇ ਵਿਰੁੱਧ ਸਰਕਾਰ ਨੂੰ ਸਹਿਯੋਗ ਦੇਣ ਦੀ ਪੇਸ਼ਕਸ਼ ਕੀਤੀ।[31]

ਕੈਨੇਡਾ ਦੀ ਕੇਂਦਰੀ ਸਰਕਾਰ ਨੂੰ ਵੀ ਹਾਪਕਿਨਸਨ ਦੇ ਕਤਲ ਦੀ ਖ਼ਬਰ ਨੇ ਤੜਫਾਇਆ। ਅੰਦਰੂਨੀ ਮਾਮਲਿਆਂ ਦੇ ਉਪ-ਮੰਤਰੀ ਕੋਰੀ ਨੇ ਅੰਡਰ ਸੈਕਟਰੀ ਜੋਜ਼ਫ ਪੋਪ ਨੂੰ ਇਸ ਬਾਰੇ ਇਤਲਾਹ ਦਿੱਤੀ। ਉਸਨੇ ਕਿਹਾ ਕਿ ਰੀਡ ਨੂੰ ਕਿਹਾ ਗਿਆ ਹੈ ਕਿ ਹਾਪਕਿਨਸਨ ਦੇ ਕਤਲ ਦੇ ਮੁਖ ਕਾਰਨ ਅਤੇ ਪੂਰੀ ਜਾਣਕਾਰੀ ਲੈ ਕੇ ਆਟਵਾ ਪਹੁੰਚੇ। ਜੋਜ਼ਫ ਪੋਪ ਨੇ ਗਵਰਨਰ ਜਨਰਲ ਦੇ ਕਾਰਜਕਾਰੀ ਸਕੱਤਰ ਨੂੰ ਹਾਪਕਿਨਸਨ ਦੇ ਕਤਲ ਬਾਰੇ ਲਿਖਿਆ।[32]

ਬਰਤਾਨਵੀ ਬਸਤੀਆਂ ਦੇ ਸਕੱਤਰ, ਹਾਰਕੋਰਟ, ਜਿਸਨੇ ਹਾਪਕਿਨਸਨ ਦੀ ਮੌਤ 'ਤੇ ਗਹਿਰਾ ਦੁਖ ਮਹਿਸੂਸ ਕੀਤਾ, ਨੇ ਕੈਨੇਡਾ ਦੇ ਗਵਰਨਰ ਜਨਰਲ ਨੂੰ ਤਾਰ ਭੇਜੀ ਅਤੇ ਉਸ ਤਾਰ ਦੇ ਸ਼ਬਦ ਸਨ :

---

30. *The Vancouver Sun*, Oct, 26, 1914.
31. *The Province*, Sept. 1, 1914.
    Also see,
    Amrika wich Hindustani, Vancouver, Dr. Kesar Singh, 1976, p. 141.
32. W.W. Cory to Joseph Pope and from Joseph Pope to the Secretary of Governor General, Oct. 24 and 26, 1914 (respectively), *Borden Papers*.

ਮਿਤੀ 28 ਅਕਤੂਬਰ, 1914 (ਲੰਡਨ)

ਤੁਹਾਡੀ 21 ਅਕਤੂਬਰ ਵਾਲੀ ਤਾਰ, ਜਿਸ ਵਿਚ ਇੰਡੀਆ ਦੇ ਸਟੇਟ ਸਕੱਤਰ ਨੇ ਮੈਨੂੰ ਹਾਪਕਿਨਸਨ ਦੀ ਮੌਤ 'ਤੇ ਅਫ਼ਸੋਸ ਕਰਨ ਲਈ ਕਿਹਾ, ਜਿਸ ਦੀਆਂ ਮਹਾਨ ਸੇਵਾਵਾਂ ਦੀ ਉਸ ਵੱਲੋਂ ਤੇ ਭਾਰਤ ਦੀ ਸਰਕਾਰ ਵੱਲੋਂ ਸਰਾਹਣਾ ਕੀਤੀ ਗਈ ਹੈ। ਕਿਰਪਾ ਕਰਕੇ ਲਾਰਡ ਕਰਿਊ ਵੱਲੋਂ ਵੀ ਦੁਖ ਪ੍ਰਗਟਾ ਦੇਣਾ ਜੇ ਉਸਦੀ ਪਤਨੀ ਤੇ ਬੱਚੇ ਹਨ। ਮੈਨੂੰ ਉਸਦੀ ਪਤਨੀ ਤੇ ਬੱਚਿਆਂ ਦੀ ਉਮਰਾਂ ਬਾਰੇ ਵੀ ਲਿਖਣਾ ਤਾਂ ਜੋ ਉਨ੍ਹਾਂ ਨੂੰ ਸਹਿਯੋਗ ਪ੍ਰਦਾਨ ਕੀਤਾ ਜਾਵੇ। ਇਹ ਵੀ ਦੱਸਣਾ ਕੀ ਤੁਹਾਡੀ ਸਰਕਾਰ ਉਨ੍ਹਾਂ ਲਈ ਕੁਝ ਕਰ ਰਹੀ ਹੈ? ਕਿਰਪਾ ਕਰਕੇ ਇਹ ਵੀ ਦੱਸਣਾ ਕਿ ਹਾਪਕਿਨਸਨ ਨੂੰ ਕਿਤਨੀ ਤਨਖ਼ਾਹ ਤੁਸੀਂ ਦਿੰਦੇ ਸੀ ਤੇ ਕਿਤਨੀ ਵਿਸ਼ੇਸ਼ ਤਨਖ਼ਾਹ ਇੰਡੀਆ ਵੱਲੋਂ ਮਿਲਦੀ ਸੀ।"[33]

"ਕਾਮਾਗਾਟਾਮਾਰੂ ਨੂੰ ਜਬਰੀ ਵਾਪਸ ਮੋੜਨ ਪਿੱਛੋਂ ਸੈਂਕੜੇ ਗ਼ਦਰੀਆਂ ਵੱਲੋਂ ਨਾਰਥ ਅਮਰੀਕਾ ਅਤੇ ਹੋਰ ਦੇਸ਼ਾਂ ਤੋਂ ਇੰਡੀਆ ਜਾ ਕੇ ਬਰਤਾਨਵੀ ਸਾਮਰਾਜ ਦੇ ਵਿਰੁੱਧ ਬਗ਼ਾਵਤ ਕਰਨ ਲਈ ਲਹਿਰ ਚੱਲ ਪਈ। ਹਾਪਕਿਨਸਨ ਇਨ੍ਹਾਂ ਗ਼ਦਰੀਆਂ ਦੇ ਨਾਂ ਤੇ ਪਤੇ ਜਾਨਣ ਵਿਚ ਬਹੁਤ ਸਫਲ ਸੀ ਅਤੇ ਅੱਗੋਂ ਉਹ ਬਰਤਾਨਵੀ ਸਰਕਾਰ ਨੂੰ ਗ਼ਦਰੀਆਂ ਬਾਰੇ ਇਤਲਾਹ ਦਿੰਦਾ ਸੀ। ਇਸ ਕਰਕੇ ਹਾਪਕਿਨਸਨ ਦੀ ਮੌਤ ਨਾਲ ਇੰਡੀਆ ਅਤੇ ਕੈਨੇਡਾ ਦੀ ਸਰਕਾਰ ਨੂੰ ਬਹੁਤ ਘਾਟਾ ਪਿਆ। ਕੈਨੇਡਾ ਦੀ ਸਰਕਾਰ ਲਈ ਹਾਪਕਿਨਸਨ ਵਰਗਾ ਹੋਰ ਵਿਸ਼ਵਾਸੀ ਬੰਦਾ ਲੱਭਣਾ ਮੁਸ਼ਕਲ ਸੀ। ਇਹੀ ਭਾਵਨਾਵਾਂ ਬਰਤਾਨਵੀ ਬਸਤੀਆਂ ਦੇ ਸਕੱਤਰ ਨੇ ਕੈਨੇਡਾ ਦੇ ਗਵਰਨਰ ਜਨਰਲ ਨਾਲ ਸਾਂਝੀਆਂ ਕੀਤੀਆਂ। ਉਹ ਮਹਿਸੂਸ ਕਰਦੇ ਸਨ ਕਿ ਹਾਪਕਿਨਸਨ ਦੀ ਮੌਤ ਕਾਰਨ ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨੂੰ ਬਹੁਤ ਹੀ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੋਵੇਗਾ। ਜੋਜ਼ਫ ਪੋਪ ਨੇ ਹਾਪਕਿਨਸਨ ਦੀ ਤਨਖ਼ਾਹ ਅਤੇ ਨਿਯੁਕਤੀ ਬਾਰੇ ਵੇਰਵਾ ਦਿੱਤਾ। ਹਾਪਕਿਨਸਨ ਨੂੰ 1909 ਵਿਚ ਸੌ ਡਾਲਰ ਮਹੀਨੇ ਦੀ ਤਨਖ਼ਾਹ ਨਾਲ ਨਿਯੁਕਤ ਕੀਤਾ ਗਿਆ ਅਤੇ 1912 ਵਿਚ ਮਾਰਚ ਦੇ ਮਹੀਨੇ ਤਨਖ਼ਾਹ ਵਧਾ ਕੇ 1500 ਡਾਲਰ ਸਾਲਾਨਾ ਕਰ ਦਿੱਤੀ ਗਈ ਸੀ। ਇਹ ਤਨਖ਼ਾਹ ਅਕਤੂਬਰ 1913 ਵਿਚ 1800 ਡਾਲਰ ਹੋ ਗਈ। ਉਹ ਇੰਡੀਆ ਦੀ ਸਰਕਾਰ ਤੋਂ ਵੀ ਤਨਖ਼ਾਹ ਤੇ ਭੱਤੇ ਲੈਂਦਾ ਸੀ। ਉਸਦੀ ਪਿੱਛੇ ਇਕ ਪਤਨੀ ਤੇ ਦੋ ਬੱਚੇ ਹਨ, ਜਿਨ੍ਹਾਂ ਦੀ ਕਰਮਵਾਰ ਉਮਰ 6 ਅਤੇ ਦੋ ਸਾਲ ਹੈ।[35]

ਇਸ ਤੱਥ ਵਿਚ ਜ਼ਰਾਂ ਸੱਚਾਈ ਹੈ ਕਿ ਮੇਵਾ ਸਿੰਘ ਨੇ ਹਾਪਕਿਨਸਨ ਨੂੰ ਕਤਲ

33. Secretary of State for the Colonies to the Governor General, London, Oct. 28, 1914, *Borden Papers.*
34. *Ibid.*, London, Nov. 4, 1914, *Borden Papers.*
35. Under Secretary of State for External Affairs to the Secretary of Governor General, Malcolm Reid to W.W. Cory, Nov. 5, 1914, *Borden Papers.*

ਕੀਤਾ ਅਤੇ ਉਸਨੇ ਇਸਦਾ ਇਕਬਾਲ ਵੀ ਕਰ ਲਿਆ ਸੀ। ਇਸ ਲਈ ਮੇਵਾ ਸਿੰਘ ਨੂੰ ਕਤਲ ਦੇ ਕੇਸ ਵਿਚ ਗ੍ਰਿਫ਼ਤਾਰ ਕੀਤਾ ਗਿਆ। 23 ਅਕਤੂਬਰ, 1914 ਨੂੰ ਜਿਊਰੀ ਨੇ ਮੇਵਾ ਸਿੰਘ ਨੂੰ ਕਤਲ ਕਰਨ ਵਾਲਾ ਦੋਸ਼ੀ ਐਲਾਨਿਆ ਤੇ ਹੇਠ ਲਿਖਿਆ ਬਿਆਨ ਦਿੱਤਾ:

> "ਇਹ ਪ੍ਰਤੱਖ ਹੈ ਕਿ ਹਾਪਕਿਨਸਨ ਦੀ ਮੌਤ, ਗੋਲੀ ਲੱਗਣ ਅਤੇ ਜ਼ਿਆਦਾ ਖ਼ੂਨ ਵਹਿ ਜਾਣ ਕਾਰਨ ਹੋਈ ਅਤੇ ਗੋਲੀਆਂ ਕੈਦੀ ਮੇਵਾ ਸਿੰਘ ਵੱਲੋਂ ਚਲਾਈਆਂ ਗਈਆਂ। ਅਸੀਂ ਸੁਝਾਅ ਦਿੰਦੇ ਹਾਂ ਕਿ ਬਹਾਦਰ ਅਫ਼ਸਰ, ਜੋ ਆਪਣੀਆਂ ਸੇਵਾਵਾਂ ਨਿਭਾਉਣ ਸਮੇਂ ਜਾਨਾਂ ਨੂੰ ਖ਼ਤਰੇ ਵਿਚ ਪਾਉਂਦੇ ਹਨ, ਦੀ ਸੁਰੱਖਿਆ ਲਈ ਯੋਗ ਉਪਰਾਲੇ ਕੀਤੇ ਜਾਣ। ਉਪਰੰਤ ਅਸੀਂ ਇਹ ਵੀ ਆਖਦੇ ਹਾਂ ਕਿ ਹਿੰਦੂਆਂ ਅਤੇ ਹੋਰ ਵਿਦੇਸ਼ੀ ਲੋਕਾਂ 'ਤੇ ਵਿਸ਼ੇਸ਼ ਨਿਗ੍ਹਾ ਰੱਖੀ ਜਾਵੇ।"[36]

ਇਸ ਕਤਲ ਕੇਸ ਵਿਚ ਪਹਿਲੀ ਗਵਾਹੀ ਕਚਹਿਰੀ ਦੇ ਸਫ਼ਾਈ ਵਿਭਾਗ ਦੇ ਮੁਖੀ ਜੇਮਜ਼ ਮੈਕਕੈਨ ਦੀ ਸੀ। ਦੂਸਰੀ ਗਵਾਹੀ ਕਚਹਿਰੀ ਦੇ ਕਰਮਚਾਰੀ ਰਿਚਰਡ ਪੋਲੀ ਦੀ ਸੀ ਜੋ 717 ਹੋਮਰ ਸਟਰੀਟ 'ਤੇ ਰਹਿੰਦਾ ਸੀ। ਯਿਊ ਸਟਰੀਟ 'ਤੇ ਰਹਿਣ ਵਾਲਾ ਪਾਲ ਕੈਡਵਿਲ ਦੀ ਵੀ ਗਵਾਹੀ ਸੀ। ਕਾਰਨਰ (ਸ਼ੱਕੀ ਮੌਤ ਦੀ ਪੜਤਾਲ ਕਰਨ ਵਾਲਾ ਅਧਿਕਾਰੀ) ਜੈਫਸ ਨੇ ਕਤਲ ਸਮੇਂ ਹਾਜ਼ਰ ਲੋਕਾਂ ਦੀ ਗਵਾਹੀ ਦੇਣ ਬਾਰੇ ਪੇਸ਼ਕਸ਼ ਕੀਤੀ ਪਰ ਅਦਾਲਤੀ ਪੰਚਾਇਤ (Jury) ਨੇ ਇਨਕਾਰ ਕਰ ਦਿੱਤਾ।[37]

ਇਸ ਕਤਲ ਕੇਸ ਦਾ ਫ਼ੈਸਲਾ ਬਹੁਤ ਜਲਦੀ ਕੀਤਾ ਗਿਆ, ਭਾਵ ਜ਼ਿਆਦਾ ਸਮਾਂ ਨਹੀਂ ਲੱਗਾ। ਹਾਪਕਿਨਸਨ ਦਾ ਕਤਲ 21 ਅਕਤੂਬਰ, 1914 ਨੂੰ ਹੋਇਆ ਸੀ ਤੇ 30 ਅਕਤੂਬਰ, 1914 ਨੂੰ ਮੇਵਾ ਸਿੰਘ ਨੂੰ ਹਾਪਕਿਨਸਨ ਦਾ ਕਤਲ ਕਰਨ 'ਤੇ ਦੋਸ਼ੀ ਠਹਿਰਾਇਆ ਗਿਆ। ਜੱਜ ਮੋਰੀਸਨ ਨੇ ਅੰਤਮ ਫ਼ੈਸਲਾ ਸੁਣਾਇਆ:

> "ਫ਼ੈਸਲਾ ਹੈ ਕਿ ਜਿਥੋਂ ਤੈਨੂੰ ਲਿਆਂਦਾ ਗਿਆ, ਉਸ ਜੇਲ੍ਹ ਵਿਚ ਤੂੰ ਵਾਪਸ ਜਾਏਂਗਾ ਅਤੇ ਉਥੇ ਹੀ ਸੋਮਵਾਰ 11 ਜਨਵਰੀ, 1915 ਨੂੰ ਤੈਨੂੰ ਫਾਂਸੀ ਦਿੱਤੀ ਜਾਵੇਗੀ, ਭਾਵ ਮੌਤ ਦੀ ਸਜ਼ਾ।"[38]

ਸ਼ਾਇਦ ਇਹ ਪਹਿਲਾ ਹੀ ਕਤਲ ਕੇਸ ਹੋਵੇਗਾ ਜਿਸਦਾ ਨਿਪਟਾਰਾ ਬਹੁਤ ਘੱਟ ਸਮੇਂ ਵਿਚ ਕੀਤਾ ਗਿਆ। ਕੇਸ ਦੇ ਅੰਤਮ ਨਿਰਣੇ ਵੇਲੇ ਸਿਰਫ਼ ਇਕ ਘੰਟਾ 45 ਮਿੰਟ ਲੱਗੇ। ਪਹਿਲਾ ਗਵਾਹ ਡਬਲਯੂ. ਏ. ਕੈਂਬਲ ਜੋ 1269 ਬੂਰਾਡ ਸਟਰੀਟ 'ਤੇ ਰਹਿੰਦਾ ਸੀ, ਨੇ ਉਸਨੇ ਅੱਖੀਂ ਡਿੱਠਾ ਬਿਆਨ ਕੀਤਾ।[39] ਅਸਲ ਵਿਚ ਮੇਵਾ ਸਿੰਘ ਇਕ ਬਹਾਦਰ ਸਿੱਖ ਸੀ, ਜੋ ਆਪਣੇ ਹਮਵਤਨੀਆਂ ਪ੍ਰਤੀ ਹੋ ਰਹੇ ਜ਼ੁਲਮ

---

36. *The Vancouver World*, Oct. 23, 1914.
37. *Ibid.*
38. *The Province*, Oct. 30, 1914.
39. *Ibid.*, 1917.

ਨੂੰ ਬਰਦਾਸ਼ਤ ਨਾ ਕਰ ਸਕਿਆ। ਉਸਨੂੰ ਪੂਰਾ ਵਿਸ਼ਵਾਸ ਸੀ ਕਿ ਗੁਰਦੁਆਰਾ ਸਾਹਿਬ ਵਿਚ ਬੇਲਾ ਸਿੰਘ ਵੱਲੋਂ ਕੀਤੇ ਕਤਲ ਹਾਪਕਿਨਸਨ ਦੀ ਸ਼ਹਿ 'ਤੇ ਹੋਏ ਅਤੇ ਬੇਲਾ ਸਿੰਘ ਨੇ ਇਹ ਵੀ ਇਕਬਾਲ ਕੀਤਾ ਕਿ ਇਮੀਗ੍ਰੇਸ਼ਨ ਵਿਭਾਗ ਨੇ ਹੀ ਉਸਨੂੰ ਪਿਸਤੌਲ ਦਿੱਤੇ ਸਨ। ਜਦੋਂ ਜੱਜ ਨੇ ਫ਼ੈਸਲਾ ਸੁਣਾਇਆ ਤਾਂ ਮੇਵਾ ਸਿੰਘ ਨੇ ਗੁਰਬਾਣੀ ਸ਼ਬਦ ਗਾਇਣ ਕਰਨਾ ਸ਼ੁਰੂ ਕਰ ਦਿੱਤਾ। ਉਸਨੇ ਭਾਈ ਭਾਗ ਸਿੰਘ ਦੀ ਬੱਚੀ ਨੂੰ ਦੇਖਣ ਦੀ ਇੱਛਾ ਜ਼ਾਹਰ ਕੀਤੀ ਜੋ ਪੂਰੀ ਨਾ ਹੋਈ। ਉਸਨੇ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਉਸਦੀ ਹਾਪਕਿਨਸਨ ਨਾਲ ਕੋਈ ਨਿੱਜੀ ਦੁਸ਼ਮਣੀ ਨਹੀਂ ਸੀ, ਪਰ ਹਾਪਕਿਨਸਨ ਸਾਰੇ ਭਾਰਤੀ ਲੋਕਾਂ ਦਾ ਦੁਸ਼ਮਣ ਸੀ ਕਿਉਂਕਿ ਉਹ ਭਾਈਚਾਰੇ ਵਿਚ ਫੁੱਟ ਪੈਦਾ ਕਰਕੇ ਧੜੇਬਾਜ਼ੀ ਬਣਾ ਰਿਹਾ ਸੀ। ਇਹੀ ਕਾਰਨ ਹੈ ਕਿ ਉਸਨੇ ਇਸ ਕਤਲ ਨੂੰ ਨੇਕ ਕਰਮ ਦੱਸਿਆ।[40]

ਮੇਵਾ ਸਿੰਘ ਵੱਲੋਂ ਦਿੱਤੇ ਬਿਆਨ ਨੂੰ ਮਿਸਟਰ ਵੁਡਜ਼ ਨੇ ਪੜ੍ਹ ਕੇ ਸੁਣਾਇਆ :

> "ਮੇਰਾ ਨਾਂ ਮੇਵਾ ਸਿੰਘ ਹੈ ਅਤੇ ਅੱਜ ਤਕ ਮੈਂ ਰੱਬੀ ਬੰਦਗੀ ਕਰਨ ਵਾਲਾ ਅਤੇ ਰੱਬ ਤੋਂ ਹਮੇਸ਼ਾ ਡਰਨ ਵਾਲਾ ਆਦਮੀ ਹਾਂ। ਮੇਰੇ ਕੋਲ ਸ਼ਬਦ ਹੀ ਨਹੀਂ ਹਨ, ਜਿਨ੍ਹਾਂ ਰਾਹੀਂ ਮੈਂ ਦੁਖ, ਫ਼ਿਕਰ ਤੇ ਮੁਸ਼ਕਲਾਂ ਨੂੰ ਬਿਆਨ ਕਰ ਸਕਾਂ ਜੋ ਮੈਂ ਵੈਨਕੂਵਰ ਰਹਿਣ ਸਮੇਂ ਹੰਢਾਈਆਂ ਹਨ। ਅਸੀਂ ਸਾਰੇ ਸਿੱਖ ਜਦੋਂ ਵੀ ਗੁਰਦੁਆਰਾ ਸਾਹਿਬ ਜਾਂਦੇ ਸਾਂ ਤਾਂ ਸਾਡਾ ਮੁੱਖ ਮੰਤਵ ਉਥੇ ਜਾ ਕੇ ਰੱਬੀ ਬੰਦਗੀ ਕਰਨੀ ਸੀ, ਪਰ ਕੁਝ ਲੋਕਾਂ ਨੇ ਇਸ ਵਾਤਾਵਰਣ ਨੂੰ ਭੰਗ ਕਰਨ ਲਈ, ਇਸ ਚੰਗੀ ਪ੍ਰੰਪਰਾ ਵਿਚ ਵਿਘਨ ਪਾਉਣ ਲਈ, ਉਥੇ ਜਾ ਕੇ ਗੋਲੀਆਂ ਚਲਾਈਆਂ ਅਤੇ ਵਿਅਕਤੀ ਕਤਲ ਕੀਤੇ। ਗੁਰਦੁਆਰਾ ਸਾਹਿਬ ਵਿਚ 5 ਸਤੰਬਰ, 1914 ਨੂੰ ਬੇਲਾ ਸਿੰਘ ਨੇ ਕਤਲ ਕੀਤੇ, ਪਰ ਪੁਲਿਸ ਨੇ ਮੈਨੂੰ ਗ੍ਰਿਫ਼ਤਾਰ ਕਰ ਲਿਆ ਤੇ ਪੁੱਛਿਆ—ਕੀ ਤੂੰ ਗੋਲੀ ਚਲਾਈ ਹੈ ? ਜਦੋਂ ਉਨ੍ਹਾਂ ਨੇ ਬੇਲਾ ਸਿੰਘ ਨੂੰ ਫੜਿਆ ਤਾਂ ਉਸਨੇ ਕਿਹਾ, ਮੈਂ ਇਹ ਕਤਲ ਕਿਉਂ ਕੀਤਾ, ਇਸ ਬਾਰੇ ਪੂਰੀ ਜਾਣਕਾਰੀ ਮਿਸਟਰ ਰੀਡ ਤੇ ਹਾਪਕਿਨਸਨ ਨੂੰ ਹੈ। ਉਨ੍ਹਾਂ ਨੂੰ ਪਤਾ ਹੈ ਕਿ ਮੈਂ ਇਹ ਕਤਲ ਕਿਉਂ ਕੀਤੇ।"

ਜਦੋਂ ਬੇਲਾ ਸਿੰਘ ਨੇ ਗੋਲੀਆਂ ਚਲਾਈਆਂ, ਅਸੀਂ ਅਰਦਾਸ ਵਿਚ ਜੁੜੇ ਹੋਏ ਸੀ.....ਸਭ ਤੋਂ ਪਹਿਲਾਂ ਬੇਲਾ ਸਿੰਘ ਨੇ ਭਾਗ ਸਿੰਘ ਦੇ ਗੋਲੀਆਂ ਮਾਰੀਆਂ ਅਤੇ ਭਾਗ ਸਿੰਘ ਦੇ ਨਿੱਕੇ ਬੱਚੇ ਸਨ, ਬੇਲਾ ਸਿੰਘ ਨੇ ਬਿਨਾਂ ਸੋਚੇ ਭਾਗ ਸਿੰਘ ਨੂੰ ਮਾਰ ਦਿੱਤਾ ਤੇ ਉਸਦੇ ਬੱਚੇ ਅਨਾਥ ਹੋ ਗਏ। ਭਾਗ ਸਿੰਘ ਦੀ ਪਤਨੀ ਪਹਿਲਾਂ ਹੀ ਮਰ ਚੁੱਕੀ ਸੀ, ਸਿਰਫ਼ ਦੋ ਬੱਚੇ ਸਨ। ਮੈਂ ਅਜਿਹੇ ਦੁਖਾਂਤ ਨੂੰ ਅੱਖੀਂ ਦੇਖਿਆ ਅਤੇ ਬੇ-ਕਸੂਰ ਲੋਕਾਂ ਦੇ ਕਤਲ ਦੇਖ ਕੇ ਮੇਰਾ ਖ਼ੂਨ ਖੌਲਿਆ। ਅਸੀਂ ਸਿਪਾਹੀ ਵੀ ਹਾਂ ਅਤੇ ਬਤੌਰ ਸਿਪਾਹੀ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਕਸਮ ਖਾਂਦੇ ਹਾਂ ਅਤੇ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਰਦੇ ਹਾਂ ਤੇ ਰੇਸ਼ਮੀ ਰੁਮਾਲਾਂ ਵਿਚ ਉਸਨੂੰ ਰੱਖਦੇ ਹਾਂ। ਇਸ ਤਰ੍ਹਾਂ ਦਿਲੀ-

---

40. *The Province*, Oct. 30, 1917.

ਸਤਿਕਾਰ ਕਰਨਾ ਸਾਡੀ ਪ੍ਰੰਪਰਾ ਹੈ। ਇਸ ਕਤਲ ਤੋਂ ਪਹਿਲਾਂ, ਗੁਰਦੁਆਰੇ ਵਿਚ ਦੋ ਸੌ ਤੋਂ ਤਿੰਨ ਸੌ ਤਕ ਸੰਗਤ ਹਾਜ਼ਰੀ ਭਰਦੀ ਸੀ, ਪਰ ਕਤਲ ਪਿੱਛੋਂ ਥੋੜੇ ਕੁ ਲੋਕ ਗੁਰੂ ਘਰ ਜਾਂਦੇ ਹਨ। ਇਸ ਦੁਖਾਂਤਕ ਘਟਨਾ ਦੇ ਪਿੱਛੇ ਮਿਸਟਰ ਰੀਡ ਤੇ ਹਾਪਕਿਨਸਨ ਦਾ ਹੱਥ ਹੈ ਅਤੇ ਮੈਂ ਸਿੱਖ ਧਰਮ ਦੀ ਮਾਣ-ਮਰਯਾਦਾ ਅਤੇ ਸਤਿਕਾਰ ਖ਼ਾਤਰ ਉਪਰੰਤ ਆਪਣੇ ਹਮਵਤਨੀਆਂ ਅਤੇ ਧਰਮ ਲਈ ਹਾਪਕਿਨਸਨ ਦਾ ਕਤਲ ਕੀਤਾ ਹੈ ਕਿਉਂਕਿ ਮੇਰੇ ਲਈ ਹੋਰ ਜ਼ੁਲਮ ਬਰਦਾਸ਼ਤ ਕਰਨਾ ਅਸੰਭਵ ਸੀ।[41]

ਮੇਵਾ ਸਿੰਘ ਨੇ ਆਪਣੇ ਬਿਆਨ ਦੁਆਰਾ ਉਸ ਵੱਲੋਂ ਹਾਪਕਿਨਸਨ ਦੇ ਕਤਲ ਦੇ ਮੁੱਖ ਕਾਰਨਾਂ ਨੂੰ ਪ੍ਰਗਟ ਕੀਤਾ। ਉਸਨੇ ਉਸਦੇ ਕਤਲ ਲਈ ਅਫ਼ਸੋਸ ਵੀ ਪ੍ਰਗਟ ਕੀਤਾ ਪਰ ਬਤੌਰ ਸੱਚੇ ਸਿੱਖ ਉਸਨੇ ਉਸਦੇ ਵੱਲੋਂ ਕਤਲ ਕਰਨ ਨੂੰ ਜਾਇਜ਼ ਆਖਿਆ। ਦੂਜੇ ਪਾਸੇ ਬੇਲਾ ਸਿੰਘ ਦਾ ਕੇਸ ਚੱਲ ਰਿਹਾ ਸੀ। ਉਸਦੇ ਕੇਸ ਦਾ ਫ਼ੈਸਲਾ 18 ਨਵੰਬਰ, 1914 ਨੂੰ ਸੁਣਾਇਆ ਗਿਆ ਅਤੇ ਅਦਾਲਤ ਨੇ ਬੇਲਾ ਸਿੰਘ ਨੂੰ ਭਾਈ ਭਾਗ ਸਿੰਘ ਤੇ ਭਾਈ ਬਦਨ ਸਿੰਘ ਨੂੰ ਕਤਲ ਕਰਨ ਦੇ ਵਿਚ ਬਰੀ ਕਰ ਦਿੱਤਾ ਗਿਆ। ਜੱਜ ਨੇ ਆਪਣਾ ਅੰਤਮ ਫ਼ੈਸਲਾ ਸੁਣਾਉਂਦੇ ਕਿਹਾ ਕਿ ਬੇਲਾ ਸਿੰਘ ਨੇ ਆਪਣੀ ਸਵੈ-ਰੱਖਿਆ ਲਈ ਉਨ੍ਹਾਂ ਹਮਲਾਵਰਾਂ ਨੂੰ ਗੋਲੀਆਂ ਮਾਰੀਆਂ ਅਤੇ ਉਨ੍ਹਾਂ ਦੇ ਕਤਲ ਕਰਨ ਨੂੰ ਜਾਇਜ਼ ਦੱਸਿਆ। ਅਨੇਕਾਂ ਹੀ ਗਵਾਹ ਸਨ, ਜਿਨ੍ਹਾਂ ਨੇ ਦੱਸਿਆ ਕਿ ਬੇਲਾ ਸਿੰਘ ਨੇ ਭਾਈ ਭਾਗ ਸਿੰਘ ਤੇ ਭਾਈ ਬਦਨ ਸਿੰਘ ਤੇ ਹੋਰਾਂ ਨੂੰ ਗੋਲੀਆਂ ਮਾਰੀਆਂ ਤੇ ਦੋ ਕਤਲ ਕਰ ਦਿੱਤੇ ਤੇ ਬਾਕੀ ਫੱਟੜ ਹੋਏ। ਜ਼ਿਆਦਾਤਰ ਗਵਾਹ ਵੀ ਉਹੀ ਸਨ ਜੋ ਉਸ ਵੱਲੋਂ ਗੋਲੀਆਂ ਚਲਾਉਣ ਕਾਰਨ ਫੱਟੜ ਹੋਏ ਪਰ ਜੱਜ ਨੇ ਸਿਰਫ਼ ਬੇਲਾ ਸਿੰਘ ਦੇ ਬਿਆਨਾਂ ਨੂੰ ਹੀ ਸੱਚ ਮੰਨ ਕੇ ਉਸਨੂੰ ਸਾਫ਼ ਬਰੀ ਕਰ ਦਿੱਤਾ। ਜੱਜ ਮੌਰੀਸਨ ਨੇ ਫ਼ੈਸਲਾ ਸੁਣਾਉਂਦੇ ਨੇ ਸੰਖੇਪ 'ਚ ਕਿਹਾ ਕਿ ਬੇਲਾ ਸਿੰਘ ਨੂੰ ਸਵੈ-ਰੱਖਿਆ ਲਈ ਗੋਲੀ ਚਲਾਉਣ ਦਾ ਹੱਕ ਸੀ। ਉਪਰੰਤ ਉਸਨੇ ਕਿਹਾ ਕਿ ਬੇਲਾ ਸਿੰਘ ਕਾਨੂੰਨ ਦੀ ਰੱਖਿਆ ਕਰਨ ਵਾਲਾ ਸੀ, ਜਦ ਕਿ ਦੂਸਰੇ ਭਾਗ ਸਿੰਘ ਤੇ ਹੋਰ ਬਗ਼ਾਵਤ ਕਰਨ ਦਾ ਪ੍ਰਚਾਰ ਕਰਦੇ ਸਨ ਤੇ ਗ਼ਦਰ ਦੀ ਲਹਿਰ ਨੂੰ ਭੜਕਾਉਣ ਲਈ ਬਾਹਰੋਂ ਸਾਹਿਤ ਤੇ ਪੇਪਰ ਵੀ ਮੰਗਾਉਂਦੇ ਸਨ। ਬੇਲਾ ਸਿੰਘ ਨੇ ਗ਼ਦਰੀ ਲੋਕਾਂ ਦੀਆਂ ਹਰਕਤਾਂ ਨੂੰ ਰੋਕਣ ਦਾ ਜਤਨ ਕੀਤਾ ਪਰ ਉਨ੍ਹਾਂ ਨੇ ਅਰਜਨ ਸਿੰਘ ਤੇ ਹਰਨਾਮ ਸਿੰਘ ਦਾ ਕਤਲ ਕਰ ਦਿੱਤਾ। ਉਨ੍ਹਾਂ ਨੇ ਬੇਲਾ ਸਿੰਘ ਨੂੰ ਅਤੇ ਹਾਪਕਿਨਸਨ ਨੂੰ ਕਤਲ ਕਰਨ ਦੀ ਧਮਕੀ ਦਿੱਤੀ ਸੀ।[42]

ਜੱਜ ਮੌਰੀਸਨ ਨੇ ਬੇਲਾ ਸਿੰਘ ਵਿਰੁੱਧ ਸਭ ਦੋਸ਼ ਝੂਠੇ ਕਰਾਰ ਕਰ ਦਿੱਤੇ ਅਤੇ ਸਿੱਖ ਭਾਈਚਾਰੇ ਨੂੰ ਬੇਲਾ ਸਿੰਘ ਦਾ ਸਾਫ਼ ਬਰੀ ਹੋਣ 'ਤੇ ਬਹੁਤ ਦੁਖ ਹੋਇਆ। ਦੂਜੇ ਪਾਸੇ ਮੇਵਾ ਸਿੰਘ ਵੱਲੋਂ ਦਿੱਤੇ ਬਿਆਨਾਂ ਦਾ ਗੋਰੇ ਲੋਕਾਂ 'ਤੇ ਬਹੁਤ ਅਸਰ ਹੋਇਆ। ਕੁਝ ਹੱਦ ਤਕ ਗੋਰੇ ਲੋਕਾਂ ਦੇ ਵਤੀਰੇ ਵਿਚ ਤਬਦੀਲੀ ਆਈ, ਭਾਵ ਪਹਿਲਾਂ ਨਾਲੋਂ ਨਸਲੀ ਵਿਤਕਰਾ ਘੱਟ ਕਰਨ ਲੱਗੇ। ਮੇਵਾ ਸਿੰਘ ਨੂੰ ਮੌਤ ਦੀ ਸਜ਼ਾ 30 ਅਕਤੂਬਰ,

41. *The Vancouver Sun*, Oct. 31, 1914.
42. *Ibid.*, Nov. 18, 1914.

1914 ਨੂੰ ਸੁਣਾਈ ਗਈ। ਭਾਈ ਮਿੱਤ ਸਿੰਘ ਪੰਡੋਰੀ ਉਸਨੂੰ ਜੇਲ੍ਹ ਵਿਚ ਮਿਲਣ ਗਏ ਅਤੇ ਭਾਈ ਮੇਵਾ ਸਿੰਘ ਪੂਰੀ ਚੜ੍ਹਦੀ ਕਲਾ ਵਿਚ ਸਨ। ਉਸਨੂੰ ਮੌਤ ਦਾ ਕੋਈ ਡਰ ਭੈ ਨਹੀਂ ਸੀ ਸਗੋਂ ਉਸਨੂੰ ਖ਼ੁਸ਼ੀ ਸੀ ਕਿ ਉਹ ਆਪਣੇ ਭਾਈਚਾਰੇ ਤੇ ਦੇਸ਼ ਲਈ ਕੁਝ ਕਰ ਸਕਣ ਦੇ ਯੋਗ ਹੋਇਆ। ਉਸਦਾ ਹੇਠ ਲਿਖਿਆ ਬਿਆਨ ਬਹੁਤ ਅਹਿਮੀਅਤ ਰੱਖਦਾ ਹੈ :

> "ਮੈਨੂੰ ਬਤੌਰ ਸੱਚੇ ਸਿੱਖ ਆਪਣੇ ਦੇਸ਼-ਵਾਸੀਆਂ ਅਤੇ ਕੈਨੇਡਾ ਲਈ ਬੇ-ਇਨਸਾਫ਼ੀ ਤੇ ਅਯੋਗ ਗੱਲਾਂ ਨੂੰ ਬਰਦਾਸ਼ਤ ਕਰਨਾ ਅਸੰਭਵ ਸੀ। ਇਹੀ ਕਾਰਨ ਹੈ ਕਿ ਮੈਂ ਹਾਪਕਿਨਸਨ ਦੀ ਜਾਨ ਲਈ ਤੇ ਆਪਣੀ ਕੁਰਬਾਨੀ ਦੇ ਰਿਹਾ ਹਾਂ। ਮੈਂ ਇਕ ਸੱਚੇ ਸਿੱਖ ਦਾ ਕਰਮ ਕਰ ਰਿਹਾ ਹਾਂ ਅਤੇ ਰੱਬੀ ਬੰਦਗੀ ਵਿਚ ਚਿੱਤ ਲਾ ਰਿਹਾ ਹਾਂ। ਮੈਨੂੰ ਇੰਜ ਮਹਿਸੂਸ ਹੋ ਰਿਹਾ ਹੈ ਕਿ ਮੈਂ ਰੱਬ ਦੀ ਦਰਗਾਹ ਵਿਚ ਇਸ ਤਰ੍ਹਾਂ ਜਾਵਾਂਗਾ, ਜਿਵੇਂ ਇਕ ਭੁੱਖਾ ਬੱਚਾ ਆਪਦੀ ਮਾਂ ਵੱਲ ਦੌੜ ਕੇ ਜਾਂਦਾ ਹੈ। ਮੈਨੂੰ ਪੂਰਨ ਭਰੋਸਾ ਹੈ ਕਿ ਪਰਮਾਤਮਾ ਮੈਨੂੰ ਆਪਣੇ ਚਰਨਾਂ ਵਿਚ ਥਾਂ ਦੇਵੇਗਾ, ਭਾਵ ਮੈਨੂੰ ਆਪਣੀਆਂ ਬਾਹਵਾਂ ਵਿਚ ਲੈ ਲਵੇਗਾ।"[43]

ਮੇਵਾ ਸਿੰਘ ਨੂੰ 11 ਜਨਵਰੀ, 1915 ਸਵੇਰ ਦੇ 7-45 ਵਜੇ ਫਾਂਸੀ ਦਿੱਤੀ ਗਈ ਅਤੇ ਸਮੂਹ ਭਾਈਚਾਰੇ ਨੇ ਅੰਤਮ ਸਸਕਾਰ ਕਰਨ ਲਈ ਤਿਆਰੀ ਕੀਤੀ। ਦੂਜੇ ਪਾਸੇ ਬੇਲਾ ਸਿੰਘ ਤੇ ਗੰਗਾ ਰਾਮ ਨੇ ਸਮੂਹ ਸਿੱਖ ਭਾਈਚਾਰੇ ਨੂੰ ਸਸਕਾਰ ਧੂਮ-ਧਾਮ ਨਾਲ ਕਰਨ ਦੇ ਵਿਰੁੱਧ ਧਮਕੀਆਂ ਦਿੱਤੀਆਂ ਪਰ ਤਕਰੀਬਨ ਸਾਰੇ ਭਾਈਚਾਰੇ ਦੇ ਲੋਕ ਸਸਕਾਰ ਸਮੇਂ ਹਾਜ਼ਰ ਹੋਏ। ਸਾਰਿਆਂ ਨੇ ਮੇਵਾ ਸਿੰਘ ਨੂੰ ਇਕ ਸੱਚਾ ਸ਼ਹੀਦ ਪਰਵਾਨ ਕੀਤਾ ਅਤੇ ਇਕ ਵਿਸ਼ੇਸ਼ ਪੋਸਟਰ ਕੱਢਿਆ ਗਿਆ, ਜਿਸ ਉੱਤੇ ਮੇਵਾ ਸਿੰਘ ਦੀ ਫ਼ੋਟੋ ਸੀ ਅਤੇ ਥੱਲੇ ਲਿਖਿਆ ਹੋਇਆ ਸੀ, ਕੌਮੀ ਸ਼ਹੀਦ।[44]

ਬੇਲਾ ਸਿੰਘ ਭਾਈਚਾਰੇ ਲਈ ਨਿਰੰਤਰ ਮੁਸ਼ਕਲਾਂ ਪੈਦਾ ਕਰਦਾ ਸੀ। 16 ਅਪ੍ਰੈਲ, 1915 ਨੂੰ ਬੇਲਾ ਸਿੰਘ ਤੇ ਉਸਦੇ ਸਾਥੀਆਂ ਨੇ ਲਛਮਣ ਸਿੰਘ 'ਤੇ ਹਮਲਾ ਕੀਤਾ ਅਤੇ 12 ਜੂਨ, 1915 ਨੂੰ ਬੇਲਾ ਸਿੰਘ ਤੇ ਨੈਣਾ ਸਿੰਘ ਦੋਸ਼ੀ ਠਹਿਰਾਏ ਗਏ ਤੇ ਦੋਨਾਂ ਨੂੰ ਛੇ ਮਹੀਨੇ ਦੀ ਸਜ਼ਾ ਹੋ ਗਈ। ਇਸ ਪਿੱਛੋਂ ਬੇਲਾ ਸਿੰਘ ਦੇ ਸਾਥੀ ਪਰਤਾਪ ਸਿੰਘ ਨੇ ਐਬਸਫੋਰਡ ਵਿਖੇ ਮਿੱਤ ਸਿੰਘ ਨੂੰ ਜਾਨੋਂ ਮਾਰਨ ਦਾ ਜਤਨ ਕੀਤਾ ਪਰ ਉਸਦੇ ਦੋਨੋਂ ਕੀਤੇ ਫ਼ਾਇਰ ਖ਼ਾਲੀ ਗਏ ਅਤੇ ਮਿੱਤ ਸਿੰਘ ਨੇ ਪਰਤਾਪ ਸਿੰਘ ਨੂੰ ਫੜ ਲਿਆ ਅਤੇ ਕੁੱਟਿਆ। ਪਰਤਾਪ ਸਿੰਘ ਨੂੰ ਮਿੱਤ ਸਿੰਘ ਦੀ ਜਾਨ ਲੈਣ ਦੇ ਜਤਨ

---

43. Ganda Singh, *Amrika wich Hindustani,* Vancouver, Dr. Kesar Singh, 1976, p. 144.
44. *Ibid.*
    Also see,
    Mckelvie, B.A., *Magic, Murder and Mystery,* p. 53.

ਤੇ ਗੋਲੀਆਂ ਮਾਰਨ ਦੇ ਦੋਸ਼ ਵਿਚ ਦੋਸ਼ੀ ਮੰਨ ਕੇ ਅਦਾਲਤ ਨੇ 3 ਦਸੰਬਰ, 1915 ਨੂੰ ਉਸ ਨੂੰ 4 ਸਾਲ ਦੀ ਸਜ਼ਾ ਸੁਣਾ ਦਿੱਤੀ।[45]

ਅਸਾਨੂੰ ਤੱਤ ਕੱਢਣਾ ਪਵੇਗਾ ਕਿ ਬੇਲਾ ਸਿੰਘ ਤੇ ਉਸਦੇ ਸਾਥੀ ਭਾਈਚਾਰੇ ਦੇ ਮੁਖੀ ਜਾਂ ਨੇਤਾ ਲੋਕਾਂ ਦੇ ਕਿਉਂ ਮਗਰ ਪਏ ਹੋਏ ਸਨ। ਭਾਈ ਭਾਗ ਸਿੰਘ ਤੇ ਭਾਈ ਬਦਨ ਸਿੰਘ ਹੋਰਾਂ ਦਾ ਸੰਗਤ ਦੀ ਹਾਜ਼ਰੀ ਵਿਚ ਕਤਲ ਹੋ ਚੁੱਕਾ ਸੀ। ਬਹੁਤ ਲੋਕਾਂ ਨੇ ਬੇਲਾ ਸਿੰਘ ਨੂੰ ਗੁਰਦੁਆਰਾ ਸਾਹਿਬ ਅੰਦਰ ਜਾਂਦਿਆਂ ਵੇਖਿਆ ਅਤੇ ਉਸਦੇ ਪਾਸ ਗੰਨਾਂ ਵੀ ਦੇਖੀਆਂ। ਉਸਨੂੰ ਦੋਸ਼ੀ ਠਹਿਰਾਉਣ ਲਈ ਬਹੁਤ ਗਵਾਹ ਸਨ ਪਰ ਅਦਾਲਤ ਨੇ ਉਸਨੂੰ ਸਾਫ਼ ਬਰੀ ਕਰ ਦਿੱਤਾ। ਅਦਾਲਤ ਦੇ ਫ਼ੈਸਲੇ ਤੋਂ ਪਹਿਲਾਂ ਜਾਂਚ-ਪੜਤਾਲ ਕਰਨ ਵਾਲਿਆਂ ਨੇ ਵੀ ਉਸਨੂੰ ਦੋਸ਼ੀ ਮੰਨਿਆ ਸੀ ਉਪਰੰਤ ਉਸਨੇ ਖ਼ੁਦ ਕਿਹਾ ਸੀ ਕਿ ਇਸ ਕਤਲ ਬਾਰੇ ਰੀਡ ਅਤੇ ਹਾਪਕਿਨਸਨ ਨੂੰ ਵੀ ਪਤਾ ਸੀ।[46]

ਆਖ਼ਰ 'ਚ ਇਹੀ ਨਿਰਣਾ ਕਰ ਸਕਦੇ ਹਾਂ ਕਿ ਬੇਲਾ ਸਿੰਘ ਤੇ ਉਸਦੇ ਸਾਥੀਆਂ ਨੂੰ ਇਮੀਗ੍ਰੇਸ਼ਨ ਵਿਭਾਗ ਦੇ ਅਫ਼ਸਰਾਂ ਦੀ ਚੁੱਕ ਸੀ। ਦੂਸਰਾ, ਅਦਾਲਤ ਨੇ ਉਸਨੂੰ ਸਾਫ਼ ਬਰੀ ਕੀਤਾ ਜਦੋਂ ਕਿ ਸਬੂਤ ਤੇ ਗਵਾਹ ਉਸਨੂੰ ਕਾਤਲ ਸਾਬਤ ਕਰਦੇ ਸਨ। ਇਸ ਤੋਂ ਜਾਪਦਾ ਹੈ ਕਿ ਇਮੀਗ੍ਰੇਸ਼ਨ ਵਿਭਾਗ ਤੇ ਸਰਕਾਰ ਦਾ ਇਨ੍ਹਾਂ ਕਤਲਾਂ ਪਿੱਛੇ ਹੱਥ ਸੀ। ਮੇਅਰ ਟੀ. ਡਲਬਯੂ. ਜੀ. ਬਰਾਇਨ ਜੋ ਗੁਪਤ ਏਜੰਸੀ ਦਾ ਅਫ਼ਸਰ ਸੀ ਵੱਲੋਂ ਜਨਰਲ ਸਟਾਫ਼ ਦੇ ਮੁਖੀ ਨੂੰ ਲਿਖੇ ਗੁਪਤ ਪੱਤਰ ਤੋਂ ਸਰਕਾਰ ਦੀਆਂ ਭਾਰਤੀ ਲੋਕਾਂ ਪ੍ਰਤੀ ਭਾਵਨਾਵਾਂ ਉਜਾਗਰ ਹੁੰਦੀਆਂ ਹਨ। ਹੇਠ ਉਸ ਪੱਤਰ ਦੇ ਕੁਝ ਅੰਸ਼ ਪੇਸ਼ ਕਰਦੇ ਹਾਂ :

> "ਮੈਨੂੰ ਰੀਡ ਨੇ ਦੱਸਿਆ ਸੀ ਕਿ ਸੱਤ ਕੁ ਗ਼ਦਰੀਆਂ ਨੂੰ ਕਾਬੂ ਕੀਤਾ ਜਾ ਸਕਦਾ ਹੈ, ਉਸ ਪਿੱਛੋਂ ਬ੍ਰਿਟਿਸ਼ ਕੋਲੰਬੀਆ ਵਿਚ ਸ਼ਾਂਤੀ ਹੋ ਜਾਵੇਗੀ। ਮੈਨੂੰ ਪਤਾ ਹੈ ਕਿ ਕੈਨੇਡਾ ਦੇ ਡਾਕ ਵਿਭਾਗ ਦੁਆਰਾ ਗ਼ਦਰ ਪੇਪਰ 'ਤੇ ਰੋਕ ਲਗਾ ਦਿੱਤੀ ਗਈ ਹੈ। ਮੇਅਰ ਬਿੰਗ ਹਾਲ, ਜੋ ਵਿਕਟੋਰੀਆ ਫੁਸਲੀਅਰਜ਼ 88 ਦਾ ਅਫ਼ਸਰ ਰਹਿ ਚੁੱਕਾ ਹੈ, ਅਨੁਸਾਰ ਬੀ.ਸੀ. ਵਿਚ 30 ਫ਼ੀਸਦੀ ਗ਼ਦਰੀ ਹਨ, 10 ਫ਼ੀਸਦੀ ਸਰਕਾਰ ਦੇ ਨਾਲ ਹਨ ਤੇ 60 ਫ਼ੀਸਦੀ ਕਿਸੇ ਪਾਸੇ ਦਖ਼ਲ ਨਹੀਂ ਦਿੰਦੇ।"[47]

ਇਹੀ ਨਿਚੋੜ ਕੱਢ ਸਕਦੇ ਹਾਂ ਕਿ ਕੈਨੇਡਾ ਦੀ ਸਰਕਾਰ ਲਈ ਗ਼ਦਰੀ ਲੋਕਾਂ ਦਾ ਬੀ.ਸੀ. ਵਿਚ ਰਹਿਣਾ ਬਰਦਾਸ਼ਤ ਨਹੀਂ ਸੀ। ਇਸ ਕਰਕੇ ਸਾਰੇ ਸਰਕਾਰੀ ਸੂਹੀਏ ਜਾਂ ਗ਼ਦਾਰ ਲੋਕ ਗ਼ਦਰੀ ਲੋਕਾਂ ਦੀਆਂ ਗਤੀਵਿਧੀਆਂ 'ਤੇ ਪੂਰੀ ਨਜ਼ਰਸਾਨੀ ਕਰਦੇ ਸਨ, ਵਿਸ਼ੇਸ਼ ਕਰਕੇ ਜਦੋਂ ਉਹ ਇੰਡੀਆ ਨੂੰ ਜਾਂਦੇ ਸਨ ਜਾਂ ਉਥੋਂ ਜਾ ਕੇ ਵਾਪਸ

45. Ganda Singh, *Amrika wich Hindustani*, Vancouver, Dr. Kesar Singh, 1976, pp. 145-146.
46. Mckelvie, B.A., *Magic, Murder and Mystery*, p. 49.
47. From Major T.W.G. Bryan to the Chief of the General Staff, Disrict intelligence office, Victoria, BC., 31, August 1914, *Borden Papers*.

ਮੁੜਦੇ ਸਨ। ਖ਼ਾਸ ਕਰਕੇ ਵੈਨਕੂਵਰ, ਵਿਕਟੋਰੀਆ ਤੇ ਸਾਨਫਰਾਂਸਿਸਕੋ ਦੀਆਂ ਬੰਦਰਗਾਹਾਂ 'ਤੇ ਨਿਗਰਾਨੀ ਰੱਖੀ ਜਾਂਦੀ। ਪਿੱਛੋਂ ਪੂਰੀ ਜਾਣਕਾਰੀ ਲੈ ਕੇ ਇੰਡੀਆ ਵਿਚ ਸਰਕਾਰ ਨੂੰ ਭੇਜ ਦਿੱਤੀ ਜਾਂਦੀ ਤਾਂ ਜੋ ਸ਼ੱਕੀ ਲੋਕਾਂ ਨੂੰ ਇੰਡੀਆ ਪਹੁੰਚਣ 'ਤੇ ਗ੍ਰਿਫ਼ਤਾਰ ਕੀਤਾ ਜਾਵੇ।

ਦੂਸਰਾ, ਕੈਨੇਡਾ ਦੀ ਸਰਕਾਰ ਭਾਰਤੀ ਲੋਕਾਂ ਨੂੰ ਕੈਨੇਡਾ ਆ ਕੇ ਰਹਿਣ ਦੇ ਹੱਕ ਵਿਚ ਨਹੀਂ ਸੀ। ਇਸ ਮੰਤਵ ਦੀ ਪੂਰਤੀ ਲਈ ਹਾਪਕਿਨਸਨ ਨੂੰ ਯੋਗ ਵਿਅਕਤੀ ਸਮਝਿਆ ਗਿਆ ਸੀ ਕਿਉਂਕਿ ਉਹ ਅਮਰੀਕਾ ਤੇ ਕੈਨੇਡਾ ਦੇ ਗ਼ਦਰੀ ਲੋਕਾਂ ਦੀਆਂ ਗਤੀਵਿਧੀਆਂ ਨੂੰ ਨੋਟ ਕਰਦਾ ਸੀ। ਹਾਪਕਿਨਸਨ ਦਾ ਕਤਲ ਹੋਣ ਨਾਲ ਕੈਨੇਡਾ ਤੇ ਬ੍ਰਿਟਿਸ਼ ਸਰਕਾਰ ਨੂੰ ਬਹੁਤ ਵੱਡਾ ਘਾਟਾ ਮਹਿਸੂਸ ਹੋਇਆ ਸੀ ਅਤੇ ਸਾਰੀ ਗੁਪਤ ਏਜੰਸੀ ਡਾਵਾਂ-ਡੋਲ ਹੋ ਗਈ ਸੀ।

ਬਜ ਬਜ ਦਾ ਦੁਖਾਂਤ ਅਤੇ ਸਰਕਾਰੀ ਜਾਂਚ-ਪੜਤਾਲ

ਜਦੋਂ ਕਾਮਾਗਾਟਾਮਾਰੂ ਵੈਨਕੂਵਰ ਤੋਂ ਚਲਾ ਗਿਆ ਤਾਂ ਪ੍ਰਧਾਨ ਮੰਤਰੀ ਬੋਰਡਨ ਨੇ ਖੇਤੀਬਾੜੀ ਮੰਤਰੀ ਮਾਰਟਨ ਬੁਰਿਲ ਨੂੰ ਕਾਮਾਗਾਟਾਮਾਰੂ ਦੀ ਸਮੱਸਿਆ ਨੂੰ ਵਧੀਆ ਢੰਗ ਨਾਲ ਹੱਲ ਕਰਨ 'ਤੇ ਵਧਾਈ ਦਿੱਤੀ। ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਗਵਰਨਰ ਜਨਰਲ ਵੀ ਇਸ ਵੱਡੀ ਪ੍ਰਾਪਤੀ ਤੇ ਕਾਰਜ ਦੀ ਸਫਲਤਾ 'ਤੇ ਬਹੁਤ ਖ਼ੁਸ਼ ਹੈ।[48] ਜਹਾਜ਼ 23 ਜੁਲਾਈ, 1914 ਨੂੰ ਸਵੇਰ ਦੇ 5-30 ਵਜੇ ਵੈਨਕੂਵਰ ਤੋਂ ਰਵਾਨਾ ਹੋਇਆ ਅਤੇ ਸਮੁੰਦਰ ਵਿਚ ਕੁਝ ਮੀਲਾਂ ਤਕ ਨੇਵੀ ਦਾ ਜੰਗੀ ਜਹਾਜ਼ ਰੇਨਬੋ ਵੀ ਨਾਲ ਰਿਹਾ।

ਉਸੇ ਦਿਨ ਕੈਨੇਡਾ ਦੇ ਗਵਰਨਰ ਜਨਰਲ ਨੂੰ ਹਾਂਗਕਾਂਗ ਦੇ ਗਵਰਨਰ ਵੱਲੋਂ ਇਕ ਤਾਰ ਮਿਲੀ, ਜਿਸ ਵਿਚ ਉਸਨੇ ਸੁਝਾਅ ਦਿੱਤਾ ਹੋਇਆ ਸੀ ਕਿ ਕਾਮਾਗਾਟਾਮਾਰੂ ਦੇ ਸਾਰੇ ਮੁਸਾਫ਼ਰਾਂ ਨੂੰ ਹਾਂਗਕਾਂਗ ਦੀ ਥਾਂ ਸਿੱਧਾ ਇੰਡੀਆ ਭੇਜਿਆ ਜਾਏ। ਉਸ ਅਨੁਸਾਰ ਸਾਰੇ ਮੁਸਾਫ਼ਰਾਂ ਨੂੰ ਹਾਂਗਕਾਂਗ ਵਿਚ ਰੁਜ਼ਗਾਰ ਮਿਲਣੇ ਅਸੰਭਵ ਸਨ। ਇਸ ਤੋਂ ਬਿਨਾਂ ਉਸਨੇ ਜਹਾਜ਼ ਦੇ ਪਟੇਦਾਰ ਅਤੇ ਏਜੰਟ ਉਪਰ ਕੇਸ ਕਰਨ ਦੀ ਧਮਕੀ ਦਿੱਤੀ, ਜੇ ਉਨ੍ਹਾਂ ਨੇ ਕਿਸੇ ਪ੍ਰਕਾਰ ਦੇ ਇਵਜ਼ਾਨਾ ਪ੍ਰਾਪਤੀ ਦੀ ਖ਼ਾਹਿਸ਼ ਜ਼ਾਹਿਰ ਕੀਤੀ।[49]

ਇਸ ਤੋਂ ਪਤਾ ਲੱਗਦਾ ਹੈ ਕਿ ਬ੍ਰਿਟਿਸ਼ ਸਰਕਾਰ ਨੇ ਹੀ ਹਾਂਗਕਾਂਗ ਦੇ ਗਵਰਨਰ ਨੂੰ ਕੈਨੇਡਾ ਦੇ ਗਵਰਨਰ ਜਨਰਲ ਨੂੰ ਤਾਰ ਭੇਜਣ ਲਈ ਆਖਿਆ ਹੋਵੇ। ਕੈਨੇਡਾ ਦੀ ਸਰਕਾਰ ਵੀ ਇਸ ਗੱਲ ਦੀ ਤਹਿ ਵਿਚ ਜਾਣਾ ਚਾਹੁੰਦੀ ਸੀ ਕਿ ਕਾਮਾਗਾਟਾਮਾਰੂ ਜਹਾਜ਼ ਦਾ ਪ੍ਰਬੰਧ ਕਰਨ ਪਿੱਛੇ ਕਿਸ ਦਾ ਹੱਥ ਸੀ, ਭਾਵੇਂ ਸਰਕਾਰ ਨੂੰ ਸ਼ੱਕ ਸੀ ਕਿ

48. Governor General to Hartcourt, August 3, 1914, *Borden Papers*.
49. Governor of Hong Kong to Governor General of Canada, July 23, 1914, *Borden Papers*.

ਜਹਾਜ਼ ਦੇ ਪ੍ਰਬੰਧ ਅਤੇ ਕਿਰਾਏ ਆਦਿ ਲਈ ਸਹਿਯੋਗ ਜਰਮਨ ਸਰਕਾਰ ਵੱਲੋਂ ਮਿਲਿਆ ਪਰ ਅਸਲੀਅਤ ਨਹੀਂ ਸੀ ਕਿਉਂਕਿ ਇਸ ਤੱਥ ਨੂੰ ਸਾਬਤ ਕਰਨ ਲਈ ਠੋਸ ਸਬੂਤ ਨਹੀਂ ਸਨ। ਜਰਮਨ 'ਤੇ ਦੋਸ਼ ਮੜ੍ਹਨ ਦੇ ਹੋਰ ਕਾਰਨ ਵੀ ਹੋ ਸਕਦੇ ਸਨ ਪਰ ਇਕ ਕਾਰਨ ਤਾਂ ਕਾਮਾਗਾਟਾਮਾਰੂ ਤੇ ਇਸਦੇ ਮੁਸਾਫ਼ਰਾਂ ਨੂੰ ਡੀਪੋਰਟ ਕਰਨ ਲਈ ਲੋਕਾਂ ਦਾ ਸਹਿਯੋਗ ਪ੍ਰਾਪਤ ਕਰਨਾ ਸੀ। ਉਪਰੋਕਤ ਤੱਥਾਂ ਤੋਂ ਉਪਰੰਤ ਕੈਨੇਡਾ ਸਰਕਾਰ ਦਾ ਵਿਸ਼ਵਾਸ ਸੀ ਕਿ ਨਾਰਥ ਅਮਰੀਕਾ ਦੇ ਗ਼ਦਰੀ ਲੋਕਾਂ ਨੇ ਹੀ ਇਸ ਜਹਾਜ਼ ਨੂੰ ਕਿਰਾਏ 'ਤੇ ਲੈਣ ਤੇ ਮੁਸਾਫ਼ਰਾਂ ਦਾ ਪ੍ਰਬੰਧ ਕਰਨ ਵਿਚ ਸਹਾਇਤਾ ਦਿੱਤੀ ਅਤੇ ਉਨ੍ਹਾਂ ਦਾ ਖ਼ਿਆਲ ਸੀ ਜੇ ਮੁਸਾਫ਼ਰਾਂ ਨੂੰ ਉਤਰਨ ਨਾ ਦਿੱਤਾ ਤਾਂ ਬਰਤਾਨਵੀ ਸਰਕਾਰ ਦੇ ਵਿਰੁੱਧ ਗ਼ਦਰ ਜਾਂ ਬਗ਼ਾਵਤ ਲਈ ਉਤਸ਼ਾਹ ਵਧੇਗਾ।[50]

ਗ਼ਦਰ ਪਾਰਟੀ ਨੇ 'ਗ਼ਦਰ' ਇਕ ਵਿਸ਼ੇਸ਼ ਅੰਕ ਕੱਢਿਆ, ਜਿਸ ਵਿਚ ਕੈਨੇਡਾ ਸਰਕਾਰ ਵੱਲੋਂ ਕਾਮਾਗਾਟਾਮਾਰੂ ਦੇ ਪਟੇਦਾਰਾਂ ਤੇ ਮੁਸਾਫ਼ਰਾਂ ਨਾਲ ਕੀਤੀਆਂ ਵਧੀਕੀਆਂ ਅਥਵਾ ਨਸਲੀ ਵਿਤਕਰੇ ਨੂੰ ਪੂਰੇ ਵਿਸਥਾਰ ਸਹਿਤ ਲਿਖਿਆ। ਪਾਰਟੀ ਨੇ ਮਾਇਕ ਤੌਰ 'ਤੇ ਵੈਨਕੂਵਰ ਦੀ ਸ਼ੋਰ ਕਮੇਟੀ ਨੂੰ ਸਹਿਯੋਗ ਵੀ ਦਿੱਤਾ। ਸ਼ੋਰ ਕਮੇਟੀ ਰਾਹੀਂ 'ਗ਼ਦਰ' ਰਸਾਲੇ ਦੀਆਂ ਕੁਝ ਕਾਪੀਆਂ ਮੁਸਾਫ਼ਰਾਂ ਨੂੰ ਪਹੁੰਚਾਈਆਂ ਗਈਆਂ। ਜਦੋਂ ਗ਼ਦਰ ਪਾਰਟੀ ਨੂੰ ਪਤਾ ਲੱਗਾ ਕਿ ਕਾਮਾਗਾਟਾਮਾਰੂ ਵਾਪਸ ਪਰਤ ਰਿਹਾ ਹੈ ਤਾਂ ਉਨ੍ਹਾਂ ਨੇ ਇਕ ਐਮਰਜੈਂਸੀ ਇਕੱਤਰਤਾ ਬੁਲਾਈ, ਜਿਸ ਵਿਚ ਫ਼ੈਸਲਾ ਕੀਤਾ ਗਿਆ ਕਿ ਕੋਈ ਸੱਜਣ ਮੁਸਾਫ਼ਰਾਂ ਨੂੰ ਮਿਲੇ ਅਤੇ ਉਨ੍ਹਾਂ ਨੂੰ ਗ਼ਦਰ ਪਾਰਟੀ ਦੇ ਨਿਸ਼ਾਨੇ ਤੇ ਨੀਤੀਆਂ ਬਾਰੇ ਦੱਸਿਆ ਜਾਵੇ।

ਇਕੱਤਰਤਾ ਵਿਚ ਇਹ ਵੀ ਫ਼ੈਸਲਾ ਲਿਆ ਗਿਆ ਕਿ ਮੁਸਾਫ਼ਰਾਂ ਨੂੰ 200 ਪਿਸਤੌਲ ਤੇ ਕਾਰਤੂਸ ਪੁੱਜਦੇ ਕੀਤੇ ਜਾਣ। ਸੋਹਣ ਸਿੰਘ ਭਕਨਾ (ਗ਼ਦਰ ਪਾਰਟੀ ਦੇ ਪ੍ਰਧਾਨ) ਨੇ ਇਸ ਕਾਰਜ ਲਈ ਆਪਣੇ ਆਪ ਨੂੰ ਪੇਸ਼ ਕੀਤਾ। ਹਥਿਆਰਾਂ ਦੀਆਂ ਪੇਟੀਆਂ ਪਹੁੰਚਾਉਣ ਦੇ ਔਖੇ ਕੰਮ ਨੂੰ ਕਰਤਾਰ ਸਿੰਘ ਸਰਾਭਾ ਤੇ ਗਿਆਨੀ ਭਗਵਾਨ ਸਿੰਘ ਨੂੰ ਸੌਂਪਿਆ ਗਿਆ। ਇਨ੍ਹਾਂ ਦੋਨਾਂ ਵਿਅਕਤੀਆਂ ਨੇ ਹਥਿਆਰ ਜਹਾਜ਼ 'ਤੇ ਪਹੁੰਚਾਏ ਤੇ ਸੋਹਣ ਸਿੰਘ ਭਕਨੇ ਲਈ ਜਹਾਜ਼ ਵਿਚ ਕਮਰਾ ਬੁੱਕ ਕਰਵਾ ਦਿੱਤਾ। ਹਥਿਆਰ ਬਹੁਤ ਸਾਵਧਾਨੀ ਨਾਲ ਰਖਾਏ। ਉਸ ਪਿੱਛੋਂ ਸੋਹਣ ਸਿੰਘ ਭਕਨਾ ਜਹਾਜ਼ ਦੇ ਤੁਰਨ ਤੋਂ 15 ਮਿੰਟ ਪਹਿਲਾਂ ਹੀ ਜਹਾਜ਼ ਚੜ੍ਹੇ ਅਤੇ ਯੋਕੋਹਾਮਾ ਨੂੰ ਜਾਣ ਲਈ ਹੀ ਟਿਕਟ ਲਈ ਸੀ।[51]

---

50. Bhakna, Sohan Singh, *Jiwan Sangram*, Jalandhar, Yuwak Kendra Prakashan, 1967.
    Also see,
    Jas, Jaswant Singh, *Baba Gurdit Singh*, Jalandhar, New Book Co., 1983, p. 89.
51. Gurdit Singh, *The Voyage of the Kamagatamaru*, Part II, Calcutta, N.P. (n.d.) pp. 25-26.

16 ਅਗਸਤ, 1914 ਨੂੰ ਕਾਮਾਗਾਟਾਮਾਰੂ ਜਹਾਜ਼ ਯੋਕੋਹਾਮਾ ਪਹੁੰਚ ਗਿਆ ਅਤੇ ਭਾਈ ਸੋਹਣ ਸਿੰਘ ਭਕਨਾ ਉਥੇ ਪਹਿਲਾਂ ਹੀ ਪਹੁੰਚ ਚੁੱਕੇ ਸਨ। ਕਾਮਾਗਾਟਾਮਾਰੂ ਦੇ ਦੋ ਮੁਸਾਫ਼ਰ ਹਰਨਾਮ ਸਿੰਘ ਗੁਜਰਵਾਲ ਅਤੇ ਰਾਏ ਸਿੰਘ (ਜਿਨ੍ਹਾਂ ਨੂੰ ਦਲਜੀਤ ਸਿੰਘ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ ਅਤੇ ਬਾਬਾ ਗੁਰਦਿਤ ਸਿੰਘ ਦੇ ਸਕੱਤਰ ਸਨ) ਭਾਈ ਸੋਹਣ ਸਿੰਘ ਭਕਨਾ ਨੂੰ ਮਿਲੇ। ਇਸੇ ਮੌਕੇ 'ਤੇ ਬਾਬਾ ਗੁਰਦਿਤ ਸਿੰਘ ਨੂੰ ਹਾਂਗਕਾਂਗ ਦੇ ਕਲੋਨੀਅਲ ਸਕੱਤਰ ਦੀ ਚਿੱਠੀ ਪ੍ਰਾਪਤ ਹੋਈ, ਜਿਸ ਵਿਚ ਉਸਨੂੰ ਤਾੜਨਾ ਕੀਤੀ ਹੋਈ ਸੀ ਕਿ ਉਹ ਹਾਂਗਕਾਂਗ ਆਉਣ ਦੀ ਖੇਚਲ ਨਾ ਕਰੇ ਭਾਵੇਂ ਕੈਨੇਡਾ ਦੀ ਸਰਕਾਰ ਨੇ ਉਸਨੂੰ ਹਾਂਗਕਾਂਗ ਤਕ ਜਾਣ ਲਈ ਕਲੀਅਰਿੰਸ ਸਰਟੀਫ਼ਿਕੇਟ ਦਿੱਤਾ ਹੋਇਆ ਸੀ।[52] ਜਦੋਂ ਜਹਾਜ਼ ਕੈਨੇਡਾ ਦੀ ਬੰਦਰਗਾਹ ਵੈਨਕੂਵਰ ਤੋਂ ਚਲਿਆ ਸੀ ਅਤੇ ਜਾਪਾਨ ਦੇ ਪਾਣੀਆਂ ਤੋਂ ਦੂਰ ਹੀ ਸੀ, ਉਸ ਸਮੇਂ ਸੰਸਾਰ ਦਾ ਯੁੱਧ ਛਿੜ ਪਿਆ ਸੀ। ਗ਼ਦਰੀ ਲੋਕਾਂ ਦੇ ਮਨਾਂ ਵਿਚ ਇਹ ਡਰ ਵੀ ਸੀ ਕਿ ਕਾਮਾਗਾਟਾਮਾਰੂ ਜਾਪਾਨੀ ਜਹਾਜ਼ ਹੈ ਕਿਤੇ ਜਰਮਨ ਦਾ ਕੋਈ ਜੰਗੀ ਜਹਾਜ਼ ਹਮਲਾ ਹੀ ਨਾ ਕਰ ਦੇਵੇ। ਤਾਹੀਓਂ ਭਾਈ ਸੋਹਣ ਸਿੰਘ ਨੇ ਜਰਮਨ ਕੌਂਸਲਰ ਨਾਲ ਮਿਲਣੀ ਕੀਤੀ ਅਤੇ ਉਸਨੇ ਭਰੋਸਾ ਦਿਵਾਇਆ ਕਿ ਕਾਮਾਗਾਟਾਮਾਰੂ ਸੁਰੱਖਿਅਤ ਰਹੇਗਾ।[53]

ਭਾਈ ਸੋਹਣ ਸਿੰਘ ਭਕਨਾ ਹੋਰਾਂ ਇਨਕਲਾਬੀ ਵਿਚਾਰਾਂ ਨਾਲ ਮੁਸਾਫ਼ਰਾਂ ਨੂੰ ਕੀਲ ਲਿਆ ਅਤੇ ਉਨ੍ਹਾਂ ਨੂੰ ਬਰਤਾਨਵੀ ਸਾਮਰਾਜ ਦੇ ਵਿਰੁੱਧ ਭਾਰਤ ਵਿਚ ਜਾ ਕੇ ਗ਼ਦਰ ਵਿਚ ਹਿੱਸਾ ਲੈਣ ਲਈ ਤਿਆਰ ਕਰ ਲਿਆ। ਵੈਨਕੂਵਰ ਦੇ ਡੋਮੀਨੀਅਨ ਹਾਲ ਵਿਚ ਜਦੋਂ ਕਾਮਾਗਾਟਾਮਾਰੂ ਦੇ ਸੰਬੰਧ ਵਿਚ ਭਾਰਤੀ ਭਾਈਚਾਰੇ ਦੀ ਇਕੱਤਰਤਾ ਹੋਈ ਸੀ, ਤਾਂ ਨੇਤਾਵਾਂ ਨੇ ਆਪਣੇ ਭਾਸ਼ਣਾਂ ਵਿਚ ਇਹ ਆਖਿਆ ਸੀ ਕਿ ਜੇਕਰ ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਨੂੰ ਜਬਰੀ ਵਾਪਸ ਮੋੜਿਆ ਗਿਆ ਤਾਂ ਸਾਰੇ ਭਾਰਤੀ ਲੋਕ ਇੰਡੀਆ ਵਾਪਸ ਜਾ ਕੇ ਬਰਤਾਨਵੀ ਰਾਜ ਦੇ ਵਿਰੁੱਧ ਬਗ਼ਾਵਤ ਕਰਨਗੇ। ਯੋਕੋਹਾਮਾ ਵਿਖੇ ਜਹਾਜ਼ ਦੇ ਮਾਲਕ ਨੇ ਗੁਰਦਿਤ ਸਿੰਘ ਨੂੰ ਸੁਨੇਹਾ ਦਿੱਤਾ ਕਿ ਉਹ ਜਹਾਜ਼ ਲੈ ਕੇ ਕੋਬੇ ਪਹੁੰਚੇ।[54]

21 ਅਗਸਤ, 1914 ਨੂੰ ਜਹਾਜ਼ ਕੋਬੇ (ਜਾਪਾਨ) ਪਹੁੰਚ ਗਿਆ। ਜਹਾਜ਼ ਦੇ ਸਾਰੇ ਮੁਸਾਫ਼ਰ ਉਤਰ ਕੇ ਬਾਹਰ ਆ ਗਏ ਤੇ ਜਲੂਸ ਦੇ ਰੂਪ ਵਿਚ ਬ੍ਰਿਟਿਸ਼ ਕੌਂਸਲ ਦੇ ਦਫ਼ਤਰ ਅੱਗੇ ਜਾ ਕੇ ਮੁਜ਼ਾਹਰਾ ਕੀਤਾ। ਇਸ ਮੁਜ਼ਾਹਰੇ ਦੀ ਅਗਵਾਈ ਭਾਈ ਜਵਾਹਰ ਮਲ ਤੇ ਤੋਤੀ ਰਾਮ ਮਨਸੁਖਾਨੀ ਨੇ ਕੀਤੀ। ਜਹਾਜ਼ ਦੀ ਕਮੇਟੀ ਬ੍ਰਿਟਿਸ਼ ਕੌਂਸਲ ਨੂੰ ਮਿਲੀ ਅਤੇ ਉਸ ਪਾਸੋਂ ਬਰਤਾਨਵੀ ਸਰਕਾਰ ਇੰਡੀਆ ਨੂੰ ਇਕ ਵਿਸ਼ੇਸ਼ ਤਾਰ ਭਿਜਵਾਈ, ਜਿਸ ਵਿਚ ਮੁਸਾਫ਼ਰਾਂ ਮੰਗ ਕੀਤੀ ਕਿ ਜੇ ਉਹ ਜਹਾਜ਼ ਵਾਪਸ ਇੰਡੀਆ ਚਾਹੁੰਦੇ ਹਨ ਤਾਂ 19000 ਜ਼ਿਨ ਖ਼ਰਚ ਦੇਣਾ ਪਵੇਗਾ।

52. Jagjit Singh, *Ghadar Party Lehar*, Delhi, Navyug Publishers, 1979, p. 72.
53. *Ibid.*, p. 73.
54. Saihnsra, Gurcharan Singh, *Ghadar Party da Itihas*, Jallandhar, Desh Bhagat Yadgar Committee, 1969, p. 151.

ਭਾਰਤ ਦੀ ਸਰਕਾਰ ਨੇ ਵਾਪਸੀ ਉੱਤਰ ਦਿੱਤਾ ਅਤੇ ਉਨ੍ਹਾਂ ਦੀ ਗੁਪਤ ਭਾਵਨਾ ਸੀ ਕਿ ਜਦੋਂ ਮੁਸਾਫ਼ਰ ਵਾਪਸ ਇੰਡੀਆ ਪਹੁੰਚਣ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇ।[55]

ਭਾਰਤ ਵੱਲੋਂ ਵਾਪਸੀ ਤਾਰ ਦੇ ਸ਼ਬਦ:

ਤੁਹਾਡੇ ਵੱਲੋਂ 27 ਅਤੇ 30 ਅਗਸਤ ਨੂੰ ਕਾਮਾਗਾਟਾਮਾਰੂ ਸੰਬੰਧੀ ਤਾਰਾਂ ਮਿਲੀਆਂ ਅਤੇ ਭਾਰਤ ਦੀ ਸਰਕਾਰ ਬਤੌਰ ਇਵਜ਼ਾਨਾ 19000 ਜਿਨ ਤੁਹਾਨੂੰ ਦੇਣ ਲਈ ਰਜ਼ਾਮੰਦ ਹੈ। ਅਸੀਂ ਬਹੁਤ ਜਲਦੀ ਪੂਰੇ ਕੀਤੇ ਪ੍ਰਬੰਧ ਜਾਨਣ ਦੇ ਇਛੁੱਕ ਹਾਂ। ਅਸੀਂ ਚਾਹੁੰਦੇ ਹਾਂ ਕਿ ਉਹ ਸਾਰੇ ਜਹਾਜ਼ ਉੱਤੇ ਆ ਕੇ ਮਦਰਾਸ ਦੀ ਬੰਦਰਗਾਹ 'ਤੇ ਉਤਰਨ ਅਤੇ ਸਾਨੂੰ ਛੇਤੀ ਪਤਾ ਲੱਗਣਾ ਚਾਹੀਦਾ ਹੈ ਤਾਂ ਜੋ ਕੁਝ ਅਫ਼ਸਰ ਉਨ੍ਹਾਂ ਨੂੰ ਅੱਗੋਂ ਸਿੰਘਾਪੁਰ ਮਿਲਣ ਅਤੇ ਧੁਰ ਤਕ ਨਾਲ ਰਹਿਣ। ਤੁਸੀਂ ਇਹੀ ਕਲਪਨਾ ਕਿ ਸਿਰਫ਼ ਉਨ੍ਹਾਂ ਨੂੰ ਹੀ ਕਿਰਾਇਆ ਦਿੱਤਾ ਜਾਵੇਗਾ, ਜੋ ਲੋੜਵੰਦ ਹੋਣਗੇ। ਜੇ ਤੁਹਾਡੇ ਪਾਸ ਖ਼ਤਰਨਾਕ ਆਦਮੀਆਂ ਦੇ ਨਾਂ ਹੋਣ, ਜੋ ਕਿ ਸਾਨੂੰ ਮਹੱਤਵਪੂਰਨ ਹੋ ਸਕਦੇ ਹਨ, ਕਿਰਪਾ ਕਰਕੇ ਤਾਰ ਦੁਆਰਾ ਸੂਚਿਤ ਕਰ ਦੇਣਾ।[56]

ਭਾਰਤ ਸਰਕਾਰ ਵੱਲੋਂ ਭੇਜੇ ਤਾਰ ਦੇ ਉੱਤਰ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੀ ਛੁਪੀ ਭਾਵਨਾ ਸੀ ਕਿ ਕਾਮਾਗਾਟਾਮਾਰੂ ਜਹਾਜ਼ ਸਿੱਧਾ ਭਾਰਤ ਵਾਪਸ ਪਰਤੇ। ਉਪਰੋਕਤ ਤਾਰ ਅੰਦਰ ਇਸ ਭੇਤ ਦਾ ਪਤਾ ਲੱਗਦਾ ਹੈ ਕਿ ਬਰਤਾਨਵੀ ਭਾਰਤ ਸਰਕਾਰ ਸਮੂਹ ਮੁਸਾਫ਼ਰਾਂ ਨੂੰ ਕਾਬੂ ਕਰਨਾ ਚਾਹੁੰਦੀ ਸੀ ਤਾਹੀਓਂ ਉਨ੍ਹਾਂ ਨੇ ਖ਼ਤਰਨਾਕ ਜਾਂ ਇਨਕਲਾਬੀ ਵਿਅਕਤੀਆਂ ਦੇ ਨਾਵਾਂ ਦੀ ਸੂਚੀ ਮੰਗੀ। ਦੂਜੇ ਪਾਸੇ ਬ੍ਰਿਟਿਸ਼ ਗੁਪਤ ਏਜੰਸੀਆਂ ਨੂੰ ਯੂ.ਐਸ.ਏ. ਤੇ ਕੈਨੇਡਾ ਦੇ ਭਾਰਤੀ ਲੋਕਾਂ 'ਤੇ ਨਿਗਾਹ ਰੱਖਣ ਲਈ ਚੌਕੰਨੇ ਕਰ ਦਿੱਤਾ ਗਿਆ ਸੀ। ਵੈਨਕੂਵਰ ਵਿਚ ਸਰਕਾਰੀ ਸੂਹੀਏ, ਜੋ ਲੋਕ ਕੈਨੇਡਾ ਛੱਡ ਕੇ ਭਾਰਤ ਵਿਚ ਗ਼ਦਰ ਲਹਿਰ ਵਿਚ ਸ਼ਾਮਲ ਹੋਣ ਲਈ ਜਾ ਰਹੇ ਸਨ, ਉਨ੍ਹਾਂ ਦੀਆਂ ਗਤੀਵਿਧੀਆਂ ਬਾਰੇ ਸਰਕਾਰ ਨੂੰ ਇਤਲਾਹ ਦੇ ਰਹੇ ਸਨ। ਵੈਨਕੂਵਰ ਦਾ ਗੁਰਦੁਆਰਾ ਗ਼ਦਰੀ ਲੋਕਾਂ ਦੀਆਂ ਗਤੀਵਿਧੀਆਂ ਦਾ ਕੇਂਦਰ ਸੀ ਅਤੇ ਇਸਦੀ ਪ੍ਰਬੰਧਕ ਕਮੇਟੀ ਵਿਚ ਗ਼ਦਰੀ ਵਿਅਕਤੀ ਵੀ ਸਨ। ਬੇਲਾ ਸਿੰਘ ਬੀ. ਸੀ. ਦੇ ਸਰਕਾਰੀ ਸੂਹੀਆਂ ਦਾ ਨੇਤਾ ਸੀ ਅਤੇ ਉਸਦੀ ਵਿਲੀਅਮ ਹਾਪਕਿਨਸਨ ਨਾਲ ਬਹੁਤ ਨੇੜਤਾ ਸੀ। ਜਿਵੇਂ ਪਹਿਲਾਂ ਦੱਸਿਆ ਜਾ ਚੁੱਕਿਆ ਹੈ ਕਿ ਬੇਲਾ ਸਿੰਘ ਨੂੰ ਭਾਈ ਭਾਗ ਸਿੰਘ ਤੇ ਹੋਰ ਗ਼ਦਰੀ ਲੋਕਾਂ ਨੂੰ ਕਤਲ ਕਰਨ ਲਈ ਹਾਪਕਿਨਸਨ ਨੇ ਹੀ ਹੱਲਾ-ਸ਼ੇਰੀ ਦਿੱਤੀ ਸੀ। 5 ਸਤੰਬਰ, 1914 ਨੂੰ ਉਸਨੇ

55. Report, Enquriy Committee, Para 21, p. 16.
56. Ganda Singh, *Amrika wich Hindustani*, p. 143.
Also see,
The Province, Sept. 7, 1914.
Gurdit Singh, *The Voyage of the Kamagatamaru*, Part II, Calcutta, (n.d.), pp. 16-17.

ਦੋ ਕਤਲ ਕੀਤੇ ਤੇ ਅਨੇਕਾਂ ਫੱਟੜ ਕਰ ਦਿੱਤੇ ਪਰ ਸਾਫ਼ ਬਰੀ ਹੋ ਗਿਆ।[57]

ਕਾਮਾਗਾਟਾਮਾਰੂ ਕੋਬੇ ਤੋਂ 2 ਸਤੰਬਰ, 1914 ਨੂੰ ਤੁਰ ਪਿਆ ਅਤੇ ਜਹਾਜ਼ ਨੂੰ ਕਲਕੱਤੇ ਤਕ ਰਾਹਦਾਰੀ ਦੇ ਦਿੱਤੀ ਗਈ। 16 ਸਤੰਬਰ ਨੂੰ ਜਹਾਜ਼ ਸਿੰਘਾਪੁਰ ਪਹੁੰਚ ਗਿਆ ਪਰ ਬੰਦਰਗਾਹ ਤੋਂ ਤਿੰਨ ਮੀਲ ਦੂਰ ਹੀ ਖੜਾ ਰੱਖਿਆ ਗਿਆ। ਵਿਸ਼ੇਸ਼ ਗਾਰਡ ਕਰਨ ਵਾਲੇ ਬੋਟ ਜਹਾਜ਼ ਦੇ ਆਲੇ-ਦੁਆਲੇ ਘੇਰਾ ਪਾ ਕੇ ਖੜੇ ਕੀਤੇ ਗਏ। ਗੁਰਦਿਤ ਸਿੰਘ ਚਾਹੁੰਦੇ ਸਨ ਕਿ ਉਹ ਕੁਝ ਸਮਾਂ ਸਿੰਘਾਪੁਰ ਠਹਿਰ ਜਾਣ ਪਰ ਉਸਨੂੰ ਇੰਜ ਨਾ ਕਰਨ ਦਿੱਤਾ, ਭਾਵ ਉਸਨੂੰ ਉਤਰਨ ਦੀ ਆਗਿਆ ਨਹੀਂ ਦਿੱਤੀ। ਗੁਰਦਿਤ ਸਿੰਘ ਦੇ ਸਕੱਤਰ ਨੇ ਸਿੰਘਾਪੁਰ ਦੇ ਗਵਰਨਰ ਤੋਂ ਆਗਿਆ ਮੰਗੀ ਕਿ ਕੁਝ ਮੁਸਾਫ਼ਰਾਂ ਨੂੰ ਬਾਹਰ ਜਾ ਕੇ ਖਾਣ-ਪੀਣ ਦਾ ਸਾਮਾਨ ਖ਼ਰੀਦਣ ਦੀ ਆਗਿਆ ਦਿੱਤੀ ਜਾਵੇ ਪਰ ਗਵਰਨਰ ਨੇ ਉਨ੍ਹਾਂ ਦੀ ਬੇਨਤੀ ਨੂੰ ਠੁਕਰਾ ਦਿੱਤਾ। ਜਵਾਹਰ ਮਲ ਤੇ ਉਸਦਾ ਭਰ੍ਹਾ (ਜੋ ਕੋਬੇ ਤੋਂ ਚੜ੍ਹੇ ਸਨ) ਸਿੰਘਾਪੁਰ ਉਤਰ ਕੇ ਬੰਬਈ ਨੂੰ ਜਾਣਾ ਚਾਹੁੰਦੇ ਸਨ, ਪਰ ਉਨ੍ਹਾਂ ਦੀ ਮੰਗ ਵੀ ਪੂਰੀ ਨਾ ਹੋਈ।[58]

ਕੈਨੇਡਾ ਤੋਂ ਗ਼ਦਰੀ ਲੋਕਾਂ ਦਾ ਭਾਰਤ ਵੱਲ ਕੂਚ ਕਰਨ ਦਾ ਮੁੱਖ ਕਾਰਨ ਦੋ ਸਿੱਖ ਨੇਤਾਵਾਂ ਤੇ ਗ਼ਦਰੀਆਂ ਦਾ ਕਤਲ ਉਪਰੰਤ ਕੈਨੇਡਾ ਸਰਕਾਰ ਵੱਲੋਂ ਭਾਈਚਾਰੇ ਦੇ ਮੋਹਰੀ ਵਿਅਕਤੀਆਂ ਨੂੰ ਜਾਣ-ਬੁਝ ਕੇ ਤੰਗ ਕਰਨਾ ਸੀ। ਉਸ ਸਮੇਂ ਸੰਸਾਰ-ਯੁੱਧ ਛਿੜ ਜਾਣ ਕਾਰਨ, ਬਹੁਤੇ ਗ਼ਦਰੀ ਇਸਨੂੰ ਸ਼ੁੱਭ ਮੌਕਾ ਸਮਝਦੇ ਸਨ ਅਤੇ ਯੂ.ਐਸ.ਏ. ਤੇ ਕੈਨੇਡਾ ਤੋਂ ਸੈਂਕੜੇ ਲੋਕ ਜਾਣੇ ਸ਼ੁਰੂ ਹੋ ਗਏ ਸਨ।[59]

5 ਸਤੰਬਰ, 1914 ਨੂੰ ਭਾਰਤ ਸਰਕਾਰ ਨੇ ਇਕ ਵਿਸ਼ੇਸ਼ 'ਅੰਤਰ-ਪ੍ਰਵੇਸ਼ ਫ਼ੁਰਮਾਨ' ਜਾਰੀ ਕਰ ਦਿੱਤਾ, ਜਿਸ ਦੁਆਰਾ ਵਿਦੇਸ਼ਾਂ ਤੋਂ ਪਰਤ ਰਹੇ ਗ਼ਦਰੀ ਲੋਕਾਂ ਦੇ ਦਾਖ਼ਲੇ ਉਪਰੰਤ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਕੰਟਰੋਲ ਕੀਤਾ ਜਾ ਸਕੇ। ਭਾਵ ਉਨ੍ਹਾਂ ਦੇ ਦਾਖਲੇ ਨੂੰ ਵੀ ਰੋਕਿਆ ਜਾ ਸਕਦਾ ਸੀ।[60] ਭਾਰਤ ਸਰਕਾਰ ਨੂੰ ਆਪਣੇ ਜਾਸੂਸਾਂ ਦੁਆਰਾ ਪਤਾ ਲੱਗਦਾ ਸੀ ਕਿ ਕੈਨੇਡਾ ਤੇ ਅਮਰੀਕਾ ਤੋਂ ਲੋਕ ਵਾਪਸ ਪਰਤ ਰਹੇ ਸਨ, ਪੰਜਾਬ ਦੇ ਗਵਰਨਰ ਮਾਈਕਲ ਅਡਵਾਇਰ ਦੀ ਸੋਚ ਸੀ ਕਿ 'ਅੰਤਰ-ਪ੍ਰਵੇਸ਼ ਫ਼ੁਰਮਾਨ' ਅਨੁਸਾਰ ਵਿਦੇਸ਼ਾਂ ਤੋਂ ਪਰਤ ਰਹੇ ਲੋਕਾਂ ਦੀ ਜਾਂਚ-ਪੜਤਾਲ ਕੀਤੀ ਜਾਵੇ

57. Ganda Singh, *Amrika wich Hindustani.*, pp. 29-30.
Also see,
Jas, Jaswant Singh, *Baba Gurdit Singh*, Jalandhar, New Book Co., 1983, pp. 93-94.
58. *Ibid.*, pp. 94-95.
59. O'Dwyer, Michael, *India as I knew It, 1885-1925*, London, Constable and Co., 1926, pp. 192-195.
Also see,
MacMunn, George, Sir, *Turmoil and Tragedy in India*, London, Jarrolds Publishers, 1935, pp. 94-95.
60. *Ibid.*, pp. 96-97.

ਅਤੇ ਉਨ੍ਹਾਂ ਦੀ ਵਿਸ਼ੇਸ਼ ਪੁੱਛ-ਗਿੱਛ ਲਈ ਲੁਧਿਆਣੇ ਵਿਖੇ ਇਕ ਦਫਤਰ ਖੋਲ੍ਹਿਆ ਗਿਆ।[61] ਵਤਨ ਪਰਤ ਰਹੇ ਲੋਕਾਂ ਨੂੰ ਤਿੰਨ ਕਿਸਮਾਂ ਵਿਚ ਵੰਡਿਆ ਗਿਆ :

1. ਪਹਿਲੀ ਕਿਸਮ ਵਿਚ ਉਹ ਲੋਕ ਸਨ, ਜਿਨ੍ਹਾਂ ਨੂੰ ਹਿਰਾਸਤ ਵਿਚ ਰੱਖਣਾ ਸੀ ਅਤੇ ਜੋ ਅਦਾਲਤੀ ਫ਼ੈਸਲੇ ਦੀ ਇੰਤਜ਼ਾਰ ਵਿਚ ਸਨ ਜਾਂ ਇਨ੍ਹਾਂ ਨੂੰ ਉਤਨਾ ਚਿਰ ਹਿਰਾਸਤ ਵਿਚ ਰੱਖਣਾ ਸੀ, ਜਿਤਨਾ ਚਿਰ ਉਨ੍ਹਾਂ ਦੀ ਸੋਚਣੀ ਵਿਚ ਤਬਦੀਲੀ ਨਹੀਂ ਆਉਂਦੀ।

2. ਦੂਜੀ ਕਿਸਮ ਵਿਚ ਉਹ ਲੋਕ ਸਨ, ਜੋ ਆਪਣੇ ਪਿੰਡਾਂ ਵਿਚ ਵਾਪਸ ਜਾ ਕੇ ਪੇਂਡੂ ਮੁਖੀਆਂ ਦੀ ਜ਼ਮਾਨਤ ਅਧੀਨ ਹੋਣਗੇ।

3. ਤੀਜੀ ਕਿਸਮ ਵਿਚ ਉਹ ਲੋਕ ਹੋਣਗੇ, ਜਿਨ੍ਹਾਂ ਨੂੰ ਤਾੜਨਾ ਕਰਕੇ ਵਾਪਸ ਭੇਜ ਦਿੱਤਾ ਜਾਵੇਗਾ ਅਤੇ ਸਥਾਨਕ ਅਧਿਕਾਰੀ ਇਨ੍ਹਾਂ ਉਪਰ ਨਿਗਾਹ ਰੱਖਣਗੇ।

ਭਾਰਤ ਦੀ ਸਰਕਾਰ ਪਾਸ ਕਾਮਾਗਾਟਾਮਾਰੂ ਸੰਬੰਧੀ ਪੂਰੀ ਜਾਣਕਾਰੀ ਸੀ। ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਕੈਨੇਡਾ ਦੇ ਅਧਿਕਾਰੀਆਂ ਵੱਲੋਂ ਵਾਪਸ ਮੋੜਨ ਅਤੇ ਗ਼ਲਤ ਵਤੀਰੇ ਕਾਰਨ ਮੁਸਾਫ਼ਰ ਪੂਰੀ ਤਰ੍ਹਾਂ ਅੱਕੇ ਹੋਏ ਸਨ। ਉਪਰੰਤ ਇਨ੍ਹਾਂ ਮੁਸਾਫ਼ਰਾਂ ਨਾਲ ਗ਼ਦਰ ਪਾਰਟੀ ਦੇ ਨੇਤਾਵਾਂ ਨੇ ਵਿਚਾਰਾਂ ਕੀਤੀਆਂ ਅਤੇ ਗ਼ਦਰ ਸਾਹਿਤ ਵੀ ਪੜ੍ਹਨ ਨੂੰ ਦਿੱਤਾ ਗਿਆ ਸੀ। ਜਦੋਂ ਕਿਸੇ ਵੀ ਮੁਸਾਫ਼ਰ ਸਮੇਤ ਗੁਰਦਿਤ ਸਿੰਘ ਦੇ ਸਿੰਘਾਪੁਰ ਵਿਖੇ ਉਤਰਨ ਨਹੀਂ ਦਿੱਤਾ ਤਾਂ ਮੁਸਾਫ਼ਰਾਂ ਨੇ ਇਕ ਯੂਰਪੀਨ ਵਿਅਕਤੀ ਤੋਂ ਕੁਝ ਤਾਰਾਂ ਭੇਜਣ ਲਈ ਆਗਿਆ ਮੰਗੀ ਪਰ ਉਸਨੇ ਆਗਿਆ ਦੇਣ ਤੋਂ ਮਨਾਹੀ ਕਰ ਦਿੱਤੀ। ਬਾਅਦ ਵਿਚ ਉਸਨੇ ਖ਼ੁਦ ਤਾਰਾਂ ਭੇਜਣ ਦਾ ਵਾਇਦਾ ਕੀਤਾ। ਉਸਨੂੰ 30 ਡਾਲਰ ਅਤੇ ਤਾਰਾਂ ਭੇਜਣ ਲਈ ਪਤੇ ਦਿੱਤੇ ਗਏ। ਇਕ ਤਾਰ ਵਾਇਸਰਾਏ ਨੂੰ, ਦੂਜੀ ਬੰਗਾਲੀ ਅਖ਼ਬਾਰ ਦੇ ਸੰਪਾਦਕ ਨੂੰ ਅਤੇ ਤੀਜੀ, ਸਿੱਖ ਨੇਤਾ ਹਰਿਚੰਦ ਸਿੰਘ ਲਾਇਲਪੁਰੀ ਨੂੰ ਭੇਜਣੀ ਸੀ। ਉਪਰੋਕਤ ਵਿਅਕਤੀਆਂ ਨੂੰ ਜਹਾਜ਼ ਦੇ ਪਹੁੰਚਣ ਬਾਰੇ ਇਤਲਾਹ ਦਿੱਤੀ ਗਈ ਅਤੇ ਉਨ੍ਹਾਂ ਨੂੰ ਬੇਨਤੀ ਕੀਤੀ ਗਈ ਕਿ ਉਹ ਜਦੋਂ ਮੁਸਾਫ਼ਰ ਕਲਕੱਤੇ ਪਹੁੰਚਣ ਤਾਂ ਉਥੇ ਹਾਜ਼ਰ ਹੋਣ।[62]

ਸਿੰਘਾਪੁਰ ਤੋਂ ਜਹਾਜ਼ 19 ਸਤੰਬਰ ਨੂੰ ਚੱਲ ਪਿਆ ਅਤੇ ਹੁਣ ਗੁਰਦਿਤ ਸਿੰਘ ਤੇ ਮੁਸਾਫ਼ਰਾਂ ਨੂੰ ਡਰ ਸੀ ਕਿ ਭਾਰਤ ਸਰਕਾਰ ਉਨ੍ਹਾਂ ਨੂੰ ਤੰਗ ਕਰੇਗੀ। ਉਨ੍ਹਾਂ ਪਾਸ ਦੋ ਬਕਸੇ ਪਿਸਤੌਲਾਂ ਅਤੇ ਕਾਰਤੂਸਾਂ ਨਾਲ ਭਰੇ ਹੋਏ ਸਨ। ਇਸ ਤੋਂ ਇਲਾਵਾ ਸੋਹਣ ਸਿੰਘ ਭਕਨੇ ਵੱਲੋਂ ਦਿੱਤਾ ਹੋਇਆ ਗ਼ਦਰ ਸਾਹਿਤ ਵੀ ਸੀ। ਬਾਬਾ ਗੁਰਦਿਤ ਸਿੰਘ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਵਿਚ ਨਹੀਂ ਉਲਝਣਾ ਚਾਹੁੰਦੇ ਸਨ ਕਿਉਂਕਿ ਉਨ੍ਹਾਂ ਨੇ ਇਹ ਸਾਰੀਆਂ ਚੀਜ਼ਾਂ ਨੂੰ ਸਮੁੰਦਰ ਵਿਚ ਹੀ ਸੁੱਟ ਦਿੱਤਾ।[63]

---

61. Gurdit Singh, *The Voyage of the Kamagatamaru*, Part II, pp. 29-30.
62. Jas, Jaswant Singh, *Baba Gurdit Singh*, Jalandhar, New Book Co., 1983, pp. 96-97.
63. Gurdit Singh, *The Voyage of the Kamagatamaru*, Calcutta, n.p. (n.d.), pp. 32-35.

26 ਸਤੰਬਰ ਨੂੰ ਜਹਾਜ਼ ਚੱਲ ਰਿਹਾ ਸੀ, ਜਦੋਂ ਇਕ ਯੂਰਪੀਨ ਅਫ਼ਸਰ ਨੇ ਜਹਾਜ਼ ਨੂੰ ਰੋਕਣ ਲਈ ਇਸ਼ਾਰਾ ਕੀਤਾ। ਜਹਾਜ਼ ਨੂੰ ਰਾਤ ਭਰ ਲਈ ਰੁਕ ਜਾਣ ਦਾ ਹੁਕਮ ਹੋਇਆ ਅਤੇ ਮੁਸਾਫ਼ਰਾਂ ਨੂੰ ਕਿਹਾ ਗਿਆ ਕਿ ਉਹ ਬਾਹਰ ਕੰਢੇ 'ਤੇ ਨਾ ਜਾਣ। ਦੂਜੇ ਦਿਨ ਸਵੇਰ ਵੇਲੇ ਜਹਾਜ਼ 'ਤੇ ਹੋਰ ਅਫ਼ਸਰ ਚੜ੍ਹ ਗਏ ਅਤੇ ਉਨ੍ਹਾਂ ਨੇ ਮੁਸਾਫ਼ਰਾਂ ਨੂੰ ਤੇ ਉਨ੍ਹਾਂ ਦੇ ਸਾਮਾਨ ਦੀ ਪੂਰੀ ਤਰ੍ਹਾਂ ਤਲਾਸ਼ੀ ਲਈ। ਦੋਬਾਰਾ 28 ਸਤੰਬਰ ਨੂੰ ਤਲਾਸ਼ੀ ਹੋਈ ਪਰ ਕੋਈ ਵੀ ਨਜਾਇਜ਼ ਵਸਤੂ ਪ੍ਰਾਪਤ ਨਾ ਹੋਈ। ਭਾਵੇਂ ਪੁਲਿਸ ਨੂੰ ਕੋਈ ਇਤਰਾਜ਼ ਯੋਗ ਚੀਜ਼ ਨਹੀਂ ਮਿਲੀ, ਪਰ ਫਿਰ ਵੀ ਮੁਸਾਫ਼ਰਾਂ ਨੂੰ ਭਾਰਤ ਦੀ ਪੁਲਿਸ ਦੇ ਪੇਸ਼ ਹੋਣ ਤੋਂ ਡਰ ਤੇ ਸਹਿਮ ਸੀ ਕਿਉਂਕਿ ਪੁਲਿਸ ਵਾਲਿਆਂ ਦਾ ਵਤੀਰਾ ਬਹੁਤ ਰੁੱਖਾ ਸੀ। ਹੁਣ ਜਹਾਜ਼ ਕਲਕੱਤੇ ਵੱਲ ਨੂੰ ਹੌਲੀ ਹੌਲੀ ਤੁਰ ਪਿਆ ਪਰ ਸਤੰਬਰ 29 ਨੂੰ ਬਜ ਬਜ ਵਿਖੇ ਰੋਕ ਲਿਆ ਗਿਆ, ਹਾਲਾਂਕਿ ਇਸ ਅਸਥਾਨ ਤੋਂ ਕਲਕੱਤਾ 17 ਮੀਲ ਦੂਰ ਸੀ।[64]

ਜਦੋਂ ਅਚਾਨਕ ਜਹਾਜ਼ ਬਜ ਬਜ ਘਾਟ 'ਤੇ ਰੋਕ ਲਿਆ ਗਿਆ ਤਾਂ ਸਾਰੇ ਮੁਸਾਫ਼ਰ ਘਾਬਰ ਗਏ ਅਤੇ ਉਨ੍ਹਾਂ ਨੇ ਜਹਾਜ਼ ਨੂੰ ਇਥੇ ਰੋਕਣ ਦੇ ਕਾਰਨ ਬਾਰੇ ਗੁਰਦਿਤ ਸਿੰਘ ਨੂੰ ਪੁੱਛਿਆ। ਗੁਰਦਿਤ ਸਿੰਘ ਨੇ ਖ਼ੁਦ ਵੀ ਜਹਾਜ਼ ਦੇ ਰੋਕਣ ਦੇ ਮੰਤਵ ਨੂੰ ਜਾਨਣ ਲਈ ਅਫ਼ਸਰ ਨੂੰ ਪੁੱਛਿਆ। ਅਫ਼ਸਰ ਨੇ ਗੁਰਦਿਤ ਸਿੰਘ ਨੂੰ ਦੱਸਿਆ ਕਿ ਬਜ ਬਜ ਤੋਂ ਹੀ ਸਾਰੇ ਮੁਸਾਫ਼ਰਾਂ ਨੂੰ ਇਕ ਵਿਸ਼ੇਸ਼ ਰੇਲ ਗੱਡੀ ਦੁਆਰਾ ਪੰਜਾਬ ਨੂੰ ਲੈ ਜਾਇਆ ਜਾਵੇਗਾ। ਗੁਰਦਿਤ ਸਿੰਘ ਨੇ ਉਨ੍ਹਾਂ ਦੇ ਇਸ ਵਿਚਾਰ ਦਾ ਵਿਰੋਧ ਕੀਤਾ ਕਿ ਉਨ੍ਹਾਂ ਨੂੰ ਸਖ਼ਤ ਨਿਗਰਾਨੀ ਹੇਠ ਧੱਕੇ ਨਾਲ ਪੰਜਾਬ ਭੇਜਿਆ ਜਾਵੇਗਾ। ਅਫ਼ਸਰ ਨੇ ਇਸ ਸੰਬੰਧ ਵਿਚ ਹੋਰ ਚਰਚਾ ਜਾਂ ਬਹਿਸ ਕਰਨ ਤੋਂ ਇਨਕਾਰ ਕਰ ਦਿੱਤਾ। ਉਸਨੇ ਸਾਫ਼ ਆਖ ਦਿੱਤਾ ਕਿ ਉਸਨੂੰ ਵਿਸਥਾਰ ਵਿਚ ਵਿਚਾਰ ਕਰਨ ਦਾ ਹੱਕ ਨਹੀਂ, ਸਗੋਂ ਉਸਨੇ ਤਾਂ ਸਰਕਾਰੀ ਹੁਕਮ ਨੂੰ ਪਰਵਾਨ ਚਾੜ੍ਹਨਾ ਹੈ। ਦੂਜਾ ਅਫ਼ਸਰ ਜੋ ਉਸਦੇ ਕੋਲ ਹੀ ਖੜਾ ਸੀ, ਉਸਨੇ ਪੂਰੇ ਰੋਹਬ ਨਾਲ ਗੁਰਦਿਤ ਸਿੰਘ ਨੂੰ ਮੂੰਹ ਬੰਦ ਕਰਨ ਲਈ ਕਿਹਾ।[65]

ਗੁਰਦਿਤ ਸਿੰਘ ਨੇ ਮੁਸਾਫ਼ਰਾਂ ਨੂੰ ਦੱਸਿਆ ਕਿ ਸਰਕਾਰ ਉਨ੍ਹਾਂ ਨੂੰ ਜਬਰੀ ਇਕ ਵਿਸ਼ੇਸ਼ ਰੇਲ ਗੱਡੀ ਰਾਹੀਂ ਪੰਜਾਬ ਭੇਜਣਾ ਚਾਹੁੰਦੀ ਹੈ। ਮੁਸਾਫ਼ਰ ਚੁੱਪ ਸਨ ਅਤੇ ਗੁਰਦਿਤ ਸਿੰਘ ਵੱਲ ਦੇਖਦੇ ਸਨ ਕਿ ਉਹ ਕੋਈ ਗੱਲ ਕਰੇ ਅਤੇ ਜਹਾਜ਼ ਦੀ ਕਮੇਟੀ ਪਾਸ ਵੀ ਕੁਝ ਕਹਿਣ ਲਈ ਨਹੀਂ ਸੀ। ਹਰ ਕੋਈ ਘਾਬਰਿਆ ਹੋਇਆ ਸੀ ਕਿ ਕੀ ਸਰਕਾਰ ਦਾ ਹੁਕਮ ਮੰਨਿਆ ਜਾਵੇ ਜਾਂ ਇਥੇ ਉਤਰ ਕੇ ਸਰਕਾਰੀ ਧੱਕੇ ਦਾ ਵਿਰੋਧ ਕੀਤਾ ਜਾਵੇ। ਆਖ਼ਰ ਨੂੰ ਸਾਰੇ ਮੁਸਾਫ਼ਰ ਤੇ ਗੁਰਦਿਤ ਸਿੰਘ ਨੂੰ ਜਹਾਜ਼ ਤੋਂ ਉਤਰਨਾ ਪਿਆ ਅਤੇ ਇਕ ਅਫ਼ਸਰ ਨੇ ਤਾੜਿਆ ਕਿ ਹੁਕਮ ਮੰਨੋ, ਨਹੀਂ ਮਾਰੇ ਜਾਵੋਂਗੇ। ਗੁਰਦਿਤ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਆਪਣੇ ਸਿਰ 'ਤੇ ਰੱਖਿਆ ਅਤੇ ਸਭ ਤੋਂ ਪਹਿਲਾਂ ਬਾਹਰ ਨੂੰ ਤੁਰ ਪਿਆ ਅਤੇ ਸਾਰੇ ਮੁਸਾਫ਼ਰ ਉਸਦੇ ਪਿੱਛੇ ਤੁਰ ਪਏ।

---

64. Gurdit Singh, *The Voyage of the Kamagatamaru,* Calcutta, n.p. (n.d.), pp. 36-39.
65. Jas, Jaswant Singh, *Baba Gurdit Singh,* p. 102.

ਜਹਾਜ਼ ਦੀ ਕਮੇਟੀ ਦਾ ਦਫ਼ਤਰ ਤੇ ਉਨ੍ਹਾਂ ਦੇ ਸਾਰੇ ਕਾਗ਼ਜ਼-ਪੱਤਰ ਕਬਜ਼ੇ ਵਿਚ ਕਰਕੇ ਪੁਲਿਸ ਨੇ ਜਿੰਦਰਾ ਮਾਰ ਦਿੱਤਾ।[66]

ਜਦ ਕਾਮਾਗਾਟਾਮਾਰੂ ਵੈਨਕੂਵਰ ਪਹੁੰਚਿਆ ਸੀ ਤਾਂ ਇਸ ਵਿਚ 376 ਮੁਸਾਫ਼ਰ ਸਨ, ਜਿਨ੍ਹਾਂ ਵਿੱਚੋਂ 20 ਮੁਸਾਫ਼ਰਾਂ ਨੂੰ ਉਤਰਨ ਦੀ ਆਗਿਆ ਮਿਲ ਗਈ ਸੀ ਕਿਉਂਕਿ ਉਹ ਪਹਿਲਾਂ ਉਥੇ ਰਹਿ ਰਹੇ ਸਨ। ਇਨ੍ਹਾਂ ਤੋਂ ਬਿਨਾਂ ਡਾਕਟਰ ਰਘੂਨਾਥ ਸਿੰਘ ਅਤੇ ਉਸਦੇ ਪਰਿਵਾਰ ਨੂੰ ਵੀ ਕੈਨੇਡਾ ਵਿਚ ਰਹਿਣ ਦੀ ਆਗਿਆ ਮਿਲ ਗਈ ਸੀ। ਇਹ ਵੀ ਖ਼ਿਆਲ ਕੀਤਾ ਜਾਂਦਾ ਹੈ ਕਿ ਕੁਝ ਮੁਸਾਫ਼ਰ ਯੋਕੋਹਾਮਾ ਵਿਖੇ ਉਤਰ ਗਏ ਸਨ। ਦੋ ਮੁਸਾਫ਼ਰ ਹਰਨਾਮ ਸਿੰਘ ਕਾਹੂਟਾ ਅਤੇ ਬੀਰ ਸਿੰਘ ਬੜਿੰਗ ਹੋਰ ਪੰਜਾਬੀ ਵੀਰਾਂ ਨੂੰ ਗ਼ਦਰ ਲਹਿਰ ਵਿਚ ਸ਼ਾਮਲ ਹੋਣ ਲਈ ਪ੍ਰੇਰਨਾ ਕਰਨ ਲਈ ਉਤਰ ਗਏ। ਵੈਨਕੂਵਰ ਤੋਂ ਕੁਲ 352 ਮੁਸਾਫ਼ਰ ਸਨ, ਜਿਨ੍ਹਾਂ ਨੂੰ ਵਾਪਸ ਮੋੜਿਆ ਗਿਆ ਪਰ ਜਦੋਂ ਮੁਸਾਫ਼ਰ ਬਜ ਬਜ ਪਹੁੰਚੇ ਤਾਂ ਮੁਸਾਫ਼ਰ 321 ਜਾਂ 330 ਸਨ। ਇਹ ਗਿਣਤੀ ਠੀਕ ਨਹੀਂ ਜਾਪਦੀ ਭਾਵ ਅਸਲੀਅਤ ਨਹੀਂ ਹੈ। ਕੋਬੇ ਤੋਂ 2 ਹੋਰ ਮੁਸਾਫ਼ਰ ਜਵਾਹਰ ਮਲ ਤੇ ਉਸਦਾ ਭਰਾ ਨਰੈਣਦਾਸ ਵੀ ਚੜ੍ਹੇ ਸਨ।[67]

29 ਸਤੰਬਰ ਬਾਅਦ ਦੁਪਹਿਰ ਦੇ 2 ਵੱਜ ਚੁੱਕੇ ਸਨ, ਜਦੋਂ ਸਾਰੇ ਮੁਸਾਫ਼ਰ ਜਹਾਜ਼ ਤੋਂ ਬਾਹਰ ਆ ਗਏ, ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਇਕ ਉੱਚੀ ਥਾਂ 'ਤੇ ਟਿਕਾ ਦਿੱਤਾ ਅਤੇ ਆਪ ਇਸਦੇ ਆਲੇ-ਦੁਆਲੇ ਬੈਠ ਗਏ।

ਪੁਲਿਸ ਅਤੇ ਅੰਗਰੇਜ਼ ਅਫ਼ਸਰ ਗੁੱਸੇ ਨਾਲ ਮੁਸਾਫ਼ਰਾਂ ਦੀਆਂ ਹਰਕਤਾਂ ਨੂੰ ਦੇਖ ਰਹੇ ਸਨ ਪਰ ਉਨ੍ਹਾਂ ਨੇ ਕੁਝ ਨਾ ਕਿਹਾ। ਥੋੜੇ ਚਿਰ ਬਾਅਦ ਇਕ ਅੰਗਰੇਜ਼ ਅਫ਼ਸਰ ਨੇ ਉਨ੍ਹਾਂ ਨੂੰ ਕਿਹਾ ਕਿ ਛੇਤੀ ਉਠੋ ਅਤੇ ਰੇਲ ਗੱਡੀ ਵਿਚ ਬੈਠੋ। ਗੁਰਦਿਤ ਸਿੰਘ ਨੇ ਖੜੇ ਹੋ ਕੇ ਅਫ਼ਸਰ ਅੱਗੇ ਤਰਲਾ ਕੀਤਾ ਕਿ ਉਹ ਉਨ੍ਹਾਂ 'ਤੇ ਤਰਸ ਕਰੇ ਕਿਉਂਕਿ ਉਹ ਥੱਕੇ ਟੁੱਟੇ ਹੋਏ ਨਿਆਸਰੇ ਹਨ। ਅਫ਼ਸਰ ਨੇ ਗੁਰਦਿਤ ਸਿੰਘ ਨੂੰ ਪੁੱਛਿਆ ਕਿ ਉਹ ਉਸ ਪਾਸੋਂ ਕੀ ਚਾਹੁੰਦਾ ਹੈ ? ਗੁਰਦਿਤ ਸਿੰਘ ਨੇ ਉੱਤਰ ਦਿੱਤਾ ਕਿ ਉਹ ਕਲਕੱਤੇ ਨੂੰ ਜਾਣਾ ਚਾਹੁੰਦੇ ਹਨ, ਜਿਥੇ ਉਹ ਗੁਰਦੁਆਰਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਰੱਖ ਦੇਣਗੇ। ਉਪਰੰਤ ਉਹ ਕਾਮਾਗਾਟਾਮਾਰੂ ਦੇ ਮਾਲਕ ਨਾਲ ਹਿਸਾਬ-ਕਿਤਾਬ ਕਰਨਾ ਚਾਹੁੰਦਾ ਹੈ ਅਤੇ ਮੁਸਾਫ਼ਰ ਵੀ ਕੰਮ-ਕਾਰ ਦੀ ਭਾਲ ਕਰਨ ਲਈ ਉਥੇ ਰਹਿਣਾ ਚਾਹੁੰਦੇ ਹਨ ਤਾਂ ਜੋ ਉਹ ਕਮਾਈ ਕਰ ਕੇ ਆਪਣੇ ਕਰਜ਼ੇ ਉਤਾਰ ਸਕਣ। ਗੁਰਦਿਤ ਸਿੰਘ ਨੇ ਇਕ ਵਕੀਲ ਕਰਨ ਦੀ ਇੱਛਾ ਪ੍ਰਗਟਾਈ ਤਾਂ ਜੋ ਜਹਾਜ਼ ਦੇ ਪੇਪਰ ਅਤੇ ਸਾਮਾਨ ਸੰਬੰਧੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਹ ਸਭ ਕੁਝ ਲਈ ਉਸਨੂੰ ਕਲਕੱਤੇ ਵਿਚ ਇਕ ਹਫ਼ਤਾ ਠਹਿਰਨਾ ਪਵੇਗਾ।[68]

---

66. Home (Political) (A), March 1914, Proceedings No. 214-229.
op.cit., Saihnsra, Gurcharan Singh, *Ghadar Party da Itihas*, Vol. I, Jalandhar, Desh Bhagat Yadgar Committee, 1969, p. 152.
67. Gurdit Singh, *The Voyage of the Kamagatamaru*, *Part II*, pp. 41-44.
68. Josh, Sohan Singh, *Kamagatamaru da Dukhant*, Chandigarh, Punjab Book Centre, 1976, p. 100.

ਅੰਗਰੇਜ਼ ਅਫ਼ਸਰ ਨੇ ਮੁਸਾਫ਼ਰਾਂ ਨੂੰ ਕਲਕੱਤਾ ਜਾਣ ਦੀ ਆਗਿਆ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ, ਸਗੋਂ ਉਸਨੇ ਗੁੱਸੇ ਨਾਲ ਭਰੇ ਹੋਏ ਨੇ ਸਭ ਨੂੰ ਰੇਲ ਗੱਡੀ 'ਤੇ ਚੜ੍ਹਨ ਲਈ ਆਖਿਆ। ਗੁਰਦਿਤ ਸਿੰਘ ਨੇ ਅਫ਼ਸਰ ਨੂੰ ਦੱਸਿਆ ਕਿ ਉਨ੍ਹਾਂ ਦੀ ਜਹਾਜ਼ ਵਾਲੀ ਕਮੇਟੀ ਨੇ ਫ਼ੈਸਲਾ ਕੀਤਾ ਹੈ ਕਿ ਉਹ ਗੱਡੀ ਨਹੀਂ ਚੜ੍ਹਨਗੇ ਅਤੇ ਉਹ ਜਿਥੇ ਵੀ ਹਨ, ਉਥੇ ਹੀ ਰਹਿਣਗੇ। ਉਪਰੰਤ ਗੁਰਦਿਤ ਸਿੰਘ ਨੇ ਉਸਨੂੰ ਇਹ ਵੀ ਆਖਿਆ ਕਿ ਉਹ ਸਾਨੂੰ ਵਰੰਟ ਦਿਖਾਵੇ, ਨਹੀਂ ਤਾਂ ਉਹ ਸਰਕਾਰੀ ਹੁਕਮ ਅਨੁਸਾਰ ਗੱਡੀ 'ਤੇ ਸਵਾਰ ਨਹੀਂ ਹੋਣਗੇ। ਇਕ ਘੰਟਾ ਅਫ਼ਸਰ ਨਾਲ ਚਰਚਾ ਕਰਨ ਪਿੱਛੋਂ ਮੁਸਾਫ਼ਰਾਂ ਨੇ ਕਲਕੱਤੇ ਵੱਲ ਜਾਣ ਲਈ ਜਲੂਸ ਦੀ ਸ਼ਕਲ ਅਖ਼ਤਿਆਰ ਕਰ ਲਈ। ਜਦੋਂ ਮੁਸਾਫ਼ਰ ਕਲਕੱਤੇ ਵੱਲ ਨੂੰ ਤੁਰਨ ਲੱਗੇ ਤਾਂ ਜ਼ਿਲ੍ਹਾ ਸ਼ਾਹਪੁਰ ਦੇ 17 ਮੁਸਲਮਾਨ ਅਤੇ 42 ਹੋਰ ਮੁਸਾਫ਼ਰ ਗੱਡੀ 'ਤੇ ਸਵਾਰ ਹੋਣ ਲਈ ਮੰਨ ਗਏ।[69]

ਜਲੂਸ ਦੀ ਸ਼ਕਲ ਵਿਚ ਜਦੋਂ ਮੁਸਾਫ਼ਰ ਤੁਰਨ ਲੱਗੇ ਤਾਂ ਅੰਗਰੇਜ਼ ਅਫ਼ਸਰ ਨੇ ਅੱਗੇ ਹੋ ਕੇ ਆਪਣਾ ਪਿਸਤੌਲ ਦਿਖਾਇਆ। ਫਿਰ ਦੋ ਮੁਸਾਫ਼ਰ ਇੰਦਰ ਸਿੰਘ ਤੇ ਅਮਰ ਸਿੰਘ ਅੱਗੇ ਹੋਏ ਅਤੇ ਛਾਤੀਆਂ ਕੱਢ ਕੇ ਅਫ਼ਸਰ ਨੂੰ ਆਖਿਆ ਕਿ ਉਹ ਗੋਲੀ ਮਾਰ ਲਵੇ। ਉਸ ਸਮੇਂ ਪੁਲਿਸ ਦੇ 27 ਆਦਮੀ ਪੰਜਾਬ ਤੋਂ ਸਨ। ਇਹ ਪੁਲਿਸ ਵਾਲੇ ਜਲੂਸ ਦੇ ਨਾਲ ਨਾਲ ਤੁਰ ਰਹੇ ਸਨ, ਪਰ ਉਹ ਸ਼ਾਂਤ ਹੀ ਰਹੇ ਅਤੇ ਕੋਈ ਵੱਧ ਘੱਟ ਗੱਲ ਨਹੀਂ ਹੋਈ। ਹਾਲਾਂ ਜਲੂਸ ਮੁਸ਼ਕਲ ਨਾਲ ਤਿੰਨ ਕੁ ਮੀਲ ਹੀ ਗਿਆ ਸੀ, ਜਦੋਂ ਚਾਰ ਜਾਂ ਪੰਜ ਹੋਰ ਅੰਗਰੇਜ਼ ਅਫ਼ਸਰ ਪਹੁੰਚ ਗਏ ਅਤੇ ਉਨ੍ਹਾਂ ਨੇ ਆਪਣੀਆਂ ਗੰਨਾਂ ਲੋਡ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਨੇ ਮੁਸਾਫ਼ਰਾਂ ਨੂੰ ਰੋਕਣ ਦਾ ਜਤਨ ਕੀਤਾ ਪਰ ਸਫਲ ਨਾ ਹੋਏ ਅਤੇ ਮੁਸਾਫ਼ਰਾਂ ਨੇ ਇਕ ਮੀਲ ਹੋਰ ਤਹਿ ਕਰ ਲਿਆ। ਫਿਰ ਇਕ ਕਾਰ ਵਿਚ ਹੋਰ ਅਫ਼ਸਰ ਪਹੁੰਚ ਗਏ। ਇਕ ਅਫ਼ਸਰ ਨੇ ਗੁਰਦਿਤ ਸਿੰਘ ਨਾਲ ਗੱਲਬਾਤ ਕੀਤੀ :

ਅਫ਼ਸਰ : ਤੁਸੀਂ ਲੋਕ ਕਿਥੇ ਜਾ ਰਹੇ ਹੋ ?

ਗੁਰਦਿਤ ਸਿੰਘ : ਅਸੀਂ ਕਲਕੱਤੇ ਨੂੰ ਜਾ ਰਹੇ ਹਾਂ।

ਅਫ਼ਸਰ : ਤੁਸੀਂ ਕਲਕੱਤੇ ਜਾ ਕੇ ਕੀ ਕਰਨਾ ਹੈ ?

ਗੁਰਦਿਤ ਸਿੰਘ : ਪਹਿਲਾਂ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਗੁਰਦੁਆਰਾ ਸਾਹਿਬ ਵਿਖੇ ਪਹੁੰਚਾਣਾ ਹੈ, ਫਿਰ ਅਸੀਂ ਗਵਰਨਰ ਨਾਲ ਗੱਲਬਾਤ ਕਰਨੀ ਹੈ ਅਤੇ ਅਸੀਂ ਉਸ ਪਾਸ ਆਪਣੇ ਦੁਖ ਪ੍ਰਗਟ ਕਰਨੇ ਹਨ।

ਅਫ਼ਸਰ : ਗਵਰਨਰ ਨੇ ਮੈਨੂੰ ਤੁਹਾਡੇ ਪਾਸ ਤੁਹਾਡੀਆਂ ਸ਼ਕਾਇਤਾਂ ਸੁਣਨ ਲਈ ਭੇਜਿਆ ਹੈ। ਮੈਂ ਉਸਦਾ ਏਜੰਟ ਹਾਂ।

---

69. Committee of Enquiry Report, *The Gazette of India*, Jan. 14, 1915, pp. 18-19. Also see, Saihnsra, Gurcharan Singh, *Ghadar Party da Itihas, Part I*, p. 157.

ਗੁਰਦਿਤ ਸਿੰਘ : ਜੇ ਇਹੀ ਗੱਲ ਹੈ ਤਾਂ ਮੈਂ ਆਪਣੀਆਂ ਦੁੱਖਾਂ ਭਰੀ ਦਾਸਤਾਨ ਅਤੇ ਸਾਡੇ ਨਾਲ ਹੋਈ ਬੇ-ਇਨਸਾਫ਼ੀ ਬਾਰੇ ਦੱਸਾਂਗਾ।

ਅਫ਼ਸਰ : ਪਰ ਇਥੇ ਨਹੀਂ, ਮੇਰੇ ਨਾਲ ਬਜ ਬਜ ਘਾਟ 'ਤੇ ਪਿੱਛੇ ਚਲੋ ਅਤੇ ਮੈਂ ਤੁਹਾਡੀਆਂ ਸਾਰੀਆਂ ਗੱਲਾਂ ਸੁਣਾਂਗਾ।[70]

ਜਿਸ ਅਫ਼ਸਰ ਨੇ ਉਪਰੋਕਤ ਵਾਰਤਾਲਾਪ ਕੀਤੀ, ਉਸਦਾ ਨਾਂ ਕੋਮਿੰਗ ਸੀ ਜੋ ਬੰਗਾਲ ਸਰਕਾਰ ਦਾ ਮੁੱਖ ਸਕੱਤਰ ਸੀ। ਉਸ ਦੇ ਨਾਲ ਹੀ ਕੈਪਟਨ ਮੂਰ ਵੀ ਪਹੁੰਚ ਗਿਆ, ਜਿਸ ਨਾਲ ਰੋਇਲ ਫ਼ੁਸੀਲੀਅਰਜ਼ ਦੇ 150 ਫ਼ੌਜੀ ਵੀ ਸਨ। ਤਕਰੀਬਨ 30 ਕੁ ਅੰਗਰੇਜ਼ ਸਿਪਾਹੀ ਵੀ ਬਜ ਬਜ ਵੱਲ ਨੂੰ ਜਾ ਰਹੇ ਸਨ। ਮਿਸਟਰ ਕੋਮਿੰਗ ਸਮੂਹ ਮੁਸਾਫ਼ਰਾਂ ਨੂੰ ਬਜ ਬਜ 'ਤੇ ਜਾਣ ਲਈ ਪ੍ਰੇਰ ਰਿਹਾ ਸੀ, ਪਰ ਮੁਸਾਫ਼ਰ ਬਹੁਤ ਹੀ ਥੱਕੇ ਹੋਏ ਸਨ ਅਤੇ ਕਲਕੱਤਾ ਅਜੇ ਦੂਰ ਸੀ। ਫ਼ੌਜੀ ਤੇ ਪੁਲਿਸ ਨੇ ਮੁਸਾਫ਼ਰਾਂ ਦੇ ਜਲੂਸ ਨੂੰ ਬਜ ਬਜ ਵੱਲ ਤੋਰ ਲਿਆ। ਵਾਪਸ ਜਾਣ ਸਮੇਂ ਕੁਝ ਮੁਸਾਫ਼ਰ ਪਿਆਸੇ ਸਨ ਤੇ ਉਨ੍ਹਾਂ ਨੇ ਦੁਕਾਨਾਂ ਤੋਂ ਪਾਣੀ ਪੀਣ ਦਾ ਜਤਨ ਕੀਤਾ ਪਰ ਪੁਲਿਸ ਨੇ ਉਨ੍ਹਾਂ ਨੂੰ ਪਾਣੀ ਪੀਣ ਤੋਂ ਵੀ ਰੋਕ ਦਿੱਤਾ। ਗੁਰਦਿਤ ਸਿੰਘ ਦਾ ਸੱਤ ਸਾਲ ਦਾ ਬੱਚਾ ਬਲਵੰਤ ਸਿੰਘ ਵੀ ਥੱਕਿਆ ਹੋਇਆ ਉਪਰੰਤ ਪਿਆਸਾ ਸੀ, ਉਸਨੂੰ ਵੀ ਜਲੂਸ ਦੇ ਨਾਲ ਹੀ ਤੁਰਨਾ ਪਿਆ। ਜਦੋਂ ਇਹ ਸਾਰੇ ਮੁਸਾਫ਼ਰ ਵਾਪਸ ਬਜ ਬਜ 'ਤੇ ਪਹੁੰਚੇ ਤਾਂ ਉਸ ਸਮੇਂ ਸ਼ਾਮ ਦੇ 6-30 ਜਾਂ 7-00 ਵੱਜ ਚੁੱਕੇ ਸਨ। ਮੁਸਾਫ਼ਰਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਨੂੰ ਇਕ ਸਾਫ਼ ਜਗ੍ਹਾ 'ਤੇ ਰੱਖਿਆ ਅਤੇ 'ਸੋਦਰੁ' ਦਾ ਪਾਠ ਕਰਨਾ ਆਰੰਭ ਦਿੱਤਾ।[71]

ਇਕ ਪੁਲਿਸ ਵਾਲੇ ਨੇ ਗੁਰਦਿਤ ਸਿੰਘ ਦੇ ਭੁਜੰਗੀ ਬਲਵੰਤ ਸਿੰਘ ਨੂੰ ਉਠਾ ਕੇ ਲੈ ਜਾਣ ਦਾ ਜਤਨ ਕੀਤਾ, ਬੱਚੇ ਨੇ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਤੇ ਰੋਣਾ ਸ਼ੁਰੂ ਕਰ ਦਿੱਤਾ, ਪੁਲਿਸ ਵਾਲੇ ਨੇ ਉਸਨੂੰ ਆਪਣੇ ਮੋਢਿਆਂ ਤੋਂ ਲਾਹ ਦਿੱਤਾ। ਇਸ ਤਰ੍ਹਾਂ ਜਾਪਦਾ ਹੈ ਕਿ ਪੁਲਿਸ ਵਾਲੇ ਗੁਰਦਿਤ ਸਿੰਘ ਨੂੰ ਵੱਖਰਾ ਕਰ ਦੇਣਾ ਚਾਹੁੰਦੇ ਸਨ ਤਾਂ ਜੋ ਉਸਨੂੰ ਗ੍ਰਿਫ਼ਤਾਰ ਕੀਤਾ ਜਾ ਸਕੇ। ਗੁਰਦਿਤ ਸਿੰਘ ਪੁਲਿਸ ਵਾਲਿਆਂ ਦੀ ਭਾਵਨਾ ਨੂੰ ਸਮਝਦਾ ਸੀ, ਤਾਹੀਓਂ ਉਹ ਚੌਕੰਨਾ ਹੀ ਰਿਹਾ। 'ਸੋਦਰੁ' ਦਾ ਪਾਠ ਤਕਰੀਬਨ ਸਮਾਪਤ ਹੋ ਗਿਆ ਸੀ, ਜਦੋਂ ਪੁਲਿਸ ਕਪਤਾਨ ਈਸਟਵੁੱਡ ਨੇ ਗੁਰਦਿਤ ਸਿੰਘ ਨੂੰ ਬਾਹਰ ਆਉਣ ਲਈ ਆਖਿਆ। ਉਸਨੇ ਕਿਹਾ ਕਿ ਪਾਠ ਦੀ ਸਮਾਪਤੀ ਪਿੱਛੋਂ ਉਹ ਆ ਜਾਵੇਗਾ। ਸਾਰੇ ਮੁਸਾਫ਼ਰ ਅਰਦਾਸ ਲਈ ਖੜ੍ਹੇ ਹੋ ਗਏ ਸਨ, ਉਸ ਸਮੇਂ ਹੀ ਈਸਟਵੁੱਡ ਨੇ ਇਕ ਪੁਲਿਸ ਦੇ ਆਦਮੀ ਤੋਂ ਸੋਟੀ

70. Jas, Jaswant Singh, *Baba Gurdit Singh*, Jalandhar, New Book Co., 1983, p. 106.
Also see,
Committee of Enquiry Report, p. 19.

71. Jas, Jaswant Singh, *op.cit.*, p. 107.

ਲਈ ਤੇ ਗੁਰਦਿਤ ਸਿੰਘ ਤਕ ਪਹੁੰਚਣ ਲਈ ਇਕੱਠ ਵਿਚ ਘੁਸੜਨ ਲੱਗਾ। ਮੁਸਾਫਰਾਂ ਨੇ ਈਸਟਵੁੱਡ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਅਰਦਾਸ ਕਰ ਲੈਣ ਦੇਵੇ ਪਰ ਉਸਨੇ ਕੋਈ ਪਰਵਾਹ ਨਹੀਂ ਕੀਤੀ। ਇਕ ਮੁਸਾਫ਼ਰ ਟਹਿਲ ਸਿੰਘ ਨੇ ਈਸਟਵੁੱਡ ਕੋਲੋਂ ਸੋਟੀ ਖੋਹ ਲਈ ਅਤੇ ਈਸਟਵੁੱਡ ਨੇ ਗ਼ੁੱਸੇ 'ਚ ਆ ਕੇ ਆਪਣਾ ਪਿਸਤੌਲ ਕੱਢਿਆ ਤੇ ਦੋ ਫ਼ਾਇਰ ਕਰ ਦਿੱਤੇ।[72]

ਜਾਰਜ ਮੈਕਮਨ ਨੇ ਆਪਣੀ ਪੁਸਤਕ ਵਿਚ ਲਿਖਿਆ ਕਿ ਖਿਚੋਤਾਣ ਦੌਰਾਨ ਇਕ ਫ਼ਾਇਰ ਕੀਤਾ ਗਿਆ ਅਤੇ ਇਹ ਆਮ ਫ਼ਾਇਰ ਖੋਹਲਣ ਦਾ ਇਸ਼ਾਰਾ ਸੀ।[73] ਗੁਰਦਿਤ ਸਿੰਘ ਨੇ ਆਪਣੀ ਜੀਵਨ ਕਥਾ ਵਿਚ ਲਿਖਿਆ ਹੈ ਕਿ ਪੁਲਿਸ ਵੱਲੋਂ ਗੋਲੀ ਚਲਾਉਣ ਪਿੱਛੋਂ ਉਥੇ ਭੱਜ-ਦੌੜ ਸ਼ੁਰੂ ਹੋ ਗਈ ਅਤੇ ਪੁਲਿਸ ਵੱਲੋਂ ਗੋਲੀ ਚਲਾਉਣ ਤੋਂ ਪਹਿਲਾਂ ਕੋਈ ਚਿਤਾਵਨੀ ਵੀ ਨਹੀਂ ਦਿੱਤੀ ਗਈ ਅਤੇ ਸ਼ਰੇਆਮ ਗੋਲੀਆਂ ਚੱਲਣੀਆਂ ਸ਼ੁਰੂ ਹੋ ਗਈਆਂ। ਈਸਟਵੁੱਡ ਵੱਲੋਂ ਦੋ ਫ਼ਾਇਰ ਕਰਨ ਪਿੱਛੋਂ ਪੁਲਿਸ ਵੱਲੋਂ ਅੰਧਾ-ਧੁੰਦ ਗੋਲੀ ਚਲਾਈ ਗਈ, ਜਿਸਦੇ ਫਲਸਰੂਪ ਬਹੁਤ ਮੁਸਾਫ਼ਰਾਂ ਦੀ ਮੌਤ ਹੋ ਗਈ। ਇਸ ਵਰ੍ਹਦੀਆਂ ਗੋਲੀਆਂ ਵਿਚ ਈਸਟਵੁੱਡ ਵੀ ਮਾਰਿਆ ਗਿਆ।[74]

15 ਅਕਤੂਬਰ, 1914 ਨੂੰ ਬ੍ਰਿਟਿਸ਼ ਭਾਰਤ ਦੀ ਸਰਕਾਰ ਨੇ ਇਸ ਦੁਖਾਂਤ ਵਾਪਰਨ ਦੇ ਕਾਰਨਾਂ ਨੂੰ ਜਾਨਣ ਲਈ ਇਕ ਪੜਤਾਲੀਆ ਕਮੇਟੀ ਬਣਾਈ। ਇਸ ਕਮੇਟੀ ਵਿਚ ਬੰਗਾਲ ਤੇ ਪੰਜਾਬ ਦੇ ਸੂਬਿਆਂ ਤੋਂ ਮੈਂਬਰ ਲਏ ਗਏ।

ਸਰ ਡਬਲਯੂ. ਵਿਨਸਿੰਟ, ਆਈ.ਸੀ.ਐਸ. (ਪ੍ਰਧਾਨ) ਮਹਾਰਾਜਾ ਸਰ ਬਿਜੇ ਚੰਦ ਮਹਿਤਾਬ, ਮਿਸਟਰ ਫਰੈਸਨ, ਆਈ.ਸੀ.ਐਸ. (ਪੰਜਾਬ) ਸਰਦਾਰ ਦਲਜੀਤ ਸਿੰਘ, ਸੀ.ਐਸ.ਆਈ, ਅਤੇ ਐਚ. ਵਾਲਮਸਲੇ, ਆਈ.ਸੀ.ਐਸ. (ਬੰਗਾਲ) ਮੈਂਬਰ ਸਨ। ਇਸ ਪੜਤਾਲੀਆ ਕਮੇਟੀ ਨੇ ਆਪਣੀ ਰਿਪੋਰਟ 3 ਦਸੰਬਰ, 1914 ਨੂੰ ਪੇਸ਼ ਕੀਤੀ।[75]

ਇਸ ਪੜਤਾਲੀਆ ਕਮੇਟੀ ਨੇ ਅਸਲ ਵਾਪਰੀਆਂ ਗੱਲਾਂ ਤੋਂ ਵਿਪਰੀਤ ਵਿਚਾਰ ਪ੍ਰਗਟਾਏ, ਵਿਸ਼ੇਸ਼ ਕਰਕੇ ਕਿ ਸਭ ਤੋਂ ਪਹਿਲਾਂ ਕਿਸ ਨੇ ਗੋਲੀ ਚਲਾਈ। ਇਸ ਰਿਪੋਰਟ ਵਿਚ ਲਿਖਿਆ ਗਿਆ ਕਿ ਜਦੋਂ ਪੁਲਿਸ ਕਪਤਾਨ ਈਸਟਵੁੱਡ ਮੁਸਾਫਰਾਂ ਦੇ ਇਕੱਠ ਵਿਚ ਘੁਸੜਿਆ ਤਾਂ ਮੁਸਾਫ਼ਰਾਂ ਨੇ ਪਹਿਲਾ ਫ਼ਾਇਰ ਕੀਤਾ। ਬਾਬਾ ਗੁਰਦਿਤ ਸਿੰਘ ਦੀ ਜੀਵਨੀ ਲਿਖਣ ਵਾਲੇ ਲਿਖਾਰੀ ਜਸਵੰਤ ਸਿੰਘ ਜਸ ਨੇ ਲਿਖਿਆ ਹੈ ਕਿ ਈਸਟਵੁੱਡ ਹੱਥ ਵਿਚ ਸੋਟੀ ਫੜ ਕੇ ਮੁਸਾਫ਼ਰਾਂ ਦੇ ਇਕੱਠ ਵਿਚ ਵੜਿਆ ਅਤੇ ਉਸਨੇ ਮੁਸਾਫਰਾਂ ਦੇ ਗੁੱਸੇ ਨਾਲ ਸੋਟੀਆਂ ਮਾਰੀਆਂ, ਜਿਸ ਨਾਲ ਮੁਸਾਫ਼ਰਾਂ ਅੰਦਰ ਰੋਹ ਪੈਦਾ

72. MacMunn, George, Sir, *Turmoil and Tragedy in India 1914 and After*, London, Jarrolds Publishers, 1935, pp. 94-95.
73. Gurdit Singh, *The Voyage of the Kamagatamaru*, Part II, *pp. 50-51*.
74. Committee of Enquiry, *The Gazette of India*, January 14, 1915, p. 2.
75. *Ibid.*
Also see,
Jas, Jaswant Singh, *op.cit.*, p. 107.

ਹੋ ਗਿਆ। ਰੋਹ ਨਾਲ ਭਰੇ ਟਹਿਲ ਸਿੰਘ ਨੇ ਈਸਟਵੁੱਡ ਪਾਸੋਂ ਸੋਟੀ ਖੋਹ ਲਈ ਅਤੇ ਈਸਟਵੁੱਡ ਨੇ ਸੋਟੀ ਖੁੱਸ ਜਾਣ 'ਤੇ ਪਿਸਤੌਲ ਕੱਢ ਕੇ ਫ਼ਾਇਰ ਕਰ ਦਿੱਤੇ। ਫਿਰ ਵੀ ਇਕ ਗੁੰਝਲ ਹੈ ਕਿ ਈਸਟਵੁੱਡ ਦੀ ਮੌਤ ਕਿਵੇਂ ਹੋਈ ? ਮਰਨ ਤੋਂ ਪਹਿਲਾਂ ਈਸਟਵੁੱਡ ਨੇ ਬਿਆਨ ਦਿੱਤਾ ਕਿ ਉਸਨੇ ਆਪਣੀ ਖੁੱਸੀ ਹੋਈ ਸੋਟੀ ਨੂੰ ਪ੍ਰਾਪਤ ਕਰਨ ਦਾ ਜਤਨ ਕੀਤਾ। ਇਸਦੇ ਵਿਰੁੱਧ ਪੜਤਾਲੀਆ ਕਮੇਟੀ ਨੇ ਆਪਣੀ ਰਿਪੋਰਟ ਵਿਚ ਲਿਖਿਆ ਹੈ ਕਿ ਉਹ ਮੁਸਾਫਰਾਂ ਦੇ ਇਕੱਠ ਵਿਚ ਗੁਰਦਿਤ ਸਿੰਘ ਨੂੰ ਬਾਹਰ ਆਉਣ ਲਈ ਅਵਾਜ਼ਾਂ ਮਾਰ ਰਿਹਾ ਸੀ ਤਾਂ ਜੋ ਉਹ ਬਾਹਰ ਨਿਕਲ ਆਵੇ।[76]

ਇਸ ਗੱਲ ਵਿਚ ਰਤੀ ਵੀ ਸ਼ੱਕ ਨਹੀਂ ਅਤੇ ਸਾਰੇ ਇਹੀ ਸੋਚਦੇ ਸਨ ਕਿ ਜਦੋਂ ਪੁਲਿਸ ਅਤੇ ਮੁਸਾਫ਼ਰ ਇਕ ਦੂਜੇ ਨਾਲ ਹੱਥੋ-ਪਾਈ ਹੋਏ ਤਾਂ ਉਥੇ ਹਫੜਾ-ਦਫੜੀ ਹੋ ਗਈ। ਇਹ ਵੀ ਸੱਚ ਹੈ ਕਿ ਇਹ ਹਾਲਤ ਈਸਟਵੁੱਡ ਵੱਲੋਂ ਲਾਠੀ ਮਾਰਨ ਅਤੇ ਮੁਸਾਫ਼ਰਾਂ ਦੀ ਬੇਇੱਜ਼ਤੀ ਕਰਨ ਕਰਕੇ ਪੈਦਾ ਹੋਈ। ਈਸਟਵੁੱਡ ਵੱਲੋਂ ਦਿੱਤੇ ਬਿਆਨ ਵਿਚ ਕੋਈ ਸੱਚ ਪ੍ਰਗਟ ਨਹੀਂ ਹੁੰਦਾ ਕਿਉਂਕਿ ਪੜਤਾਲੀਆ ਕਮੇਟੀ ਦੀ ਰਿਪੋਰਟ ਉਸਦੇ ਬਿਆਨ ਨਾਲ ਮੇਲ ਨਹੀਂ ਖਾਂਦੀ। ਈਸਟਵੁੱਡ ਮੁਸਾਫ਼ਰਾਂ ਦੇ ਘੇਰੇ ਵਿਚ ਆ ਗਿਆ ਸੀ, ਜਦੋਂ ਮੁਸਾਫ਼ਰਾਂ ਦਾ ਸਬਰ ਟੁੱਟ ਗਿਆ ਤਾਂ ਉਸ ਪਾਸੋਂ ਸੋਟੀ ਜਾਂ ਲਾਠੀ ਖੋਹ ਲਈ। ਹੁਣ ਸਵਾਲ ਉਠਦਾ ਹੈ ਕਿ ਈਸਟਵੁੱਡ ਆਪਣੀ ਲਾਠੀ ਵਾਪਸ ਲੈਣ ਲਈ ਹੀ ਮੁਸਾਫ਼ਰਾਂ ਵਿਚ ਘੁਸਿਆ ਸੀ, ਫਿਰ ਉਹ ਅਸਫਲ ਕਿਉਂ ਹੋਇਆ ? ਉਸਦੀ ਲਾਠੀ ਕੋਈ ਅਮੋਲ ਵਸਤੂ ਨਹੀਂ ਸੀ ਕਿ ਉਸਦੀ ਪ੍ਰਾਪਤੀ ਲਈ ਆਪਣੇ ਆਪ ਨੂੰ ਖ਼ਤਰੇ ਵਿਚ ਪਾਵੇ। ਪੜਤਾਲੀਆ ਕਮੇਟੀ ਨੇ ਲਿਖ ਦਿੱਤਾ ਕਿ ਸਾਰੀ ਹਫੜਾ-ਦਫੜੀ ਈਸਟਵੁੱਡ ਕਰਕੇ ਹੋਈ ਜਦੋਂ ਉਸਨੇ ਗੁਰਦਿਤ ਸਿੰਘ ਨੂੰ ਇਕੱਠ ਵਿੱਚੋਂ ਬਾਹਰ ਕੱਢਣ ਦਾ ਜਤਨ ਕੀਤਾ।

ਇਕ ਹੋਰ ਮੁਸਾਫ਼ਰ ਹੁਸ਼ਿਆਰ ਸਿੰਘ ਪਿੰਡ ਕੁਲਾਰ, ਜ਼ਿਲ੍ਹਾ ਲੁਧਿਆਣਾ ਨੇ ਇਕ ਖੋਜੀ ਵਿਦਿਆਰਥੀ ਨੂੰ ਦੱਸਿਆ ਕਿ ਪੁਲਿਸ ਕਪਤਾਨ ਜਾਂ ਅਫ਼ਸਰ ਨੇ ਹੀ ਪਹਿਲਾਂ ਫ਼ਾਇਰ ਕੀਤਾ ਪਰ ਉਸਨੂੰ ਇਹ ਨਹੀਂ ਪਤਾ ਕਿ ਈਸਟਵੁੱਡ ਦੀ ਮੌਤ ਕਿਵੇਂ ਹੋਈ।[77]

ਮਾਈਕਲ ਓ'ਡਵਾਇਰ ਨੇ ਵੀ ਸਪੱਸ਼ਟ ਲਿਖਿਆ ਹੈ ਕਿ ਉਸਨੇ ਵਿਸ਼ੇਸ਼ ਪੁਲਿਸ ਪੰਜਾਬ ਤੋਂ ਭੇਜੀ, ਜਿਸਦਾ ਮੁਖੀ ਅੰਗਰੇਜ਼ ਅਫ਼ਸਰ ਜੋ ਬਹੁਤ ਕਾਬਲ ਸੀ, ਨੂੰ ਨਾਲ ਭੇਜਿਆ। ਇਸ ਪੁਲਿਸ ਟੋਲੀ ਭੇਜਣ ਦਾ ਮੰਤਵ ਸਾਰੇ ਮੁਸਾਫ਼ਰਾਂ ਨੂੰ ਕਾਬੂ ਕਰਕੇ ਪੰਜਾਬ ਲਿਆਉਣਾ ਸੀ। ਅਸਲ ਯੋਜਨਾ ਸੀ ਕਿ ਕਾਮਾਗਾਟਾਮਾਰੂ ਦੇ ਸਮੂਹ ਮੁਸਾਫ਼ਰਾਂ ਨੂੰ 5 ਸਤੰਬਰ, 1914 ਦੇ ਵਿਸ਼ੇਸ਼ ਕਾਨੂੰਨ ਫਾਰਨਰਜ਼ ਆਰਡੀਨੈਂਸ ਐਂਡ ਦੀ ਇੰਗਰਸ ਆਰਡੀਨੈਂਸ ਅਧੀਨ ਗ੍ਰਿਫ਼ਤਾਰ ਕਰਨਾ ਸੀ। ਇਸ ਉਪਰੋਕਤ ਕਾਨੂੰਨ

76. Committee of Enquiry, Para 45, p. 28.
77. Interview of Hoshiara Singh of Village Kular with Kulwant Kular, Sept. 15, 1973.

ਦਾ ਮੁਖ ਮੰਤਵ ਨਾਰਥ ਅਮਰੀਕਾ ਅਤੇ ਹੋਰ ਮੁਲਕਾਂ ਦੇ ਗ਼ਦਰੀਆਂ ਨੂੰ ਕਾਬੂ ਕਰਨਾ ਸੀ।[78]

ਬਜ ਬਜ ਵਿਖੇ ਫ਼ੌਜ ਅਤੇ ਪੁਲਿਸ ਦੀ ਤਾਕਤ ਨਾਲ ਥੱਕੇ ਟੁੱਟੇ ਮੁਸਾਫ਼ਰਾਂ ਨੂੰ ਧੱਕੇ ਨਾਲ ਵਿਸ਼ੇਸ਼ ਰੇਲ 'ਤੇ ਸਵਾਰ ਹੋਣ ਲਈ ਕਿਹਾ ਗਿਆ। ਮੁਸਾਫ਼ਰ ਛੇ ਮਹੀਨੇ ਤੋਂ ਸਮੁੰਦਰ ਵਿਚ ਰਹੇ, ਮਾਨਸਕ ਤੌਰ 'ਤੇ ਦੁਖੀ ਸਨ, ਗੁੱਸੇ ਵਿਚ ਸਨ ਅਤੇ ਪੂਰੇ ਅੱਕੇ ਹੋਏ ਸਨ। ਸਰਕਾਰੀ ਰਿਪੋਰਟ ਅਨੁਸਾਰ ਦੋ ਜਾਂ ਤਿੰਨ ਪੁਲਿਸ ਵਾਲੇ ਪਿਸਤੌਲ ਦੀਆਂ ਗੋਲੀਆਂ ਨਾਲ ਮਰੇ। ਮਾਈਕਲ ਓ'ਡਵਾਇਰ ਨੇ ਆਪਣੀ ਪੁਸਤਕ *ਇੰਡੀਆ ਐਜ਼ ਆਈ ਨਿਊ ਇੱਟ* ਵਿਚ ਲਿਖਿਆ ਹੈ ਕਿ 18 ਸਿੱਖ ਮੁਸਾਫ਼ਰ ਮਾਰੇ ਗਏ ਅਤੇ ਦੋ ਜਾਂ ਤਿੰਨ ਪੁਲਿਸ ਦੇ ਸਿਪਾਹੀ ਵੀ ਮਾਰੇ ਗਏ ਸਨ।[79]

ਗੁਰਦਿਤ ਸਿੰਘ ਨੂੰ ਮੁਸਾਫ਼ਰਾਂ ਨੇ ਸੁਰੱਖਿਅਤ ਰੱਖਿਆ ਹੋਇਆ ਸੀ ਅਤੇ ਜਦੋਂ ਗੋਲੀ ਚੱਲਣੀ ਸ਼ੁਰੂ ਹੋ ਗਈ ਤਾਂ ਮੁਸਾਫ਼ਰਾਂ ਨੇ ਉਸ ਨੂੰ ਉਥੋਂ ਖਿਸਕ ਜਾਣ ਲਈ ਆਖਿਆ ਪਰ ਇਸ ਤਰ੍ਹਾਂ ਕਰਨ ਤੋਂ ਉਸਨੇ ਸੰਕੋਚ ਕੀਤਾ। ਆਖ਼ਰ ਦੋ ਆਦਮੀਆਂ ਨੇ ਉਸਨੂੰ (ਗੁਰਦਿਤ ਸਿੰਘ) ਉਠਾ ਕੇ ਮੋਢਿਆਂ 'ਤੇ ਬਿਠਾ ਲਿਆ ਅਤੇ ਲੈ ਕੇ ਦੌੜ ਗਏ। ਇਨ੍ਹਾਂ ਮੁਸਾਫ਼ਰਾਂ ਦਾ ਨਾਂ ਠਾਕਰ ਸਿੰਘ ਪਿੰਡ ਉਦੋਨੰਗਲ, ਜ਼ਿਲ੍ਹਾ ਅੰਮ੍ਰਿਤਸਰ, ਦੂਸਰਾ, ਦਰਬਾਰਾ ਸਿੰਘ, ਪਿੰਡ ਮਾਲਾਂ ਜ਼ਿਲ੍ਹਾ ਫ਼ੀਰੋਜ਼ਪੁਰ ਸਨ। ਇਨ੍ਹਾਂ ਦੋ ਮੁਸਾਫ਼ਰਾਂ ਦੀ ਮਦਦ ਨਾਲ ਗੁਰਦਿਤ ਸਿੰਘ ਉਥੋਂ ਅਲੋਪ ਹੋ ਗਏ। ਗੁਰਦਿਤ ਸਿੰਘ ਨੇ ਆਪਣੀ ਆਤਮ-ਕਥਾ ਵਿਚ ਲਿਖਿਆ ਹੈ ਕਿ ਪੁਲਿਸ ਤੇ ਫ਼ੌਜ ਵੱਲੋਂ ਸਵੇਰ ਦੇ ਤਿੰਨ ਵਜੇ ਤਕ ਗੋਲੀ ਚੱਲਦੀ ਰਹੀ।[80]

ਜਦੋਂ ਗੋਲੀ ਚੱਲਣੀ ਬੰਦ ਹੋਈ ਤਾਂ ਮ੍ਰਿਤਕ ਅਤੇ ਜ਼ਖ਼ਮੀ ਪੁਲਿਸ ਵਾਲਿਆਂ ਨੂੰ ਚੁੱਕਿਆ ਗਿਆ ਪਰ ਜ਼ਖ਼ਮੀ ਮੁਸਾਫ਼ਰ ਤੇ ਮ੍ਰਿਤਕ ਪ੍ਰਾਣੀਆਂ ਨੂੰ ਸਾਂਭਣ ਦਾ ਕੋਈ ਪ੍ਰਬੰਧ ਨਾ ਕੀਤਾ ਗਿਆ। ਉਸ ਰਾਤ 29 ਮੁਸਾਫ਼ਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਦੂਜੇ ਦਿਨ ਸਵੇਰੇ 17 ਲਾਸ਼ਾਂ ਮਿਲੀਆਂ, ਜਿਨ੍ਹਾਂ ਵਿਚ ਇਕ ਬੰਗਾਲੀ ਦੁਕਾਨਦਾਰ ਦੀ ਲਾਸ਼ ਸੀ, ਅਤੇ 11 ਹੋਰ ਲਾਸ਼ਾਂ ਦੁਕਾਨਾਂ ਦੇ ਨੇੜੇ ਅਤੇ ਇਕ ਛੱਪੜ ਨਜ਼ਦੀਕ ਮਿਲੀਆਂ। ਇਕ ਦਰਿਆ ਵਾਲੇ ਪਾਸੇ ਅਤੇ ਇਕ ਲਾਸ਼ ਦਰਿਆ ਦੇ ਕੰਢੇ ਤੋਂ ਮਿਲੀ। ਇਕ ਫੱਟੜ ਮੁਸਾਫ਼ਰ ਹਸਪਤਾਲ ਵਿਚ ਜਾ ਕੇ ਦਮ ਤੋੜ ਗਿਆ ਅਤੇ ਇਕ ਮੁਸਾਫ਼ਰ ਦੀ ਡੁੱਬ ਕੇ ਮੌਤ ਹੋ ਗਈ। ਕੁਲ 19 ਮੁਸਾਫ਼ਰ ਤੇ ਦੋ ਘਟਨਾ ਦੇਖਣ ਵਾਲੇ ਮੌਤ ਦੀ ਭੇਟ ਚੜ੍ਹੇ। 24 ਮੁਸਾਫ਼ਰ ਤੇ ਇਕ ਘਟਨਾ ਦੇਖਣ ਵਾਲਾ ਜ਼ਖ਼ਮੀ ਹੋਏ। ਦੂਜੇ

78. O'Dwyer, Michael, *India as I Knew it, 1885-1925*. London, Constable & Co., 1926, pp. 192-193.

79. O'Dwyer, Michael, *India as I Knew it, 1885-1925*. London, Constable & Co., 1926, p. 194.

80. Gurdit Singh, *The Voyage of the Kamagatamaru*, Part II, pp. 50-51. Also see,
Jas, Jaswant Singh, *Baba Gurdit Singh*, p. 108.

ਪਾਸੇ ਦੋ ਪੁਲਿਸ ਅਫ਼ਸਰ ਮਰੇ ਅਤੇ 11 ਅਫ਼ਸਰ ਜ਼ਖ਼ਮੀ ਹੋਏ। 11 ਅਫ਼ਸਰਾਂ ਵਿੱਚੋਂ ਛੇ ਅੰਗਰੇਜ਼ ਸਨ ਤੇ ਪੰਜ ਪੰਜਾਬੀ।[81]

ਪੜਤਾਲੀਆ ਕਮੇਟੀ ਨੇ ਆਪਣੀ ਰਿਪੋਰਟ ਵਿਚ ਮਰਨ ਵਾਲਿਆਂ ਅਤੇ ਜ਼ਖ਼ਮੀਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਦਿੱਤੀ:

ਗੋਲੀ ਚੱਲਣ ਨਾਲ ਦੋ ਯੂਰਪੀਅਨ (ਇਕ ਪੁਲਿਸ ਅਫ਼ਸਰ ਤੇ ਇਕ ਰੇਲਵੇ ਕਰਮਚਾਰੀ), ਦੋ ਪੰਜਾਬ ਪੁਲਿਸ ਦੇ ਅਫ਼ਸਰ, ਦੋ ਬਜ ਬਜ ਇਲਾਕੇ ਦੇ ਨਿਵਾਸੀ, 20 ਸਿੱਖ ਮਾਰੇ ਗਏ, ਛੇ ਯੂਰਪੀਨ ਅਤੇ ਪੰਜ ਪੰਜਾਬ ਦੇ ਪੁਲਿਸ ਅਫ਼ਸਰ, ਇਕ ਪੋਂਡੂ ਇਸ ਦੇ ਨਾਲ 22 ਸਿੱਖ ਅਤੇ ਮੁਸਲਮਾਨ ਮੁਸਾਫ਼ਰ ਫੱਟੜ ਹੋਏ। ਇਸ ਘਟਨਾ ਵਰਤ ਜਾਣ 'ਤੇ 211 ਮੁਸਾਫ਼ਰ ਗ੍ਰਿਫ਼ਤਾਰ ਕੀਤੇ ਗਏ ਅਤੇ 28 ਸਮੇਤ ਗੁਰਦਿਤ ਸਿੰਘ ਦੇ ਭੱਜ ਕੇ ਨਿਕਲਣ ਵਿਚ ਸਫਲ ਹੋਏ।[82]

ਭਗੌੜੇ ਮੁਸਾਫ਼ਰ ਅਤੇ ਫੱਟੜਾਂ ਨਾਲ ਪੁਲਿਸ ਤੇ ਫ਼ੌਜ ਨੇ ਬੇਰਹਿਮੀ ਦਿਖਾਈ ਭਾਵ ਉਨ੍ਹਾਂ ਨਾਲ ਬਹੁਤ ਜ਼ੁਲਮ ਕੀਤਾ। ਇਕ ਮੁਸਾਫ਼ਰ ਮੰਗਲ ਸਿੰਘ ਨੂੰ ਪੁਲਿਸ ਨੇ ਤਸੀਹੇ ਦਿੱਤੇ ਅਤੇ ਇਸ ਨੂੰ ਇਕ ਰੇਲਵੇ ਕਰਮਚਾਰੀ ਨੇ ਅੱਖੀਂ ਡਿੱਠਾ ਪਰ ਪੜਤਾਲੀਆ ਕਮੇਟੀ ਨੇ ਉਸਦੇ ਬਿਆਨ ਨੂੰ ਸੱਚ ਨਹੀਂ ਮੰਨਿਆ। ਰੇਲਵੇ ਦੇ ਕਰਮਚਾਰੀ ਅਨੁਸਾਰ ਪੁਲਿਸ ਵਾਲਿਆਂ ਨੇ ਮੰਗਲ ਸਿੰਘ ਨੂੰ ਸੰਗਲ ਨਾਲ ਇਕ ਬਿਜਲੀ ਦੇ ਖੰਭੇ ਨਾਲ ਨੂੜ ਦਿੱਤਾ। ਇਕ ਰੱਸੀ ਉਸਦੇ ਮੋਢਿਆਂ ਅਤੇ ਗਲ ਦੁਆਲੇ ਕੱਸ ਕੇ ਬੰਨ੍ਹੀ ਗਈ ਅਤੇ ਉਸਦੇ ਪੈਰ ਜ਼ਮੀਨ ਤੋਂ ਉੱਚੇ ਰੱਖੇ ਗਏ।[83] ਦੂਸਰੇ ਪਾਸੇ, ਪੜਤਾਲੀਆ ਕਮੇਟੀ ਨੇ ਉਸ 'ਤੇ ਯੂਰਪੀਅਨ ਅਫ਼ਸਰ ਉੱਤੇ ਹਮਲਾ ਕਰਨ ਦਾ ਦੋਸ਼ ਲਗਾਇਆ ਕਿ ਜਦੋਂ ਉਸਨੂੰ ਗ੍ਰਿਫ਼ਤਾਰ ਕਰਨ ਦਾ ਜਤਨ ਕੀਤਾ, ਉਸਨੇ ਹੱਥੋ-ਪਾਈ ਵੀ ਕੀਤੀ। ਕਮੇਟੀ ਨੇ ਇਕ ਹੋਰ ਕਹਾਣੀ ਵੀ ਘੜੀ ਕਿ ਉਸਨੂੰ ਬਾਂਸ ਦੇ ਢਾਂਗੇ ਨਾਲ ਬੰਨ੍ਹ ਕੇ ਸਟੇਸ਼ਨ 'ਤੇ ਲਿਜਾਇਆ ਗਿਆ, ਉਥੇ ਉਸਨੂੰ ਇਕ ਖੰਭੇ ਨਾਲ ਬੰਨ੍ਹਿਆ ਗਿਆ ਪਰ ਬਹੁਤ ਕੱਸ ਕੇ ਨਹੀਂ ਬੰਨ੍ਹਿਆ। ਭਾਵੇਂ ਕਮੇਟੀ ਨੇ ਰੇਲਵੇ ਕਰਮਚਾਰੀ ਦੀ ਗਵਾਹੀ ਨਹੀਂ ਮੰਨੀ ਪਰ ਘੱਟੋ-ਘੱਟ ਉਨ੍ਹਾਂ ਨੇ ਇਹ ਤਾਂ ਮੰਨਿਆ ਹੀ ਹੈ ਕਿ ਮੰਗਲ ਸਿੰਘ ਨਾਲ ਸਖ਼ਤੀ ਵਰਤੀ ਗਈ।[84]

ਮੇਰਾ ਖ਼ਿਆਲ ਹੈ ਕਿ ਪੜਤਾਲੀਆ ਕਮੇਟੀ ਪਾਸ ਕੋਈ ਪੱਕਾ ਸਬੂਤ ਨਹੀਂ ਸੀ ਕਿ ਮੁਸਾਫ਼ਰਾਂ ਕੋਲ ਹਥਿਆਰ ਸਨ ਕਿਉਂਕਿ ਉਨ੍ਹਾਂ ਨੇ ਇਹ ਮੰਨਿਆ ਸੀ ਕਿ

81. Petry and Slaicock,
 op.cit., Saibnsra, Gurcharan Singh, *Ghadar Party da Itihas*, Vol. I, pp. 158-159.
82. Committee of Enquiry, p. 2.
 Also see,
 Para 32, pp. 21-22.
 Para 52-53, pp. 32-33.
83. *Ibid.*, Para 52, p. 32.
84. Committee of Enquiry, p. 26.

ਮੁਸਾਫ਼ਰਾਂ ਵੱਲੋਂ ਹਥਿਆਰ ਆਦਿ ਖ਼ਰੀਦਣ ਦਾ ਕੋਈ ਸਬੂਤ ਨਹੀਂ ਮਿਲਿਆ।[85] ਇੰਡੀਆ ਦੇ ਵਾਇਸਰਾਏ ਨੇ ਆਪਣੇ ਵੱਲੋਂ ਸੈਕਟਰੀ ਆਫ਼ ਸਟੇਟ ਨੂੰ ਭੇਜੀ ਗੁਪਤ ਚਿੱਠੀ ਵਿਚ ਪ੍ਰਗਟ ਕੀਤਾ ਸੀ ਕਿ ਜਹਾਜ਼ ਵਿੱਚੋਂ ਕੋਈ ਵੀ ਨਜਾਇਜ਼ ਵਸਤੂ ਨਹੀਂ ਪ੍ਰਾਪਤ ਹੋਈ, ਅਤੇ ਹਥਿਆਰ ਅਤੇ ਪਿਸਤੌਲ ਬਾਰੇ ਕੋਈ ਹਵਾਲਾ ਵੀ ਨਹੀਂ।[86]

ਭਾਵੇਂ ਜਹਾਜ਼ ਦੀ ਦੋ ਵਾਰੀ ਤਲਾਸ਼ੀ ਹੋਈ ਪਰ ਕੋਈ ਖ਼ਤਰਨਾਕ ਜਾਂ ਨਜਾਇਜ਼ ਚੀਜ਼ ਪ੍ਰਾਪਤ ਨਹੀਂ ਹੋਈ। ਮੈਂ ਇਹ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਸਾਰਾ ਗ਼ਦਰ ਸਾਹਿਤ ਤੇ ਹਥਿਆਰਾਂ ਨੂੰ ਸਮੁੰਦਰ ਵਿਚ ਸੁੱਟ ਦਿੱਤਾ ਗਿਆ ਸੀ, ਜੇ ਕੋਈ ਹਥਿਆਰ ਜਾਂ ਹੋਰ ਵਸਤੂ ਪ੍ਰਾਪਤ ਹੁੰਦੀ ਤਾਂ ਉੱਚ ਅਧਿਕਾਰੀਆਂ ਨੇ ਬ੍ਰਿਟਿਸ਼ ਤੇ ਕੈਨੇਡਾ ਦੇ ਉੱਚ ਅਧਿਕਾਰੀਆਂ ਨੂੰ ਭੇਜੇ ਗੁਪਤ ਪੱਤਰਾਂ ਵਿਚ ਜ਼ਰੂਰ ਵੇਰਵਾ ਦਿੱਤਾ ਹੁੰਦਾ।[87]

ਪੜਤਾਲੀਆ ਕਮੇਟੀ ਨੇ ਆਪਣੀ ਰਿਪੋਰਟ ਵਿਚ ਲਿਖਿਆ ਕਿ ਮੁਸਾਫ਼ਰਾਂ ਵੱਲੋਂ ਗੋਲੀ ਚਲਾਉਣ ਦੀ ਪਹਿਲ ਕੀਤੀ ਗਈ ਪਰ ਰਿਪੋਰਟ ਅੰਦਰ ਇਹ ਨਹੀਂ ਦੱਸਿਆ ਗਿਆ ਕਿ ਈਸਟਵੁੱਡ ਨੂੰ ਕਿਸ ਨੇ ਮਾਰਿਆ। ਬਸ, ਇਤਨਾ ਹੀ ਆਖ ਦਿੱਤਾ ਕਿ ਜਿਸਨੇ ਈਸਟਵੁੱਡ ਨੂੰ ਮਾਰਿਆ ਸੀ, ਉਹ ਬਾਅਦ ਵਿਚ ਆਪਣੇ ਆਪ ਹੀ ਮਰ ਗਿਆ ਸੀ।[88] ਇਸ ਗੱਲ ਵਿਚ ਰਤੀ ਭਰ ਵੀ ਸ਼ੱਕ ਨਹੀਂ ਕਿ ਬ੍ਰਿਟਿਸ਼ ਭਾਰਤੀ ਸਰਕਾਰ ਦੀ ਭਾਰਤੀ ਲੋਕਾਂ ਨਾਲ ਕੋਈ ਹਮਦਰਦੀ ਨਹੀਂ ਸੀ, ਭਾਵੇਂ ਉਹ ਭਾਰਤ ਵਿਚ ਸਨ ਜਾਂ ਵਿਦੇਸ਼ਾਂ ਵਿਚ, ਪਰ ਪਹਿਲੇ ਸੰਸਾਰ ਯੁੱਧ ਵਿਚ ਉਨ੍ਹਾਂ ਨੂੰ ਬ੍ਰਿਟਿਸ਼ ਸਾਮਰਾਜ ਬਚਾਉਣ ਲਈ ਭਾਰਤੀ ਲੋਕਾਂ ਦੀਆਂ ਸੇਵਾਵਾਂ ਦੀ ਅਤਿ ਲੋੜ ਸੀ। ਬ੍ਰਿਟਿਸ਼ ਭਾਰਤੀ ਸਰਕਾਰ ਵੱਲੋਂ ਸਮੂਹ ਵਿਤਕਰੇ ਭਰਪੂਰ ਕਾਨੂੰਨਾਂ ਨੂੰ ਪ੍ਰਵਾਨਗੀ ਦਿੱਤੀ ਗਈ, ਵਿਸ਼ੇਸ਼ ਕਰਕੇ ਲਗਾਤਾਰ ਸਫ਼ਰ ਨਾਲ ਕਾਨੂੰਨ ਜੋ ਕਿ ਭਾਰਤੀ ਲੋਕਾਂ ਲਈ ਹੀ ਬਣਾਇਆ ਗਿਆ ਸੀ।

ਹੁਣ ਮੁਸਾਫ਼ਰਾਂ ਦੇ ਕਤਲ ਨੂੰ ਠੀਕ ਸਾਬਤ ਕਰਨ ਲਈ, ਮੁਸਾਫ਼ਰਾਂ 'ਤੇ ਇਹ ਦੋਸ਼ ਮੜ੍ਹਿਆ ਗਿਆ ਕਿ ਉਨ੍ਹਾਂ ਵੱਲੋਂ ਹਿੰਸਾ ਦਾ ਰਾਹ ਅਖ਼ਤਿਆਰ ਕੀਤਾ ਗਿਆ ਸੀ। ਇਸ ਬਾਰੇ ਪਹਿਲਾਂ ਵੀ ਦੱਸਿਆ ਗਿਆ ਕਿ ਮੁਸਾਫ਼ਰਾਂ ਪਾਸ ਕਿਸੇ ਪ੍ਰਕਾਰ ਦਾ ਕੋਈ ਹਥਿਆਰ ਨਹੀਂ ਸੀ ਅਤੇ ਜੋ ਪੁਲਿਸ ਅਫ਼ਸਰ ਮਰੇ ਉਹ ਪੁਲਿਸ ਵੱਲੋਂ

85. Committee of Enquiry, p. 26.
86. Viceroy of India to the Secretary of State for India, Nov. 6, 1914, *Borden Papers*.
87. Jas, Jaswant Singh, *Baba Gurdit Singh*, pp. 96-97.
(Although Gurdit Singh told the passengers to throw the boxes in the ocean but instead throwing, they hung the same in the water tank. When they checked the boxes they found all the pistols rusty, therefore they threw all of them into the ocean).
88. Josh, Sohan Singh, *Kamagatamaru da Dukhant*, Chandigarh, Punjab Book Centre, 1976, pp. 116-117.

ਅੰਧਾ-ਧੁੰਦ ਗੋਲੀ ਚਲਾਉਣ ਕਾਰਨ ਮਾਰੇ ਗਏ। ਜੇ ਮੁਸਾਫ਼ਰਾਂ ਪਾਸ ਹਥਿਆਰ ਹੁੰਦੇ ਤਾਂ ਉਹ ਸਾਰੀ ਪੁਲਿਸ ਨੂੰ ਵੀ ਮਾਰ ਸਕਦੇ ਸਨ ਕਿਉਂਕਿ ਜ਼ਿਆਦਾ ਮੁਸਾਫ਼ਰ ਸਾਬਕਾ ਫ਼ੌਜੀ ਸਨ ਅਤੇ ਹਥਿਆਰ ਦੇ ਪ੍ਰਯੋਗ ਕਰਨ ਵਿਚ ਮਾਹਿਰ ਸਨ। ਬਜ ਬਜ ਦੇ ਸਥਾਨਕ ਲੋਕਾਂ ਵੱਲੋਂ ਵੀ ਇਹੀ ਬਿਆਨ ਦਿੱਤਾ ਗਿਆ ਕਿ ਫ਼ੌਜ ਨੇ ਮੁਸਾਫ਼ਰਾਂ ਉੱਤੇ ਗੋਲੀਆਂ ਚਲਾਉਣੀਆਂ ਸ਼ੁਰੂ ਕੀਤੀਆਂ। ਪੜਤਾਲੀਆ ਕਮੇਟੀ ਨੇ ਫ਼ੌਜ ਤੇ ਪੁਲਿਸ ਵੱਲੋਂ ਹੋਏ ਧੱਕੇ ਬਾਰੇ ਕੋਈ ਪਰਵਾਹ ਨਹੀਂ ਕੀਤੀ, ਬਸ ਇਹ ਆਖ ਦਿੱਤਾ ਕਿ ਉਨ੍ਹਾਂ ਨੂੰ ਕੈਨੇਡਾ ਦਾਖਲ ਹੋਣ ਤੋਂ ਇਨਕਾਰ ਹੋਣ ਕਾਰਨ ਉਹ ਹਮਦਰਦੀ ਤੇ ਦੁਖ ਜਾਹਿਰ ਕਰਦੇ ਹਨ।[89]

ਸਰਕਾਰ ਨੇ ਪੜਤਾਲੀਆ ਕਮੇਟੀ ਵਿਚ ਆਪਣੇ ਹੀ ਪੱਖੀ ਵਿਅਕਤੀਆਂ ਨੂੰ ਸ਼ਾਮਲ ਕੀਤਾ ਅਤੇ ਇਹ ਲੋਕ ਸਰਕਾਰੀ ਪਦਾਂ ਨਾਲ ਸਨਮਾਨਿਤ ਸਨ। ਵਾਸਤਵ ਵਿਚ ਕਮੇਟੀ ਦੀ ਭਾਵਨਾ ਕੋਈ ਨਿਰਪੱਖ ਪੜਤਾਲ ਜਾਂ ਜਾਂਚ ਨਹੀਂ ਸੀ। ਪੁਲਿਸ ਤੇ ਫ਼ੌਜ ਵੱਲੋਂ ਮੁਸਾਫ਼ਰਾਂ ਨਾਲ ਵਧੀਕੀ ਕਰਨ ਦਾ ਮੁਖ ਮੰਤਵ ਤਾਂ ਇਹੀ ਜਾਪਦਾ ਹੈ ਕਿ ਸਰਕਾਰ ਚਾਹੁੰਦੀ ਸੀ ਕਿ ਭਵਿੱਖਤ ਵਿਚ ਕੋਈ ਹੋਰ ਆਦਮੀ ਜਹਾਜ਼ ਖ਼ਰੀਦ ਕੇ ਜਾਂ ਕਿਰਾਏ 'ਤੇ ਲੈ ਕੇ ਅਜਿਹਾ ਜਤਨ ਨਾ ਕਰੇ। ਸਰਕਾਰ ਨੂੰ ਪਤਾ ਸੀ ਕਿ ਗੁਰਦਿਤ ਸਿੰਘ ਕੋਈ ਹੋਰ ਜਹਾਜ਼ ਖ਼ਰੀਦ ਕੇ ਜਾਂ ਕਿਰਾਏ 'ਤੇ ਲੈ ਕੇ ਦੁਬਾਰਾ ਕੈਨੇਡਾ ਸਰਕਾਰ ਵੱਲੋਂ ਵਿਤਕਰੇ ਭਰਪੂਰ ਇਮੀਗ੍ਰੇਸ਼ਨ ਕਾਨੂੰਨ ਨੂੰ ਚਣੌਤੀ ਦੇਵੇਗਾ। ਬ੍ਰਿਟਿਸ਼ ਇੰਡੀਆ ਦੀ ਸਰਕਾਰ ਨਹੀਂ ਚਾਹੁੰਦੀ ਸੀ ਕਿ ਭਾਰਤੀ ਲੋਕ ਕੈਨੇਡਾ ਜਾ ਕੇ ਵੱਸਣ ਕਿਉਂਕਿ ਕੈਨੇਡਾ ਦੇ ਰਾਜਨੀਤਕ ਨੇਤਾ ਕੈਨੇਡਾ ਨੂੰ ਸਿਰਫ਼ ਗੋਰੇ ਲੋਕਾਂ ਲਈ ਰਾਖਵਾਂ ਅਸਥਾਨ ਬਣਾਈ ਰੱਖਣਾ ਚਾਹੁੰਦੇ ਸਨ। ਗੁਰਦਿਤ ਸਿੰਘ ਤੇ ਮੁਸਾਫ਼ਰਾਂ ਨੇ ਜਿਥੇ ਬਹੁਤ ਧਨ ਖ਼ਰਚ ਕੀਤਾ, ਉਥੇ ਕੈਨੇਡਾ ਸਰਕਾਰ ਵੱਲੋਂ ਇਨ੍ਹਾਂ ਨੂੰ ਖ਼ੱਜਲ ਖ਼ੁਆਰ ਵੀ ਬਹੁਤ ਕੀਤਾ ਅਤੇ ਅਨੇਕਾਂ ਨੂੰ ਬ੍ਰਿਟਿਸ਼ ਭਾਰਤ ਦੀ ਸਰਕਾਰ ਨੇ ਗੋਲੀਆਂ ਨਾਲ ਕਤਲ ਕਰ ਦਿੱਤਾ। ਦੂਜੇ ਪਾਸੇ ਇਨ੍ਹਾਂ ਭਾਰਤੀ ਲੋਕਾਂ ਦੇ ਰਿਸ਼ਤੇਦਾਰ ਤੇ ਮਿੱਤਰ ਬਰਤਾਨਵੀ ਸਾਮਰਾਜ ਨੂੰ ਬਚਾਉਣ ਲਈ ਵਿਦੇਸ਼ਾਂ ਦੇ ਮੈਦਾਨ-ਇ-ਜੰਗ ਵਿਚ ਜੂਝ ਰਹੇ ਸਨ।

ਪੜਤਾਲੀਆ ਕਮੇਟੀ ਨੇ ਇਹ ਵੀ ਜਤਨ ਕੀਤਾ ਕਿ ਮਾਰੇ ਗਏ ਮੁਸਾਫ਼ਰਾਂ ਦੀ ਗਿਣਤੀ ਘੱਟ ਦੱਸੀ ਜਾਵੇ ਤਾਂ ਜੋ ਲੋਕ ਰੋਹ ਵਿਚ ਨਾ ਆ ਜਾਣ। ਬਰਤਾਨਵੀ ਸਰਕਾਰ ਨੂੰ ਸੰਸਾਰ ਯੁੱਧ ਛਿੜ ਜਾਣ ਕਾਰਨ ਫ਼ੌਜੀ ਭਰਤੀ ਲਈ ਜਵਾਨਾਂ ਦੀ ਲੋੜ ਸੀ ਤਾਂ ਜੋ ਸਾਮਰਾਜ ਦੀ ਰੱਖਿਆ ਕੀਤੀ ਜਾ ਸਕੇ। ਤਾਹੀਓਂ ਸਰਕਾਰ ਚਾਹੁੰਦੀ ਸੀ ਕਿ ਬਜ ਬਜ ਦੇ ਦੁਖਾਂਤ ਦੀ ਖ਼ਬਰ ਨੂੰ ਨਾ ਫੈਲਣ ਦਿੱਤਾ ਜਾਵੇ ਅਤੇ ਅਜਿਹੀ ਖ਼ਬਰ ਨੂੰ ਦਬਾਉਣ ਵਿਚ ਸਰਕਾਰ ਨੂੰ ਆਪਣਾ ਲਾਭ ਸੀ। ਇਸ ਤੋਂ ਉਪਰੰਤ ਸਰਕਾਰ ਇਨ੍ਹਾਂ ਮੁਸਾਫ਼ਰਾਂ ਨੂੰ ਇਸ ਲਈ ਵੀ ਕਾਬੂ ਕਰਨਾ ਚਾਹੁੰਦੀ ਸੀ ਕਿਉਂਕਿ ਇਨ੍ਹਾਂ ਵਿਚ ਕਈ ਗ਼ਦਰ ਲਹਿਰ ਵਿਚ ਕੁੱਦ ਪੈਣ ਲਈ ਤਿਆਰ ਸਨ ਅਤੇ ਗ਼ਦਰ ਨੇਤਾਵਾਂ ਦਾ ਮੇਲ ਹੋ ਜਾਣ ਕਾਰਨ

89. Committee of Enquiry, Para 43, p. 27.

ਪ੍ਰਭਾਵ ਪੈਣਾ ਅਵੱਸ਼ ਸੀ। ਮੁਸਾਫ਼ਰਾਂ ਨਾਲ ਅਣ-ਮਨੁੱਖੀ ਵਤੀਰਾ ਕਰਨਾ ਵੀ ਸਰਕਾਰ ਦਾ ਵਿਸ਼ੇਸ਼ ਮੰਤਵ ਸੀ ਕਿ ਇਹ ਮੁਸਾਫ਼ਰ ਗ਼ਦਰੀ ਬਣ ਜਾਣ ਤੋਂ ਸੰਕੋਚ ਕਰਨ। ਸਰਕਾਰ ਨੇ ਕਾਮਾਗਾਟਾਮਾਰੂ ਨੂੰ, ਨਾ ਹੀ ਹਾਂਗਕਾਂਗ ਦੀ ਬੰਦਰਗਾਹ 'ਤੇ ਜਾਣ ਦਿੱਤਾ ਅਤੇ ਨਾ ਹੀ ਸਿੰਘਾਪੁਰ ਦੀ ਬੰਦਰਗਾਹ ਦੇ ਨੇੜੇ ਢੁਕਣ ਦਿੱਤਾ, ਅਸਲ ਕਾਰਨ ਇਹੀ ਸੀ ਕਿ ਸਾਰੇ ਮੁਸਾਫ਼ਰਾਂ ਨੂੰ ਕਾਬੂ ਕਰਕੇ ਇਨ੍ਹਾਂ ਨੂੰ ਪੰਜਾਬ ਭੇਜ ਕੇ ਇਨ੍ਹਾਂ ਦੀਆਂ ਗਤੀਵਿਧੀਆਂ ਨੂੰ ਸੀਮਤ ਕਰਨਾ ਸੀ ਤਾਂ ਜੋ ਇਹ ਮੁਸਾਫ਼ਰ ਕੋਈ ਇਨਕਲਾਬੀ ਮਾਰਗ 'ਤੇ ਨਾ ਤੁਰ ਪੈਣ। ਇਹ ਵੀ ਬਹੁਤ ਵਧੀਕੀ ਸੀ ਕਿ ਧੱਕੇ, ਟੁੱਟੇ ਤੇ ਨਸਲੀ ਵਿਤਕਰੇ ਦੇ ਸ਼ਿਕਾਰ ਹੋਏ ਮੁਸਾਫ਼ਰਾਂ ਨੂੰ ਜਬਰੀ ਕਿਸੇ ਵਿਸ਼ੇਸ਼ ਰੇਲ ਗੱਡੀ ਵਿਚ ਬੈਠਣ ਲਈ ਆਖਣਾ ਅਤੇ ਉਨ੍ਹਾਂ ਵੱਲੋਂ ਇਸ ਤਰ੍ਹਾਂ ਨਾ ਕਰਨ 'ਤੇ ਸ਼ਰੇਆਮ ਗੋਲੀਆਂ ਦਾ ਨਿਸ਼ਾਨਾ ਬਣਾ ਦੇਣਾ—ਇਹ ਜ਼ੁਲਮ ਸੀ ਅਤੇ ਉਨ੍ਹਾਂ ਦੀ ਆਜ਼ਾਦੀ ਨੂੰ ਭੰਗ ਕਰਨਾ ਸੀ।

ਕੈਨੇਡਾ ਦੀ ਪੜਤਾਲੀਆ ਕਮੇਟੀ

ਜਦੋਂ ਮੰਤਰੀ ਬੂਰਿਲ ਨੇ ਕਾਮਾਗਾਟਾਮਾਰੂ ਦੀ ਸਮੱਸਿਆ ਨੂੰ ਸੁਲਝਾਉਣ ਲਈ ਜਤਨ ਆਰੰਭਿਆ ਸੀ ਤਾਂ ਉਸਨੇ ਸ਼ੋਰ ਕਮੇਟੀ ਨਾਲ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀਆਂ ਮਾਇਕ ਸੰਬੰਧੀ ਮੰਗਾਂ ਨੂੰ ਇਕ ਨਿਰਪੱਖ ਕਮਿਸ਼ਨ ਦੁਆਰਾ ਨਿਪਟਾਇਆ ਜਾਵੇਗਾ। ਫੈਡਰਲ ਸਰਕਾਰ ਦੇ ਇੰਟੀਰੀਅਰ ਦੇ ਐਕਟਿੰਗ ਮੰਤਰੀ ਵੱਲੋਂ 26 ਸਤੰਬਰ, 1914 ਨੂੰ ਵੈਨਕੂਵਰ ਆਈਲੈਂਡ ਦੇ ਐਚ.ਸੀ. ਕਲੌਂਗਸਟਨ ਨੂੰ ਵਿਸ਼ੇਸ਼ ਕਮਿਸ਼ਨਰ ਨਿਯੁਕਤ ਕੀਤਾ ਗਿਆ ਤਾਂ ਜੋ ਉਹ ਸਿੱਖਾਂ ਵੱਲੋਂ ਮਾਇਕ ਮੰਗਾਂ ਸੰਬੰਧੀ ਜਾਂਚ ਕਰੇ।[90] ਇਹ ਵਿਅਕਤੀ ਮਿਸਟਰ ਕਲੌਂਗਸਟਨ ਕਈ ਸਾਲ ਇੰਡੀਆ ਵਿਚ ਰਿਹਾ ਸੀ ਅਤੇ ਇਸਦੀ ਨਿਯੁਕਤੀ ਇਨਕੁਆਰੀ ਐਕਟ ਦੇ ਪਾਰਟ ਪਹਿਲੇ ਅਨੁਸਾਰ ਹੋਈ। ਇਸ ਨੇ ਪੂਰੀ ਜਾਂਚ ਕਰਕੇ ਸਾਰੀ ਰਿਪੋਰਟ ਗਵਰਨਰ ਜਨਰਲ ਨੂੰ ਪੇਸ਼ ਕਰਨੀ ਸੀ।[91]

ਮਿਸਟਰ ਕਲੌਂਗਸਟਨ ਨੇ ਇਸ ਜਾਂਚ ਪੜਤਾਲ ਨੂੰ 8 ਅਕਤੂਬਰ ਤੋਂ 5 ਨਵੰਬਰ, 1914 ਤਕ ਭਾਵ 29 ਦਿਨਾਂ ਵਿਚ ਮੁਕੰਮਲ ਕਰ ਦਿੱਤਾ।[92] ਡਾਕਟਰ ਰਘੂਨਾਥ ਸਿੰਘ, (ਜਿਸਨੇ ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਨੂੰ ਡੀਪੋਰਟ ਕਰਨ ਵਿਚ ਕੈਨੇਡਾ ਸਰਕਾਰ ਨੂੰ ਪੂਰਾ ਸਹਿਯੋਗ ਦਿੱਤਾ ਸੀ) ਨੇ ਇਸ ਜਾਂਚ-ਪੜਤਾਲ ਵਿਚ ਕਲੌਂਗਸਟਨ ਦੀ ਸਹਾਇਤਾ ਕੀਤੀ। ਭਾਵੇਂ ਬਾਹਰੀ ਤੌਰ 'ਤੇ ਉਸਨੂੰ ਦੋ-ਭਾਸ਼ੀਆ ਹੀ ਆਖਿਆ ਗਿਆ ਪਰ ਅਸਲ ਵਿਚ ਉਸਦਾ ਕੰਮ ਕੈਨੇਡਾ ਸਰਕਾਰ ਲਈ ਬਤੌਰ ਸੂਹੀਆ ਹੀ ਸੀ। ਸਰਕਾਰ ਨੇ ਉਸਨੂੰ ਕਲੌਂਗਸਟਨ ਦੀ ਸਹਾਇਤਾ ਕਰਨ ਬਦਲੇ 80 ਡਾਲਰ ਦਿੱਤੇ।[93]

---

90. Malcolm Reid to W.D. Scott, Sept. 29, 1914, Immigration Branch File No. 879545.
91. Immigration Branch Part 5, File No. 879545.
92. W.D. Scott to Deputy Minister, Feb. 18, 1915, *Governor General's Files.*
93. E. Black Robertson to W.D. Scott, Nov. 13, Immigration Branch, *Governor General's Files.*

ਕਾਮਾਗਾਟਾਮਾਰੂ ਦੇ ਸੰਬੰਧ ਵਿਚ ਕਲੌਂਗਸਟਨ ਦੀ ਜਾਂਚ ਨਿਰਪੱਖ ਨਹੀਂ ਸੀ। ਉਸਨੇ ਆਪਣੀ ਰਿਪੋਰਟ ਦੇ ਪਹਿਲੇ ਪਹਿਰੇ ਵਿਚ ਹੀ ਲਿਖ ਦਿੱਤਾ ਕਿ ਗੁਰਦਿਤ ਸਿੰਘ ਗ਼ੈਰ-ਅਸੂਲਾਂ ਵਾਲਾ ਆਦਮੀ ਸੀ। ਤੀਜੇ ਪਹਿਰੇ ਵਿਚ ਉਸਨੇ ਉਸ 'ਤੇ ਇਹ ਵੀ ਦੋਸ਼ ਲਗਾਇਆ ਕਿ ਉਹ ਆਪਣੇ ਆਪ ਨੂੰ ਇਕ ਅਮੀਰ ਵਿਅਕਤੀ ਦੱਸਦਾ ਸੀ ਤਾਂ ਜੋ ਲੋਕ ਉਸਦੇ ਮਗਰ ਲੱਗ ਜਾਣ। ਪਰ ਅਸਲ ਵਿਚ ਗੁਰਦਿਤ ਸਿੰਘ ਨੇ ਕਿਸੇ ਵੀ ਸਮੇਂ ਕਦੀ ਆਪਣੇ ਆਪ ਨੂੰ ਵੱਡਾ ਜਾਂ ਅਮੀਰ ਨਹੀਂ ਆਖਿਆ, ਭਾਵੇਂ ਉਹ ਮਲਾਇਆ ਦੇ ਅਮੀਰ ਭਾਰਤੀ ਲੋਕਾਂ ਵਿੱਚੋਂ ਇਕ ਸਫਲ ਠੇਕੇਦਾਰ ਸੀ। ਕਲੌਂਗਸਟਨ ਨੇ ਗੁਰਦਿਤ ਸਿੰਘ ਉਪਰ ਇਕ ਹੋਰ ਦੋਸ਼ ਮੜ੍ਹਿਆ ਕਿ ਉਸਨੇ ਮੁਸਾਫ਼ਰਾਂ ਨੂੰ ਆਖਿਆ ਸੀ ਕਿ ਕੈਨੇਡਾ ਦੀ ਸਰਕਾਰ ਵੱਲੋਂ ਭਰੋਸਾ ਦਿੱਤਾ ਹੋਇਆ ਹੈ ਕਿ ਸਾਰੇ ਭਾਰਤੀ ਲੋਕਾਂ ਨੂੰ ਕੈਨੇਡਾ ਦਾਖ਼ਲ ਹੋਣ ਦਿੱਤਾ ਜਾਵੇਗਾ। ਇਥੇ ਕਲੌਂਗਸਟਨ ਨਿਰਾ ਝੂਠ ਆਖਦਾ ਹੈ ਕਿਉਂਕਿ ਗੁਰਦਿਤ ਸਿੰਘ ਨੂੰ ਖ਼ੁਦ ਵੀ ਨਹੀਂ ਪਤਾ ਸੀ ਕਿ ਕੈਨੇਡਾ ਸਰਕਾਰ ਉਨ੍ਹਾਂ ਨੂੰ ਦਾਖ਼ਲ ਹੋਣ ਦੇਵੇਗੀ ਕਿ ਨਹੀਂ। ਤਾਹੀਓਂ ਇਸ ਬਾਰੇ ਜਾਨਣ ਲਈ ਉਸਨੇ ਇਕ ਕਾਨੂੰਨੀ ਫ਼ਰਮ ਤੋਂ (ਹਾਂਗਕਾਂਗ ਵਿਖੇ) ਪੁੱਛ-ਗਿੱਛ ਕੀਤੀ ਸੀ ਅਤੇ ਉਪਰੰਤ ਉਸਨੇ ਕਲੋਨੀਅਲ ਸੈਕਟਰੀ ਮਿਸਟਰ ਸੈਵਰਨ ਨਾਲ ਵੀ ਇਸ ਵਿਸ਼ੇ 'ਤੇ ਚਰਚਾ ਕੀਤੀ।[94]

ਅੱਗੋਂ ਮਿਸਟਰ ਸੈਵਰਨ ਨੇ ਇਮੀਗ੍ਰੇਸ਼ਨ ਸੰਬੰਧੀ ਪੂਰੀ ਜਾਣਕਾਰੀ ਲੈਣ ਲਈ ਕੈਨੇਡਾ ਦੇ ਗਵਰਨਰ ਜਨਰਲ ਨਾਲ ਸੰਪਰਕ ਕਰਨ ਦਾ ਜਤਨ ਕੀਤਾ, ਪਰ ਇਸ ਸੰਬੰਧ ਵਿਚ ਉਹ ਅਸਫਲ ਰਿਹਾ। ਕਲੌਂਗਸਟਨ ਨੇ ਇਸ ਗੱਲ ਨੂੰ ਅਣਗੌਲਿਆ ਹੀ ਰਹਿਣ ਦਿੱਤਾ ਕਿਉਂਕਿ ਉਸਦਾ ਜ਼ਿਆਦਾ ਧਿਆਨ ਗੁਰਦਿਤ ਸਿੰਘ ਦੇ ਦੋਸ਼ ਲੱਭਣ ਵਿਚ ਸੀ, ਜਿਵੇਂ ਇਹ ਵੀ ਕਿਹਾ ਗਿਆ ਕਿ ਗੁਰਦਿਤ ਸਿੰਘ ਨੇ ਮੁਸਾਫ਼ਰਾਂ ਨੂੰ ਘਟੀਆ ਪ੍ਰਕਾਰ ਦੀ ਰੋਟੀ ਦਿੱਤੀ, ਪਰ ਦੂਜੇ ਪਾਸੇ ਮੁਸਾਫ਼ਰਾਂ ਨੇ ਖਾਣੇ ਪ੍ਰਤੀ ਕੋਈ ਸ਼ਕਾਇਤ ਨਹੀਂ ਕੀਤੀ, ਸਗੋਂ ਉਨ੍ਹਾਂ ਨੇ ਕੈਨੇਡਾ ਸਰਕਾਰ ਵਿਰੁੱਧ ਦੋਸ਼ ਲਗਾਇਆ ਕਿ ਕਿਵੇਂ ਮੁਸਾਫ਼ਰਾਂ ਨੂੰ ਖ਼ੁਰਾਕ ਤੇ ਪਾਣੀ ਤੋਂ ਬਗ਼ੈਰ ਰੱਖਿਆ ਗਿਆ।

ਕਲੌਂਗਸਟਨ ਨੇ ਕਈ ਅਜਿਹੇ ਵਿਸ਼ੇ ਛੇੜੇ, ਜਿਨ੍ਹਾਂ ਦਾ ਕਾਮਾਗਾਟਾਮਾਰੂ ਨਾਲ ਕੋਈ ਸੰਬੰਧ ਜੁੜਦਾ ਹੀ ਨਹੀਂ ਸੀ, ਜਿਵੇਂ ਇਹ ਆਖਣਾ ਕਿ ਸਿੱਖ ਭਾਈਚਾਰਾ ਜਾਤ-ਪਾਤ ਵਿਚ ਵਿਸ਼ਵਾਸ ਰੱਖਦਾ ਹੈ। ਹਾਲਾਂਕਿ ਸਿੱਖ ਧਰਮ ਅੰਦਰ ਜਾਤ-ਪਾਤ ਜਾਂ ਰੰਗ ਨਸਲ ਦਾ ਕੋਈ ਭਿੰਨ-ਭੇਦ ਨਹੀਂ ਹੈ ਅਤੇ ਬ੍ਰਿਟਿਸ਼ ਕੋਲੰਬੀਆ ਵਿਚ ਸਮੂਹ ਭਾਈਚਾਰੇ ਅੰਦਰ ਜਾਤ-ਪਾਤ ਭਾਵਨਾ ਦਾ ਅਭਾਵ ਸੀ ਤੇ ਲੋਕਾਂ ਵਿਚ ਪਰਸਪਰ ਪਿਆਰ ਸੀ ਤੇ ਕੌਮੀ ਏਕਤਾ ਲਈ ਉਤਸ਼ਾਹ ਸੀ। ਜਿਵੇਂ ਗੁਰਦੁਆਰਾ ਸਾਹਿਬ ਸਿੱਖ ਧਰਮ ਨਾਲ ਸੰਬੰਧਤ ਸੀ, ਪਰ ਗੁਰਦੁਆਰਾ ਸਾਰੇ ਲੋਕਾਂ ਦਾ ਸਾਂਝਾ ਕੇਂਦਰੀ ਅਸਥਾਨ ਸੀ, ਜਿਥੇ ਹਿੰਦੂ ਮੁਸਲਮਾਨ ਤੇ ਸਿੱਖ ਰਲ ਕੇ ਬੈਠਦੇ ਅਥਵਾ ਕੌਮੀ ਹਿੱਤਾਂ ਸੰਬੰਧੀ ਵਿਚਾਰ-ਚਰਚਾ ਕਰਦੇ ਸਨ। ਹਸਨ ਰਹੀਮ (ਬਦਲਿਆ ਨਾਂ) ਤੇ ਤਰਕਨਾਥ ਹਿੰਦੂ ਸਨ, ਮੁਹੰਮਦ ਅਕਬਰ

94. Gurdit Singh, *The Voyage of the Kamagatamaru*, Part 1, pp. 20-21.

ਮੁਸਲਮਾਨ ਸੀ, ਪਰ ਸਾਰੇ ਇਕੱਠੇ ਲੰਗਰ ਛੱਕਦੇ ਸਨ। ਇਥੇ ਕਲੌਂਗਸਟਨ ਸਰਾਸਰ ਗਲਤ ਸੀ ਕਿ ਸਿੱਖਾਂ ਵਿਚ ਜਾਤ-ਪਾਤ ਦਾ ਵਿਤਕਰਾ ਸੀ, ਸਗੋਂ ਗੋਰੇ ਲੋਕ ਸਿੱਖਾਂ ਤੇ ਹੋਰ ਭਾਰਤੀਆਂ ਨਾਲ ਨਸਲੀ ਵਿਤਕਰਾ ਕਰਦੇ ਸਨ। ਕਲੌਂਗਸਟਨ ਦੀ ਨਿਯੁਕਤੀ ਮੰਤਰੀ ਵੱਲੋਂ ਸਿੱਖਾਂ ਦੀਆਂ ਮਾਇਕ ਮੰਗਾਂ ਦੇ ਸੰਬੰਧ ਵਿਚ ਨਿਪਟਾਰਾ ਕਰਨ ਲਈ ਕੀਤੀ ਗਈ ਸੀ, ਪਰ ਉਸਨੇ ਭਾਰਤੀ ਲੋਕਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਦੀ ਥਾਂ ਬੂਰਿਲ ਨੂੰ ਇਹ ਸੁਝਾਅ ਦਿੱਤਾ ਕਿ ਇਨ੍ਹਾਂ ਨੂੰ ਕੋਈ ਇਵਜ਼ਾਨਾ ਨਹੀਂ ਮਿਲਣਾ ਚਾਹੀਦਾ :

> "ਮੇਰਾ ਤਾਂ ਨਿਚੋੜ ਹੈ ਤੇ ਕਿਸੇ ਨੂੰ ਧੋਖਾ ਦੇਣ ਲਈ ਤਿਆਰ ਹਾਂ ਜੇ ਇਸਨੂੰ ਸਿਆਣਪ ਨਾਲ ਕੀਤਾ ਜਾਵੇ। ਜੇ ਇਹ ਲੋਕ ਇੰਡੀਆ ਵਿਚ ਹੁੰਦੇ ਤਾਂ ਇਨ੍ਹਾਂ ਨੇ ਜੇਲ੍ਹ ਵਿਚ ਹੋਣਾ ਸੀ। ਇਹ ਗ਼ਦਰੀ ਜਾਂ ਕੱਟੜ ਸਿੱਖ ਜੋ ਹੱਦ ਦੇ ਪਾਰ ਵਾਲਿਆਂ ਨਾਲ ਸਾਂਝ ਰੱਖਦੇ ਹਨ, ਇਹੋ ਜਿਹੇ ਲੋਕਾਂ ਨੂੰ ਕੋਈ ਇਵਜ਼ਾਨਾ ਦੇਣਾ, ਇਕ ਖ਼ਤਰਨਾਕ ਪ੍ਰੰਪਰਾ ਸਥਾਪਤ ਹੋਵੇਗੀ। ਸਿਆਣਪ ਤਾਂ ਇਸ ਗੱਲ ਵਿਚ ਹੈ ਕਿ ਇਨ੍ਹਾਂ ਨੂੰ ਆਪਣੀਆਂ ਮੁਸ਼ਕਲਾਂ ਆਪ ਹੀ ਹੱਲ ਕਰਨ ਦਿਉ। ਜੇ ਸੰਭਵ ਹੋਵੇ ਤਾਂ ਇਨ੍ਹਾਂ ਵਿਚ ਆਪਸੀ ਫੁੱਟ ਪੈਦਾ ਕਰੋ.....।"[95]

ਕਲੌਂਗਸਟਨ ਭਾਰਤੀ ਭਾਈਚਾਰੇ ਦੇ ਨੇਤਾਵਾਂ ਵੱਲੋਂ ਦਿੱਤੇ ਬਿਆਨਾਂ ਨਾਲ ਸਹਿਮਤ ਨਹੀਂ ਸੀ ਕਿ ਬੂਰਿਲ ਨੇ ਉਨ੍ਹਾਂ ਨਾਲ ਕੋਈ ਵਾਅਦਾ ਕੀਤਾ ਹੈ, ਸਿਵਾਏ ਉਨ੍ਹਾਂ ਨਾਲ ਹਮਦਰਦੀ ਪ੍ਰਗਟ ਕਰਨ ਤੋਂ। 8 ਅਪ੍ਰੈਲ, 1915 ਨੂੰ ਭਾਈਚਾਰੇ ਦੇ ਸਤ ਉੱਘੇ ਵਿਅਕਤੀਆਂ ਨੇ ਰੌਬਰਟ ਬੋਰਡਨ ਨੂੰ ਇਕ ਚਿੱਠੀ ਲਿਖੀ, ਜਿਸ ਵਿਚ ਪ੍ਰਧਾਨ ਮੰਤਰੀ ਨੂੰ ਯਾਦ ਕਰਾਇਆ ਗਿਆ ਕਿ ਬੂਰਿਲ ਨੇ ਉਨ੍ਹਾਂ ਨਾਲ ਵਾਅਦਾ ਕੀਤਾ ਸੀ ਕਿ ਉਨ੍ਹਾਂ ਸਮੂਹ ਕੀਤੇ ਖ਼ਰਚ ਦੀ ਰਕਮ ਸਰਕਾਰ ਵੱਲੋਂ ਤਿੰਨ ਮਹੀਨੇ ਦੇ ਅੰਦਰ ਅੰਦਰ ਵਾਪਸ ਕਰਾਈ ਜਾਵੇਗੀ ਜੇ ਉਹ ਜਹਾਜ਼ ਨੂੰ ਇਥੋਂ ਵਾਪਸ ਲੈ ਜਾਣ। ਨੇਤਾਵਾਂ ਨੇ ਪ੍ਰਧਾਨ ਮੰਤਰੀ ਨੂੰ ਉਨ੍ਹਾਂ ਦੀਆਂ ਮੰਗਾਂ 'ਤੇ ਗੌਰ ਕਰਨ ਲਈ ਤਰਲਾ ਕੀਤਾ।[96]

ਉਪਰੋਕਤ ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਤੋਂ ਤਾਂ ਇਹੀ ਜਾਪਦਾ ਹੈ ਕਿ ਜਦੋਂ ਸ਼ੋਰ ਕਮੇਟੀ ਨੇ ਜਹਾਜ਼ ਤੋਂ ਕੋਲਾ ਲਾਹ ਕੇ ਲੱਕੜ ਲੱਦਣੀ ਚਾਹੀ ਤਾਂ ਬੂਰਿਲ ਨੇ ਵਾਅਦੇ ਜ਼ਰੂਰ ਕੀਤੇ ਹੋਣਗੇ ਅਤੇ ਉਸ ਸਮੇਂ ਹੀ ਬੂਰਿਲ ਨੇ ਕਿਹਾ ਹੋਵੇਗਾ ਕਿ ਸਾਮਾਨ ਲਾਹੁਣ ਤੇ ਲੱਦਣ ਦਾ ਖ਼ਿਆਲ ਛੱਡ ਦਿਉ। ਕਲੌਂਗਸਟਨ ਜ਼ਿਆਦਾ ਤੌਰ 'ਤੇ ਸਰਕਾਰੀ ਸੂਹੀਆ ਬਾਬੂ ਸਿੰਘ ਤੇ ਡਾਕਟਰ ਰਘੂਨਾਥ ਸਿੰਘ ਦੀਆਂ ਗੱਲਾਂ 'ਤੇ ਵਿਸ਼ਵਾਸ ਕਰਦਾ ਸੀ। ਉਸਨੇ ਭਾਈ ਬਲਵੰਤ ਸਿੰਘ 'ਤੇ ਇਥੋਂ ਪੈਸੇ ਇਕੱਠੇ ਕਰਕੇ ਇੰਡੀਆ ਨੂੰ ਭੇਜਣ ਦਾ ਦੋਸ਼ ਵੀ ਲਗਾਇਆ ਅਤੇ ਉਨ੍ਹਾਂ ਪੈਸਿਆਂ ਨਾਲ ਉਥੇ

95. Clogstoun to Burrell, Feb. 16, 1915, *Governor General's Files.*
96. Members of the Shore Committee to R.L. Borden, *Borden Papers.*

ਜਾਇਦਾਦ ਬਣਾਈ ਸੀ। ਅਜਿਹੇ ਦੂਸ਼ਨ ਲਗਾਉਣ ਦਾ ਮੰਤਵ ਇਹੀ ਸੀ ਕਿ ਸਿੱਖ ਭਾਈਚਾਰਾ ਆਪਣੇ ਨੇਤਾਵਾਂ ਉੱਤੇ ਵਿਸ਼ਵਾਸ ਕਰਨੋਂ ਹੱਟ ਜਾਵੇ। ਭਾਈ ਬਲਵੰਤ ਸਿੰਘ ਇਕ ਸੱਚਾ ਸੁੱਚਾ ਇਨਸਾਨ ਸੀ, ਜਿਸਨੇ ਆਪਣੇ ਨਿੱਕੇ ਨਿੱਕੇ ਬੱਚੇ ਪਿੱਛੇ ਛੱਡ ਕੇ ਕੌਮੀ ਹਿੱਤਾਂ ਲਈ ਫਾਂਸੀ ਦਾ ਰੱਸਾ ਚੁੰਮਿਆ। ਅਸੀਂ ਇਹੀ ਆਖ ਸਕਦੇ ਹਾਂ ਕਿ ਕਲੌਗਸਟਨ ਦੀ ਜਾਂਚ-ਪੜਤਾਲ ਨਿਰਪੱਖ ਨਹੀਂ ਸੀ, ਸਗੋਂ ਉਸਨੇ ਕੈਨੇਡਾ ਸਰਕਾਰ ਨੂੰ ਸਲਾਹ ਦਿੱਤੀ ਕਿ ਭਾਰਤੀ ਭਾਈਚਾਰੇ ਨੂੰ ਖ਼ਤਮ ਹੀ ਕਰ ਦਿੱਤਾ ਜਾਵੇ।

ਸਰਕਾਰ ਨੂੰ ਇਕ ਵਕੀਲ ਨਿਯੁਕਤ ਕਰਨਾ ਚਾਹੀਦਾ ਹੈ, ਜੋ ਉਨ੍ਹਾਂ ਹਿੰਦੂਆਂ (ਭਾਰਤੀਆਂ) ਵੱਲੋਂ ਕੇਸ ਲੜੇ, ਜਿਨ੍ਹਾਂ ਨੇ ਕਾਮਾਗਾਟਾਮਾਰੂ ਲਈ ਸ਼ੋਰ ਕਮੇਟੀ ਨੂੰ ਪੈਸੇ ਦਿੱਤੇ ਹਨ ਤੇ ਉਨ੍ਹਾਂ ਨੂੰ ਆਪਣੇ ਪੈਸੇ ਵਾਪਸ ਲੈਣੇ ਚਾਹੀਦੇ ਹਨ। ਇਹ ਭਾਰਤੀ ਲੋਕਾਂ ਦੀ ਮਰਜ਼ੀ 'ਤੇ ਨਿਰਭਰ ਕਰੇਗਾ ਕਿ ਕੀ ਉਹ ਆਪਣੇ ਖ਼ਰਚ 'ਤੇ ਆਪਣੇ ਵਕੀਲਾਂ ਦੁਆਰਾ ਵਾਪਸ ਪੈਸੇ ਲੈਣ ਦਾ ਕੇਸ ਜਾਰੀ ਰੱਖਣ ਜਾਂ ਉਹ ਸਾਰੇ ਆਪਣੇ ਕੇਸ ਸਰਕਾਰ ਵੱਲੋਂ ਨਿਯੁਕਤ ਕੀਤੇ ਵਕੀਲ ਨੂੰ ਤਬਦੀਲ ਕਰ ਦੇਣ। ਇਹ ਅਦਾਲਤ ਫ਼ੈਸਲਾ ਕਰੇਗੀ ਕਿ ਕੀ ਕਮੇਟੀ ਪੈਸੇ ਦੇਣ ਵਾਲਿਆਂ ਪ੍ਰਤੀ ਜ਼ਿੰਮੇਵਾਰ ਹੈ ਜਾਂ ਨਹੀਂ.....।[97]

ਮਿਸਟਰ ਕੇ.ਜੇ. ਗਰਾਂਟ ਨੇ ਕਲੌਗਸਟਨ ਨੂੰ ਇਕ ਪੱਤਰ ਲਿਖਿਆ, ਜਿਸ ਵਿਚ ਉਸਨੇ ਦੱਸਿਆ ਕਿ ਬੇਲਾ ਸਿੰਘ ਨੂੰ ਕੈਦ ਹੋਣ ਨਾਲ ਭਾਈਚਾਰੇ ਅੰਦਰ ਕਿਸੇ ਪ੍ਰਕਾਰ ਦੀ ਕੋਈ ਸਮੱਸਿਆ ਨਹੀਂ ਹੈ। ਉਸਨੇ ਕਲੌਗਸਟਨ ਦੇ ਵਿਚਾਰਾਂ ਨਾਲ ਵੀ ਅਸਹਿਮਤੀ ਵਿਖਾਈ ਕਿ ਭਾਈਚਾਰੇ ਦੇ ਲੋਕਾਂ ਨੂੰ ਸ਼ੋਰ ਕਮੇਟੀ ਉੱਤੇ ਹਰਜਾਨੇ ਦਾ ਕੇਸ ਕਰਨ ਲਈ ਉਕਸਾਇਆ ਜਾਵੇ। ਉਸਨੇ ਸਰਕਾਰ ਦੇ ਉੱਚ ਅਸੂਲਾਂ 'ਤੇ ਰਹਿਣ ਨੂੰ ਯਾਦ ਕਰਾਇਆ, ਜੇ ਭਾਈਚਾਰੇ ਦੀਆਂ ਮਾਇਕ ਮੰਗਾਂ ਨੂੰ ਨਾ ਪੂਰਾ ਕੀਤਾ ਤਾਂ ਮੰਤਰੀ ਬੂਰਿਲ ਵੱਲੋਂ ਕੀਤੇ ਵਾਅਦੇ ਬੇਵਫ਼ਾਈ ਹੀ ਸਾਬਤ ਹੋਵੇਗੀ।[98]

ਬਲੈਕ ਰੋਬਰਟਸਨ ਜਾਂਚ ਰਿਪੋਰਟ ਨਾਲ ਤਾਂ ਸਹਿਮਤ ਸੀ ਪਰ ਕਲੌਗਸਟਨ ਵੱਲੋਂ ਦਿੱਤਾ ਵਿਚਾਰ ਕਿ ਭਾਈਚਾਰੇ ਦੇ ਲੋਕਾਂ ਨੂੰ ਸ਼ੋਰ ਕਮੇਟੀ ਵਿਰੁੱਧ ਭੜਕਾਇਆ ਜਾਵੇ, ਨਾਲ ਪੂਰੀ ਤਰ੍ਹਾਂ ਅਸਹਿਮਤ ਸੀ।[99]

"ਰਿਪੋਰਟ ਦੇ ਅੰਤ ਵਿਚ ਕਲੌਗਸਟਨ ਨੇ ਸੁਝਾਅ ਦਿੱਤਾ ਕਿ ਸ਼ੋਰ ਕਮੇਟੀ ਦੇ ਵਿਰੁੱਧ ਕਾਰਵਾਈ ਕਰਨੀ ਜ਼ਰੂਰੀ ਹੈ, ਨਾਲ ਹੀ ਹਮਦਰਦੀ ਪ੍ਰਗਟਾਈ ਜਾਵੇ, ਪਰ ਜੋ ਭਾਈਚਾਰੇ ਦੇ ਨੇਕ ਵਿਅਕਤੀ ਹਨ, ਉਨ੍ਹਾਂ ਨੂੰ ਮੱਦਦ ਦਿੱਤੀ ਜਾਵੇ।" ਕਲੌਗਸਟਨ ਨੇ ਇਹੀ ਨਿਚੋੜ ਕੱਢਿਆ ਕਿ ਸ਼ੋਰ ਕਮੇਟੀ ਦੇ ਮੈਂਬਰ ਇਨਕਲਾਬੀ ਤੇ ਗ਼ਦਰੀ ਹਨ ਅਤੇ ਉਹ ਕਿਸੇ ਪ੍ਰਕਾਰ ਦੀ ਹਮਦਰਦੀ ਲਈ ਹੱਕਦਾਰ ਨਹੀਂ ਹਨ। ਦੂਜੇ ਪਾਸੇ, ਜਿਹੜੇ

97. Clogstoun to Burrell, Feb. 16, 1915.
98. K.J. Grant to Clogstoun, June, 16, 1915, *Borden Papers*.
99. E. Black Robertson to W.D. Scott, Nov. 13, 1914, *Governor General's Files*.

ਲੋਕ ਗ਼ਦਰੀ ਨਹੀਂ ਸਨ ਅਤੇ ਜਿਨ੍ਹਾਂ ਨੇ ਮਾਇਕ ਸਹਾਇਤਾ ਪ੍ਰਦਾਨ ਕੀਤੀ, ਸਰਕਾਰ ਵੱਲੋਂ ਉਨ੍ਹਾਂ ਨੂੰ ਵੀ ਕੋਈ ਇਵਜ਼ਾਨਾ ਨਹੀਂ ਦਿੱਤਾ ਗਿਆ, ਸਗੋਂ ਉਨ੍ਹਾਂ ਨੂੰ ਕਮੇਟੀ ਮੈਂਬਰਾਂ ਵਿਰੁੱਧ ਕੇਸ ਕਰਨ ਲਈ ਭੜਕਾਇਆ ਗਿਆ। ਅਜਿਹੀ ਸਰਕਾਰ ਦੀ ਗ਼ਲਤ ਨੀਤੀ ਨੇ ਸਭ ਪੱਖਾਂ ਤੋਂ ਦੁਖੀ ਭਾਈਚਾਰੇ ਨੂੰ ਹੋਰ ਦੁਖ ਪਹੁੰਚਾਇਆ। ਇਹ ਸਰਕਾਰ ਲਈ ਕੁਦਰਤੀ ਸੀ ਕਿ ਆਪਣੇ ਮੰਤਵ ਦੀ ਪੂਰਤੀ ਲਈ ਸੱਚ ਤੇ ਇਮਾਨਦਾਰੀ ਨੂੰ ਵੀ ਲਾਂਭੇ ਰੱਖਿਆ ਜਾਂਦਾ ਸੀ।

ਕੈਨੇਡਾ ਦੀ ਸਰਕਾਰ ਨੇ ਭਾਰਤੀ ਭਾਈਚਾਰੇ ਪ੍ਰਤੀ ਪੂਰੀ ਜਾਣਕਾਰੀ ਪ੍ਰਾਪਤ ਕਰਨ ਲਈ ਵਿਸ਼ੇਸ਼ ਆਦਮੀ ਨਿਯੁਕਤ ਕੀਤੇ ਤਾਂ ਜੋ ਉਹ ਭਾਈਚਾਰੇ ਵੱਲੋਂ ਔਖਿਆਈਆਂ ਤੇ ਦੁਖਾਂਤ ਝੱਲਣ ਉਪਰੰਤ ਸਾਰੀ ਸਥਿਤੀ ਨੂੰ ਜਾਣ ਸਕਣ ਅਤੇ ਭਾਈਚਾਰੇ ਦੀ ਕੁਲ ਗਿਣਤੀ ਨੂੰ ਵੀ ਜਾਣਿਆ ਜਾਵੇ। ਇਮੀਗ੍ਰੇਸ਼ਨ ਵਿਭਾਗ ਨੂੰ ਭਾਰਤੀ ਲੋਕਾਂ ਦੇ ਬੀ.ਸੀ. ਵਿਚ ਰਹਿਣ ਅਥਵਾ ਉਨ੍ਹਾਂ ਦੇ ਕੰਮਾਂ-ਕਾਰਾਂ ਬਾਰੇ ਵਿਸਥਾਰ-ਪੂਰਵਕ ਜਾਣਕਾਰੀ ਸੀ।[100]

1915 ਵਿਚ ਤਕਰੀਬਨ 259 ਸਿੱਖਾਂ ਨੇ ਕੈਨੇਡਾ ਛੱਡ ਦਿੱਤਾ ਸੀ ਅਤੇ ਇਨ੍ਹਾਂ ਲੋਕਾਂ ਦੀ ਇਮੀਗ੍ਰੇਸ਼ਨ 1914 ਤੋਂ 1920 ਤਕ ਤਕਰੀਬਨ ਬੰਦ ਹੀ ਹੋ ਗਈ ਸੀ। ਇੰਪੀਰੀਅਲ ਵਾਰ ਕਾਨਫਰੰਸ 1917 ਦੌਰਾਨ ਵਿਸ਼ੇਸ਼ ਮਤੇ ਪਾਸ ਹੋਏ, ਜਿਸ ਵਿਚ ਮਸ਼ਵਰਾ ਦਿੱਤਾ ਗਿਆ ਕਿ ਬੀ.ਸੀ. ਵਿਚ ਰਹਿ ਰਹੇ ਭਾਰਤੀ ਲੋਕਾਂ ਨੂੰ ਆਪਣੇ ਪਰਿਵਾਰ ਲਿਆਉਣ ਦੀ ਆਗਿਆ ਦਿੱਤੀ ਜਾਵੇ।[101]

ਜੋ ਭਾਰਤ ਦੇ ਲੋਕ ਹੋਰ ਬਰਤਾਨਵੀ ਬਸਤੀਆਂ ਵਿਚ ਪੱਕੇ ਤੌਰ 'ਤੇ ਰਹਿ ਰਹੇ ਸਨ, ਉਨ੍ਹਾਂ ਨੂੰ ਆਪਣੀਆਂ ਪਤਨੀਆਂ ਅਤੇ ਛੋਟੇ ਬੱਚੇ ਲਿਆਉਣ ਦੀ ਖੁੱਲ੍ਹ ਹੋਵੇ (ੳ) ਪਰ ਪਤਨੀ ਇਕ ਹੀ ਹੋਵੇ ਤੇ ਉਸਦੇ ਸਾਰੇ ਬੱਚੇ ਨਾਲ ਆ ਸਕਣ (ਅ) ਹਰੇਕ ਲਈ ਕਾਨੂੰਨੀ ਤੌਰ 'ਤੇ ਸਾਬਤ ਕਰਨਾ ਹੋਵੇਗਾ ਕਿ ਪਤਨੀ ਕਾਨੂੰਨ ਅਨੁਸਾਰ ਬਣੀ ਹੋਵੇ ਅਤੇ ਉਸਦੇ ਬੱਚੇ ਵੀ ਸਹੀ ਤੌਰ 'ਤੇ ਹੋਣ।

ਉਪਰੋਕਤ ਮਤਿਆਂ ਨੂੰ ਕੈਨੇਡਾ ਦੀ ਸਰਕਾਰ ਨੇ 26 ਮਾਰਚ, 1919 ਦੇ ਪੀ.ਸੀ. 641 ਅਤੇ 24 ਦਸੰਬਰ, 1919, ਪੀ.ਸੀ. 2498 ਦੇ ਪਾਸ ਮਤਿਆਂ ਅਨੁਸਾਰ ਪਰਵਾਨ ਕਰ ਲਿਆ।[102]

ਕੈਲਗਰੀ ਕੈਨੇਡੀਅਨ ਅਖ਼ਬਾਰ ਨੇ ਸਾਮਰਾਜੀ ਨੀਤੀਆਂ ਦੀ ਆਲੋਚਨਾ ਕੀਤੀ ਕਿ ਬਰਤਾਨਵੀ ਨਾਗਰਿਕ ਨੂੰ ਬਰਤਾਨਵੀ ਸਾਮਰਾਜ ਦੇ ਇਕ ਦੇਸ਼ ਤੋਂ ਦੂਜੇ ਦੇਸ਼ ਜਾ ਕੇ ਵੱਸਣ ਦੀ ਆਗਿਆ ਨਹੀਂ ਦਿੱਤੀ ਜਾਂਦੀ। *ਵੈਨਕੂਵਰ ਸਨ* ਨੇ ਵੀ ਆਪਣੀ ਟਿੱਪਣੀ ਕੀਤੀ।

---

100. Extract from the Rev. K. Knox Wrights, Letter of August 11, 1915 (Copy of Immigration Branch), *Borden Papers.*
101. Mayer, Adrian C. Report on the East Indian Community in Vancouver.
102. The Position of British Indians in other parts of the Empire, Resolution No. 22 of the Imperial War Conference of 1917, *Borden Papers.*

ਭਾਰਤੀ ਲੋਕਾਂ ਦਾ ਆਰਜ਼ੀ ਤੌਰ 'ਤੇ ਵੱਸਣ ਦੀ ਖੁੱਲ੍ਹ ਦੇਣ ਵਿਰੁੱਧ ਜੇ ਕੋਈ ਵਿਰੋਧ ਹੋਇਆ ਤਾਂ ਬਹੁਤ ਘੱਟ ਹੋਵੇਗਾ ਜਾਂ ਹੋਵੇਗਾ ਹੀ ਨਹੀਂ।[103]

ਇਕ ਲੋਕ-ਤੰਤਰੀ ਢਾਂਚੇ ਵਾਲੀ ਸਰਕਾਰ ਲਈ ਦੇਖਦੇ ਹਾਂ ਕਿ ਕਿਸ ਯੁਕਤ ਨਾਲ ਉਹ ਭਾਰਤੀ ਲੋਕਾਂ ਨੂੰ ਦਾਖ਼ਲ ਕਰਨਗੇ ਅਤੇ ਉਸ ਸਮੇਂ ਉਹ ਵੀ ਦੇਖਿਆ ਜਾਵੇਗਾ ਕਿ ਜੋ ਅਧਿਕਾਰ ਦੂਜੀਆਂ ਕੌਮਾਂ ਨੂੰ ਮਿਲੇ ਹੋਏ ਹਨ, ਤਾਂ ਫਿਰ ਇਨ੍ਹਾਂ ਨੂੰ ਉਨ੍ਹਾਂ ਅਧਿਕਾਰਾਂ ਤੋਂ ਕਿਵੇਂ ਵਾਂਝੇ ਰੱਖਣਗੇ।[104]

ਬ੍ਰਿਟਿਸ਼ ਕੋਲੰਬੀਆ ਦੇ ਲੋਕ ਇਥੇ ਵੱਸੇ ਹੋਏ ਸਿੱਖਾਂ ਨੂੰ ਆਪਣੇ ਪਰਿਵਾਰ ਲਿਆਉਣ ਦੀ ਆਗਿਆ ਦੇਣ ਦੇ ਵਿਰੁੱਧ ਸਨ, ਕਿਉਂਕਿ ਉਹ ਚਾਹੁੰਦੇ ਸਨ ਕਿ ਜੇ ਇਨ੍ਹਾਂ ਸਿੱਖਾਂ ਨੂੰ ਆਪਣੇ ਪਰਿਵਾਰ ਤੇ ਬੱਚੇ ਲਿਆਉਣ ਦੀ ਖੁੱਲ੍ਹ ਦੇ ਦਿੱਤੀ ਤਾਂ ਬ੍ਰਿਟਿਸ਼ ਕੋਲੰਬੀਆ ਨੂੰ ਸਿਰਫ਼ ਗੋਰੇ ਲੋਕਾਂ ਦਾ ਅਸਥਾਨ ਬਣਾਈ ਰੱਖਣ ਦਾ ਸੁਪਨਾ ਸਾਕਾਰ ਨਹੀਂ ਹੋਵੇਗਾ।

ਜਿਥੋਂ ਤਕ ਵੋਟ ਪਾਉਣ ਦੇ ਅਧਿਕਾਰ ਸੰਬੰਧੀ ਹੈ, 1920 ਵਿਚ ਡੁਮੀਨੀਅਨ ਇਲੈਕਸ਼ਨ ਐਕਟ ਦੀ ਚਰਚਾ ਹੋਈ। ਕਿਊਬਿਕ ਦੇ ਮਿਸਟਰ ਪਾਵਰ ਨੇ ਕਿਹਾ ਕਿ ਜਿਨ੍ਹਾਂ ਹਿੰਦੂ (ਭਾਰਤੀ) ਲੋਕਾਂ ਨੇ ਕੈਨੇਡਾ ਦੀ ਫ਼ੌਜ ਵਿਚ ਸਰਵਸ ਕੀਤੀ ਹੈ, ਉਨ੍ਹਾਂ ਨੂੰ ਵੋਟ ਦਾ ਅਧਿਕਾਰ ਦੇ ਦੇਣਾ ਚਾਹੀਦਾ ਹੈ ਅਤੇ ਉਸਨੇ ਐਕਟ ਵਿਚ ਤਰਮੀਮ ਕਰਨ ਦਾ ਮਤਾ ਰੱਖਿਆ ਪਰ ਅਪਰਵਾਣ ਹੋਇਆ।[105]

1921 ਅਤੇ 1923 ਦੀਆਂ ਇੰਪੀਰੀਅਲ ਕਾਨਫ਼ਰੰਸਾਂ ਵਿਚ ਭਾਰਤ ਵੱਲੋਂ ਆਏ ਨੁਮਾਇੰਦਿਆਂ ਨੇ ਕੈਨੇਡਾ 'ਚ ਵੱਸ ਰਹੇ ਭਾਰਤੀ ਲੋਕਾਂ ਵੱਲੋਂ ਪਰਿਵਾਰ ਤੇ ਬੱਚੇ ਲਿਆਉਣ ਦੀ ਮੰਗ ਦੀ ਕੋਈ ਚਰਚਾ ਨਹੀਂ ਛੇੜੀ, ਪਰ ਉਨ੍ਹਾਂ ਨੇ ਭਾਰਤੀ ਲੋਕਾਂ ਨਾਲ ਹੋ ਰਹੇ ਵਿਤਕਰੇ ਅਤੇ ਬੇ-ਇਨਸਾਫ਼ੀ ਦਾ ਰੋਸ ਪ੍ਰਗਟਾਇਆ। ਦੂਸਰਾ, ਬਰਤਾਨਵੀ ਸਾਮਰਾਜ ਵਿਚ ਭਾਰਤੀ ਲੋਕਾਂ ਨੂੰ ਬਰਾਬਰਤਾ ਦਾ ਦਰਜਾ ਨਾ ਦੇਣ ਬਾਰੇ ਵੀ ਦੁਖ ਪ੍ਰਗਟ ਕੀਤਾ।[106]

ਭਾਰਤੀ ਨੁਮਾਇੰਦਿਆਂ ਦੀ ਗੱਲ ਦਾ ਚੰਗਾ ਪ੍ਰਭਾਵ ਪਿਆ ਅਤੇ ਉਨ੍ਹਾਂ ਵੱਲੋਂ ਧੜੱਲੇਦਾਰ ਬਚਨ ਕਹੇ ਜਾਣ 'ਤੇ ਹੇਠ ਲਿਖਿਆ ਮਤਾ ਪਾਸ ਹੋਇਆ :

> "ਇਹ ਕਾਨਫ਼ਰੰਸ ਇੰਪੀਰੀਅਲ ਵਾਰ ਕਾਨਫ਼ਰੰਸ 1918 ਨੂੰ ਮਾਨਤਾ ਦਿੰਦੀ ਹੈ ਕਿ ਬ੍ਰਿਟਿਸ਼ ਕਾਮਨਵੈਲਥ ਦੇ ਹਰ ਦੇਸ਼ ਨੂੰ ਆਪਣੀ ਅਬਾਦੀ ਸੰਬੰਧੀ ਕੰਟਰੋਲ ਕਰਨ ਦੀ ਪੂਰੀ ਆਜ਼ਾਦੀ ਹੈ.....ਉਪਰੰਤ ਇਹ ਮੰਨਿਆ ਗਿਆ ਕਿ ਭਾਰਤ ਨੂੰ ਬਰਤਾਨਵੀ ਸਾਮਰਾਜ ਵਿਚ ਬਰਾਬਰਤਾ ਦਾ ਦਰਜਾ ਨਹੀਂ ਦਿੱਤਾ ਗਿਆ ਅਤੇ ਜੋ ਭਾਰਤੀ ਲੋਕ ਸਾਮਰਾਜ ਦੇ ਹੋਰ

---

103. The Calgary Canadian, August 14, 1918, *Borden Papers*.
104. *The Vancouver Sun*, July 30, 1918.
105. Morse, Eric W. *Immigration and Status of British Indians in Canada*, Kingston; Queen's University, 1936, p. 143.
106. *Ibid.*

ਹਿੱਸਿਆਂ ਵਿਚ ਕਾਨੂੰਨੀ ਤੌਰ 'ਤੇ ਵੱਸੇ ਹੋਏ ਹਨ, ਉਨ੍ਹਾਂ ਨਾਲ ਵਿਤਕਰਾ ਹੋ ਰਿਹਾ ਹੈ।"[107]

ਇਸ ਮਤੇ ਦੇ ਪਾਸ ਹੋਣ ਦੇ ਪਿੱਛੋਂ ਭਾਰਤੀ ਲੋਕਾਂ ਵੱਲੋਂ ਸਾਮਰਾਜ ਅੰਦਰ ਬਰਾਬਰਤਾ ਦਾ ਹੱਕ ਲੈਣ ਲਈ ਜਤਨ ਹੁੰਦੇ ਰਹੇ। 1922 ਵਿਚ ਮਾਣਯੋਗ ਵੀ.ਐਸ. ਸਰੀਨਿਵਾਸ ਸਾਸ਼ਤਰੀ[108] ਬੀ.ਸੀ. ਦੀ ਰਾਜਧਾਨੀ ਵਿਕਟੋਰੀਆ ਵਿਖੇ ਪਧਾਰੇ ਅਤੇ ਉਸਨੇ ਬੀ.ਸੀ. ਦੇ ਪਰੀਮੀਅਰ ਅਤੇ ਲੈਫਟੀਨੈਂਟ ਗਵਰਨਰ ਨਾਲ ਬੀ.ਸੀ. ਵਿਚ ਰਹਿ ਰਹੇ ਭਾਰਤੀ ਲੋਕਾਂ ਬਾਰੇ ਵਿਚਾਰ-ਵਟਾਂਦਰਾ ਕੀਤਾ। 29 ਅਗਸਤ ਨੂੰ ਉਸਨੇ ਵਿਨੀਪੈਗ ਵਿਖੇ ਇਕ ਬਿਆਨ ਦਿੱਤਾ ਕਿ ਬਰਤਾਨੀਆ ਨੇ ਭਾਰਤੀ ਲੋਕਾਂ ਨੂੰ ਬਰਾਬਰ ਸਮਝਿਆ ਪਰ ਕੈਨੇਡਾ ਵੱਲੋਂ ਉਨ੍ਹਾਂ ਨੂੰ ਬਰਾਬਰ ਦਾ ਦਰਜਾ ਨਹੀਂ ਦਿੱਤਾ ਗਿਆ। ਉਸਦਾ ਮੁੱਖ ਰੋਸ ਸੀ ਕਿ ਭਾਰਤੀ ਲੋਕਾਂ ਨੂੰ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝਾ ਰੱਖਿਆ ਗਿਆ ਸੀ। ਉਸਨੇ ਕੋਈ ਅਜਿਹੀ ਮੰਗ ਨਹੀਂ ਰੱਖੀ ਕਿ ਭਾਰਤੀ ਲੋਕਾਂ ਦੀ ਇਮੀਗ੍ਰੇਸ਼ਨ ਵਿਚ ਵਾਧਾ ਕੀਤਾ ਜਾਵੇ, ਪਰ ਉਸਨੇ ਸਾਰਿਆਂ ਨੂੰ ਵੋਟ ਦਾ ਅਧਿਕਾਰ ਦੇਣ ਲਈ ਕਿਹਾ। 21 ਸਤੰਬਰ ਨੂੰ ਉਹ ਕੇਂਦਰੀ ਸਰਕਾਰ ਦੇ ਨੇਤਾਵਾਂ ਨੂੰ ਮਿਲਿਆ ਅਤੇ ਮਿਸਟਰ ਮਕੈਂਜ਼ੀ ਕਿੰਗ ਨੇ ਵਾਅਦਾ ਕੀਤਾ ਕਿ ਭਾਰਤੀ ਲੋਕਾਂ ਨੂੰ ਵੋਟ ਦੇ ਅਧਿਕਾਰ ਬਾਰੇ ਸੋਚਿਆ ਜਾਵੇਗਾ।[109]

1923 ਦੀ ਇੰਪੀਰੀਅਲ ਕਾਨਫਰੰਸ ਵਿਚ ਸਰ ਤੇਜ ਬੀ. ਸਪਰੂ ਨੇ ਨਾ-ਬਰਾਬਰਤਾ ਦੇ ਸੰਬੰਧ ਵਿਚ ਬੋਲਿਆ, ਬਾਦਸ਼ਾਹ ਜਾਰਜ ਸਾਡਾ ਸਾਂਝਾ ਹੁਕਮਰਾਨ ਹੈ। ਉਸਦੀ ਹਸਤੀ ਦਾ ਸਤਿਕਾਰ ਕਰਨਾ ਸਾਡਾ ਪਰਮ-ਧਰਮ ਹੈ। ਮੈਂ ਬਹੁਤ ਸਾਫ ਤੇ ਸਪੱਸ਼ਟ ਆਖ ਰਿਹਾ ਹਾਂ ਕਿ ਅਸੀਂ ਬਾਦਸ਼ਾਹ ਦੀ ਪਰਜਾ ਹੋਣ ਕਾਰਨ, ਉਸਦੇ ਰਾਜ ਅੰਦਰ ਸਤਿਕਾਰ ਤੇ ਬਰਾਬਰਤਾ ਦਾ ਦਰਜਾ ਚਾਹੁੰਦੇ ਹਾਂ, ਮੈਂ ਚਾਹੁੰਦਾ ਹਾਂ ਕਿ ਸਾਨੂੰ ਘਰ ਵਿਚ ਜਗ੍ਹਾ ਮਿਲੇ ਨਾ ਕਿ ਤਬੇਲੇ ਵਿਚ।[110]

ਭਾਰਤੀ ਲੋਕਾਂ ਲਈ ਵੋਟ ਦੇ ਅਧਿਕਾਰ ਬਾਰੇ ਬਹਿਸ ਲੰਬੇ ਸਮੇਂ ਤਕ ਹੁੰਦੀ ਰਹੀ ਪਰ ਕੈਨੇਡਾ ਦੇ ਬਹੁਤ ਰਾਜਨੀਤਕ ਲੋਕ ਭਾਰਤ ਦੇ ਲੋਕਾਂ ਨੂੰ ਬਰਾਬਰਤਾ ਦਾ ਦਰਜਾ ਦੇਣ ਦੇ ਹੱਕ ਵਿਚ ਨਹੀਂ ਸਨ। ਉਨ੍ਹਾਂ ਦਾ ਵਿਚਾਰ ਸੀ ਜੇ ਭਾਰਤੀ ਲੋਕਾਂ

---

107. Morse, Eric W. *Immigration and Status of British Indians in Canada*, Kingston; Queen's University, 1936, p. 144.
108. V.S. Srinivasa Sastri was a member of the Madras Legislative Council, a member of the British Privy Council and the Viceroy's Legislative Council and visited Australia, New Zealand and Canada in 1922. His mission was to discuss the franchise and other issues affecting Indians living in these countries.
109. The tour of Mr. Sastri, Canadian Franchise for India. The Canadian Annual Review, 1922, pp. 198-202.
110. Morse, Eric. W., Immigration and Status of British East Indians, Kingston, Queen's University, 1936, p. 144.

ਨੂੰ ਵੋਟ ਦਾ ਹੱਕ ਮਿਲਦਾ ਹੈ ਅਤੇ ਇਹ ਲੋਕ ਇਥੋਂ ਦੇ ਜੰਮ-ਪਲ ਵੀ ਨਹੀਂ ਤਾਂ ਵੋਟ ਦੇ ਹੱਕ ਤੋਂ ਚੀਨੇ ਤੇ ਜਪਾਨੀ ਲੋਕਾਂ ਨੂੰ ਕਿਉਂ ਵਾਂਝਾ ਰੱਖਿਆ ਜਾਵੇ ? ਇਹ ਵੀ ਗੱਲ ਪ੍ਰਚੱਲਤ ਕੀਤੀ ਗਈ ਕਿ ਭਾਰਤੀ (ਪੰਜਾਬੀ) ਲੋਕ ਖ਼ੁਦ ਵੋਟ ਦੇ ਅਧਿਕਾਰ ਨੂੰ ਚਾਹੁੰਦੇ ਨਹੀਂ ਸਨ। ਭਾਵੇਂ ਬਰਾਬਰਤਾ ਦਾ ਦਰਜਾ ਅਤੇ ਵੋਟ ਪਾਉਣ ਦੇ ਅਧਿਕਾਰ ਲਈ ਬਹੁਤ ਸੰਘਰਸ਼ ਕੀਤਾ ਗਿਆ ਪਰ ਕੋਈ ਸਫਲਤਾ ਪ੍ਰਾਪਤ ਨਾ ਹੋਈ। ਇਹ ਅਧਿਕਾਰ 1947 ਤਕ ਨਹੀਂ ਮਿਲਿਆ, ਪਰ 1947 ਵਿਚ ਸਾਰੇ ਭਾਰਤੀ ਲੋਕਾਂ ਨੂੰ ਸੂਬਾਈ ਤੇ ਕੇਂਦਰੀ ਚੋਣਾਂ ਵਿਚ ਵੋਟ ਦਾ ਹੱਕ ਮਿਲ ਗਿਆ ਸੀ।[111]

1948 ਵਿਚ ਇਹੀ ਹੱਕ ਸਥਾਨਕ ਚੋਣਾਂ ਵਿਚ ਵੀ ਦੇ ਦਿੱਤਾ ਗਿਆ, ਜਿਵੇਂ ਸ਼ਹਿਰ ਦੇ ਮਿਊਂਸਿਪਲ ਕਮੇਟੀ ਦੀਆਂ ਚੋਣਾਂ ਆਦਿ ਵਿਚ। ਬ੍ਰਿਟਿਸ਼ ਕੋਲੰਬੀਆ ਵਿਚ ਸਿੱਖਾਂ ਦੀ ਗਿਣਤੀ ਬਹੁਤ ਘੱਟ ਸੀ। 1951 ਵਿਚ ਕੁਲ 2148 ਸਿੱਖ ਸਨ, ਜਿਨ੍ਹਾਂ ਵਿੱਚੋਂ 1937 ਬੀ.ਸੀ. ਦੇ ਵਸਨੀਕ ਸਨ। ਸਾਲ 1967 ਵਿਚ ਇਮੀਗ੍ਰੇਸ਼ਨ ਦੇ ਨਵੇਂ ਕਾਨੂੰਨਾਂ ਅਨੁਸਾਰ ਤਿੰਨ ਤਰ੍ਹਾਂ ਦੇ ਲੋਕ ਕੈਨੇਡਾ ਲਈ ਅਰਜ਼ੀ ਕਰ ਸਕਦੇ ਸਨ : 1. ਪਰਿਵਾਰ ਨਾਲ ਸੰਬੰਧਤ ਮੈਂਬਰ; 2. ਆਜ਼ਾਦ; 3. ਰਿਫ਼ਿਊਜੀ। 1967 ਤੋਂ ਪਿੱਛੋਂ ਤਕਰੀਬਨ ਸਾਰੇ ਦੇਸ਼ਾਂ ਤੋਂ ਨਵੇਂ ਆਵਾਸੀ ਆਉਣੇ ਸ਼ੁਰੂ ਹੋਏ ਅਤੇ ਕੈਨੇਡਾ ਦੀ ਅਬਾਦੀ ਵਿਚ ਥੋੜਾ ਥੋੜਾ ਵਾਧਾ ਸ਼ੁਰੂ ਹੋਇਆ।[112]

---

111. Mehta, R. Sampat, International Barriers, Ottwawa, p. 305.
112. L. Peter S. Race and Ethnic in Canada, Toronto, Oxford University Press, 1900, p. 57.

ਉਪਸੰਹਾਰ (ਨਿਰਣਾ)

ਇਸ ਪੁਸਤਕ ਅੰਦਰ ਉਨ੍ਹਾਂ ਸਮੂਹ ਕਾਰਨਾਂ ਅਤੇ ਘਟਨਾਵਾਂ ਦਾ ਵਿਸ਼ਲੇਸ਼ਣ ਕਰਨ ਦਾ ਜਤਨ ਕੀਤਾ ਗਿਆ ਹੈ, ਜਿਸਨੂੰ ਆਧਾਰ ਬਣਾ ਕੇ ਕੈਨੇਡਾ ਸਰਕਾਰ ਨੇ ਗ਼ੈਰ-ਕਾਨੂੰਨੀ ਤੌਰ 'ਤੇ ਭਾਰਤੀ ਲੋਕਾਂ ਨੂੰ ਕੈਨੇਡਾ ਅੰਦਰ ਦਾਖ਼ਲ ਹੋਣ ਤੋਂ ਰੋਕ ਦਿੱਤਾ ਸੀ ਅਤੇ ਉਨ੍ਹਾਂ ਮੁਸਾਫ਼ਰਾਂ ਨਾਲ ਲਗਾਤਾਰ ਦੋ ਮਹੀਨੇ ਅਣਮਨੁੱਖੀ ਵਿਵਹਾਰ ਕੀਤਾ ਗਿਆ। ਇਸ ਖੋਜ ਅੰਦਰ ਕਾਮਾਗਾਟਾਮਾਰੂ ਨਾਲ ਸੰਬੰਧਤ ਗੁੰਝਲਦਾਰ ਗੱਲਾਂ ਨੂੰ ਖ਼ੋਹਲਣ ਦਾ ਵੀ ਮੁਖ ਮੰਤਵ ਰੱਖਿਆ ਗਿਆ ਅਤੇ ਇਸ ਮੰਤਵ ਦੀ ਪੂਰਤੀ ਲਈ ਸਰਕਾਰ ਦੇ ਗੁਪਤ ਦਸਤਾਵੇਜ, ਇਮੀਗ੍ਰੇਸ਼ਨ ਵਿਭਾਗ ਅਤੇ ਸਰਕਾਰ ਦੇ ਆਪਸੀ ਚਿੱਠੀ-ਪੱਤਰ, ਪ੍ਰਧਾਨ ਮੰਤਰੀ ਤੇ ਲੰਡਨ ਦੇ ਉੱਚ ਅਧਿਕਾਰੀਆਂ ਦਰਮਿਆਨ ਲਿਖਤੀ ਸਵਾਲ-ਜੁਆਬ ਮਹੱਤਵਪੂਰਨ ਸਰੋਤ ਸਨ। ਇਨ੍ਹਾਂ ਸਰੋਤਾਂ ਦੁਆਰਾ ਲੁਕੇ ਹੋਏ ਨਵੇਂ ਪੱਖਾਂ ਨੂੰ ਉਜਾਗਰ ਕਰਨ ਅਤੇ 1914 ਦੇ ਕਾਮਾਗਾਟਾਮਾਰੂ ਦੁਖਾਂਤ ਦੇ ਇਤਿਹਾਸ ਨੂੰ ਨਵੇਂ ਸਿਰਿਉਂ ਖੋਜਿਆ ਗਿਆ ਹੈ।

ਸਰਕਾਰੀ ਦਸਤਾਵੇਜ਼ਾਂ ਨੂੰ ਬਤੌਰ ਆਸਾਨ ਸਰੋਤ ਮੰਨ ਕੇ ਇਕ ਗੱਲ ਪੱਕੇ ਤੌਰ 'ਤੇ ਸਪੱਸ਼ਟ ਹੋ ਗਈ ਹੈ ਕਿ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫ਼ਰ ਅਤੇ ਜਹਾਜ਼ ਨੂੰ ਵਾਪਸ ਕਰਨਾ ਕੈਨੇਡਾ ਸਰਕਾਰ ਦੀ ਗਿਣੀ-ਮਿਥੀ ਸਾਜ਼ਿਸ਼ ਸੀ। ਸਾਰਾ ਗੋਰਾ ਸਮਾਜ, ਇਮੀਗ੍ਰੇਸ਼ਨ ਵਿਭਾਗ ਦੇ ਅਧਿਕਾਰੀ, ਪਾਰਲੀਮੈਂਟ ਦੇ ਮੈਂਬਰ ਅਤੇ ਸਾਰੇ ਮੰਤਰੀ ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਨੂੰ ਵਾਪਸ ਭੇਜਣ ਲਈ ਇਕ-ਮੁੱਠ ਸਨ। ਗੋਰੇ ਲੋਕ ਪਹਿਲਾਂ ਹੀ ਭਾਰਤੀ ਲੋਕਾਂ ਨੂੰ ਦੇਖਣਾ ਨਹੀਂ ਚਾਹੁੰਦੇ ਸਨ ਕਿਉਂਕਿ ਗੋਰੇ ਮਜ਼ਦੂਰਾਂ ਦੇ ਮੁਕਾਬਲੇ ਸਿੱਖ ਕਾਮਿਆਂ ਦੀ ਜ਼ਿਆਦਾ ਮੰਗ ਸੀ। ਸਿੱਖਾਂ ਪ੍ਰਤਿ ਮਿੱਲ ਮਾਲਕਾਂ ਦੀ ਸੋਚ ਸੀ ਕਿ ਜਿਥੇ ਸਿੱਖ ਸਰੀਰਕ ਤੌਰ 'ਤੇ ਕੰਮ ਲਈ ਸਿਰੜੀ ਸਨ, ਉਸਦੇ ਨਾਲ ਹੀ ਉਹ ਵਫ਼ਾਦਾਰ ਵੀ ਸਨ। ਸਿੱਖਾਂ ਦੀ ਅਜਿਹੀ ਪਰ੍ਹਤ ਬ੍ਰਿਟਿਸ਼ ਫ਼ੌਜ ਵਿਚ ਸੇਵਾਵਾਂ ਕਰਨ ਕਾਰਨ ਬਣ ਚੁੱਕੀ ਸੀ। ਇਸ ਤੋਂ ਇਲਾਵਾ ਮਲਾਇਆ ਅਤੇ ਹੋਰ ਥਾਵਾਂ 'ਤੇ ਵੀ ਸਿੱਖਾਂ ਨੂੰ ਬਤੌਰ ਸਿਪਾਹੀ ਅਤੇ ਸਿਕਿਉਰਿਟੀ ਦੇ ਕੰਮਾਂ ਲਈ ਨਿਯੁਕਤ ਕੀਤਾ ਜਾਂਦਾ ਸੀ।

ਸਮੂਹ ਸਰੋਤਾਂ ਨੂੰ ਆਧਾਰ ਬਣਾ ਕੇ ਖੋਜ ਕਰਨ 'ਤੇ ਇਕ ਗੱਲ ਪ੍ਰਤੱਖ ਹੁੰਦੀ ਹੈ ਕਿ ਸਮਾਜ ਦੇ ਸਾਰੇ ਲੋਕ, ਆਗੂ ਤੇ ਸਰਕਾਰ ਦੇ ਸਾਰੇ ਅਧਿਕਾਰੀ ਭਾਰਤੀ ਲੋਕਾਂ ਦਾ ਕੈਨੇਡਾ ਵਿਚ ਪੱਕੇ ਵਸਨੀਕ ਬਣਨ ਦੇ ਵਿਰੁੱਧ ਸਨ ਅਤੇ ਜੋ ਇਥੇ ਪਹਿਲਾਂ ਵੱਸ ਚੁੱਕੇ ਸਨ, ਉਨ੍ਹਾਂ ਨੂੰ ਵੀ ਇਥੋਂ ਕੱਢ ਦੇਣਾ ਚਾਹੁੰਦੇ ਸਨ। ਇਸ ਸੋਚ ਨੂੰ ਸਾਕਾਰ ਕਰਨ ਲਈ ਸਰਕਾਰ ਵੱਲੋਂ ਇਕ ਸਾਜ਼ਿਸ਼ 1908 ਵਿਚ ਰਚੀ ਗਈ ਸੀ, ਜਿਸ ਅਨੁਸਾਰ ਸਮੂਹ ਭਾਰਤੀ ਲੋਕਾਂ ਨੂੰ ਹਾਂਡੂਰਸ ਭੇਜਣਾ ਸੀ। ਪਰ ਇਹ ਸਾਰੀ ਸਾਜ਼ਿਸ਼ ਸੰਤ ਤੇਜਾ ਸਿੰਘ ਦੀ ਦੂਰ-ਅੰਦੇਸ਼ੀ ਅਤੇ ਸੂਝ-ਬੂਝ ਕਾਰਨ ਫ਼ੇਲ੍ਹ ਹੋ ਗਈ।

ਪ੍ਰਾਪਤ ਜਾਣਕਾਰੀ ਅਨੁਸਾਰ, ਇਹ ਸਮਝਣਾ ਸੌਖਾ ਹੋ ਗਿਆ ਹੈ ਕਿ ਬੰਦਰਗਾਹ ਅਧਿਕਾਰੀਆਂ ਨੇ ਕਾਮਾਗਾਟਾਮਾਰੂ ਨੂੰ ਬੰਦਰਗਾਹ 'ਤੇ ਕਿਉਂ ਨਹੀਂ ਲੱਗਣ ਦਿੱਤਾ। ਦੂਜੇ ਪਾਸੇ ਗੋਰੇ ਲੋਕਾਂ ਵੱਲੋਂ ਭਾਰਤੀ ਲੋਕਾਂ ਦੇ ਉਤਰਨ ਵਿਰੁੱਧ ਨਾਅਰੇ ਲਗਾਏ ਗਏ ਅਤੇ ਜਦੋਂ ਕਿ ਸਾਰੇ ਉੱਚ ਅਧਿਕਾਰੀ ਹਾਜ਼ਰ ਸਨ। ਸਰਕਾਰੀ ਚਿੱਠੀਆਂ ਤੇ ਹੋਰ ਦਸਤਾਵੇਜ਼ ਭੇਤ ਖੋਲ੍ਹਦੇ ਹਨ ਕਿ ਗੋਰੇ ਲੋਕਾਂ ਨੂੰ ਭਾਰਤੀ ਲੋਕਾਂ ਦੀ ਨਸਲ ਤੇ ਰੰਗ ਨਾਲ ਨਫ਼ਰਤ ਸੀ। ਇਨ੍ਹਾਂ ਵੱਲੋਂ ਜੋ ਦੂਸ਼ਨ ਲਗਾਏ ਗਏ ਕਿ ਇਹ ਭਾਰਤੀ ਲੋਕ ਸਰੀਰਕ ਤੇ ਸਿਹਤ ਪੱਖੋਂ ਪੂਰੇ ਨਹੀਂ, ਸਿਰਫ਼ ਨਿਰਾ ਝੂਠ ਤੇ ਬਣਾਵਟੀ ਹੀ ਸੀ ਅਤੇ ਹਾਂਡੂਰਸ ਦੇ ਗਵਰਨਰ ਸਵੈਨ ਨੇ ਗੋਰੇ ਲੋਕਾਂ ਦੇ ਸਾਰੇ ਦੂਸ਼ਨ ਰੱਦ ਕਰ ਦਿੱਤੇ ਜਦੋਂ ਉਸਨੇ ਕਿਹਾ ਕਿ ਭਾਰਤੀ ਮਜ਼ਦੂਰ ਜਾਂ ਕਾਮਿਆਂ ਦੀ ਮਿੱਲ ਮਾਲਕਾਂ ਵੱਲੋਂ ਹਰ ਪੱਖੋਂ ਵਡਿਆਈ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਲੋਕਾਂ ਨੂੰ ਬਤੌਰ ਕਾਮੇ ਰੱਖਣ ਨੂੰ ਤਰਜੀਹ ਦਿੱਤੀ ਜਾਂਦੀ ਹੈ। ਸਰਕਾਰੀ ਅਫ਼ਸਰਾਂ ਵੱਲੋਂ ਇਕ ਹੋਰ ਦੂਸ਼ਨ ਲਗਾਇਆ ਜਾਂਦਾ ਸੀ ਕਿ ਇਹ ਭਾਰਤੀ ਲੋਕ ਬਾਗੀ ਸੁਭਾਅ ਦੇ ਹਨ ਅਤੇ ਇਕ ਹੋਰ ਵੀ ਝੂਠਾ ਇਲਜ਼ਾਮ ਲਗਾਉਂਦੇ ਸਨ ਕਿ ਇਹ ਆਪਣੇ ਪਾਸ ਹਥਿਆਰ ਵੀ ਰੱਖਦੇ ਸਨ। ਜਦੋਂ ਕਾਮਾਗਾਟਾਮਾਰੂ ਦਾ ਦੁਖਾਂਤ ਵਾਪਰ ਰਿਹਾ ਸੀ, ਉਸ ਸਮੇਂ ਕੈਨੇਡਾ ਅਧਿਕਾਰੀਆਂ ਨੇ ਯੂ.ਐਸ.ਏ. ਦੇ ਅਧਿਕਾਰੀਆਂ ਨੂੰ ਇਕ ਸਾਜ਼ਿਸ਼ ਅਧੀਨ ਕੈਨੇਡਾ ਦੇ ਸਿੱਖ ਨੇਤਾਵਾਂ ਨੂੰ ਹਿਰਾਸਤ ਵਿਚ ਰੱਖਣ ਲਈ ਕਿਹਾ। ਹਾਲਾਂਕਿ ਇਹ ਸਿੱਖ ਨੇਤਾ ਅਮਰੀਕਾ ਵਿਚ ਤਰਕਨਾਥ ਦਾਸ ਨਾਲ ਕਾਮਾਗਾਟਾਮਾਰੂ ਸੰਬੰਧੀ ਵਿਚਾਰਾਂ ਕਰਨ ਗਏ ਸਨ, ਪਰ ਵਾਪਸੀ ਤੇ ਝੂਠਾ ਕੇਸ ਬਣਾ ਕੇ ਬੰਦੀ ਬਣਾ ਲਿਆ ਤਾਂ ਜੋ ਕਾਮਾਗਾਟਾਮਾਰੂ ਦੁਖਾਂਤ ਪ੍ਰਤੀ ਕੋਈ ਨਿੱਘਰ ਨੀਤੀ ਵਿਚ ਸਹਿਯੋਗ ਦੇਣ ਦੇ ਅਸਮਰੱਥ ਹੋਣ।

ਇਹ ਕੈਨੇਡਾ ਦੇ ਉੱਚ ਅਧਿਕਾਰੀਆਂ ਨੂੰ ਭਲੀ-ਭਾਂਤ ਪਤਾ ਸੀ ਕਿ ਕਾਮਾਗਾਟਾਮਾਰੂ ਤੇ ਇਸਦੇ ਮੁਸਾਫ਼ਰਾਂ ਨੂੰ ਡੀਪੋਰਟ ਕਰਨਾ ਗ਼ੈਰ-ਕਾਨੂੰਨੀ ਅਤੇ ਨਾਵਾਜਬ ਸੀ, ਪਰ ਕਾਨੂੰਨੀ ਕਾਰਵਾਈ ਵਿਚ ਗੁੰਝਲਾਂ ਇਸ ਤਰ੍ਹਾਂ ਪਾਈਆਂ ਤਾਂ ਜੋ ਮੁਸਾਫ਼ਰਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਲਈ ਕੋਈ ਬਚਣ ਦਾ ਰਾਹ ਨਾ ਰਹੇ। ਅਧਿਕਾਰੀਆਂ ਨੇ ਇਕ ਵਿਸ਼ੇਸ਼ ਬੋਰਡ ਆਫ਼ ਇਨਕੁਆਰੀ ਸਥਾਪਤ ਕੀਤਾ, ਜਿਸਦਾ ਕੀਤਾ ਫ਼ੈਸਲਾ ਸਭ ਅਦਾਲਤਾਂ ਵਿਚ ਚਣੌਤੀ ਤੋਂ ਮੁਕਤ ਸੀ। ਇਸਦਾ ਕਾਰਜ ਖੇਤਰ ਅਦਾਲਤ ਤੋਂ ਵੀ ਉਪਰ ਰੱਖਿਆ ਗਿਆ। ਵੈਨਕੂਵਰ ਦੇ ਇਮੀਗ੍ਰੇਸ਼ਨ ਅਧਿਕਾਰੀ ਨੂੰ ਇਸ ਬੋਰਡ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਤਾਂ ਜੋ ਸਾਰੇ ਮੁਸਾਫ਼ਰਾਂ ਨੂੰ ਡੀਪੋਰਟ ਕਰਨਾ ਪੱਕਾ ਯਕੀਨਨ ਹੋਵੇ।

ਸਾਰੇ ਮੁਸਾਫ਼ਰਾਂ ਨੂੰ ਜ਼ਬਰਦਸਤੀ ਜਹਾਜ਼ ਉੱਤੇ ਬੰਦੀ ਬਣਾਈ ਰੱਖਣਾ ਅਤੇ ਉਨ੍ਹਾਂ ਨੂੰ ਖ਼ੁਰਾਕ ਤੇ ਪਾਣੀ ਵੀ ਨਾ ਦੇਣਾ ਸਾਬਤ ਕਰਦਾ ਹੈ ਕਿ ਕੈਨੇਡਾ ਦੇ ਸਰਕਾਰੀ ਅਧਿਕਾਰੀਆਂ ਦੇ ਦਿਲਾਂ ਵਿਚ ਮਨੁੱਖੀ ਰਹਿਮ ਦੀ ਅਣਹੋਂਦ ਸੀ। ਉਨ੍ਹਾਂ ਨੇ ਤਾਂ ਅੱਧੀ ਰਾਤ ਨੂੰ ਜਹਾਜ਼ 'ਤੇ ਹਮਲਾ ਕਰਕੇ ਮੁਸਾਫ਼ਰਾਂ ਨੂੰ ਕਾਬੂ ਕਰਨ ਦਾ ਕੋਝਾ ਜਤਨ ਵੀ ਕੀਤਾ। ਉਹ ਚਾਹੁੰਦੇ ਸਨ ਕਿ ਮੁਸਾਫ਼ਰਾਂ ਨੂੰ ਬਿਨਾਂ ਖ਼ੁਰਾਕ ਅਤੇ ਪਾਣੀ ਤੋਂ ਧੱਕੇ ਨਾਲ ਹੀ ਦੂੜਾ ਦਿੱਤਾ ਜਾਵੇ। ਸਰਕਾਰ ਨੇ ਆਪਣੇ ਵੱਲੋਂ ਅਚਨਚੇਤ ਕੀਤੇ ਹੋਏ ਹਮਲੇ

ਨੂੰ ਠੀਕ ਦੱਸਣ ਲਈ ਮੁਸਾਫ਼ਰਾਂ 'ਤੇ ਤੁਹਮਤ ਲਗਾਈ ਕਿ ਉਨ੍ਹਾਂ ਨੇ ਪੁਲਿਸ ਉੱਤੇ ਫ਼ਾਇਰ ਕੀਤੇ। ਆਖ਼ਰ ਨੂੰ ਜਹਾਜ਼ ਤੇ ਇਸਦੇ ਸਮੂਹ ਮੁਸਾਫ਼ਰਾਂ ਨੂੰ ਕੈਨੇਡਾ ਛੱਡ ਕੇ ਵਾਪਸ ਮੁੜਨਾ ਪਿਆ, ਉਨ੍ਹਾਂ ਵੱਲੋਂ ਕਾਨੂੰਨੀ ਰਾਹ ਅਪਣਾਏ ਗਏ, ਰਹਿਮ-ਦਿਲੀ ਲਈ ਅਪੀਲਾਂ ਕੀਤੀਆਂ ਗਈਆਂ, ਪਰ ਕੁਝ ਪ੍ਰਾਪਤ ਨਾ ਹੋ ਸਕਿਆ।

ਇਹ ਬਹੁਤ ਹੀ ਮੰਦਭਾਗਾ ਸੀ ਕਿ ਬਰਤਾਨਵੀ ਬਾਦਸ਼ਾਹ ਕਿੰਗ ਜਾਰਜ ਤੇ ਬਰਤਾਨਵੀ ਸਰਕਾਰ ਤਮਾਸ਼ਾ ਹੀ ਦੇਖਦੀ ਰਹੀ, ਪਰ ਸਿੱਖਾਂ ਨਾਲ ਵਾਪਰ ਰਹੇ ਦੁਖਾਂਤ ਨੂੰ ਨਾ ਟਾਲ ਸਕੇ। ਬਰਤਾਨਵੀ ਸਰਕਾਰ ਨੂੰ ਸਭ ਪਤਾ ਸੀ ਕਿ ਸਿੱਖਾਂ ਨੇ ਬਰਤਾਨਵੀ ਫ਼ੌਜ ਵਿਚ ਆਪਣੀਆਂ ਸੇਵਾਵਾਂ ਦੁਆਰਾ ਬਰਤਾਨਵੀ ਸਾਮਰਾਜ ਲਈ ਸਦਾ ਹੀ ਆਪਣੇ ਸੀਸ ਤਲੀ 'ਤੇ ਟਿਕਾਏ, ਪਰ ਉਨ੍ਹਾਂ ਵੱਲੋਂ ਕੀਤੀਆਂ ਕੁਰਬਾਨੀਆਂ ਦਾ ਕੋਈ ਮੁੱਲ ਨਾ ਪਿਆ। ਕਾਮਾਗਾਟਾਮਾਰੂ ਤੇ ਇਸਦੇ ਮੁਸਾਫ਼ਰਾਂ ਨੂੰ ਕੈਨੇਡਾ ਦਾਖ਼ਲ ਨਾ ਹੋਣ ਦੇਣ ਉਪਰੰਤ ਉਨ੍ਹਾਂ ਨੂੰ ਆਪਣੇ ਹੀ ਵਕੀਲਾਂ ਨਾਲ ਵੀ ਸਾਲਾਹ ਮਸ਼ਵਰਾ ਕਰਨ ਦੀ ਖੁੱਲ੍ਹ ਨਾ ਮਿਲਣੀ, ਦੋ ਮਹੀਨੇ ਡੂੰਘੇ ਪਾਣੀਆਂ ਵਿਚ ਜਬਰੀ ਭੁੱਖੇ ਅਤੇ ਤਿਹਾਏ ਬੰਦੀ ਬਣਾਈ ਰੱਖਣਾ ਕੈਨੇਡਾ ਦੇ ਇਤਿਹਾਸ ਵਿਚ ਬਹੁਤ ਵੱਡਾ ਦੁਖਾਂਤ ਸੀ। ਪਰ ਦੁਖਾਂਤਾਂ ਦੀ ਲੜੀ ਜਾਰੀ ਰਹੀ, ਜਦੋਂ ਜਹਾਜ਼ ਕਲਕੱਤੇ ਦੇ ਨਜ਼ਦੀਕ ਬਜ ਬਜ 'ਤੇ ਪਹੁੰਚਿਆ ਤਾਂ ਭਾਰਤ ਦੀ ਸਰਕਾਰ ਨੇ ਭੁੱਖੇ-ਭਾਣੇ ਅਤੇ ਦੁਖਾਂਤ ਵਿੱਚੋਂ ਦੀ ਗੁਜ਼ਰ ਰਹੇ ਮੁਸਾਫ਼ਰਾਂ 'ਤੇ ਜਬਰੀ ਹੁਕਮ ਠੋਸਣ ਦਾ ਜਤਨ ਕੀਤਾ। ਫ਼ੌਜ ਅਤੇ ਪੁਲਿਸ ਵੱਲੋਂ ਗੋਲੀਆਂ ਚਲਾਈਆਂ ਗਈਆਂ, ਜਿਸਦੇ ਫਲਸਰੂਪ ਅਨੇਕਾਂ ਮੁਸਾਫ਼ਰ ਮਾਰੇ ਗਏ ਅਤੇ ਬਹੁਤ ਫੱਟੜ ਹੋਏ। ਕਿਸ ਕਸੂਰ ਬਦਲੇ ?

ਕੈਨੇਡਾ ਅਧਿਕਾਰੀਆਂ ਵੱਲੋਂ ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਨਾਲ ਵਧੀਕੀਆਂ ਕਰਨੀਆਂ, ਉਨ੍ਹਾਂ ਨੂੰ ਠੀਕ ਕਾਨੂੰਨੀ ਲੜਾਈ ਲੜਨ ਤੋਂ ਵਾਂਝੇ ਰੱਖਣਾ, ਡਰਾਉਣ ਧਮਕਾਉਣ ਲਈ ਨੇਵੀ ਦੇ ਜੰਗੀ ਜਹਾਜ਼ ਨੂੰ ਵਰਤਣਾ, ਇਸ ਪਿੱਛੋਂ ਉਨ੍ਹਾਂ ਨੂੰ ਹਾਂਗਕਾਂਗ ਤੇ ਸਿੰਘਾਪੁਰ ਦੀਆਂ ਬੰਦਰਗਾਹਾਂ 'ਤੇ ਵੀ ਨਾ ਉਤਰਨ ਦੇਣਾ ਵੀ ਬਹੁਤ ਧੱਕਾ ਤੇ ਜ਼ੁਲਮ ਸੀ। ਜਦੋਂ ਜਹਾਜ਼ ਬਜ ਬਜ 'ਤੇ ਪਹੁੰਚਿਆ, ਕਲਕੱਤੇ ਤਕ ਪਹੁੰਚਣ ਤੋਂ ਪਹਿਲਾਂ ਜਬਰੀ ਉਤਾਰ ਲੈਣਾ ਅਤੇ ਸਾਰੇ ਥੱਕੇ ਟੁੱਟੇ ਮੁਸਾਫ਼ਰਾਂ ਨੂੰ ਬਿਨਾਂ ਕਸੂਰ ਬੰਦੀ ਬਣਾਉਣ ਦੀ ਭਾਵਨਾ ਨਾਲ, ਇਕ ਰੇਲ ਗੱਡੀ ਵਿਚ ਬੈਠਣ ਲਈ ਆਖਣਾ ਜ਼ਖ਼ਮਾਂ 'ਤੇ ਲੂਣ ਛਿੜਕਣਾ ਹੀ ਸੀ। ਕੈਨੇਡਾ ਸਰਕਾਰ ਜੋ ਬਰਤਾਨਵੀ ਬਸਤੀ ਹੀ ਸੀ ਤੇ ਦੂਸਰਾ ਬ੍ਰਿਟਿਸ਼ ਸਰਕਾਰ ਵੱਲੋਂ ਮੁਸਾਫ਼ਰਾਂ ਨਾਲ ਧੱਕਾ ਕਰਨ ਦੀ ਇਹੀ ਭਾਵਨਾ ਲੱਗਦੀ ਹੈ ਕਿ ਉਹ ਚਾਹੁੰਦੇ ਸਨ ਕਿ ਕੋਈ ਵੀ ਮੁਸਾਫ਼ਰ ਕੈਨੇਡਾ ਵੱਲ ਮੂੰਹ ਨਾ ਕਰੇ ਅਤੇ ਕੋਈ ਦੁਬਾਰਾ ਸੋਚਣ ਦੀ ਜੁਰਅਤ ਹੀ ਨਾ ਕਰੇ ਕਿ ਕੈਨੇਡਾ ਦੇ ਇਮੀਗ੍ਰੇਸ਼ਨ ਕਾਨੂੰਨ ਨੂੰ ਚਣੌਤੀ ਦੇਣ ਲਈ ਕੋਈ ਜਹਾਜ਼ ਖ਼ਰੀਦ ਕੇ ਜਾਂ ਕਿਰਾਏ 'ਤੇ ਲੈ ਕੇ ਕੈਨੇਡਾ ਵੱਲ ਜਾਵੇ। ਉਸ ਸਮੇਂ ਅਮਰੀਕਾ ਵਿਚ ਗ਼ਦਰ ਲਹਿਰ ਦਾ ਜ਼ੋਰ ਸੀ ਅਤੇ ਬ੍ਰਿਟਿਸ਼ ਸਰਕਾਰ ਨੂੰ ਪਤਾ ਸੀ ਕਿ ਇਹ ਅੱਕੇ ਹੋਏ ਮੁਸਾਫ਼ਰ ਗ਼ਦਰ ਲਹਿਰ ਵਿਚ ਕੁੱਦ ਪੈਣਗੇ ਅਤੇ ਉਹ ਪਹਿਲਾਂ ਹੀ ਮੁਸਾਫ਼ਰਾਂ ਨੂੰ ਬੰਦੀ ਬਣਾ ਕੇ ਰੱਖਣਾ ਚਾਹੁੰਦੇ ਸਨ। ਇਸਦੇ ਨਾਲ ਹੀ ਬਰਤਾਨਵੀ ਅਧਿਕਾਰੀਆਂ ਨੂੰ ਡਰ ਸੀ ਕਿ ਇਹ ਮੁਸਾਫ਼ਰ ਕੈਨੇਡਾ ਸਰਕਾਰ

ਵੱਲੋਂ ਕੀਤੀਆਂ ਵਧੀਕੀਆਂ ਦਾ ਜਨਤਾ ਵਿਚ ਪ੍ਰਚਾਰ ਕਰਨਗੇ ਅਤੇ ਲੋਕਾਂ ਅੰਦਰ ਆਜ਼ਾਦੀ ਪ੍ਰਾਪਤੀ ਦੀਆਂ ਭਾਵਨਾਵਾਂ ਉਜਾਗਰ ਹੋਣਗੀਆਂ ਅਤੇ ਆਜ਼ਾਦੀ ਦੀ ਲਹਿਰ ਜ਼ੋਰ ਫੜੇਗੀ।

ਅੱਜ ਅਸੀਂ ਗੋਰੇ ਸਮਾਜ ਦੇ ਵਤੀਰੇ ਵਿਚ ਤਬਦੀਲੀ ਦੇਖਦੇ ਹਾਂ, ਭਾਵੇਂ ਕਿਤੇ ਨਾ ਕਿਤੇ ਕੋਈ ਮੰਦਭਾਗੀ ਘਟਨਾ ਵਾਪਰ ਜਾਂਦੀ ਹੈ ਪਰ ਮਨੁੱਖੀ ਅਧਿਕਾਰ ਸੁਰੱਖਿਅਤ ਹਨ। ਕੁਝ ਸਾਲ ਪਹਿਲਾਂ ਨਿਊਯਾਰਕ ਦੇ 9/11 ਦੁਖਾਂਤ ਵਾਪਰਨ 'ਤੇ ਸਿੱਖਾਂ ਨੂੰ ਖੱਜਲ-ਖ਼ੁਆਰ ਹੋਣਾ ਪਿਆ ਅਤੇ ਇਕ ਪੈਟਰੋਲ ਪੰਪ ਦੇ ਮਾਲਕ ਸਿੱਖ ਦਾ ਕਿਸੇ ਗੋਰੇ ਵੱਲੋਂ ਮੁਸਲਮਾਨ ਸਮਝ ਕੇ ਕਤਲ ਹੋਇਆ। ਅਧਿਕਾਰੀਆਂ ਨੇ ਉਸ ਗੋਰੇ ਨੂੰ ਮੌਤ ਦੀ ਸਜ਼ਾ ਦਿੱਤੀ। ਭਾਰਤ ਅੰਦਰ ਹਜ਼ਾਰਾਂ ਹੀ ਸਿੱਖਾਂ ਦਾ ਕਤਲ 1984 ਵਿਚ ਹੋਇਆ ਪਰ ਹੁਣ ਤਕ ਇਕ ਵੀ ਦੋਸ਼ੀ ਨੂੰ ਸਜ਼ਾ ਨਹੀਂ ਦਿੱਤੀ ਗਈ, ਉਸ ਪਿੱਛੋਂ ਗੁਜਰਾਤ ਵਿਚ ਮੁਸਲਮਾਨਾਂ ਦਾ ਕਤਲੇਆਮ ਹੋਇਆ। ਉਪਰੋਕਤ ਭਾਰਤ ਦੇ ਦੁਖਾਂਤ ਸਰਕਾਰਾਂ ਦੀ ਸ਼ਹਿ 'ਤੇ ਵਾਪਰੇ। ਇਥੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਪੱਛਮੀ ਦੁਨੀਆ ਅੰਦਰ ਮਨੁੱਖੀ ਅਧਿਕਾਰਾਂ ਦੀ ਰਾਖੀ ਸਰਕਾਰ ਇਮਾਨਦਾਰੀ ਨਾਲ ਕਰਦੀ ਹੈ। ਸਿੱਖਾਂ ਨੇ ਸਖ਼ਤ ਮੁਸ਼ੱਕਤ ਕਰਕੇ ਆਪਣੇ ਆਪ ਨੂੰ ਪੈਰਾਂ 'ਤੇ ਖੜੇ ਕਰ ਲਿਆ। ਸਿੱਖ ਸੰਸਥਾਵਾਂ ਦੁਆਰਾ ਸਿੱਖਾਂ ਦੇ ਸੱਭਿਆਚਾਰ ਅਤੇ ਧਾਰਮਿਕ ਰਹੁ-ਰੀਤਾਂ ਦਾ ਪੁਨਰ-ਜਨਮ ਹੋਇਆ। ਕੈਨੇਡਾ ਦੀਆਂ ਮੁੱਖ ਰਾਜਨੀਤਕ ਪਾਰਟੀਆਂ ਵਿਚ ਸਿੱਖਾਂ ਦਾ ਬੋਲ-ਬਾਲਾ ਹੈ, ਭਾਵੇਂ ਸਿੱਖਾਂ ਦੀ ਗਿਣਤੀ ਇਤਨੀ ਨਹੀਂ ਕਿ ਉਹ ਇਕੱਲੇ ਆਪਣੇ ਭਾਈਚਾਰੇ ਦੀਆਂ ਵੋਟਾਂ ਨਾਲ ਐਮ.ਐਲ.ਏਜ਼. ਜਾਂ ਐਮ.ਪੀਜ਼ ਬਣਾ ਸਕਣ, ਪਰ ਸਿੱਖਾਂ ਦੀ ਨੁਮਾਇੰਗੀ ਆਪਣੀ ਅਬਾਦੀ ਦੇ ਮੁਕਾਬਲੇ ਵੱਧ ਹੈ। 2004 ਦੀਆਂ ਚੋਣਾਂ ਵਿਚ 8 ਸਿੱਖ ਮੈਂਬਰ ਆਫ਼ ਪਾਰਲੀਮੈਂਟ ਚੁਣੇ ਗਏ, ਜਿਨ੍ਹਾਂ ਵਿੱਚੋਂ ਦੋ ਦਸਤਾਰਧਾਰੀ ਹਨ ਅਤੇ ਇਕ ਕੈਨੇਡਾ ਦਾ ਜਮ-ਪਲ ਸ੍ਰ. ਨਵਜਿੰਦਰ ਸਿੰਘ ਬੈਂਸ ਅੰਮ੍ਰਿਤਧਾਰੀ ਸਿੰਘ ਵੀ ਹੈ। ਕੇਂਦਰ ਵਿਚ ਇਕ ਪੂਰਾ ਮੰਤਰੀ ਹੈ ਤੇ ਇਕ ਡਿਪਟੀ ਮੰਤਰੀ ਹੈ। ਬੀ.ਸੀ. ਵਿਚ ਅੱਠ ਐਮ.ਐਲ.ਏ. ਚੁਣੇ ਗਏ, ਜਿਨ੍ਹਾਂ ਵਿੱਚੋਂ ਦੋ ਮੰਤਰੀ ਸਨ।

ਪਰ ਕਈ ਵਾਰ ਇਹ ਜਾਣ ਕੇ ਵੀ ਦੁਖ ਹੁੰਦਾ ਹੈ ਕਿ ਹਰ ਜਣਾ-ਖਣਾ ਐਮ.ਐਲ.ਏ. ਜਾਂ ਐਮ.ਪੀ. ਬਣਨਾ ਲੋਚਦਾ ਹੈ। ਸਾਨੂੰ ਆਪਣੀ ਯੋਗਤਾ ਅਤੇ ਸ਼ਖ਼ਸੀਅਤ ਦੀ ਪਹਿਚਾਣ ਕਰਨੀ ਜ਼ਰੂਰੀ ਹੈ, ਕਿਤੇ ਅਸੀਂ ਆਪਣੀ ਸ਼ਾਨ-ਸ਼ੌਕਤ ਨੂੰ ਕਲੰਕਤ ਤਾਂ ਨਹੀਂ ਕਰ ਰਹੇ ? ਸਾਡੇ ਲੋਕਾਂ 'ਤੇ ਮੌਕਾ ਪ੍ਰਸਤੀ ਹੋਣ ਦੇ ਵੀ ਦੂਸ਼ਨ ਲੱਗ ਰਹੇ ਹਨ। ਜੇ ਇਕ ਰਾਜਨੀਤਕ ਪਾਰਟੀ ਵਿਚ ਦਾਅ ਨਹੀਂ ਲੱਗਿਆ ਤਾਂ ਕੁੱਦ ਕੇ ਹੋਰ ਪਾਰਟੀ ਵਿਚ ਢੀਠ ਬਣ ਕੇ ਸ਼ਾਮਲ ਹੋ ਜਾਂਦੇ ਹਾਂ। ਅਜਿਹੇ ਕਰਮ ਜਾਂ ਮੌਕਾ-ਪ੍ਰਸਤੀ ਅਪਣਾ ਕੇ ਲਾਹੇ ਪ੍ਰਾਪਤ ਕਰਨੇ ਕੌਮ ਦੇ ਹਿੱਤਾਂ ਵਿਚ ਨਹੀਂ, ਸਗੋਂ ਹਾਨੀਕਾਰਕ ਹਨ। ਸਾਲ 2005 ਵਿਚ ਮਈ ਦੇ ਮਹੀਨੇ ਇਕ ਪੰਜਾਬੀ ਐਮ.ਪੀ. ਤੇ ਇਕ ਪੰਜਾਬੀ ਕੇਂਦਰੀ ਮੰਤਰੀ ਦਰਮਿਆਨ ਦਲ ਬਦਲਣ ਲਈ ਸੌਦੇਬਾਜ਼ੀ ਦੀ ਸ਼ਰੇਆਮ ਚਰਚਾ ਹੋਈ। ਭਾਵੇਂ ਇਸ ਦਲ ਬਦਲੀ ਦੇ ਜਤਨ ਹੋਏ ਜਾਂ ਨਹੀਂ, ਜਾਂ ਮੌਜੂਦਾ ਸਰਕਾਰ ਵੱਲੋਂ

ਵਿਰੋਧੀ ਧਿਰ ਦੇ ਐਮ.ਪੀ.'ਜ਼ ਨੂੰ ਸਰਕਾਰ ਦੀ ਹਮਾਇਤ ਲਈ ਲਾਲਚ ਦੇਣਾ ਵੀ ਅਨੈਤਿਕ ਕਰਮ ਸੀ, ਪਰ ਇਸ ਚਰਚਾ ਵਿਚ ਮੁੱਖ ਪਾਤਰ ਪੰਜਾਬੀ ਸਨ।

ਅੱਜ ਸਾਨੂੰ ਆਪਣੇ ਨੌਜਵਾਨਾਂ ਨੂੰ ਸ਼ੁਭ ਕਰਮਨ ਲਈ ਪ੍ਰੇਰਤ ਕਰਨ ਦੀ ਲੋੜ ਹੈ। ਸਿੱਖ ਸਿਧਾਂਤਾਂ ਨੂੰ ਆਧਾਰ ਬਣਾ ਕੇ ਸਮਾਜ ਅੰਦਰ ਨਸ਼ਿਆਂ ਦੀ ਵਰਤੋਂ ਅਤੇ ਨਸ਼ਿਆਂ ਦਾ ਧੰਦਾ ਕਰਨ ਦੇ ਵਿਰੁੱਧ ਪ੍ਰਚਾਰ ਕਰੀਏ। ਰਾਜਨੀਤਕ ਖੇਤਰਾਂ ਵਿਚ ਪ੍ਰਾਪਤੀ ਦੇ ਨਾਲ ਨਾਲ ਉੱਚ ਪੱਧਰ ਦੇ ਵਿਗਿਆਨੀ, ਖਿਡਾਰੀ ਅਤੇ ਲਿਖਾਰੀ ਵੀ ਪੈਦਾ ਕਰੀਏ। ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਅੱਗੇ ਆਈਏ। ਸਾਡੇ ਪੰਜਾਬੀ ਪਰਿਵਾਰਾਂ ਦੇ ਬੱਚੇ ਵਿਦਿਅਕ ਖੇਤਰ ਵਿਚ ਬਹੁਤ ਫਾਡੀ ਹਨ ਅਤੇ ਸਮੁੱਚੇ ਭਾਈਚਾਰੇ ਦਾ ਭਵਿੱਖ ਤਦ ਹੀ ਉੱਜਲਾ ਹੋ ਸਕਦਾ ਹੈ ਜੇਕਰ ਸਾਡੇ ਬੱਚੇ ਉੱਚ ਪੱਧਰ ਦੀ ਵਿੱਦਿਆ ਪ੍ਰਾਪਤ ਕਰਨ।

ਸਾਨੂੰ ਇਤਿਹਾਸ ਅੰਦਰ ਵਰਤੇ ਦੁਖਾਂਤ ਤੋਂ ਸਬਕ ਲੈਣਾ ਚਾਹੀਦਾ ਹੈ ਕਿ ਸਾਰੀ ਮਾਨਵਤਾ ਇਕ ਹੈ ਅਤੇ ਰੰਗ, ਨਸਲ ਅਤੇ ਧਰਮ ਤੋਂ ਉਪਰ ਉਠ ਕੇ ਸੰਸਾਰ ਸ਼ਾਂਤੀ ਲਈ ਸੰਘਰਸ਼ ਕਰਨਾ ਨੈਤਕ ਕਰਮ ਹੈ। ਇਹ ਸਬਕ ਪਕਾਈਏ ਕਿ ਅਸੀਂ ਆਪ ਵੀ ਸਮੂਹ ਸੰਸਾਰ ਦੇ ਭਲੇ ਲਈ ਕਰਮ ਕਰੀਏ ਅਤੇ ਸਰਬੱਤ ਦਾ ਭਲਾ ਲੋਚਣਾ ਹੀ ਸੱਚਾ ਧਰਮ ਹੈ।

ਅੰਤਿਕਾ—1

ਟੇਬਲ-1

ਵਰ੍ਹੇ ਵਾਰ ਕਾਨੂੰਨੀ ਤੌਰ 'ਤੇ ਜੋ ਭਾਰਤੀ ਲੋਕ ਕੈਨੇਡਾ ਵਿਚ ਦਾਖ਼ਲ ਹੋਏ।

ਸਾਲ	ਗਿਣਤੀ	ਸਾਲ	ਗਿਣਤੀ	ਸਾਲ	ਗਿਣਤੀ
1904	45	1927	56	1950	93
1905	387	1928	52	1951	81
1906	2124	1929	58	1952	173
1907	2623	1930	80	1953	170
1908	6	1931	47	1954	175
1909	10	1932	62	1955	245
1910	5	1933	33	1956	330
1911	3	1934	33	1957	324
1912	5	1935	20	1958	451
1913	88	1936	13	1959	716
1914	0	1937	14	1960	673
1915	1	1938	14	1961	744
1916	0	1939	11	1962	529
1917	0	1940	6	1963	737
1918	0	1941	3	1964	1154
1919	0	1942	0	1965	2241
1920	10	1943	0	1966	2233
1921	13	1944	0	1967	3966
1922	21	1945	1	1968	3229
1923	40	1946	7	1969	5395
1924	46	1947	130	1970	5670
1925	62	1948	63	1971	5313
1926	62	1949	52		

ਟੇਬਲ-2

ਲੱਕੜ ਦੀਆਂ ਮਿੱਲਾਂ ਵਿਚ ਕਾਮਿਆਂ ਦੀਆਂ ਵੱਖ-ਵੱਖ ਉਜਰਤਾਂ

ਇਲਾਕਾ	*ਚੀਨੇ*	*ਜਪਾਨੀ*	*ਹਿੰਦੂ (ਭਾਰਤੀ)*	*ਗੋਰੇ*
ਵੈਨਕੂਵਰ	30-50	30-50	35-55	35-90
ਕੂਮਬਸ	35-55	40-55	40-55	45-95
ਲੈਂਡੀ ਸਮਿੱਥ	35-55	40-60	40-60	45-100
ਡੰਕਨ	35-60	40-65	40-65	45-100

ਟੇਬਲ-3

ਬਰਤਾਨਵੀ ਆਵਾਸੀ ਜੋ ਸਾਲ 1900 ਤੋਂ 1918 ਤਕ ਕੈਨੇਡਾ ਦਾਖ਼ਲ ਹੋਏ

ਬ੍ਰਿਟਿਸ਼	1900 1901	1901 1902	1902 1903	1903 1904	1904 1905	1905 1906	ਨੌਂ ਮਹੀਨੇ ਅਖ਼ੀਰ ਮਾਰਚ 30, 1907	1907 1908	1908 1909	1909 1910	1910 1911	1911 1912	1912 1913	1913 1914	1914 1915	1915 1916	1916 1917	1917 1918	ਕੁਲ
ਇੰਗਲਿਸ਼	9331	12783	32087	36003	48847	65135	41156	90380	37019	40416	84707	95107	108082	102122	30807	5857	5174	2477	847490
ਆਇਰਸ਼	933	1311	2236	3128	3998	5018	3404	6547	3609	3940	6877	8327	9706	9585	3525	818	958	174	74094
ਸਕੌਟਿਸ਼	1476	2853	7046	10552	1174	15846	10729	22223	11810	14706	29924	32988	30735	29128	8346	1887	2062	473	244528
ਵੈਲਸ਼	70	312	423	691	770	797	502	1032	463	728	1505	1699	2019	1787	598	102	88	54	13640
ਜੋੜ	11810	17259	41792	50374	65359	86796	55791	120182	52901	59790	123013	138121	150642	142622	43276	8664	8282	7178	1179752

ਟੇਬਲ-4

ਪੱਛਮੀ ਅਤੇ ਮੱਧ ਯੂਰਪ ਤੋਂ ਸਾਲ 1900 ਤੋਂ 1918 ਤਕ ਜੋ ਆਵਾਸੀ ਆਏ

ਕੌਮੀਅਤ	1900 1901	1901 1902	1902 1903	1903 1904	1904 1905	1905 1906	ਨੌ ਮਹੀਨੇ ਅਖ਼ੀਰ ਮਾਰਚ 31, 1907	1907 1908	1908 1909	1909 1910	1910 1911	1911 1912	1912 1913	1913 1914	1914 1915	1915 1916	1916 1917	1917 1918	ਕੁਲ
ਬੈਲਜੀਅਮ	132	223	303	858	796	1106	650	1214	828	910	1563	1601	1826	2651	1149	172	126	19	16127
ਡੱਚ	25	35	223	169	281	389	394	1212	495	741	931	1077	1521	1506	605	186	151	94	10038
ਫਰਿੰਚ	360	431	937	1534	1743	1648	1314	2671	1830	1727	2041	204	2755	2683	1206	180	199	114	25467
ਜਰਮਨ	984	1048	1887	2985	2759	1796	1903	2377	1340	1533	2533	4664	4953	5537	2472	27	9	1	38808
ਇਟਾਲੀਅਨ	4710	3828	3371	4445	3473	7959	5114	11212	4228	7118	8359	7590	16601	24722	6228	388	758	189	120293
ਡੈਨਿਸ਼	88	163	308	417	461	474	297	290	160	300	535	628	798	871	326	167	145	74	6502
ਆਈਸਲੈਂਡਿਕ	912	260	917	396	413	168	46	97	35	95	250	205	231	292	145	15	9	3	4489
ਨਾਰਵੀਜੀਅਨ	265	1015	1746	1239	1397	1415	876	1554	752	1370	2169	1692	1832	1647	788	232	303	235	20527
ਸਵੀਡਸ਼	485	1013	2477	2151	1847	1802	1077	2132	1135	2017	3213	2394	2477	2435	916	177	332	156	28236
ਸਪੈਨਿਸ਼	14	1	7	5	10	12	29	61	32	42	197	191	296	1138	755	11	76	28	2905
ਸਵਿੱਸ	30	17	73	128	150	172	112	195	129	211	270	230	246	269	209	42	30	12	2525
ਜੋੜ	8005	8040	10249	14327	13330	16941	11712	23015	11964	16064	22061	22366	33539	43751	14799	1597	2138	925	275919

ਟੇਬਲ-5

ਪੂਰਬੀ ਯੂਰਪ ਤੋਂ ਸਾਲ 1900 ਤੋਂ 1918 ਤਕ ਪਹੁੰਚੇ ਆਵਾਸੀ

ਕੌਮੀਅਤ	1900 1901	1901 1902	1902 1903	1903 1904	1904 1905	1905 1906	ਨੌਂ ਮਹੀਨੇ ਅਖ਼ੀਰ ਮਾਰਚ 30, 1907	1907 1908	1908 1909	1909 1910	1910 1911	1911 1912	1912 1913	1913 1914	1914 1915	1915 1916	1916 1917	1917 1918	ਕੁਲ
ਐਸਟਰੋ-ਹੰਗੇਰੀਅਨ	5692	8557	13095	11137	10089	19170	4045	21376	10798	9757	16285	26651	21875	28323	7150	15	1	—	200016
ਬਲਗਾਰੀਅਨ	—	1	7	14	2	71	179	2529	56	557	1068	3295	4616	1727	4048	1	—	—	18171
ਗਰੀਕ	81	161	193	191	98	254	545	1053	192	452	777	693	1390	1102	1147	145	258	45	8777
ਹੀਬਰੂ	2765	1015	2066	3727	7715	7127	6584	7712	1636	3182	5146	5322	7387	11252	3107	65	136	32	75976
ਪਰਸ਼ੀਅਨ	—	1	40	5	8	7	31	7	1	5	19	19	20	19	7	3	—	2	194
ਪੋਲਿਸ਼	162	230	274	669	745	725	1033	1593	376	1407	2177	5060	9945	9793	1976	8	12	—	36185
ਰੋਮਾਨੀਅਨ	152	551	438	619	270	396	431	949	278	293	511	793	116	1504	361	4	4	—	8670
ਰਸ਼ੀਅਨ	1044	2467	5505	1955	1887	3152	1927	6281	3547	4564	6621	9805	18623	24485	5201	40	25	42	97171
ਡੋਖੋਬਰ	—	12	—	—	24	204	—	—	—	—	41	24	108	4	—	—	—	—	417
ਫ਼ਿਨਸ਼	682	1292	1734	845	1323	1103	1049	1212	669	1457	2132	1646	2391	3183	459	139	249	113	21678
ਮੈਨੋਨਾਈਟ	—	52	38	11	—	—	—	—	—	—	—	—	—	—	—	—	—	—	101
ਸਰਬੀਅਨ	23	—	2	10	7	19	4	48	31	76	50	209	366	193	220	6	1	—	1265
ਟਰਕਸ਼	37	17	53	29	30	357	232	489	236	517	469	632	770	187	33	—	5	—	4083
ਅਰਬੀ	98	70	46	58	48	19	31	50	4	14	3	2	10	16	—	—	—	—	469
ਏਮੇਨੀਅਨ	62	112	113	81	78	82	208	563	79	75	20	60	100	139	36	—	3	2	1813
ਮਿਸਰੀ	1	3	1	3	2	18	10	8	2	2	3	7	5	—	—	—	—	—	65
ਸੀਰੀਅਨ	464	1068	847	369	630	336	277	732	189	195	124	144	232	278	79	3	5	2	5976
ਕੁੱਲ	11263	15607	24442	19723	22956	24040	16586	44602	18094	22553	35446	49355	68956	82210	23824	429	703	238	481027

ਅੰਤਿਕਾ—2

ਮੁਸਾਫ਼ਰਾਂ ਦੀ ਸੂਚੀ

1960 ਦੇ ਅੱਧ ਵਿਚ ਫ਼ਿਰੋਜ਼ਪੁਰ ਵਿੱਚੋਂ ਹੀ ਨਵਾਂ ਫ਼ਰੀਦਕੋਟ ਜ਼ਿਲਾ ਬਣਾਉਣ ਨਾਲ ਫ਼ਿਰੋਜ਼ਪੁਰ ਜ਼ਿਲਾ ਛੋਟਾ ਹੋ ਗਿਆ ਅਤੇ ਉਸੇ ਵਿੱਚੋਂ ਹੀ 1995 ਨੂੰ ਇਕ ਹੋਰ ਜ਼ਿਲਾ ਮੋਗਾ ਬਣਾ ਦਿੱਤਾ ਗਿਆ।

ਜ਼ਿਲਾ ਫ਼ਿਰੋਜ਼ਪੁਰ

ਕ੍ਰਮ	ਮੁਸਾਫ਼ਰ	ਪਿਤਾ ਦਾ ਨਾਮ	ਪਿੰਡ
1.	ਹਰਨਾਮ ਸਿੰਘ	—	ਰੋਡੇ
2.	ਕੇਹਰ ਸਿੰਘ	ਸੰਤਾ ਸਿੰਘ	ਰੋਡੇ
3.	ਇੰਦਰ ਸਿੰਘ	—	ਰੋਡੇ
4.	ਕੇਹਰ ਸਿੰਘ	ਭਾਨ ਸਿੰਘ	ਰੋਡੇ
5.	ਹੀਰਾ ਸਿੰਘ	ਪ੍ਰੇਮ ਸਿੰਘ	ਤੂੰਗਵਾਲੀ
6.	ਸ਼ੇਰ ਸਿੰਘ	ਮੱਸਾ ਸਿੰਘ	ਤੂੰਗਵਾਲੀ
7.	ਰਾਮ ਸਿੰਘ	ਭੋਲਾ ਸਿੰਘ	ਤੂੰਗਵਾਲੀ
8.	ਗੁਰਮੁਖ ਸਿੰਘ	ਕੇਵਲ ਸਿੰਘ	ਤੂੰਗਵਾਲੀ
9.	ਬੁੱਧਾ ਸਿੰਘ	ਪ੍ਰੇਮ ਸਿੰਘ	ਤੂੰਗਵਾਲੀ
10.	ਕੇਹਰ ਸਿੰਘ	ਪਾਲ ਜਾਂ ਲਾਲ ਸਿੰਘ	ਤੂੰਗਵਾਲੀ
11.	ਬੰਸੀ ਲਾਲ	ਰਾਮ ਜੀ	ਤੂੰਗਵਾਲੀ
12.	ਰਾਮ ਜੀ	ਅਮੀ ਚੰਦ	ਤੂੰਗਵਾਲੀ
13.	ਕਰਤਾ ਰਾਮ	ਕਿਸ਼ਨ ਰਾਮ	ਤੂੰਗਵਾਲੀ
14.	ਰਾਮ ਰਤਨ	ਸੰਤ ਰਾਮ	ਤੂੰਗਵਾਲੀ
15.	ਥੰਮਣ ਸਿੰਘ	—	ਤੂੰਗਵਾਲੀ
16.	ਦਲਵਾਰਾਂ ਸਿੰਘ	ਰਾਮ ਸਿੰਘ	ਮੱਲ੍ਹਾਂ
17.	ਸੁੰਦਰ ਸਿੰਘ	—	ਮੱਲ੍ਹਾਂ
18.	ਪਰਤਾਪ ਸਿੰਘ	—	ਮੱਲ੍ਹਾਂ
19.	ਬੂੜ ਸਿੰਘ	—	ਲੰਡੇਆਣਾ
20.	ਜੈਮਲ ਸਿੰਘ	ਹੁਕਮ ਸਿੰਘ	ਲੰਡੇਆਣਾ
21.	ਰੂੜ ਸਿੰਘ	ਸ਼ੇਰ ਸਿੰਘ	ਲੰਡੇਆਣਾ

ਕ੍ਰਮ	ਮੁਸਾਫ਼ਰ	ਪਿਤਾ ਦਾ ਨਾਮ	ਪਿੰਡ
22.	ਦੇਵਾ ਸਿੰਘ	ਬੂੜ ਸਿੰਘ	ਲੰਡੇਆਣਾ
23.	ਪੂਰਨ ਸਿੰਘ	—	ਢੁੱਡੀਕੇ
24.	ਇੰਦਰ ਸਿੰਘ	—	ਢੁੱਡੀਕੇ
25.	ਮੇਵਾ ਸਿੰਘ	—	ਢੁੱਡੀਕੇ
26.	ਬਾਘਾ ਸਿੰਘ	—	ਢੁੱਡੀਕੇ
27.	ਜੀਵਨ ਸਿੰਘ	—	ਢੁੱਡੀਕੇ
28.	ਰਾਮ ਸਿੰਘ	ਗੁਰਮੁਖ ਸਿੰਘ	ਅਬੋ
29.	ਰਾਏਜ਼ਾਦਾ ਸਿੰਘ	ਗੰਡਾ ਸਿੰਘ	ਅਬੋ
30.	ਨਾਹਰ ਸਿੰਘ	ਸੁਚੇਤ ਸਿੰਘ	ਅਬੋ
31.	ਜਵਾਲਾ ਸਿੰਘ	—	ਵਾੜੇ
32.	ਗੁਰਮੁਖ ਸਿੰਘ	ਖੜਕ ਸਿੰਘ	ਵਾੜੇ
33.	ਗੋਬਿੰਦ ਸਿੰਘ	ਨਿਹਾਲ ਸਿੰਘ	ਵਾੜੇ
34.	ਭਗਤ ਸਿੰਘ	ਹੀਰਾ ਸਿੰਘ	ਰਾਜੇਆਣਾ
35.	ਸੰਤਾ ਸਿੰਘ	—	ਰਾਜੇਆਣਾ
36.	ਜੈਮਲ ਸਿੰਘ	ਸਾਵਣ ਸਿੰਘ	ਸੇਖਾ
37.	ਕੇਹਰ ਸਿੰਘ	ਸਦਾ ਸਿੰਘ	ਸੇਖਾ
38.	ਮਾਲਾ ਸਿੰਘ	ਜਗਤ ਸਿੰਘ	ਸੇਖਾ
39.	ਜੈਮਲ ਸਿੰਘ (ਦੂਜਾ)	—	ਸੇਖਾ
40.	ਪੂਰਨ ਸਿੰਘ	ਬੂੜ ਸਿੰਘ	ਘੋਲੀਆ
41.	ਮੁਨਸ਼ੀ ਸਿੰਘ	ਪਾਰਸ ਰਾਮ	ਘੋਲੀਆ
42.	ਸਦਾ ਸਿੰਘ	ਕਾਨ੍ਹ ਸਿੰਘ	ਚੂਹੜਚੱਕ
43.	ਬਿਸ਼ਨ ਸਿੰਘ	ਸਾਧੂ ਸਿੰਘ	ਚੂਹੜਚੱਕ
44.	ਸ਼ੇਰ ਸਿੰਘ	—	ਆਲਮਵਾਲਾ
45.	ਭਗਵਾਨ ਸਿੰਘ	ਬੂਟਾ ਸਿੰਘ	ਆਲਮਵਾਲਾ
46.	ਦਲੇਲ ਸਿੰਘ	ਬਿਸ਼ਨ ਸਿੰਘ	ਆਲਮਵਾਲਾ
47.	ਕਾਕਾ ਸਿੰਘ	—	ਭਖੜੀ
48.	ਈਸ਼ਰ ਸਿੰਘ	ਅਨੋਖ ਸਿੰਘ	ਰੌਲੀ
49.	ਈਸ਼ਰ ਸਿੰਘ ਜਾਂ ਇੰਦਰ ਸਿੰਘ	ਸੁੱਚਾ ਸਿੰਘ	ਦਾਨੇਵਾਲਾ
50.	ਗੱਜਣ ਸਿੰਘ	—	ਬਦਨੀ
51.	ਚੰਨਣ ਸਿੰਘ	ਗੁਰਦਿੱਤ ਸਿੰਘ	ਕਿਸ਼ਨਪੁਰਾ

ਕ੍ਰਮ	ਮੁਸਾਫ਼ਰ	ਪਿਤਾ ਦਾ ਨਾਮ	ਪਿੰਡ
52.	ਜਾਗਰ ਸਿੰਘ	—	ਸੁਗਮੀ
53.	ਅਰਜਨ ਸਿੰਘ	ਧਰਮ ਸਿੰਘ	ਮਹਿਣਾ
54.	ਕਪੂਰ ਸਿੰਘ	ਸੰਤਾ ਸਿੰਘ	ਲੋਪੋਂ
55.	ਮਿੱਤ ਸਿੰਘ	ਵਜ਼ੀਰ ਸਿੰਘ	ਘਰਾਜ
56.	ਸਾਵਣ ਸਿੰਘ	ਧੰਨ ਸਿੰਘ	ਬੰਡਾਲਾ
57.	ਬਿਸ਼ਨ ਸਿੰਘ	—	ਲੋਹਗੜ੍ਹ
58.	ਪਰਤਾਪ ਸਿੰਘ	ਭੰਗਾ ਸਿੰਘ	ਬਾਘਾ ਪੁਰਾਣਾ
59.	ਨਰੈਣ ਸਿੰਘ	ਬਚਨ ਸਿੰਘ	ਲੰਗੇਆਣਾ
60.	ਮਿੱਤ ਸਿੰਘ	ਹਮੀਰ ਸਿੰਘ	ਬੁਗੀਪੁਰਾ
61.	ਸੁੰਦਰ ਸਿੰਘ	ਵਰਿਆਮ ਸਿੰਘ	ਅਜੀਤਵਾਲ
62.	ਚੰਨਣ ਸਿੰਘ	ਜਗਤ ਸਿੰਘ	ਤਖਾਣਬੱਧ
63.	ਇੰਦਰ ਸਿੰਘ	ਵਰਿਆਮ ਸਿੰਘ	ਰਾਮਾ
64.	ਅਮਰੀਕ ਸਿੰਘ	—	ਭੰਡੇਆਣਾ
65.	ਰਣਜੀਤ ਸਿੰਘ	—	ਹਰੀਕੇ
66.	ਨੰਦ ਸਿੰਘ	ਗੁਜਰ ਸਿੰਘ	ਗੰਗਾ ਅਬਲੂ
67.	ਨਰੈਣ ਸਿੰਘ	—	ਗੋਨੇਵਾਲਾ
68.	ਸੁੱਚਾ ਸਿੰਘ	ਗੁਰਮੁਖ ਸਿੰਘ	ਮਾਛੀਕੇ
69.	ਬਰੇੜ ਸਿੰਘ	—	ਸੁਹਾਗ
70.	ਦਲਜੀਤ ਸਿੰਘ (ਰਾਏ ਸਿੰਘ)	ਮੌਲਖ ਸਿੰਘ	ਕੌਣੀ
71.	ਮਾਹਲਾ ਸਿੰਘ	ਭਾਗ ਸਿੰਘ	ਜੈਮਲ ਸਿੰਘ ਵਾਲਾ
72.	ਲਖਰਾਜ ਸਿੰਘ	ਨੰਦ ਸਿੰਘ	ਮਹਿਰਾਜ
73.	ਸੁੰਦਰ ਸਿੰਘ	ਅਨੋਖ ਸਿੰਘ	ਖੋਦੇ
74.	ਕਿਸ਼ਨ ਸਿੰਘ	ਪਾਵਾ ਸਿੰਘ	ਜਿਉਣ ਸਿੰਘ ਵਾਲਾ
75.	ਨੰਦ ਸਿੰਘ	ਨੱਥਾ ਸਿੰਘ	ਲਹਿਰਾ

ਜ਼ਿਲਾ ਅੰਮ੍ਰਿਤਸਰ

ਕ੍ਰਮ	ਮੁਸਾਫ਼ਰ	ਪਿਤਾ ਦਾ ਨਾਮ	ਪਿੰਡ
76.	ਗੁਰਦਿੱਤ ਸਿੰਘ (ਬਾਬਾ)	ਹੁਕਮ ਸਿੰਘ	ਸਰਹਾਲੀ
77.	ਬੰਤਾ ਸਿੰਘ	—	ਸਰਹਾਲੀ

ਕ੍ਰਮ	ਮੁਸਾਫ਼ਰ	ਪਿਤਾ ਦਾ ਨਾਮ	ਪਿੰਡ
78.	ਸ਼ਮਸ਼ੇਰ ਸਿੰਘ	ਗੁਰਦਿੱਤ ਸਿੰਘ	ਸਰਹਾਲੀ
79.	ਸੁਰੈਣ ਸਿੰਘ	ਜਵਾਲਾ ਸਿੰਘ	ਸਰਹਾਲੀ
80.	ਬਲਵੰਤ ਸਿੰਘ (7 ਸਾਲ ਪੁਰਾਣਾ)	ਗੁਰਦਿੱਤ ਸਿੰਘ	ਸਰਹਾਲੀ
81.	ਸ਼ੀਹਾਂ ਸਿੰਘ	ਨਿਹਾਲ ਸਿੰਘ	ਸਰਹਾਲੀ
82.	ਬਘੇਲ ਸਿੰਘ	—	ਕੋਟ ਦਾਤਾ
83.	ਕੇਹਰ ਸਿੰਘ	ਵਧਾਵਾ ਸਿੰਘ	ਕੋਟ ਦਾਤਾ
84.	ਆਸਾ ਸਿੰਘ	ਭਾਗ ਸਿੰਘ	ਕੋਟ ਦਾਤਾ
85.	ਸ਼ੀਹਾਂ ਸਿੰਘ	ਸੇਵਾ ਸਿੰਘ	ਕੋਟ ਦਾਤਾ
86.	ਜਵੰਦ ਸਿੰਘ	ਪੰਜਾਬ ਸਿੰਘ	ਕੋਟ ਦਾਤਾ
87.	ਸਾਧੂ ਸਿੰਘ	ਜਗਤ ਸਿੰਘ	ਕੋਟ ਦਾਤਾ
88.	ਫੌਜਾ ਸਿੰਘ	ਸੁੰਦਰ ਸਿੰਘ	ਤੁਮੋਵਾਲ
89.	ਸੁੰਦਰ ਸਿੰਘ	ਸੰਤਾ ਸਿੰਘ	ਤੁਮੋਵਾਲ
90.	ਕਿਸ਼ਨ ਕੌਰ	ਸੁਪਤਨੀ ਸੁੰਦਰ ਸਿੰਘ	ਤੁਮੋਵਾਲ
91.	ਬੇਟੀ	ਸੁੰਦਰ ਸਿੰਘ	ਤੁਮੋਵਾਲ
92.	ਰੂੜ ਸਿੰਘ	ਲਾਭ ਸਿੰਘ	ਨਾਨੋਕੇ
93.	ਸ਼ੇਰ ਸਿੰਘ	ਮਹਿਤਾਬ ਸਿੰਘ	ਨਾਨੋਕੇ
94.	ਅਜੈਬ ਸਿੰਘ	ਮੇਵਾ ਸਿੰਘ	ਕਸੇਲ
95.	ਤੇਜਾ ਸਿੰਘ	ਧਿਆਨ ਸਿੰਘ	ਕਸੇਲ
96.	ਸ਼ੀਹਾਂ ਸਿੰਘ	ਸੁਹੇਲ ਸਿੰਘ	ਜੌਹਲ ਭੈਲ
97.	ਬੂੜ ਸਿੰਘ	ਪਾਲ ਸਿੰਘ	ਜੌਹਲ ਭੈਲ
98.	ਹਰਿਨਾਮ ਸਿੰਘ	ਨੱਥਾ ਸਿੰਘ	ਸੇਰੋਂ
99.	ਦੇਵਾ ਸਿੰਘ	ਲਾਲ ਸਿੰਘ	ਸੇਰੋਂ
100.	ਨਰੈਣ ਸਿੰਘ	—	ਕੱਲਾ
101.	ਅੱਛਰ ਸਿੰਘ	—	ਕੱਲਾ
102.	ਬਿਸ਼ਨ ਸਿੰਘ	ਕੇਸਰ ਸਿੰਘ	ਦਦੇਹਰ
103.	ਇੰਦਰ ਸਿੰਘ	ਗੁਰਮੁਖ ਸਿੰਘ	ਦਦੇਹਰ
104.	ਸੁਰੈਣ ਸਿੰਘ	ਗੁਰਦਿੱਤ ਸਿੰਘ	ਪੰਡੋਰੀ
105.	ਸੁਰਜਨ ਸਿੰਘ	—	ਪੰਡੋਰੀ
106.	ਬੇਲਾ ਸਿੰਘ	ਖੇਮ ਸਿੰਘ	ਖਾਨ ਛਾਬੜੀ
107.	ਆਲਾ ਸਿੰਘ	ਨਿਹਾਲ ਸਿੰਘ	ਵੈਰੋਵਾਲ
108.	ਵੀਰ ਸਿੰਘ	ਲਹਿਣਾ ਸਿੰਘ	ਚੰਬਲ

ਕ੍ਰਮ	ਮੁਸਾਫ਼ਰ	ਪਿਤਾ ਦਾ ਨਾਮ	ਪਿੰਡ
109.	ਦਿਆਲ ਸਿੰਘ	ਨਰੈਣ ਸਿੰਘ	ਕੱਕੜ
110.	ਗਣੇਸ਼ਾ ਸਿੰਘ	ਭਾਗ ਸਿੰਘ	ਖਾਨਪੁਰ
111.	ਕਿਸ਼ਨ ਸਿੰਘ	ਬਤਨ ਸਿੰਘ	ਮੁੰਢਾ
112.	ਬਹਾਦਰ ਸਿੰਘ	ਜਵਾਹਰ ਸਿੰਘ	ਕੱਲਰ ਵਾਲੀਆ
113.	ਮਲ ਸਿੰਘ	—	ਵਡਾਲੀ (ਆਲਾ ਸਿੰਘ)
114.	ਨੌਰੰਗ ਸਿੰਘ	ਗੁਰਦਿਤ ਸਿੰਘ	ਮੁੰਢਾ
115.	ਮਾਨਾ ਸਿੰਘ	ਖੜਕ ਸਿੰਘ	ਢੋਟੀਆਂ
116.	ਵਧਾਵਾ ਸਿੰਘ	ਗੰਡਾ ਸਿੰਘ	ਭਕਨਾ
117.	ਅਤਰ ਸਿੰਘ	—	ਰੂੜੀ ਵਾਲਾ
118.	ਜਵੰਦ ਸਿੰਘ	ਸੁੰਦਰ ਸਿੰਘ	ਫ਼ਤਹਗੜ੍ਹ
119.	ਠਾਕਰ ਸਿੰਘ	ਬੁੱਧਾ ਸਿੰਘ	ਉਦੋ ਨੰਗਲ
120.	ਕਿਸ਼ਨ ਸਿੰਘ	ਵਧਾਵਾ ਸਿੰਘ	ਝੰਡੇਰ
121.	ਫੌਜਾ ਸਿੰਘ	ਦਸੌਂਧਾ ਸਿੰਘ	ਝਾਮ ਕੇ
122.	ਟਹਿਲ ਸਿੰਘ	—	ਚੋਲਾ ਸਾਹਿਬ
123.	ਟਹਿਲ ਸਿੰਘ	ਗੰਡਾ ਸਿੰਘ	ਰਾਣੀਵਾਲਾ
124.	ਹਰਿਨਾਮ ਸਿੰਘ	—	ਅੰਮ੍ਰਿਤਸਰ
125.	ਲਛਮਣ ਸਿੰਘ	ਦੇਵਾ ਸਿੰਘ	ਮਾਨੋ ਚਾਹਲ
126.	ਸੱਜਣ ਸਿੰਘ	—	ਫੂਰ
127.	ਮੱਖਣ ਸਿੰਘ	ਨੱਥਾ ਸਿੰਘ	ਲਧੋਵਾਲ
128.	ਹਰਿਨਾਮ ਸਿੰਘ	—	ਪਨਗੋਟਾ
129.	ਤਾਰਾ ਸਿੰਘ	ਨਰੈਣ ਸਿੰਘ	ਜਮੱਸਤਪੁਰਾ
130.	ਜਗਤ ਸਿੰਘ	ਬੂਟਾ ਸਿੰਘ	ਤਾਰਾਗੜ੍ਹ
131.	ਬੂਟਾ ਸਿੰਘ	—	ਮੂਸਲ
132.	ਸੰਪੂਰਨ ਸਿੰਘ	ਸਰੂਪ ਸਿੰਘ	ਨੱਥੂਪੁਰਾ
133.	ਬੂੜ ਸਿੰਘ	ਲਹਿਣਾ ਸਿੰਘ	ਜੌੜਾ
134.	ਸੰਤਾ ਸਿੰਘ	—	ਕੱਦ ਗਿੱਲ
135.	ਕਿਸ਼ਨ ਸਿੰਘ	ਜਵਾਲਾ ਸਿੰਘ	ਛੱਜਲਵੱਢੀ
136.	ਅਤਰ ਸਿੰਘ	ਹੀਰਾ ਸਿੰਘ	ਘੜਕਾ
137.	ਭਗਵਾਨ ਸਿੰਘ	—	ਮੂਸੇ
138.	ਸ਼ੇਰ ਸਿੰਘ	ਬਿਸ਼ਨ ਸਿੰਘ	ਕੋਟ ਸਈਅਦ

ਜ਼ਿਲਾ ਲੁਧਿਆਣਾ

ਕ੍ਰਮ	ਮੁਸਾਫ਼ਰ	ਪਿਤਾ ਦਾ ਨਾਮ	ਪਿੰਡ
139.	ਸੂਬਾ ਸਿੰਘ	ਨੰਦ ਸਿੰਘ	ਢੋਲਣ
140.	ਅਰਜਨ ਸਿੰਘ	—	ਢੋਲਣ
141.	ਅਰਜਨ ਸਿੰਘ	—	ਢੋਲਣ
142.	ਖੁਸ਼ਹਾਲ ਸਿੰਘ	—	ਢੋਲਣ
143.	ਮੱਲ ਸਿੰਘ	ਨੱਥਾ ਸਿੰਘ	ਅੱਚਰਵਾਲ
144.	ਕੇਹਰ ਸਿੰਘ	ਗੁਰਦਿੱਤ ਸਿੰਘ	ਅੱਚਰਵਾਲ
145.	ਦਾਨ ਸਿੰਘ	ਨਾਥਨ ਸਿੰਘ	ਅੱਚਰਵਾਲ
146.	ਗੋਪੀ ਰਾਮ	ਬਿਸ਼ਨ ਰਾਮ	ਅੱਚਰਵਾਲ
147.	ਡਾ. ਰਘੁਨਾਥ ਸਿੰਘ	—	ਗੁੱਜਰਵਾਲ
148.	ਉਸਦੀ ਪਤਨੀ ਤੇ ਬੱਚਾ		ਗੁੱਜਰਵਾਲ
149.	ਨਿਹਾਲ ਸਿੰਘ	—	ਗੁੱਜਰਵਾਲ
150.	ਹਰਿਨਾਮ ਸਿੰਘ	ਨਰੈਣ ਸਿੰਘ	ਗੁੱਜਰਵਾਲ
151.	ਪਾਲਾ ਸਿੰਘ	—	ਬੋਪਾਰਾਏ ਕਲਾਂ
152.	ਨੱਥਾ ਸਿੰਘ	ਸੁੱਧ ਸਿੰਘ	ਬੋਪਾਰਾਏ ਕਲਾਂ
153.	ਗੋਦੀ ਸਿੰਘ	—	ਬੋਪਾਰਾਏ ਕਲਾਂ
154.	ਜਤੀ ਸਿੰਘ	ਭਾਗ ਸਿੰਘ	ਬੋਪਾਰਾਏ ਕਲਾਂ
155.	ਪਾਖਰ ਸਿੰਘ	ਰਾਮ ਸਿੰਘ	ਪੰਡੋਰੀ
156.	ਬਖ਼ਸ਼ੀਸ਼ ਸਿੰਘ	ਕੂਲਾ ਸਿੰਘ	ਪੰਡੋਰੀ
157.	ਬਸੰਤ ਸਿੰਘ	ਸੁਲਤਾਨ ਸਿੰਘ	ਪੰਡੋਰੀ
158.	ਸ਼ੇਰ ਸਿੰਘ	ਕਾਬਲ ਸਿੰਘ	ਕਮਾਲਪੁਰਾ
159.	ਸੰਤੋਖ ਸਿੰਘ	ਬਿਸ਼ਨ ਸਿੰਘ	ਕਮਾਲਪੁਰਾ
160	ਦਾਨ ਸਿੰਘ	ਭਾਨ ਸਿੰਘ	ਫਲੇਵਾਲ
161.	ਪ੍ਰੇਮ ਸਿੰਘ	ਨਿਹਾਲ ਸਿੰਘ	ਜਵੱਦੀ
162.	ਸੁੰਦਰ ਸਿੰਘ	ਖੁਸ਼ਹਾਲ ਸਿੰਘ	ਚੀਮਨੇ
163.	ਨੌਰੰਗ ਸਿੰਘ	ਲਹਿਣਾ ਸਿੰਘ	ਦੇਤਵਾਲ
164.	ਲਾਲ ਸਿੰਘ	ਲਹੌਰਾ ਸਿੰਘ	ਚੌਕੀਮਾਨ
165.	ਸੁੰਦਰ ਸਿੰਘ	ਗੁਰਮੁਖ ਸਿੰਘ	ਚੌਕੀਮਾਨ
166.	ਹੁਸ਼ਿਆਰ ਸਿੰਘ	ਇੰਦਰ ਸਿੰਘ	ਕੁਲਾਰ
167.	ਪੂਰਨ ਸਿੰਘ	—	ਬਿੰਜਲ
168.	ਧਿਆਨ ਸਿੰਘ	ਅਮਰ ਸਿੰਘ	ਘੁਮਾਣ
169.	ਗੰਡਾ ਸਿੰਘ	—	ਜਸਪਾਲ (ਭਾਈਕੇ)

ਕ੍ਰਮ	ਮੁਸਾਫ਼ਰ	ਪਿਤਾ ਦਾ ਨਾਮ	ਪਿੰਡ
170.	ਪਾਲਾ ਸਿੰਘ	ਸ਼ਾਹਾ ਸਿੰਘ	ਲੁਹਾਰਾ
171.	ਕਾਕਾ ਸਿੰਘ	ਹੀਰਾ ਸਿੰਘ	ਡੱਬਾ
172.	ਮਸਤਾ ਸਿੰਘ	ਬਿਸ਼ਨ ਸਿੰਘ	ਲੀਲ (ਮੇਘੇ ਕੀਆਂ)
173.	ਸੇਵਾ ਸਿੰਘ	—	ਫਰਵਾਹੀ
174.	ਹਰਿਨਾਮ ਸਿੰਘ	ਪੰਜਾਬ ਸਿੰਘ	ਧਾਲੀਆਂ
175.	ਬਾਰੂ	—	ਢੋਲੇਵਾਲ
176.	ਹਾਕਮ ਸਿੰਘ	—	ਨੱਤ
177.	ਹੀਰਾ ਸਿੰਘ	ਚੰਦਾ ਸਿੰਘ	ਨੱਤ
178.	ਅਮੀਰ ਮੁਹੰਮਦ ਖ਼ਾਨ	ਗੁੱਲ ਖ਼ਾਨ	ਲੁਧਿਆਣਾ
179.	ਵੀਰ ਸਿੰਘ	ਖ਼ਜ਼ਾਨ ਸਿੰਘ	ਗੁੜ੍ਹੇ
180.	ਹਰਿਨਾਮ ਸਿੰਘ	ਦੇਵਾ ਸਿੰਘ	ਮੱਲ੍ਹਾ
181.	ਤਾਰਾ ਸਿੰਘ	ਕਾਨ੍ਹ ਸਿੰਘ	ਅਲੂਣੇ ਮਿਆਣੇ
182.	ਮੱਲ ਸਿੰਘ	ਸੁੰਦਰ ਸਿੰਘ	ਲੱਖਾ
183.	ਕੁੰਦਨ ਸਿੰਘ	—	ਸਰਾਭਾ
184.	ਰਲਾ ਸਿੰਘ	ਬੀਰ ਸਿੰਘ	ਢੈਪਈ
185.	ਨੱਥਾ ਸਿੰਘ	ਬੂਟਾ ਸਿੰਘ	ਚਕਰ
186.	ਪੂਰਨ ਸਿੰਘ	ਲਾਲ ਸਿੰਘ	ਚੂਪਕੀ
187.	ਈਸ਼ਰ ਸਿੰਘ	ਜੀਵਾ ਸਿੰਘ	ਮਾਣੂਕੇ
188.	ਲਾਲ ਸਿੰਘ	ਗੁਰਮੁਖ ਸਿੰਘ	ਖਿਆਲੀ
189.	ਲਾਲ ਸਿੰਘ	ਨੱਥਾ ਸਿੰਘ	ਜੜਤੌਲੀ
190.	ਪਾਲਾ ਸਿੰਘ	ਹੀਰਾ ਸਿੰਘ	ਰੂਮੀ
191.	ਮਸਤਾਨ ਸਿੰਘ	—	ਲੁਹਾਰਾ
192.	ਗੁਰਮੁਖ ਸਿੰਘ	ਉਸ਼ਨਾਕ ਸਿੰਘ	ਲਲਤੋਂ ਖੁਰਦ
193.	ਪੂਰਨ ਸਿੰਘ	ਗੁਰਦਿੱਤ ਸਿੰਘ	ਜਨੇਤਪੁਰਾ
194.	ਪਰਤਾਬ ਸਿੰਘ	ਜਗਤ ਸਿੰਘ	ਨੱਥੋਵਾਲ

ਜ਼ਿਲਾ ਪਟਿਆਲਾ

ਕ੍ਰਮ	ਮੁਸਾਫ਼ਰ	ਪਿਤਾ ਦਾ ਨਾਮ	ਪਿੰਡ
195.	ਚੰਦਾ ਸਿੰਘ	ਮੁਨਸ਼ਾ ਸਿੰਘ	ਬੀਹਲਾ
196.	ਪਰਤਾਪ ਸਿੰਘ	ਗੁਲਜ਼ਾਰ ਸਿੰਘ	ਬੀਹਲਾ

ਕ੍ਰਮ	ਮੁਸਾਫ਼ਰ	ਪਿਤਾ ਦਾ ਨਾਮ	ਪਿੰਡ
197.	ਜੈ ਸਿੰਘ	ਕਾਲਾ ਸਿੰਘ	ਬੀਹਲਾ
198.	ਜਗੀਰ ਸਿੰਘ	ਸ਼ੇਰ ਸਿੰਘ	ਬੀਹਲਾ
199.	ਕਿਸ਼ਨ ਸਿੰਘ	ਮਹਿਤਾਬ ਸਿੰਘ	ਠੀਕਰੀਵਾਲਾ
200.	ਬਚਨ ਸਿੰਘ	ਕਿਸ਼ਨ ਸਿੰਘ	ਠੀਕਰੀਵਾਲਾ
201.	ਚੰਦਾ ਸਿੰਘ	ਸਰਮੁਖ ਸਿੰਘ	ਠੀਕਰੀਵਾਲਾ
202.	ਇੰਦਰ ਸਿੰਘ	ਜੈਮਲ ਸਿੰਘ	ਠੀਕਰੀਵਾਲਾ
203.	ਜੀਵਨ ਸਿੰਘ	ਸੁਜਾਨ ਸਿੰਘ	ਕੇਲੇਬੰਦਰ
204.	ਹੀਰਾ ਸਿੰਘ	ਪੰਜਾਬ ਸਿੰਘ	ਕੇਲੇਬੰਦਰ
205.	ਨੌਧ ਸਿੰਘ ਜਾਂ ਨੰਦ ਸਿੰਘ	ਲਾਲ ਸਿੰਘ	ਕੇਲੇਬੰਦਰ
206.	ਚੰਨਣ ਸਿੰਘ	ਧੌਂਕਲ ਸਿੰਘ	ਤਲਵੰਡੀ
207.	ਵਜ਼ੀਰ ਸਿੰਘ	ਨੰਦ ਸਿੰਘ	ਤਲਵੰਡੀ
208.	ਸੰਤਾ ਸਿੰਘ	ਪੰਜਾਬ ਸਿੰਘ	ਖੁੱਡੀ
209.	ਬਿਸ਼ਨ ਸਿੰਘ	ਕਾਨ੍ਹ ਸਿੰਘ	ਖੁੱਡੀ
210.	ਵੀਰ ਸਿੰਘ	—	ਰੱਲਾ
211.	ਨਾਹਰ ਸਿੰਘ	ਸਰਮੁਖ ਸਿੰਘ	ਰੱਲਾ
212.	ਭਾਗ ਸਿੰਘ	—	ਸਹਿਣਾ
213.	ਬਿਸ਼ਨ ਸਿੰਘ	ਹੀਰਾ ਸਿੰਘ	ਸਮੀਰ
214.	ਨਰੈਣ ਸਿੰਘ	—	ਭਿੰਡਰ
215.	ਬਖਤਾਵਰ ਸਿੰਘ	ਪ੍ਰੇਮ ਸਿੰਘ	ਬੁਰਜ (ਹਰੀ ਸਿੰਘ)
216.	ਗੁਰਦਿੱਤ ਸਿੰਘ	ਗੋਕਾ ਸਿੰਘ	ਸੇਖਾ
217.	ਇੰਦਰ ਸਿੰਘ	—	ਜੋਗਾ
218.	ਹਰਦਿਤ ਸਿੰਘ	—	ਢੱਡੇ
219.	ਬੱਗਾ ਸਿੰਘ	ਉੱਤਮ ਸਿੰਘ	ਰਾਜਪੁਰਾ
220.	ਪ੍ਰੇਮ ਸਿੰਘ	ਮਹਿਤਾਬ ਸਿੰਘ	ਪੰਡੋਰੀ
221.	ਪ੍ਰਭਾ ਸਿੰਘ	ਕਰਤਾਰ ਸਿੰਘ	ਬਹਾਦਰਗੜ੍ਹ
222.	ਨਾਹਰ ਸਿੰਘ	ਉਦੈ ਸਿੰਘ	ਜੋਗਾ ਰਲਾ
223.	ਛੁੰਮਣ ਸਿੰਘ	ਹਰਿਨਾਮ ਸਿੰਘ	ਸੰਦੋਹਾ
224.	ਪਾਲ ਸਿੰਘ	ਦੇਵਾ ਸਿੰਘ	ਜਲਾਲਦੀਵਾਲ
225.	ਅਰਜਨ ਸਿੰਘ	ਗੋਬਿੰਦ ਸਿੰਘ	ਖਿਆਲਾ

ਕ੍ਰਮ	ਮੁਸਾਫ਼ਰ	ਪਿਤਾ ਦਾ ਨਾਮ	ਪਿੰਡ
226.	ਕਪੂਰ ਸਿੰਘ	ਅਤਰ ਸਿੰਘ	ਭਿਖੀ
227.	ਮਹਿਣਾ ਸਿੰਘ	ਹਰਿਨਾਮ ਸਿੰਘ	ਸੀਲੋਂ
228.	ਸ਼ੇਰ ਸਿੰਘ	—	ਵਡਾਲੀ ਸ਼ੇਰ ਸਿੰਘ
229.	ਬਚਿੱਤਰ ਸਿੰਘ	ਭਾਗ ਸਿੰਘ	ਖੇੜੀ
230.	ਰਾਮ ਸਿੰਘ	—	ਮੌੜ
231.	ਰਤਨ ਸਿੰਘ	—	ਭਲਾਈਕੇ
232.	ਜੰਤਾ ਸਿੰਘ	ਬਦਨ ਸਿੰਘ	ਕਾਲੇਕੇ
233.	ਗੁੱਨਾ ਸਿੰਘ	ਲਾਲ ਸਿੰਘ	ਘਲੋਟੀ
234.	ਦਿਆਲ ਸਿੰਘ	ਬਦਨ ਸਿੰਘ	ਸੰਦੋੜੀ
235.	ਚੰਨਣ ਸਿੰਘ	ਕਾਨ੍ਹ ਸਿੰਘ	ਵਜ਼ੀਦਕੇ
236.	ਗੁਰਦਿਤ ਸਿੰਘ	—	ਖਾਸੇ
237.	ਬਿਜਲਾ ਸਿੰਘ	ਭਗਤ ਸਿੰਘ	ਜੈਤੋਈ
238.	ਸੋਹਨ ਸਿੰਘ	—	ਮਹਿਤਾ
239.	ਹਰਿਨਾਮ ਸਿੰਘ	ਅਨੋਖ ਸਿੰਘ	ਭੋਖੜਵਾਲ
240.	ਮੁਨਸ਼ਾ ਸਿੰਘ	ਚੇਤ ਸਿੰਘ	ਚਨੇਰ
241.	ਸਰੂਪ ਸਿੰਘ	ਸਦਾ ਸਿੰਘ	ਵਾਨਾਵਾਲੀ
242.	ਹੀਰਾ ਸਿੰਘ	—	ਰਾਮਗੜ੍ਹ
243.	ਮਸਤਾਨ ਸਿੰਘ	ਕਾਨ੍ਹ ਸਿੰਘ	ਮੂਮ

ਜ਼ਿਲਾ ਜਲੰਧਰ

ਕ੍ਰਮ	ਮੁਸਾਫ਼ਰ	ਪਿਤਾ ਦਾ ਨਾਮ	ਪਿੰਡ
244.	ਸਰੂਪ ਸਿੰਘ	ਬੂਟਾ ਸਿੰਘ	ਖੁਰਦਪੁਰ
245.	ਮੇਲਾ ਸਿੰਘ	ਅੱਛਰ ਸਿੰਘ	ਖੁਰਦਪੁਰ
246.	ਊਧਮ ਸਿੰਘ	ਸੂਬਾ ਸਿੰਘ	ਖੁਰਦਪੁਰ
247.	ਬਿਧੀ ਸਿੰਘ	ਹਾਕਮ ਸਿੰਘ	ਖੁਰਦਪੁਰ
248.	ਭਾਗ ਸਿੰਘ	ਭਗਵਾਨ ਸਿੰਘ	ਰੰਧਾਵਾ
249.	ਹਰਿਨਾਮ ਸਿੰਘ	ਭਗਵਾਨ ਸਿੰਘ	ਰੰਧਾਵਾ
250.	ਅਰਜਨ ਸਿੰਘ	—	ਰੰਧਾਵਾ
251.	ਮੀਹਾਂ ਸਿੰਘ	ਬਚਿੰਤ ਸਿੰਘ	ਰਾਏਪੁਰ ਡੱਬਾ

ਕ੍ਰਮ	ਮੁਸਾਫ਼ਰ	ਪਿਤਾ ਦਾ ਨਾਮ	ਪਿੰਡ •
252.	ਭਗਵਾਨ ਸਿੰਘ	—	ਰਾਏਪੁਰ ਡੱਬਾ
253.	ਕਰਤਾਰ ਸਿੰਘ	—	ਰਾਏਪੁਰ ਡੱਬਾ
254.	ਦਲੀਪ ਸਿੰਘ	ਅਤਰ ਸਿੰਘ	ਮੁਲਾਂਪੁਰ
255.	ਕਰਤਾਰ ਸਿੰਘ	ਹਰਦਿਤ ਸਿੰਘ	ਮੁਲਾਂਪੁਰ
256.	ਮੁਨਸ਼ਾ ਸਿੰਘ	—	ਮਹੇਮ
257.	ਰਲਾ ਸਿੰਘ	—	ਮਹੇਮ
258.	ਮੋਤਾ ਸਿੰਘ	ਅੱਛਰ ਸਿੰਘ	ਭਰੋਲੀ
259.	ਗੁਰਬਖ਼ਸ਼ ਸਿੰਘ	ਦੇਵਾ ਸਿੰਘ	ਭਰੋਲੀ
260.	ਸ਼ੇਰ ਸਿੰਘ	—	ਭਾਲੀਵਾਲ
261.	ਸ਼ੇਰ ਸਿੰਘ	—	ਭਾਲੀਵਾਲ
262.	ਕਿਰਪਾ ਸਿੰਘ	ਫ਼ਕੀਰ ਚੰਦ	ਭਰੋਲੀ
263.	ਪੀਰ ਬਖ਼ਸ਼	ਟੇਡਾ	ਨੂਰ ਮਹਲ
264.	ਗੰਡਾ ਸਿੰਘ	—	ਬਲ
265.	ਗੁਰਦਿੱਤ ਸਿੰਘ	ਕਾਲਾ ਸਿੰਘ	ਗਹੂਰ
266.	ਅਰਜਨ ਸਿੰਘ	ਲੱਖਾ ਸਿੰਘ	ਢੱਡੇ
267.	ਵੀਰ ਸਿੰਘ	ਭਾਗ ਸਿੰਘ	ਕਲਾਰ
268.	ਸੁੰਦਰ ਸਿੰਘ	ਜਵਾਹਰ ਸਿੰਘ	ਕਾਲੇ
269.	ਕਾਬਲ ਸਿੰਘ	ਗੁਰਦਿੱਤ ਸਿੰਘ	ਹਰੀਪੁਰ
270.	ਈਸ਼ਰ ਸਿੰਘ	—	ਬੋਹੜ
271.	ਰਤਨ ਸਿੰਘ	ਬਤਨ ਸਿੰਘ	ਜਮਸ਼ੇਰ
272.	ਬੇਅੰਤ ਸਿੰਘ	ਪਾਲ ਸਿੰਘ	ਸਾਲਨ
273.	ਇੰਦਰ ਸਿੰਘ	ਹਮੀਰ ਸਿੰਘ	ਬਿਜੋਂ
274.	ਹਜ਼ਾਰਾ ਸਿੰਘ	—	ਪਾਂਛਟ
275.	ਇੰਦਰ ਸਿੰਘ	ਵੀਰ ਸਿੰਘ	ਸਿਧਵਾਂ
276.	ਕਰਤਾਰ ਸਿੰਘ	ਹਮੀਦ ਸਿੰਘ	ਮੋਹਲੀ
277.	ਭਾਨ ਸਿੰਘ	ਖ਼ੁਸ਼ਹਾਲ ਸਿੰਘ	ਵੜਿੰਗ
278.	ਹਰਿਨਾਮ ਸਿੰਘ	ਜੀਵਨ ਸਿੰਘ	ਸਿਧਮ
279.	ਸੁੰਦਰ ਸਿੰਘ	ਸਾਵਨ ਸਿੰਘ	ਭੀਂਗੜਾਂ
280.	ਪੰਜਾਬ ਸਿੰਘ	—	ਕੋਟਲੀ ਥਾਨ ਸਿੰਘ
281.	ਕਰਮ ਸਿੰਘ	ਸੁੰਦਰ ਸਿੰਘ	ਰੁੜਕਾ
282.	ਦਲੀਪ ਸਿੰਘ	ਗਹਿਲਾ ਸਿੰਘ	ਵਡਾਲਾ
283.	ਗੁਰਚਰਨ ਸਿੰਘ	—	ਸ਼ਰੀਹ

ਜ਼ਿਲਾ ਲਾਹੌਰ

ਕ੍ਰਮ	ਮੁਸਾਫ਼ਰ	ਪਿਤਾ ਦਾ ਨਾਮ	ਪਿੰਡ
284.	ਗਣੇਸ਼ਾ ਸਿੰਘ	ਸੁੰਦਰ ਸਿੰਘ	ਭੜਾਣਾ
285.	ਮਹਾਂ ਸਿੰਘ	ਹੇਮ ਸਿੰਘ	ਭੜਾਣਾ
286.	ਸੁਰੈਣ ਸਿੰਘ	ਕਰਨ ਸਿੰਘ	ਤੜਾਣਾ
287.	ਮਈਆ ਸਿੰਘ	ਨਿਹਾਲ ਸਿੰਘ	ਭੜਾਣਾ
288.	ਸੁੱਚਾ ਸਿੰਘ	ਆਲਾ ਸਿੰਘ	ਸੁਰਸਿੰਘ
289.	ਨਰੈਣ ਸਿੰਘ	ਬਲਾਕਾ ਸਿੰਘ	ਸੁਰਸਿੰਘ
290.	ਨੰਦ ਸਿੰਘ	ਜਵੰਦ ਸਿੰਘ	ਸੁਰਸਿੰਘ
291.	ਮਿਤ ਸਿੰਘ	—	ਗੁਦੇ
292.	ਆਸਾ ਸਿੰਘ	—	ਗੁਦੇ
293.	ਬੀਰ ਸਿੰਘ	—	ਗੁਦੇ
294.	ਨੰਦ ਸਿੰਘ	ਢੱਲਾ ਸਿੰਘ	ਬੁਲੇਰ
295.	ਭਗਤ ਸਿੰਘ	—	ਬੁਲੇਰ
296.	ਮੰਗਲ ਸਿੰਘ	ਸੇਵਾ ਸਿੰਘ	ਧੁੰਨ
297.	ਨਰੈਣ ਸਿੰਘ	ਵਧਾਵਾ ਸਿੰਘ	ਧੁੰਨ
298.	ਬਘੇਲ ਸਿੰਘ	ਘੁਲਾ ਸਿੰਘ	ਪੂਨੀਆਂ
299.	ਭਗਤ ਸਿੰਘ	ਗੁਰਦਿੱਤਾ	ਪੂਨੀਆਂ
300.	ਸੁੰਦਰ ਸਿੰਘ	ਹਾਕਮ ਸਿੰਘ	ਈਚੋ ਗਿੱਲ
301.	ਬਹਾਲ ਸਿੰਘ	ਫੂਲਾ ਸਿੰਘ	ਕਿਰਕਾ
302.	ਇੰਦਰ ਸਿੰਘ	ਵਸਾਵਾ ਸਿੰਘ	ਭਿਖੀਵਿੰਡ
303.	ਡੋਗਰ ਸਿੰਘ	ਜੀਵਨ ਸਿੰਘ	ਮਾਨੂਕੇ
304.	ਵੀਰ ਸਿੰਘ	ਜਵਾਲਾ ਸਿੰਘ	ਕਰਬਾਨ
305.	ਭਾਗ ਸਿੰਘ	—	ਮੋਕੀਸਾਵਾ
306.	ਭਗਤ ਸਿੰਘ	—	ਭਾਗੂਪੁਰਾ
307.	ਹਰਿਨਾਮ ਸਿੰਘ	ਰੂੜ ਸਿੰਘ	ਖਾਲੜਾ
308.	ਅਮਰ ਸਿੰਘ	ਖ਼ਜ਼ਾਨ ਸਿੰਘ	ਸਾਨਪੁਰਾ
309.	ਨਰ ਸਿੰਘ	—	ਕੋਟਰਾਏ ਬੂਟਾ
310.	ਭਾਨ ਸਿੰਘ	ਮੀਹਾਂ ਸਿੰਘ	ਕੋਟਰਾਏ ਬੂਟਾ
311.	ਮੰਗਲ ਸਿੰਘ	—	ਕਰਨਕੇ
312.	ਸੁੰਦਰ ਸਿੰਘ	—	ਤਲਵੰਡੀ ਗਿੱਲ
313.	ਸੁਰੈਣ ਸਿੰਘ	—	ਕੀਰਤਵਾਲ
314.	ਬੇਤ ਸਿੰਘ	ਹਾਕਮ ਸਿੰਘ	ਠੱਟਾ

ਜ਼ਿਲਾ ਸ਼ਾਹਪੁਰ

ਕ੍ਰਮ	ਮੁਸਾਫ਼ਰ	ਪਿਤਾ ਦਾ ਨਾਮ	ਪਿੰਡ
315.	ਫ਼ਤਹ ਸ਼ੇਰ	ਫ਼ਤਹ ਖ਼ਾਨ	ਜਾਹਲਰ
316.	ਰਮਜ਼ਾਨ	ਮੀਆਂ	ਜਾਹਲਰ
317.	ਰਾਜ਼ਮ ਅਲੀ	—	ਜਾਹਲਰ
318.	ਨਾਦਰ ਸ਼ਾਹ	ਮੁਬਾਰਕ ਸ਼ਾਹ	ਜਾਹਲਰ
319.	ਸ਼ੇਰ ਮੁਹੰਮਦ	ਮੁਬਾਰਕ ਸ਼ਾਹ	ਜਾਹਲਰ
320.	ਨੂਰ ਖ਼ਾਨ	ਦਿੱਤਾ	ਜਾਹਲਰ
321.	ਮੀਆਂ ਮੁਹੰਮਦ	ਨੂਰ ਮੁਹੰਮਦ	ਜਾਹਲਰ
322.	ਜਵਾਇਆ	ਮੀਆਂ ਮੁਹੰਮਦ	ਜਾਹਲਰ
323.	ਬੇਗ ਅਲੀ	ਗ਼ੁਲਾਮ	ਜਾਹਲਰ
324.	ਹੈਦਰ ਖ਼ਾਨ	—	ਜਾਹਲਰ
325.	ਹਾਜੀ	ਸ਼ੇਰ	ਜਾਹਲਰ
326.	ਸਿਰਖਰੂ ਖ਼ਾਨ	ਰਣ ਬੇਗ	ਜਾਹਲਰ
327.	ਅਨਵਰ ਖ਼ਾਨ	ਮੇਹਰ ਖ਼ਾਨ	ਜਾਹਲਰ
328.	ਜ਼ਹੀਨ	ਬਹਾਦਰ	ਜਾਹਲਰ
329.	ਫ਼ਕੀਰ ਮੁਹੰਮਦ	ਸਮੱਦ	ਜਾਹਲਰ
330.	ਗੌਹਰ ਅਲੀ	ਫ਼ਤਹ ਬੇਗ	ਜਾਹਲਰ
331.	ਗੁਲਾਬ ਸਿੰਘ	ਸੋਮਾ ਸਿੰਘ	ਜਾਹਲਰ
332.	ਬਵਾਓਦੀਨ	—	ਜੱਲੀ
333.	ਖ਼ਾਨ ਮੁਹੰਮਦ	—	ਜੱਲੀ
334.	ਬਿਸ਼ਨ ਦਾਸ	ਬਲਾਕੀ ਰਾਮ	ਚੌਂਕੀ
335.	ਅਰਜਨ ਸਿੰਘ	ਬਾਘ ਸਿੰਘ	ਚੌਂਕੀ

ਜ਼ਿਲਾ ਹੁਸ਼ਿਆਰਪੁਰ

ਕ੍ਰਮ	ਮੁਸਾਫ਼ਰ	ਪਿਤਾ ਦਾ ਨਾਮ	ਪਿੰਡ
336.	ਹਰਬਿਸ਼ਨ ਸਿੰਘ	—	ਮੋਰਾਂਵਾਲੀ
337.	ਦਲੀਪ ਸਿੰਘ	—	ਮੋਰਾਂਵਾਲੀ
338.	ਰਲਾ	ਮੰਗੋਲ	ਸੂਸ
339.	ਭੋਲਾ	ਮੰਗੋਲ	ਸੂਸ
340.	ਸੰਤਾ ਸਿੰਘ	ਹਾਕਮ ਸਿੰਘ	ਨੰਗਲ

ਕ੍ਰਮ	ਮੁਸਾਫ਼ਰ	ਪਿਤਾ ਦਾ ਨਾਮ	ਪਿੰਡ
341.	ਚੰਦਾ ਸਿੰਘ	ਜੈ ਸਿੰਘ	ਕੋਟ ਫਤੂਹੀ
342.	ਰਾਮ ਚੰਦ	ਫ਼ਤਹ ਚੰਦ	—
343.	ਠਾਕਰ ਸਿੰਘ	—	ਮਾਹਲਪੁਰ
344.	ਪੋਹਲੋ ਰਾਮ	ਰਾਮਾ ਮੱਲ	ਅਨੰਦਪੁਰ
345.	ਮੰਗਲ ਸਿੰਘ	ਤੇਰਾ ਸਿੰਘ	ਮਿਰਜ਼ਾਪੁਰ
346.	ਮੁਨਸ਼ੀ ਸਿੰਘ	ਵਜ਼ੀਰ ਸਿੰਘ	ਗੁਲਪੁਰ
347.	ਮੁਨਸ਼ਾ ਸਿੰਘ	ਮਹਿਤਾਬ ਸਿੰਘ	ਟੂਟ ਮਜ਼ਾਰਾ

ਜ਼ਿਲਾ ਅੰਬਾਲਾ

ਕ੍ਰਮ	ਮੁਸਾਫ਼ਰ	ਪਿਤਾ ਦਾ ਨਾਮ	ਪਿੰਡ
348.	ਬਦਨ ਸਿੰਘ	ਦੇਵਾ ਸਿੰਘ	ਸਲਾਮਤਪੁਰ
349.	ਕਾਬਲ ਸਿੰਘ	ਮੰਗਲ ਸਿੰਘ	ਸਲਾਮਤਪੁਰ
350.	ਨੰਦ ਸਿੰਘ	ਕਾਕਾ ਸਿੰਘ	ਸਲਾਮਤਪੁਰ
351.	ਮੰਗਲ ਸਿੰਘ	ਭੂਪਾ ਸਿੰਘ	ਸਿਆਰਪੁਰ
352.	ਬਦਨ ਸਿੰਘ	ਹਮੇਲ ਸਿੰਘ	ਸਿਆਰਪੁਰ
353.	ਮੰਗਲ ਸਿੰਘ	ਤੇਜਾ ਸਿੰਘ	ਲਖਮੀਪੁਰ
354.	ਕਿਰਪਾ ਸਿੰਘ	ਸ਼ੇਰ ਸਿੰਘ	ਮੀਆਂਪੁਰ
355.	ਕੇਹਰ ਸਿੰਘ	ਸਿਬੂ ਸਿੰਘ	ਪਤੋ
356.	ਹਾਕਮ ਸਿੰਘ	ਲਾਲ ਸਿੰਘ	ਨਹੇੜੀ
357.	ਕਰਮ ਇਲਾਹੀ	ਸ਼ਾਦੀ ਖ਼ਾਨ	ਧੰਗ

ਅੰਤਿਕਾ—3

ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਦੇ ਮੁੱਖ ਨੇਤਾ

ਕ੍ਰਮ	ਨਾਮ	ਪਿਤਾ ਦਾ ਨਾਮ	ਪਿੰਡ	ਜ਼ਿਲਾ
1.	ਗੁਰਦਿੱਤ ਸਿੰਘ	ਹੁਕਮ ਸਿੰਘ	ਸਰਹਾਲੀ	ਅੰਮ੍ਰਿਤਸਰ
2.	ਅਮੀਰ ਮੁਹੰਮਦ	ਗੁੱਲ ਮੁਹੰਮਦ ਖ਼ਾਨ	ਲੁਧਿਆਣਾ	ਲੁਧਿਆਣਾ
3.	ਅਮਰ ਸਿੰਘ ਨਿਹੰਗ	—	ਸਾਨਪੁਰਾ (ਖਾਲੜਾ)	ਲਾਹੌਰ
4.	ਸੁੱਚਾ ਸਿੰਘ	ਆਲਾ ਸਿੰਘ	ਸੁਰਸਿੰਘ	ਲਾਹੌਰ
5.	ਹਰਿਨਾਮ ਸਿੰਘ	ਅਰੂੜ ਸਿੰਘ	ਖਾਲੜਾ	ਲਾਹੌਰ
6.	ਸੁਰੈਣ ਸਿੰਘ	ਜਵਾਲਾ ਸਿੰਘ	ਸਰਹਾਲੀ	ਅੰਮ੍ਰਿਤਸਰ
7.	ਇੰਦਰ ਸਿੰਘ (ਤਰਲੋਚਨ ਸਿੰਘ)	ਪਰਤਾਪ ਸਿੰਘ	ਚੜਿੱਕ (ਮੋਗਾ)	ਫ਼ੀਰੋਜ਼ਪੁਰ
8.	ਸੁੰਦਰ ਸਿੰਘ	ਵਰਿਆਮ ਸਿੰਘ	ਅਜੀਤਵਾਲ	ਫ਼ੀਰੋਜ਼ਪੁਰ
9.	ਤਾਰਾ ਸਿੰਘ	ਕਾਨ੍ਹ ਸਿੰਘ	ਅਲੂਣੇ ਮਿਆਣੇ	ਲੁਧਿਆਣਾ

ਕਾਮਾਗਾਟਾਮਾਰੂ ਜਹਾਜ਼ ਦੀ ਕਮੇਟੀ

ਕ੍ਰਮ	ਨਾਮ	ਪਿਤਾ ਦਾ ਨਾਮ	ਪਿੰਡ	ਜ਼ਿਲਾ
1.	ਸੁੰਦਰ ਸਿੰਘ	ਖ਼ੁਸ਼ਹਾਲ ਸਿੰਘ	ਚੀਮਨਾ	ਲੁਧਿਆਣਾ
2.	ਭਗਵਾਨ ਸਿੰਘ	ਅਤਰ ਸਿੰਘ	ਮੂਸੇ	ਅੰਮ੍ਰਿਤਸਰ
3.	ਸੰਤਾ ਸਿੰਘ	ਬਦਨ ਸਿੰਘ	ਕਾਲੇਕੇ	ਪਟਿਆਲਾ (ਸਟੇਟ)
4.	ਦਿਆਲ ਸਿੰਘ	ਬਦਨ ਸਿੰਘ	ਸੰਦੇੜੀ	ਪਟਿਆਲਾ (ਸਟੇਟ)
5.	ਦਾਨ ਸਿੰਘ	ਨੱਥਾ ਸਿੰਘ	ਅਚਰਵਾਲ	ਲੁਧਿਆਣਾ

ਵੈਨਕੂਵਰ ਵਿਖੇ ਮੁਸਾਫ਼ਰਾਂ ਵੱਲੋਂ ਜਹਾਜ਼ ਦੀ ਕਮੇਟੀ ਦੇ ਹੇਠ ਲਿਖੇ ਨਾਂ ਦਿੱਤੇ ਗਏ :

(ਸਰੋਤ : ਇਮੀਗ੍ਰੇਸ਼ਨ ਵਿਭਾਗ, ਗਵਰਨਰ ਜਨਰਲ ਦੀ ਫ਼ਾਈਲ)

ਕ੍ਰਮ	ਨਾਮ	ਪਿਤਾ ਦਾ ਨਾਮ
1.	ਸੁੰਦਰ ਸਿੰਘ	ਬਰਿਆਮ ਸਿੰਘ
2.	ਅਮਰ ਸਿੰਘ	ਖ਼ਜ਼ਾਨ ਸਿੰਘ
3.	ਵੀਰ ਸਿੰਘ	ਲਹਿਣਾ ਸਿੰਘ
4.	ਹਰਨਾਮ ਸਿੰਘ	ਰੂੜ ਸਿੰਘ
5.	ਹਰਨਾਮ ਸਿੰਘ	ਭਾਗ ਸਿੰਘ

ਵੈਨਕੂਵਰ ਦੇ ਸਿੱਖਾਂ ਵੱਲੋਂ ਬਣਾਈ ਗਈ ਸ਼ੋਰ ਕਮੇਟੀ

ਕ੍ਰਮ	ਨਾਮ
1.	ਮਿੱਤ ਸਿੰਘ ਪੰਡੋਰੀ
2.	ਮੁਹੰਮਦ ਅਕਬਰ
3.	ਕਰਤਾਰ ਸਿੰਘ ਚੰਦ
4.	ਗੁਰਦਿੱਤ ਸਿੰਘ ਬਿਲਗਾ
5.	ਨੱਥਾ ਸਿੰਘ
6.	ਰਤਨ ਸਿੰਘ
7.	ਅਰਜਨ ਸਿੰਘ
8.	ਰੰਗਾ ਸਿੰਘ
9.	ਊੱਤਮ ਸਿੰਘ ਹਾਂਸ
10.	ਤਾਰਾ ਸਿੰਘ ਕੌਨੀ

ਪੁਸਤਕ ਸੂਚੀ

Government Documents

—Commons Debates.
—Senate Debates.
—Sessional Papers.
—Statutes.
Provincial
British Columbia. Journals of the Legislative Assembly.
—Statutes.

British Columbia Reports, Victoria, B.C.
Governor General's Files.
Public Archives, Ottawa.

Steven's Files.
City Archives, Vancouver.

Some Old Periodicals

1. Westminster Hall Magazine, or Westminster Hall Magazine and Farthest.
   Christmas 1911 to 1915.
2. Aryan (Victoria, B.C.)
   Editor : Dr. Sunder Singh (1911-1912)
3. Hindustani (Vancouver)
   Editor : Hasan Rahim (1911-1914)
4. Indo-Canadian (Richmond, B.C.)
   Editor : Inderjit Singh Kohlay (1964-1976)

Newspapers

1. The Province
   Vancouver, B.C.
2. The Vancouver Sun
   Vancouver, B.C.

Books

Acts of the Parliament of the United Kingdom of Great Britain and Ireland, IX Edward VII, 1909, Ottawa : Law Printer.

Ali, Syed Ashfaq., *Indian Overseas*, (Seminar Papers), Bhopal : Jai Bharat Publishers, 1984.

Asian Immigrants and Locus of Control, (Microform/by Elizabeth).

Barrier, Norman G., *The Punjab Alienation of Land Bill of 1900*, Durham, N.C. : Duke University, 1966.

Bhakna, Sohan Singh, *Jiwan Sangram, Atam Katha* (Autobiography of Baba Sohan Singh, leader of revolutionaries in U.S.A.) Jalandhar : Yuwak Kendra Parkashan, 1967.

Burrell Papers, H.C. Clogstoun, *Report (No. 1) Nov., S*, 1914. (Microfiche) *Commission to investigate Hindu claims following refusal of Immigration officials to allow over 300 Hindus aboard the S.S. Kamagatamaru to land at Vancouver.*

Borden, Sir Robert Laird, 1854-1937, *The Question of Oriental Immigration, Speeches (in part) delivered by R.L. Borden M.P. in 1907 and 1908.* Ottawa : (n.d.)

Borden Papers (Private Collection) (Microfilms at University of British Columbia)

Broad Isabella Ross. *An appeal for fair play for Sikhs in Canada.* Victoria : (n.p., 1913)

Banerjee, K.C., *The U.S.A. and Revolutionary activities : early phase of the Ghadar movement.*

Borden, Sir Robert Laird, *Robert Laird Borden : his memories.*

Bose, Arun Coomer, 1931, *Indian Revolutionaries abroad, 1905-1922*, Patna : Bhartiya Bhavan, 1971.

British Columbia, Historical Readings, edited by W. Peter Ward, Vancouver : Douglas & McIntyre, 1981.

British Columbia Legislature, report on Oriental activities within the province, Victoria, B.C. : Printed by Charles F. Bamfield, 1927.

Buchignani, Norman and others, *History of Canada's People : Continuous journey : Social History of South Asians*, Toronto : McClelland & Stewart Ltd., 1985.

Canada, Parliament, House of Commons *Debates*, 1907-1908.

Cheng, Tien-Fang, *Oriental Immigration in Canada*, Shanghai : The Commercial Press, 1931.

The Cambridge Survey of World Migration, edited by Robin Cohen, London : Cambridge, U.P., 1995.

Craig, Rick, *Racial and Cultural Discrimination and the Law*, Burnaby, B.C. : R. Craig, 1978.

Campbell, Michael Graene, 1951, *The Sikhs of Vancouver*, Vancouver, B.C. : U.B.C. Press, 1977.

Chadney, James Gaylord, *The Sikhs of Vancouver*, New York : AMS, 1984.

Chandra, K.V. *Racial discrimination in Canada*, San Francisco : R & E Reaserch Associates, 1973.

Das, Rajni Kanta, *Hindustani workers on the Pacific Coast*, Berlin : Walter de Guryter and Co., 1922.

Daniels, Rogers, *Coming to America : A History of Immigration and ethnicity in American Life*, New York : Harper Collins, 1990.

Dasgupta, Sathi Sengupta, *On the trail of an uncertain dream : Indian immigrant experience in America.* New York : AMS Press, 1989.

Dickenson, Victoria. Cananda's multicultural heritage: a brief history of Immigrantion, Ottawa : National Museum, 1975.

Documents of Punjab, edited by O.P. Ralhan, and Suresh K. Sharma, New Delhi : Anmol Publication, 1994.

Dodd, Balwinder Singh, *Social Changes in two overseas Sikh Communities*, Vancouver : U.B.C., 1972.

Ethnic Demography : *Canadian Immigrant, Racial and Cultural Variations*, edited by Shiva Singh Halli, Frank Trovato and Leo Driedger, Ottawa : Carelton University Press, 1990.

Ferguson, Ted. *A white man's country : an exercise in Canadian prejudice*, Garden City, New York : Doubleday, 1975.

From India to Canada, edited by S. Chandra Sekhar, La Jolla, CA: Population Review Book, 1986.

The Gazette of India, Extraordinary, Delhi, Thursday, January 14, 1915.

The Ghadar Directory : Punjab Section, Revised, Lahore : Government Printing, Punjab, 1916.

Gurdit Singh, Baba, *Meri Julami Katha*, (N.P. : n.d.) (in Panjabi)

Gurdit Singh, Baba, *The Voyage of the Kamagatamaru or India's Slavery Abroad*, (Calcutta : author, n.d.)

Hardwich, Francis Chester, 1905, *From beyond the Western horizon : Canadians from the sub-continent of India.*

Harkin, J.B., *The East Indians in British Columbia : A report regarding the proposal to provide work in British Honduras for the indigent unemployed among them*, Ottawa : Minister of the Interior, 1908.

Hawkins, Freda, *Critical Years in Immigration : Canada and Australia Compared*, Kingston, Ont. : McGill-Queen's University, Press, 1989.

Heritage Bulletin, Desh Bhagat Yadgar Committee, Jalandhar No.1-4, 1996.

Immigration and the rise of Multiculturalism, edited by Howard Palmer, Vancouver : Copp Clark Publishers House, 1975.

Immigration Laws : Australia, Canada, New Zealand, Japan, Cambridge, Man : Printed at the Harward, U.P.

Immigration and Multiculturalism : a decade to review, Toronto : Ontario Ministry of Culture and Recreation, 1979.

Indra, Doreen, *The Portrayal of Ethnicity in the Vancouver Press, 1906-76*. Burnbay, B.C. : Simon Fraser University, 1977.

India, Sedition Committee Report.

India, Sedition Committee Report, (Rowlatt Sedition Committee Roport) (Reprint of 1918 ed.)

Jain, Parkash C., *Racial Descrimination against Overseas Indians*, New Delhi : Concept Publishing Co., 1990, 1989.

Jas, Jaswant Singh, *Baba Sohan Singh Bhakna*, Jalandhar : New Book Co., 1969.

Jas Jaswant Singh, *Baba Gurdit Singh*, Jalandhar : New Book Company, 1983, (In Panjabi)

Jagjit Singh, *Ghadar Parti Lahira* (in Panjabi), Delhi : Navyug Publishers, 1979.

Jensen, Joan M., *Passage from India*, Asian Immigrants in North America New Haven : Yale, U.P., 1988.

Johnston, Hugh, *The Voyage of the Kamagatamaru*, Delhi : Oxford University Press, 1979.

Johnston, Hugh, 1939. *The East Indians in Canada*, Ottawa : Canadian Historical Association, 1984.

Josh, Sohan Singh, *Kamagatamaru Da Dukhant*, Chandigarh : Panjab Book Centre, 1976. (In Panjabi)

Joy, Annamma, 1951, *Accommodation and Cultural Persistence : The case of Sikhs and the Portuguese in the Okanagan Valley of B.C.* Vancouver : UBC, 1982.

Judge, Paramjit Singh, *Punjabis in Canada : A study of formation of an Ethnic Community*, Delhi : Chanakya Publications, 1994.

Ker, James, 1878-1961, *Political trouble in India, 1907-1917*, Delhi : Oriental Publishers, 1973.

Khushwant Singh, et.al. *Ghadar : India's First Armed Revolution*. New Delhi : R & K Publishers, 1966.

Khalsa Diwan Society, Vancouver Minute Books (unpublished)

King, W.L. Mackenzie, Report on mission to England to confer with the British authorities on the subject of immigration to Canada from the orient and immigration from India in particular, Ottawa : n.p. (1908)

Lal, Brij, *East Indians in British Columbia, 1904-1914*. Vancouver : U.B.C., 1976.

The Legal status in B.C. of residents of Oriental race and their descendants, *Canadian Bare Review*, IX : I (January 1931) Toronto : Carswell Co., 1923.

MacMunn, George, Sir, *Turmoil & Tragedy in India 1914 and after*, London : Jarrolds, 1935.

Mayer, Adrian C., *Report on the East Indian Community in Vancouver*, Vancouver, B.C. : UBC, 1959.

Mehta, R. Sampat, *International Barriers*, Ottawa : Canada Research Bureau, 1973.

Misrow, J.C. *East Indian Immigration on the Pacific Coast*, Stanford, CA:, 1915.

Morse, Eric Wilton, 1904, *Immigration and status of British East Indians in Canada*, Kingston, Ontario : Queens University, 1936.

Munday, Jenifer, *East Indians in British Columbia : A community in transition*, Vancouver, B.C. : U.B.C., 1953.

Muthana, I.M., *People of India in North America*, Part I, Bangalore, U.P., 1982.

Norris, John Mackenzie, *Strangers Entertained : A History of the ethnic groups of British Columbia*, Vancouver : British Columbia Centenial 71 Committee, 1971.

Osterhont, S.S. *Orientals in Canada*, Toronto : United Church of Canada, 1929.

O'Dwyer, Michael Francis, Sir, *India as I knew it*, London : Constables, 1926.

Partap Singh, Giani, Akali Lehar, Amritsar : S.G.P.C., 1975.

Political Movement in the Early East Indian Community in Canada, Lal, Bru V. Shelved at SPAIN 5808, SP.

Prasad, Kamal Kant, 1942, *Historical development of East Indian economic activities in British Columbia, 1900-1940*, Vancouver, B.C. Institute of Asian, U.B.C., 1982.

Puri, Harish K., *Ghadar Movement : Ideology Organisation and Strategy*, Amritsar : Guru Nanak Dev University, 1993.

Randhir Singh, *The Ghadar Heroes*, Bombay : People's Publishing House, 1945.

Race and Ethnic Relations in Canada, Edited by Peter S. Li., Toronto : Oxford University Press, 1990.

Saihnsra, Gurcharan Singh, *Ghadar Party Da Itihas*, (Part I) Jalandhar : Desh Bhagat Yadgar Committee, 1969.

Sekhar, S. Chandra, *From India to Canada*, La Jolla : Population Review Books, 1986.

Shroff, Rani, *East Indians in British Columbia : Portrait of a minority and some implications for social work*, 32, 19 (36)

Singh, Kesar, *Canadian Sikhs* (Part I and the Kamagatamaru Massacre, Surrey, B.C. : Kesar Singh 1989)

Singh, Khushwant, *History of the Sikhs (1839-1964) Vol, II*, Princeton : Princeton, U.P., 1966,

Singh, Sarjeet, *An oral history of the Sikhs in British Columbia*, (Thesis, M.A.) Vancouver, B.C. : U.B.C., 1991.

Singh, Ganda (editor), *Amrika wich Hindustani*, Vancouver : Dr. Kesar Singh.

Smith, W.G. *Study in Canadian Immigration*, Toronto : Ryerson Press, 1920.

Skelton, Oscar Douglas., *Life and Letters of Sir Wilfred Laurier*, New York : Century, 1922.

Stevens, H.H., *The Oriental Problems*, Vancouver.

Teja Singh, *Jeevani Sant Attar Singh*, Patiala : Language Department.

Tinker, Hugh, *The Banyan Tree : Overseas Immigrants from India, Pakistan and Bangladesh*, London : Oxford U.P., 1977.

Tinker, Hugh, *Separate and Unequal : India and the Indians in British Commonwealth*, Vancouver : University of B.C. Press, 1976.

Tolmie, J. Ross, *The Orientals in British Columbia*, Vancouver : University of B.C., 1929.

Visible minorities and multiculturalism : Asians in Canada, Edited by K. Victor Lejimoto, Toronto : Butterworths, 1980.

Visible Minorities in Canada, 1986 : A Graphic Overview, (21, 91 p.) English & French.

Waiz, S.A., *Indians Abroad*, Bombay : Imperial Indian Citizenship Association, 1927.

Ward, Peter W., *White Canada Forever*, Kingston, Ont., : Queen's University, 1972.

Ward, N. Lascelles, *Oriental Missions in British Columbia*, Westminster : Society for the Propagation of the Gospel in Foreign parts, 1925.

Woodsworth, Charles James, *Canada and the orient : a study in intertnational relations*, Toronto : Macmillan Co., 1941.

Woodsworth, James S., *Strangers within our gates, or coming Canadians*, Toronto : Methodist Mission Press, 1907.

Articles

B.N.A. Act Section 901, No. 1, The Canadian Bar Review, Jan 1931, No. 1, pp. 3-7.

"A contemporary report on the debates on the franchise for the Sikhs," *The Canadian Annual Review*, 1922, p. 198.

"A contemporary description of Kamagatamaru incident," *The Candian Annual Review*, 1914, pp. 115-119.

Dev, Balwinder Kaur, "Refugee Policy in Canada," *The Sikhs : Past and Present*, June 1993, Vol. 3, No. 1, p. 31.

Gardner Ray, "Kamagatamaru Affair : When Vancouver Turned Back the Sikhs (1914)," *The Punjab Past and Present*, Vol. XII-1, April 1978, Ser. No. 23, p. 142.

Hallet, M.E. "Governor General's Views on Oriental Immigration to B.C. 1904-1911." B.C. Studies, No. 14, 1972.

Lockelay, Fred, "The Hindu Invasion," *Pacific Monthly*, 1907, p. 509.

Lower, R.M., "Case Against Immigration," *Queen Quarterly*, Vol. 37, p. 571.

Madan, J.C., "The Kamagatamaru : The Victim of British Injustice," *Punjab History Conferences*, 11th Session, Nov. 27-28, 1976, p. 123.

Malik, H.S., "East Indians in Canada," *External Affaires*, 8 : 53 : 4, F-Mr/1956.

Mortimore, G.E., "The Battle of Coal Harbor," *British Columbia Digest*, Feb., 1946.

Pannu, Gurdial Singh, "Sikhs in Canada," *The Sikh Review*, Vol. XVIII, Oct. 1970 No. 203, pp. 41-45.

"Position of Hindus in Canada," *British Columbia Magazine*, Vol. 8, 1912, p. 664.

Reid, R.L., "Inside Story of the Kamagatamaru," *British Columbia Historical Quarterly*, 5 : 1-23, Jan. 1941.

Sandwell, B.K., "Our Immigration Problems, Some Facts and Fallacies," *Queen's Quarterly,* 53 : No. 4 : 502-10, 1946.

Sara, Iqbal., "Of a Canadian Sikh," *The Sikh Sansar U.S.A., Canada,* June 1973, pp. 59-60.

Schifler, Herman, "Tide of Turbans," *Forum,* June 1910.

Sidhu, Manjit Singh, "Sikh Migration to Malaya," *Journal of Sikh Studies,*


Singh, Khushwant, "Our Brothers Across the Seas," *Sikh Review,* Vol. IX, April 1961. No. 4, p. 51.

Smillie, E.E., "Historical Survey of Indian Migration within the Empire," *The Canadian, Historical Review*, Vol. IX, 1923, pp. 217-57.


Smith, Marian W., "The Sikh Settlers in Canada," *Asia and the Americas*, Vol. XLIV, No. 8, pp. 359-82, Aug. 1944.



ਬਾਬਾ ਗੁਰਦਿੱਤ ਸਿੰਘ




ਕਾਮਾਗਾਟਾਮਾਰੂ ਦੇ ਮੁਸਾਫ਼ਰ ਜਹਾਜ਼ ਉੱਤੇ, ਨਾਲ ਹੀ ਇੱਕ ਹੈਟ ਵਾਲਾ ਵਿਅਕਤੀ ਤੇ
ਇੱਕ ਹੋਰ ਸਰਕਾਰੀ ਕਾਰਿੰਦਾ ਪੌੜੀ ਪਾਸ ਖੜਾ ਦਿਖਾਈ ਦੇ ਰਿਹਾ ਹੈ। (ਸਾਲ 1914)



ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਦੀ ਇੱਕ ਗਰੁੱਪ ਫੋਟੋ
ਸਭ ਤੋਂ ਅੱਗੇ ਬਾਬਾ ਗੁਰਦਿੱਤ ਸਿੰਘ ਆਪਣੇ ਪੰਜ ਸਾਲ ਦੇ ਬੇਟੇ ਬਲਵੰਤ ਸਿੰਘ ਨਾਲ.ਖੜੇ ਹਨ। (ਸਾਲ 1914)



ਵੈਨਕੂਵਰ ਦਾ ਪਹਿਲਾ ਗੁਰਦੁਆਰਾ ਸਾਹਿਬ, ਜੋ ਜਨਵਰੀ 1908 ਨੂੰ ਸਥਾਪਤ ਹੋਇਆ। ਇਹ ਫੋਟੋ 11 ਅਕਤੂਬਰ 1936 ਵਿਚ ਲਈ ਗਈ।



ਬੀ.ਸੀ. ਦੀ ਕਿਸੇ ਲੱਕੜ ਮਿੱਲ ਵਿਚ ਕੰਮ ਕਰਨ ਵਾਲੇ ਸਿੱਖਾਂ ਦੀ ਗਰੁੱਪ ਫੋਟੋ

(ਇਹ ਫੋਟੋ 1906 ਜਾਂ 1907 ਦੀ ਹੋ ਸਕਦੀ ਹੈ।)



ਡਾ. ਪੂਰਨ ਸਿੰਘ (ਜਨਮ 18-8-1947) ਦਾ ਜੱਦੀ ਪਿੰਡ ਗੁਰੂਸਰ ਸੁਧਾਰ (ਲੁਧਿਆਣਾ) ਹੈ। ਉੱਚ-ਵਿੱਦਿਆ ਪ੍ਰਾਪਤ ਕਰ ਕੇ ਉਹ ਕੈਨੇਡਾ ਦੀ ਯੂਨੀਵਰਸਿਟੀ ਆਫ ਕੋਲੰਬੀਆ ਵਿਚੋਂ ਲਾਇਬ੍ਰੇਰੀ ਸਹਾਇਕ ਦੀ ਸੇਵਾ ਨਿਭਾ ਕੇ 2006 ਵਿਚ ਸੇਵਾ-ਮੁਕਤ ਹੋਏ। ਬਾਣੀ ਦੇ ਰਸੀਏ ਤੇ ਗੁਰਮਤਿ ਜੀਵਨ ਦੇ ਧਾਰਣੀ ਸ. ਪੂਰਨ ਸਿੰਘ ਕੈਨੇਡਾ ਵਿਚ ਵੱਸੇ ਸਿੱਖ ਭਾਈਚਾਰੇ ਦੇ ਸਰਬਪੱਖੀ ਵਿਕਾਸ ਲਈ ਯਤਨਸ਼ੀਲ ਹਨ ਤੇ ਹਮੇਸ਼ਾ ਵੱਧ ਚੜ੍ਹ ਕੇ ਸੇਵਾ ਕਰਦੇ ਹਨ। ਇਸ ਸਮੇਂ ਆਪ ਜੀ ਕੈਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੁਸਾਇਟੀ ਵੱਲੋਂ ਪ੍ਰਕਾਸ਼ਤ ਤ੍ਰੈ-ਮਾਸਕ *ਸਿੱਖ ਮਾਰਗ* ਦੇ ਸੰਪਾਦਕ ਤੇ ਸਰੀ (ਬੀ.ਸੀ.) ਤੋਂ ਨਿਕਲਦੇ ਪੰਜਾਬੀ ਸਪਤਾਹਿਕ *ਦੀ ਕੈਨੇਡੀਅਨ ਪੰਜਾਬ ਟਾਈਮਜ਼* ਦੇ ਮੁੱਖ ਸੰਪਾਦਕ ਵਜੋਂ ਸੇਵਾ ਕਰ ਰਹੇ ਹਨ। ਪਹਿਲਾਂ ਆਪ ਜੀ *ਦੀ ਵੈਸਟਰਨ ਸਿੱਖ ਸਮਾਚਾਰ* ਦੀ ਵੀ ਲੰਬੇ ਸਮੇਂ ਲਈ ਸੰਪਾਦਨਾ ਕਰਦੇ ਰਹੇ ਹਨ ਤੇ ਆਪ ਦੇ ਮਿਆਰੀ ਸੰਪਾਦਨ ਨੂੰ ਹਮੇਸ਼ਾ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਗੁਰਮਤਿ ਜੀਵਨ ਦਰਸ਼ਨ ਬਾਰੇ ਪ੍ਰੌਢ ਰਚਨਾਵਾਂ ਲਿਖ ਕੇ ਆਪ ਨੇ ਇਕ ਪ੍ਰਮਾਣਿਕ ਸਿੱਖ ਵਿਦਵਾਨ ਵਜੋਂ ਆਪਣੀ ਥਾਂ ਬਣਾ ਲਈ ਹੈ। ਨਿਰਮਲ ਤੇ ਉਸਾਰੂ ਸੋਚ ਸਦਕਾ ਆਪ ਦੀ ਦਲੀਲ ਕਾਟਵੀਂ ਹੁੰਦੀ ਹੈ, ਪਰ ਖੂਬਸੂਰਤੀ ਇਹ ਹੈ ਕਿ ਗੁਰੂ ਪ੍ਰਤਿ ਡੂੰਘੀ ਆਸਥਾ ਤੇ ਸ਼ਰਧਾ ਆਪ ਦੀ ਲਿਖਤ ਵਿਚ ਕਦੇ ਵੀ ਦੁਜੈਲੀ ਨਹੀਂ ਹੁੰਦੀ।

ISBN 0-9681683-5-3